**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

Blue Diamond Banquet Hall & Catering
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela Indian Restaurant • Pub
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
*Associate Broker*

Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 46, November 13, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਚੰਨੀ ਸਰਕਾਰ ਨੇ ਲਾਈ ਰਿਆਇਤਾਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਨੇ ਆਪਣੀ ਸੱਤਾ ਦੇ ਬਚੇ 3-4 ਮਹੀਨਿਆਂ ਵਿਚ ਲੋਕਾਂ ਦੇ ਸਾਰੇ ਉਲਾਂਭੇ ਲਾਹੁਣ ਲਈ ਰਿਆਇਤਾਂ ਦੀ ਝੜੀ ਲਾ ਦਿੱਤੀ ਹੈ। ਸਰਕਾਰ ਵੱਲੋਂ 36 ਹਜ਼ਾਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ, ਬਿਜਲੀ ਸਮਝੌਤੇ ਰੱਦ ਕਰਨ, ਸਰਕਾਰੀ ਨੌਕਰੀ ਲਈ ਭਰਤੀ, ਸਸਤੀ ਰੇਤਾ ਤੇ ਬਜਰੀ, ਪੈਟਰੋਲ-ਡੀਜ਼ਲ ਕੀਮਤਾਂ ਵਿਚ ਵੱਡਾ ਕੱਟ ਤੇ ਸਸਤੀ ਬਿਜਲੀ ਸਣੇ ਵੱਡੇ ਫੈਸਲੇ ਲਏ ਹਨ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਨ੍ਹਾਂ ਫੈਸਲਿਆਂ ਨੂੰ ਇਤਿਹਾਸਕ ਤੇ ਦੀਵਾਲੀ ਤੋਹਫੇ ਦੱਸ ਕੇ ਕਾਂਗਰਸ ਨੂੰ ਸੂਬੇ ਦੀ ਪੰਜ ਸਾਲ ਹੋਰ 'ਸੇਵਾ' ਲਈ ਆਪਣਾ ਦਾਅਵਾ ਪੇਸ਼ ਕਰ ਰਹੇ ਹਨ। ਹਾਲਾਂਕਿ ਤਾਜ਼ਾ ਐਲਾਨ ਉਹ 'ਤੋਹਫ਼ੇ' ਹਨ ਜਿਨ੍ਹਾਂ ਦਾ ਕੈਪਟਨ ਅਮਰਿੰਦਰ ਨੇ ਸਰਕਾਰ ਬਣਨ (2017) ਤੋਂ ਪਹਿਲਾਂ ਐਲਾਨ ਕੀਤਾ ਸੀ ਪਰ ਸੱਤਾ ਮਿਲਣ ਪਿੱਛੋਂ ਪੌਣੇ ਚਾਰ ਸਾਲ ਤੱਕ ਕਾਂਗਰਸ ਸਰਕਾਰ ਨੇ ਲਾਰਿਆਂ ਵਿਚ ਹੀ ਬੁੱਤਾ ਸਾਰਿਆ। ਹੁਣ ਕਾਂਗਰਸ ਸਾਰਾ ਭਾਂਡਾ ਕੈਪਟਨ ਦੀ ਨਾਲਾਇਕੀ ਸਿਰ ਭੰਨ ਕੇ 5 ਸਾਲ ਲਈ ਹੋਰ ਮੌਕਾ ਦੇਣ ਵਾਸਤੇ ਹੱਥ-ਪੈਰ ਮਾਰ ਰਹੀ ਹੈ।

ਰੇਤ ਮਾਫਿਆ, ਸਸਤੀ ਬਿਜਲੀ, ਗਰੀਬਾਂ ਲਈ ਘਰ, ਨੌਕਰੀਆਂ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਟਰਾਂਸਪੋਰਟ ਮਾਫੀਆ ਤੇ ਤੈਅ ਸਮੇਂ ਵਿਚ ਨਸ਼ਿਆਂ ਨੂੰ ਨੱਥ ਪਾਉਣਾ, ਉਹ ਮੁੱਦੇ ਸਨ ਜਿਹੜੇ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵਿਚ ਭਖਵੇਂ ਰਹੇ। ਇਨ੍ਹਾਂ ਮਸਲਿਆਂ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਤੋਂ ਸੱਤਾ ਖੋਹ ਕੇ ਕਾਂਗਰਸ ਦੀ ਝੋਲੀ ਪਾ ਦਿੱਤੀ ਪਰ ਸੱਤਾ ਮਿਲਦਿਆਂ ਹੀ ਕੈਪਟਨ ਸਰਕਾਰ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਹੁਣ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ 3-4 ਮਹੀਨੇ ਪਹਿਲਾਂ ਕੈਪਟਨ ਤੋਂ ਕੁਰਸੀ ਖੋਹ ਕੇ ਚੰਨੀ ਹਵਾਲੇ ਕਰਨ ਪਿੱਛੋਂ ਇਨ੍ਹਾਂ ਵਾਇਦਿਆਂ ਨੂੰ ਸਿਰੇ ਚੜ੍ਹਾਉਣ ਲਈ ਟਿੱਲ ਲੱਗਾ ਹੋਇਆ ਹੈ।



## ਪੰਜਾਬ ਕੰਟਰੈਕਟ ਫਾਰਮਿੰਗ ਐਕਟ ਰੱਦ

**ਚੰਡੀਗੜ੍ਹ:** ਮੰਤਰੀ ਮੰਡਲ ਨੇ ਕਿਸਾਨਾਂ ਨੂੰ ਰਾਹਤ ਦੇਣ ਲਈ 'ਦਿ ਪੰਜਾਬ ਕੰਟਰੈਕਟ ਫਾਰਮਿੰਗ ਐਕਟ-2013' ਨੂੰ ਰੱਦ ਕਰਨ 'ਤੇ ਮੋਹਰ ਲਾ ਦਿੱਤੀ ਹੈ। ਇਹ ਐਕਟ ਗੱਠਜੋੜ ਸਰਕਾਰ ਸਮੇਂ ਪਾਸ ਕੀਤਾ ਗਿਆ ਸੀ ਜਿਸ ਵਿਚ ਉਤਪਾਦਕਾਂ, ਕਿਸਾਨਾਂ ਲਈ ਜੇਲ੍ਹ ਦੀ ਸਜ਼ਾ ਦੀ ਵਿਵਸਥਾ, ਵਿੱਤੀ ਜੁਰਮਾਨਾ ਅਤੇ ਹੋਰ ਸਖਤ ਉਪਬੰਧ ਦਰਜ ਸਨ। ਇਸੇ ਤਰ੍ਹਾਂ 'ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਐਕਟ-1961' ਦੇ ਕਿਸਾਨ ਵਿਰੋਧੀ ਉਪਬੰਧਾਂ ਨੂੰ ਹਟਾਉਣ ਲਈ ਵੀ ਹਰੀ ਝੰਡੀ ਦਿੱਤੀ ਗਈ ਹੈ। ਮੰਤਰੀ ਮੰਡਲ ਨੇ 'ਪੰਜਾਬ ਫਰੂਟ ਨਰਸਰੀਜ਼ ਐਕਟ-1961' ਨੂੰ ਸੋਧ ਕੇ 'ਪੰਜਾਬ ਹੌਰਟੀਕਲਚਰ ਨਰਸਰੀ ਬਿੱਲ-2021' ਵਿਧਾਨ ਸਭਾ ਵਿਚ ਲਿਆਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਪੰਜਾਬ ਵਿਚ ਬਾਦਲਾਂ ਸਮੇਤ ਰਸੂਖ ਵਾਲੇ ਪਰਿਵਾਰਾਂ ਦੀਆਂ ਨਾਜਾਇਜ਼ ਬੱਸਾਂ ਪਿਛਲੀਆਂ ਚੋਣਾਂ ਵਿਚ ਵੱਡਾ ਮੁੱਦਾ ਬਣਿਆ ਸੀ ਪਰ ਕਾਂਗਰਸ ਨੇ ਵਾਅਦੇ ਦੇ ਬਾਵਜੂਦ ਪੌਣੇ 4 ਸਾਲ ਇਨ੍ਹਾਂ ਨੂੰ ਹੱਥ ਨਹੀਂ ਪਾਇਆ। ਹੁਣ ਕੈਪਟਨ ਦੀ ਛੁੱਟੀ ਪਿੱਛੋਂ ਨਵੇਂ ਬਣੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਨੇ 10 ਦਿਨਾਂ ਵਿਚ ਹੀ ਇਸ ਨਾਜਾਇਜ਼ ਕਾਰੋਬਾਰ ਨੂੰ ਖੂੰਜੇ ਲਾ ਦਿੱਤਾ ਹੈ। ਨਵੇਂ ਮੁੱਖ ਮੰਤਰੀ ਨੇ ਅਕਾਲੀ ਸਰਕਾਰ ਵੇਲੇ ਨਸ਼ਿਆਂ ਬਾਰੇ ਐਸ.ਟੀ.ਐਫ. ਦੀ ਰਿਪੋਰਟ ਜੋ 7 ਸਾਲਾਂ ਤੋਂ ਲਿਫਾਫੇ ਵਿਚ ਬੰਦ ਪਈ ਹੈ, ਹੁਣ 18 ਨਵੰਬਰ ਨੂੰ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ। ਸਰਕਾਰ ਦੀ ਵਾਅਦੇ ਸਿਰੇ ਲਾਉਣ ਬਾਰੇ ਤਾਜ਼ਾ ਫੁਰਤੀ ਪਿੱਛੋਂ ਸਵਾਲ ਉਠ ਰਹੇ ਹਨ ਕਿ ਜੇਕਰ ਸਰਕਾਰ ਲੋਕਾਂ ਨੂੰ ਰਾਹਤ ਦੇਣ ਲਈ ਹੀ ਇਹ ਐਲਾਨ ਕਰ ਰਹੀ ਹੈ ਤਾਂ ਪੌਣੇ 4 ਸਾਲ ਕਿਸ ਦਾ ਇੰਤਜ਼ਾਰ ਕੀਤਾ ਗਿਆ?

ਪੰਜਾਬ ਮੰਤਰੀ ਮੰਡਲ ਨੇ ਅਗਾਮੀ ਚੋਣਾਂ ਦੇ ਮੱਦੇਨਜਰ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ 'ਚ ਤਾਇਨਾਤ ਤਕਰੀਬਨ 36 ਹਜ਼ਾਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦਾ ਫੈਸਲਾ ਕੀਤਾ ਹੈ। ਵਰ੍ਹਿਆਂ ਤੋਂ ਇਹ ਕੱਚੇ ਮੁਲਾਜ਼ਮ ਰੈਗੂਲਰ ਹੋਣ ਲਈ ਸੰਘਰਸ਼ ਕਰ ਰਹੇ ਸਨ। ਇਸੇ ਦੌਰਾਨ ਪੰਜਾਬ ਕੈਬਨਿਟ ਨੇ ਪੰਜਾਬ ਵਿਚ ਰੇਤਾ ਹੋਰ ਸਸਤਾ ਕਰਨ 'ਤੇ ਵੀ ਮੋਹਰ ਲਾ ਦਿੱਤੀ ਹੈ। ਕੈਬਨਿਟ ਨੇ 'ਪੰਜਾਬ ਐਨਰਜੀ ਸੇਫਟੀ', ਬਿਜਲੀ ਖਰੀਦ ਸਮਝੌਤੇ ਰੱਦ ਕਰਨ ਅਤੇ 'ਪਾਵਰ ਟੈਰਿਫ ਬਿੱਲ, 2021' ਦੇ ਮੁੜ ਨਿਰਧਾਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਬਨਿਟ ਨੇ ਰੇਤ ਮਾਫੀਏ ਦੇ ਦਾਗ ਧੋਣ ਲਈ ਰਾਜ ਵਿਚ ਰੇਤਾ ਸਸਤਾ ਕਰ ਦਿੱਤਾ ਹੈ। ਹੁਣ ਪੰਜਾਬ ਵਿਚ ਰੇਤਾ ਅਤੇ ਬਜਰੀ 5.50 ਰੁਪਏ ਪ੍ਰਤੀ ਕਿਊਬਕ ਫੁੱਟ ਮਿਲੇਗਾ ਜੋ ਪਹਿਲਾਂ 9 ਰੁਪਏ ਪ੍ਰਤੀ ਕਿਊਬਕ ਫੁੱਟ ਸੀ। ਭੱਠਿਆਂ ਨੂੰ ਵੀ ਮਾਈਨਿੰਗ ਪਾਲਿਸੀ 'ਚੋਂ ਕੱਢਿਆ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਪੈਟਰੋਲ-ਡੀਜ਼ਲ ਕ੍ਰਮਵਾਰ 10 ਤੇ 5 ਰੁਪਏ ਅਤੇ ਬਿਜਲੀ ਪ੍ਰਤੀ ਯੂਨਿਟ 3 ਰੁਪਏ ਸਸਤੀ ਕਰਕੇ ਲੋਕਾਂ ਨੂੰ ਰਾਹਤ ਦਿੱਤੀ ਹੈ।

ਇਸ ਸਮੇਂ ਸਰਕਾਰ ਦਾ ਸਾਰਾ ਜ਼ੋਰ ਆਪਣੇ ਪੌਣੇ ਚਾਰ ਸਾਲ ਤੋਂ ਬਕਾਇਆ ਪਏ ਵਾਅਦਿਆਂ ਨੂੰ ਸਿਰੇ ਚੜ੍ਹਾਉਣ ਉਤੇ ਲੱਗਾ ਹੋਇਆ ਹੈ ਪਰ ਇਸ ਸਮੇਂ ਤੁਰਤ ਨਜਿੱਠੇ ਜਾਣ ਵਾਲੇ ਕਈ ਮਹੱਤਵਪੂਰਨ ਮੁੱਦੇ ਅਣਗੌਲੇ ਕੀਤੇ ਜਾ ਰਹੇ ਹਨ। ਇਸ ਸਮੇਂ ਕਣਕ ਤੇ ਹੋਰਾਂ ਫਸਲਾਂ ਦੀ ਬਿਜਾਈ ਲਈ ਲੋੜੀਂਦੇ ਡੀ.ਏ.ਪੀ. ਦਾ ਸੰਕਟ ਕਿਸਾਨਾਂ ਨੂੰ ਲਗਾਤਾਰ ਪਰੇਸ਼ਾਨ ਕਰ ਰਿਹਾ ਹੈ। ਡੀ.ਏ.ਪੀ. ਦਾ ਸੰਕਟ ਸੁਲਝਿਆ ਨਹੀਂ, ਅਗਾਂਹ ਹਾੜ੍ਹੀ ਦੇ ਸੀਜ਼ਨ ਵਿਚ ਲਗਭਗ 13 ਲੱਖ ਟਨ ਯੂਰੀਆ ਦਾ ਸੰਕਟ ਖੜ੍ਹਾ ਹੈ। ਸਾਉਣੀ ਦੀ ਮੁੱਖ ਫਸਲ ਝੋਨੇ ਦੀ ਖਰੀਦ ਦਾ ਮਾਮਲਾ ਚਰਚਾ ਵਿਚ ਹੈ। ਸੂਬਾ ਸਰਕਾਰ ਨੇ 11 ਜ਼ਿਲ੍ਹਿਆਂ ਦੀਆਂ 524 ਮੰਡੀਆਂ 7 ਤੋਂ 13 ਨਵੰਬਰ ਤੱਕ ਬੰਦ ਕਰਨ ਦਾ ਹੁਕਮ ਸੁਣਾ ਦਿੱਤਾ ਹੈ। ਇਹ ਖਰੀਦ ਸੀਜ਼ਨ ਆਮ ਹਾਲਾਤ ਵਿਚ 30 ਨਵੰਬਰ ਤੱਕ ਹੁੰਦਾ ਹੈ। ਬੇਮੌਸਮੀ ਬਰਸਾਤ ਕਾਰਨ ਝੋਨੇ ਦੀ ਕਟਾਈ ਵਿਚ ਦੇਰੀ ਹੋਈ ਹੈ। ਐਤਕੀਂ ਨਰਮੇ ਦੀ ਫਸਲ ਗੁਲਾਬੀ ਸੁੰਡੀ ਨੇ ਬਰਬਾਦ ਕਰ ਦਿੱਤੀ। ਇਹ ਮੁੱਦੇ ਧਿਆਨ ਮੰਗਦੇ ਹਨ ਪਰ ਸਰਕਾਰ ਇਸ ਸਮੇਂ ਹੋਰ ਹੀ ਗੋਂਦਾ ਗੁੰਦਣ ਵਿਚ ਰੁੱਝੀ ਹੋਈ ਹੈ।

# ਕਿਸਾਨ ਮੋਰਚਾ ਹੁਣ ਆਰ-ਪਾਰ ਦੀ ਲੜਾਈ 'ਤੇ ਉਤਾਰੂ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਤੇਜ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਰਚੇ ਨੇ 26 ਨਵੰਬਰ ਨੂੰ ਦਿੱਲੀ ਦੇ ਕਿਸਾਨ ਮੋਰਚਿਆਂ 'ਚ ਇਤਿਹਾਸਕ ਕਿਸਾਨ ਸੰਘਰਸ਼ ਦੀ ਪਹਿਲੀ ਵਰ੍ਹੇਗੰਢ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕਰਦਿਆਂ 29 ਨਵੰਬਰ ਨੂੰ ਸੰਸਦ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਮੋਰਚੇ ਨੇ ਕਿਸਾਨਾਂ ਨੂੰ ਵੱਡੀ ਗਿਣਤੀ 'ਚ ਦਿੱਲੀ ਦੇ ਕਿਸਾਨ ਮੋਰਚਿਆਂ 'ਤੇ ਪਹੁੰਚਣ ਦੇ ਨਾਲ-ਨਾਲ ਦੇਸ਼ ਭਰ 'ਚ ਵੀ ਸੂਬਾ ਪੱਧਰੀ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ।

29 ਨਵੰਬਰ ਨੂੰ ਦਿੱਲੀ ਵਿਚ ਸੰਸਦ ਦਾ ਸਰਦ ਰੁੱਤ ਸੈਸ਼ਨ ਸ਼ੁਰੂ ਹੋਵੇਗਾ ਤੇ ਇਸ ਸੰਸਦ ਸੈਸ਼ਨ ਦੀ ਸਮਾਪਤੀ ਤੱਕ 500 ਚੁਣੇ ਹੋਏ ਕਿਸਾਨ ਵਾਲੰਟੀਅਰ ਹਰ ਰੋਜ਼ ਟਰੈਕਟਰ ਟਰਾਲੀਆਂ ਵਿਚ ਸ਼ਾਂਤੀਪੂਰਵਕ ਤੇ ਪੂਰੇ ਅਨੁਸ਼ਾਸਨ ਨਾਲ ਸੰਸਦ ਵੱਲ ਜਾਣਗੇ ਤਾਂ ਜੋ ਇਸ ਅੜੀਅਲ, ਅਸੰਵੇਦਨਸ਼ੀਲ, ਵਿਰੋਧੀ 'ਤੇ ਦਬਾਅ ਵਧਾਇਆ ਜਾ ਸਕੇ।

*(ਬਾਕੀ ਸਫਾ 6 'ਤੇ)*

**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**Best Buy Motors**
1805 Elmwood, Lafayette, IN 47904
Ph: 765-449-0490
Www.bestbuymotorsin.com
**University Motors**
3312 Klondike Rd, West Lafayette, IN 47906
Ph: 765-497-1100
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**BIG BAZAAR**
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਭਾਰਤ-ਪਾਕਿਸਤਾਨ ਸਰਹੱਦ 'ਤੇ ਮਠਿਆਈਆਂ ਦਾ ਲੈਣ-ਦੇਣ

**ਅਟਾਰੀ:** ਦੀਵਾਲੀ ਦੇ ਤਿਉਹਾਰ ਮੌਕੇ ਭਾਰਤ-ਪਾਕਿਸਤਾਨ ਦੀ ਸਾਂਝੀ ਜਾਂਚ ਚੌਕੀ ਅਟਾਰੀ-ਵਾਹਗਾ ਸਰਹੱਦ 'ਤੇ ਦੋਵਾਂ ਦੇਸ਼ਾਂ ਦੇ ਸੁਰੱਖਿਆ ਅਧਿਕਾਰੀਆਂ ਨੇ ਆਪਸ 'ਚ ਮਠਿਆਈਆਂ ਦਾ ਅਦਾਨ ਪ੍ਰਦਾਨ ਕੀਤਾ। ਇਸ ਮੌਕੇ ਭਾਰਤ ਵੱਲੋਂ ਪਾਕਿਸਤਾਨ ਰੇਂਜਰ ਅਧਿਕਾਰੀ ਨੂੰ ਮਠਿਆਈ ਭੇਟ ਕਰ ਕੇ ਦੀਵਾਲੀ ਦੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਭਾਰਤ ਵੱਲੋਂ ਸੀਮਾ ਸੁਰੱਖਿਆ ਬਲ ਦੇ ਕਾਰਜਕਾਰੀ ਕਮਾਂਡਰ ਅਨੰਤ ਰਾਮ ਸ਼ਰਮਾ ਨੇ ਪਾਕਿਸਤਾਨ ਰੇਂਜਰ ਦੇ ਵਿੰਗ ਕਮਾਂਡਰ ਮੁਹੰਮਦ ਆਮਿਰ ਨੂੰ ਮਠਿਆਈ ਦੇ ਡੱਬੇ ਭੇਟ ਕੀਤੇ। ਇਸੇ ਤਰ੍ਹਾਂ ਪਾਕਿਸਤਾਨ ਰੇਂਜਰ ਦੇ ਵਿੰਗ ਕਮਾਂਡਰ ਮੁਹੰਮਦ ਆਮਿਰ ਨੇ ਵੀ ਸੀਮਾ ਸੁਰੱਖਿਆ ਬਲ ਦੇ ਕਮਾਂਡਰ ਨੂੰ ਪਾਕਿਸਤਾਨ ਵੱਲੋਂ ਮਠਿਆਈ ਦੇ ਡੱਬੇ ਭੇਟ ਕੀਤੇ। ਇਸੇ ਤਰ੍ਹਾਂ ਫਾਜ਼ਿਲਕਾ ਦੀ ਭਾਰਤ-ਪਾਕਿਸਤਾਨ ਸਰਹੱਦ ਦੀ ਅੰਤਰਰਾਸ਼ਟਰੀ ਸਾਦਕੀ ਬਾਰਡਰ ਦੀ ਜ਼ੀਰੋ ਲਾਈਨ 'ਤੇ ਵੀ ਦੋਵਾਂ ਦੇਸ਼ਾਂ ਦੇ ਸੁਰੱਖਿਆ ਅਧਿਕਾਰੀਆਂ ਨੇ ਇਕ ਦੂਜੇ ਨੂੰ ਮਠਿਆਈ ਦਿੱਤੀ। ਭਾਰਤ ਵੱਲੋਂ ਬੀ.ਐਸ.ਐਫ. ਦੇ ਕਮਾਂਡੈਂਟ ਮਾਯੰਕ ਦਿਵੇਦੀ ਅਤੇ ਹੋਰਨਾਂ ਅਧਿਕਾਰੀਆਂ ਨੇ ਪਾਕਿ ਰੇਂਜ ਦੇ ਵਿੰਗ ਕਮਾਂਡਰ ਅਤੇ ਹੋਰ ਅਧਿਕਾਰੀਆਂ ਨੂੰ ਮਠਿਆਈਆਂ ਦੇ ਡੱਬੇ ਅਤੇ ਫਲਾਂ ਦਾ ਟੋਕਰਾ ਭੇਟ ਕੀਤਾ। ਪਾਕਿ ਰੇਂਜ ਅਧਿਕਾਰੀਆਂ ਨੇ ਵੀ ਪਾਕਿਸਤਾਨੀ ਮਠਿਆਈਆਂ ਦੇ ਡੱਬੇ ਭੇਟ ਕਰ ਕੇ ਦੀਵਾਲੀ ਦੀ ਮੁਬਾਰਕਬਾਦ ਦਿੱਤੀ।




ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



*Gurdip Singh Sandhu*

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



MEDICARE SUPPLEMENTS & ADVANTAGE PLANS
GET YOUR MEDICARE QUESTIONS ANSWERED

MEDICARE

Medicare coverage can be confusing and it is important to make the best decision for you and your health. There are four different parts of Medicare:

Part A - Hospital Insurance
Part B - Medical Insurance
Part C - $0 Premium Medicare Advantage Plans
Part D - Prescription Drug Coverage

Medicare Supplement Plans Offered by Various Companies at Competitive Rates



RAJ SURENDRAN
708-945-3985
rsurendran007@gmail.com

*RAJ SURENDRAN*



Ph: 224-678-7070

BEST FLOORING & CARPET LTD

2761 W. Algonquin Rd., Algonquin, IL 60102

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ
ਨਵਾਂ ਕਾਰਪੈਟਸ ਸਟੋਰ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੱਗ ਹਰ ਕਵਾਲਿਟੀ ਵਿਚ



ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ



ਸਪੈਸ਼ਲ ਸੇਲ

ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
ਕਾਰਪੈਟ ਰਿਪੇਅਰ ਵੀ ਕਰਦੇ ਹਾਂ

*Carpet, Waterproof Laminate, Luxury Vinyl Plank, Solid Wood, Engineer Wood & all other kinds of Floor work.*
*Give us call for free estimate.*

ਫਰੀ ਐਸਟੀਮੇਟ ਲਈ ਅੱਜ ਹੀ ਕਾਲ ਕਰੋ:
ਪਰਮਵੀਰ ਸਿੰਘ, ਫੋਨ: 773-956-0718
Fax: 224-678-7131; Bestflooring13@gmail.com



LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੁਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney
Toll Free No.
866-424-4000


OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com


Languages SPOKEN Punjabi | Hindi | Urdu | Spanish & English

## ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਦੀ ਜਨਰਲ ਬਾਡੀ ਮੀਟਿੰਗ







**ਸਿਆਟਲ:** ਇਥੋਂ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਦੀ ਜਨਰਲ ਬਾਡੀ ਦੀ ਮੀਟਿੰਗ ਦੌਰਾਨ ਬੁਲਾਰਿਆਂ ਨੇ ਗੁਰਦੁਆਰੇ ਦੇ ਪ੍ਰਬੰਧ ਨੂੰ ਸੁਧਾਰਨ ਲਈ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਸਕੱਤਰ ਬਲਬੀਰ ਸਿੰਘ ਨੇ ਮੀਟਿੰਗ ਬਾਰੇ ਜਾਣਕਾਰੀ ਦਿੱਤੀ ਤੇ ਪ੍ਰਬੰਧਕੀ ਸੁਧਾਰ ਲਈ ਸੁਝਾਅ ਮੰਗੇ। ਖਜ਼ਾਨਚੀ ਮਨਿੰਦਰਜੀਤ ਸਿੰਘ ਨੇ ਦਾਨ ਦਾ ਲੇਖਾ-ਜੋਖਾ ਦਿੱਤਾ। ਪੈਨਲ ਦੇ ਮੈਂਬਰ ਗੁਰਦੇਵ ਸਿੰਘ ਸਮਰਾ ਨੇ ਸਾਰੇ ਮੁੱਦਿਆਂ ਬਾਰੇ ਸੰਗਤ ਤੋਂ ਮਤੇ ਪਾਸ ਕਰਾਉਣ, ਸਾਬਕਾ ਮੁੱਖ ਸੇਵਾਦਾਰ ਹਰਨਾਮ ਸਿੰਘ, ਸਾਬਕਾ ਸਕੱਤਰ ਜਸਵੰਤ ਸਿੰਘ ਸੰਧੂ ਨੇ ਕਰੋਨਾ ਕਾਰਨ 'ਤੇ ਗੁਰਦੁਆਰੇ ਵਿਚ ਅੱਗ ਲੱਗਣ ਕਾਰਨ ਸੰਗਤ ਦੇ ਨਾ ਆਉਣ ਨੂੰ ਮੰਦਭਾਗਾ ਦੱਸਿਆ। ਇਸ ਮੌਕੇ ਤਾਰਾ ਸਿੰਘ, ਕੈਪਟਨ ਬਲਦੇਵ ਸਿੰਘ, ਮਿੱਤਰਪਾਲ ਸਿੰਘ, ਬਲਵਿੰਦਰ ਸਿੰਘ ਗਿੱਲ, ਬੀਬੀ ਰਾਜਵਿੰਦਰ ਹੋਠੀ ਨੇ ਵਿਚਾਰ ਸਾਂਝੇ ਕੀਤੇ। ਮੁੱਖ ਸੇਵਾਦਾਰ ਦਲਬੀਰ ਸਿੰਘ ਨੇ ਪ੍ਰਬੰਧਕੀ ਸੁਧਾਰ ਦਾ ਭਰੋਸਾ ਦਿੱਤਾ।

### ਬੇਅਦਬੀ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲੇ: ਸਿੱਧੂ

**ਜੈਤੋ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸੁਵਖਤੇ ਹੀ ਜੈਤੋ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂਘਰ ਵਿਚ ਨਤਮਸਤਕ ਹੋਣ ਲਈ ਪਹੁੰਚ ਗਏ। ਗੁਰੂਘਰ 'ਚ ਉਹ ਕਰੀਬ ਅੱਧਾ ਘੰਟਾ ਰੁਕੇ ਅਤੇ ਬੇਅਦਬੀ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਲਈ ਅਰਦਾਸ ਕੀਤੀ। ਗੁਪਤ ਫੇਰੀ ਤਹਿਤ ਪਹੁੰਚੇ ਸ੍ਰੀ ਸਿੱਧੂ ਨੇ ਗੁਰੂਘਰ 'ਚ ਹਾਜ਼ਰ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਵੀ ਬੇਅਦਬੀ ਦੇ ਦੋਸ਼ੀਆਂ ਨੂੰ ਛੇਤੀ ਸਜ਼ਾ ਲਈ ਰੋਜ਼ਾਨਾ ਅਰਦਾਸ ਕਰਨ। ਉਨ੍ਹਾਂ ਕਿਹਾ, 'ਬੇਅਦਬੀ ਦਾ ਅਪਰਾਧ ਕਰਨ ਵਾਲਿਆਂ ਨੂੰ ਅਜਿਹੀ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ, ਜਿਸ ਨੂੰ ਪੀੜ੍ਹੀ-ਦਰ-ਪੀੜ੍ਹੀ ਲੋਕ ਵੇਖਣ।" ਗ੍ਰੰਥੀ ਗੋਰਾ ਸਿੰਘ ਨੇ ਕਿਹਾ ਕਿ ਬੇਅਦਬੀ ਦੀ ਘਟਨਾ ਤੋਂ ਬਾਅਦ ਪੁਲਿਸ ਵੱਲੋਂ ਉਸ ਨੂੰ ਗ੍ਰਿਫ਼ਤਾਰ ਕਰਕੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਸੀ ਅਤੇ ਬਾਅਦ 'ਚ ਸਰਕਾਰ ਵੱਲੋਂ 5 ਲੱਖ ਦੀ ਮਦਦ ਰਾਸ਼ੀ ਦੇਣ ਦਾ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਜੂਨ 2015 ਵਿਚ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਸੀ ਅਤੇ ਕੁਝ ਦਿਨਾਂ ਬਾਅਦ ਸਰੂਪ ਦੇ ਫਟੇ ਹੋਏ ਅੰਗ ਪਿੰਡ ਬਰਗਾੜੀ ਦੀ ਫਿਰਨੀ 'ਤੇ ਖਿੱਲਰੇ ਹੋਏ ਮਿਲੇ ਸਨ।

### ਚਾਰਜਸ਼ੀਟ ਦਾਖਲ ਨਾ ਹੋਣ 'ਤੇ ਸਿੱਧੂ ਨੇ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੂਬੇ ਵਿਚ ਆਪਣੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਪੁੱਛਿਆ ਕਿ 2015 ਵਿਚ ਹੋਏ ਕੋਟਕਪੂਰਾ ਪੁਲਿਸ ਗੋਲੀ ਕਾਂਡ ਦੀ ਚਾਰਜਸ਼ੀਟ ਕਿੱਥੇ ਹੈ? ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਕਾਂਡ ਦੀ ਜਾਂਚ ਛੇ ਮਹੀਨਿਆਂ ਵਿਚ ਤਰਜੀਹੀ ਤੌਰ 'ਤੇ ਮੁਕੰਮਲ ਕਰਨ ਦੇ ਹੁਕਮ ਦਿੱਤੇ ਸਨ। ਸਿੱਧੂ ਨੇ ਸਵਾਲ ਕੀਤਾ, "ਅੱਜ ਛੇ ਮਹੀਨੇ ਅਤੇ ਇਕ ਦਿਨ ਬੀਤ ਗਿਆ ਹੈ। ਚਾਰਜਸ਼ੀਟ ਕਿੱਥੇ ਹੈ।" ਉਨ੍ਹਾਂ ਸਵਾਲ ਕੀਤਾ ਕਿ ਗੋਲੀਬਾਰੀ ਕਾਂਡ ਵਿਚ ਮੁਲਜ਼ਮ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੂੰ ਦਿੱਤੀ ਗਈ ਜ਼ਮਾਨਤ ਵਿਰੁੱਧ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਿਉਂ ਨਹੀਂ ਕੀਤੀ ਗਈ।


## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

**ਫੋਨ: 515-291-1961**

## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48

## ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

*For more details please contact: Singh*

**Ph: 513-884-0456 or 513-759 0010**

*(Leave Message)*

40-41

## ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

**ਸੰਪਰਕ ਕਰੋ: 317-874-8086**

## Indian Restaurent For Sale

**Indian Restaurent For Sale Near Milwaukee (WI)**

**Per Month Sale: 60,000**

**Contact: 317-874-8086**

# Matrimonials

### ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com

## ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3500 ਪ੍ਰਤੀ ਮਹੀਨਾ ਸ਼ੁਰੂਆਤ ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

**ਸੰਪਰਕ ਕਰੋ: ਈਮੇਲ: biji1924@gmail.com**

**ਜਾਂ ਫੋਨ: 330-967-0878**

42-45

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਣੇ ਹੋਰ ਅਹੁਦੇਦਾਰਾਂ ਦੀ ਚੋਣ 29 ਨਵੰਬਰ ਨੂੰ

## ਲੜਕੀਆਂ ਨੂੰ ਮੁਫਤ ਵਿੱਦਿਆ, ਵਿਦੇਸ਼ਾਂ 'ਚ ਗ੍ਰੰਥ ਸਾਹਿਬ ਦੀ ਛਪਾਈ ਸਣੇ ਅਹਿਮ ਫੈਸਲੇ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ 29 ਨਵੰਬਰ ਨੂੰ ਦੁਪਹਿਰ ਇਕ ਵਜੇ ਸ਼੍ਰੋਮਣੀ ਕਮੇਟੀ ਦੇ ਸ੍ਰੀ ਅੰਮ੍ਰਿਤਸਰ 'ਚ ਮੁੱਖ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਵੇਗਾ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਦੀ ਸਾਲਾਨਾ ਚੋਣ ਕੀਤੀ ਜਾਵੇਗੀ।

ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਵਿਚ ਇਥੇ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ 29 ਨਵੰਬਰ ਨੂੰ ਜਨਰਲ ਹਾਊਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਵੱਲੋਂ ਕੀਤੀ ਜਾਵੇਗੀ। ਮੀਟਿੰਗ ਵਿਚ ਕਮੇਟੀ ਵੱਲੋਂ ਕਈ ਮਹੱਤਵਪੂਰਨ ਫੈਸਲੇ ਲਏ ਗਏ ਹਨ ਜਿਨ੍ਹਾਂ ਬਾਰੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਜਾਣਕਾਰੀ ਦਿੱਤੀ।



ਮੀਟਿੰਗ ਵਿਚ ਲਏ ਫੈਸਲੇ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਰਨ ਤਾਰਨ ਵਿਚ 200 ਲੜਕੀਆਂ ਨੂੰ ਮੁਫਤ ਵਿੱਦਿਆ ਦੇਣ ਲਈ ਕੇਂਦਰ ਖੋਲ੍ਹਿਆ ਜਾਵੇਗਾ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਕੇਂਦਰ ਵਿਚ ਮਾਝਾ ਖੇਤਰ ਦੀਆਂ ਲੋੜਵੰਦ ਅਤੇ ਹੁਸ਼ਿਆਰ ਸਿੱਖ ਲੜਕੀਆਂ ਨੂੰ ਦਾਖਲਾ ਦਿੱਤਾ ਜਾਵੇਗਾ। ਇਸੇ ਤਰ੍ਹਾਂ ਦੁਆਬਾ ਖੇਤਰ ਵਿਚ ਮਾਤਾ ਗੁਜਰੀ ਜੀ ਕਾਲਜ ਕਰਤਾਰਪੁਰ ਵਿਚ 200 ਬੱਚੀਆਂ ਨੂੰ ਮੁਫਤ ਪੜ੍ਹਾਈ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਬੱਚੀਆਂ ਨੂੰ ਮੁਫਤ ਪੜ੍ਹਾਈ ਕਰਵਾਈ ਜਾਵੇਗੀ, ਉਨ੍ਹਾਂ ਦੇ ਹੋਸਟਲ ਤੇ ਖਾਣੇ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਕਰੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਕੈਨੇਡਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਪ੍ਰਿੰਟਿੰਗ ਪ੍ਰੈੱਸ ਜਲਦ ਸਥਾਪਤ ਕੀਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਕੈਨੇਡਾ ਭੇਜੇ ਗਏ ਵਫਦ ਨੇ ਆਪਣੀ ਰਿਪੋਰਟ ਦਿੱਤੀ ਹੈ, ਜਿਸ ਅਨੁਸਾਰ ਜਲਦ ਹੀ ਪ੍ਰੈੱਸ ਲਗਾਉਣ ਲਈ ਅਮਲ ਆਰੰਭਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਸ਼੍ਰੋਮਣੀ ਕਮੇਟੀ ਦੇ ਵਫਦ ਨੇ 70 ਤੋਂ ਜ਼ਿਆਦਾ ਗੁਰਦੁਆਰਾ ਕਮੇਟੀਆਂ ਨਾਲ ਗੱਲਬਾਤ ਕੀਤੀ ਹੈ, ਜਿਨ੍ਹਾਂ ਦੀ ਹਰ ਰਾਇ ਵਾਚਣ ਮਗਰੋਂ ਪ੍ਰੈੱਸ ਲਗਾਉਣ ਲਈ ਸਥਾਨ ਨਿਰਧਾਰਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਚਾਰ ਥਾਵਾਂ ਤੋਂ ਪ੍ਰੈਸ ਲਈ ਜਮੀਨ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਨ੍ਹਾਂ ਬਾਰੇ ਜਥੇਦਾਰ ਸ੍ਰੀ ਅਕਾਲ ਤਖਤ ਨਾਲ ਵਿਚਾਰ-ਵਟਾਂਦਰੇ ਮਗਰੋਂ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੈਨੇਡਾ ਤੋਂ ਬਾਅਦ ਯੂਰਪ, ਆਸਟਰੇਲੀਆ ਅਤੇ ਅਮਰੀਕਾ ਆਦਿ ਦੇਸਾਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ 100 ਸਾਲਾ ਸਥਾਪਨਾ ਦਿਵਸ ਸਬੰਧੀ 15 ਨਵੰਬਰ 2021 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਲ ਸਮਾਗਮ ਕੀਤਾ ਜਾਵੇਗਾ।

## ਬੀਬੀਆਂ ਦੇ ਕੀਰਤਨ ਦਾ ਮਾਮਲਾ ਮੁੜ ਉਭਰਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਬੀਆਂ ਨੂੰ ਕੀਰਤਨ ਕਰਨ ਦੀ ਆਗਿਆ ਦੇਣ ਦਾ ਮਾਮਲਾ ਇਕ ਵਾਰ ਮੁੜ ਉੱਭਰਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਵੱਲੋਂ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਇਕ ਪੱਤਰ ਭੇਜਿਆ ਗਿਆ ਹੈ। ਪੱਤਰ ਵਿਚ ਉਨ੍ਹਾਂ ਬੀਬੀ ਜਗੀਰ ਕੌਰ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਬੀਬੀਆਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਦੀ ਆਗਿਆ ਦੇਣ ਅਤੇ ਇਸ ਕਾਰਜ ਲਈ ਪਹਿਲਕਦਮੀ ਕਰਨ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਪਹਿਲਕਦਮੀ ਤਹਿਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਬੀਬੀਆਂ ਦੇ ਰਾਗੀ ਜਥੇ ਨੂੰ ਉਸ ਦਿਨ ਇਥੇ ਇਕ ਸ਼ਬਦ ਚੌਕੀ ਦੀ ਹਾਜ਼ਰੀ ਭਰਨ ਲਈ ਸੱਦਾ ਦਿੱਤਾ ਜਾਵੇ। ਉਨ੍ਹਾਂ ਲਿਖਿਆ ਕਿ ਗੁਰੂ ਘਰ ਦੀ ਮਰਿਆਦਾ ਅਤੇ ਸਿਧਾਂਤਕ ਪੱਖੋਂ ਇਥੇ ਔਰਤਾਂ ਨੂੰ ਕੀਰਤਨ ਕਰਨ ਦੀ ਕੋਈ ਮਨਾਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਵਿਚ ਕੀਰਤਨ ਦੇ ਮਾਮਲੇ ਵਿਚ ਔਰਤਾਂ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

# ਸਿੱਖ ਜਥਾ ਪ੍ਰਕਾਸ਼ ਪੁਰਬ ਮਨਾਉਣ ਪਾਕਿਸਤਾਨ ਜਾਵੇਗਾ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਕਰੋਨਾ ਟੀਕਾਕਰਨ ਲਾਜ਼ਮੀ ਕੀਤਾ ਗਿਆ ਹੈ। ਸ਼ਰਧਾਲੂਆਂ ਨੂੰ 72 ਘੰਟੇ ਪਹਿਲਾਂ ਕਰੋਨਾ ਟੈਸਟ ਵੀ ਕਰਵਾਉਣਾ ਪਵੇਗਾ। ਉਧਰ ਗੁਰਪੁਰਬ ਦੇ ਪ੍ਰਬੰਧਾਂ ਲਈ ਲਾਹੌਰ 'ਚ ਪੀ.ਐਸ.ਜੀ.ਪੀ.ਸੀ. ਅਤੇ ਈ.ਟੀ.ਪੀ.ਬੀ. ਦੇ ਅਧਿਕਾਰੀਆਂ ਵਿਚਾਲੇ ਮੀਟਿੰਗ ਵੀ ਹੋਈ ਹੈ।

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 19 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਪਾਕਿਸਤਾਨ ਸਥਿਤ ਗੁਰਧਾਮਾਂ 'ਤੇ ਨਤਮਸਤਕ ਹੋਣ ਲਈ ਸ਼ਰਧਾਲੂਆਂ ਦਾ ਜਥਾ 17 ਨਵੰਬਰ ਨੂੰ ਉਥੇ ਜਾਵੇਗਾ ਅਤੇ 27 ਨਵੰਬਰ ਨੂੰ ਪਰਤੇਗਾ। ਲਗਭਗ 3 ਹਜ਼ਾਰ ਸ਼ਰਧਾਲੂਆਂ ਦਾ ਇਹ ਜਥਾ ਪਾਕਿਸਤਾਨ ਸਥਿਤ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰੇਗਾ। ਇਸ ਦੌਰਾਨ 17 ਨਵੰਬਰ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਅਖੰਡ ਪਾਠ ਆਰੰਭ ਹੋਵੇਗਾ ਅਤੇ 19 ਨਵੰਬਰ ਨੂੰ ਇਸ ਦੇ ਭੋਗ ਪੈਣਗੇ।



ਸ਼ਰਧਾਲੂਆਂ ਲਈ ਪਾਕਿਸਤਾਨ ਸਰਕਾਰ ਵੱਲੋਂ ਕਰੋਨਾ ਟੀਕਾਕਰਨ ਅਤੇ ਦੋਵੇਂ ਟੈਸਟ ਦੋਵੇਂ ਲਾਜ਼ਮੀ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਜਿਹੜੇ ਸ਼ਰਧਾਲੂ ਪਾਕਿਸਤਾਨ ਜਾਣਗੇ, ਉਨ੍ਹਾਂ ਲਈ ਕਰੋਨਾ ਤੋਂ ਬਚਾਅ ਦੇ ਟੀਕੇ ਦੀਆਂ ਦੋਵੇਂ ਡੋਜ਼ਾਂ ਲੱਗੀਆਂ ਹੋਣੀਆਂ ਜ਼ਰੂਰੀ ਹਨ। ਪਾਕਿਸਤਾਨ ਦੇ ਦਿੱਲੀ ਸਥਿਤ ਹਾਈ ਕਮਿਸ਼ਨ ਨੇ ਟੈਲੀਫੋਨ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧ 'ਚ ਸੂਚਿਤ ਕੀਤਾ ਹੈ। ਉਨ੍ਹਾਂ ਜਾਣਕਾਰੀ ਦਿੱਤੀ ਹੈ ਕਿ ਸ਼ਰਧਾਲੂਆਂ ਲਈ 72 ਘੰਟੇ ਪਹਿਲਾਂ ਕਰੋਨਾ ਟੈਸਟ ਦੀ ਰਿਪੋਰਟ ਲਾਜ਼ਮੀ ਹੈ। ਜਿਨ੍ਹਾਂ ਸ਼ਰਧਾਲੂਆਂ ਨੇ ਆਪਣੇ ਪਾਸਪੋਰਟ ਜਮ੍ਹਾਂ ਕਰਵਾਏ ਹਨ, ਉਹ ਇਸ ਸ਼ਰਤ ਵੱਲ ਧਿਆਨ ਦੇਣ ਤਾਂ ਜੋ ਉਨ੍ਹਾਂ ਨੂੰ ਪਾਕਿਸਤਾਨ ਜਾਣ ਸਮੇਂ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਲਈ ਸ਼੍ਰੋਮਣੀ ਕਮੇਟੀ ਦਫਤਰ 'ਚ ਕਰੋਨਾ ਟੈਸਟ ਲਈ ਕੈਂਪ ਲਗਾਇਆ ਜਾਵੇਗਾ, ਜਿਸ ਦੀਆਂ ਤਰੀਕਾਂ ਬਾਰੇ ਛੇਤੀ ਹੀ ਸ਼ਰਧਾਲੂਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਇਸ ਦੌਰਾਨ ਗੁਰਪੁਰਬ ਦੇ ਪ੍ਰਬੰਧਾਂ ਸਬੰਧੀ ਔਕਾਫ ਬੋਰਡ ਦੇ ਲਾਹੌਰ ਸਥਿਤ ਦਫਤਰ 'ਚ ਤਾਲਮੇਲ ਕਮੇਟੀ ਦੀ ਇਕ ਮੀਟਿੰਗ ਹੋਈ ਹੈ, ਜਿਸ ਵਿਚ ਈ.ਟੀ.ਪੀ.ਬੀ. ਦੇ ਅਧਿਕਾਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਤੇ ਹੋਰ ਸ਼ਾਮਲ ਹੋਏ। ਈ.ਟੀ.ਪੀ.ਬੀ. ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਨੇ ਗੁਰਪੁਰਬ ਦੇ ਪ੍ਰਬੰਧਾਂ ਸਬੰਧੀ ਅਤੇ ਆਉਣ ਵਾਲੇ ਸ਼ਰਧਾਲੂਆਂ ਲਈ ਕੀਤੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੱਖ-ਵੱਖ ਵਿਭਾਗਾਂ ਵੱਲੋਂ ਹੁਣ ਤੱਕ ਕੀਤੇ ਗਏ ਕੰਮਾਂ ਦੀ ਜਾਣਕਾਰੀ ਲਈ ਅਤੇ ਸਮੀਖਿਆ ਵੀ ਕੀਤੀ।

# ਸੁਖਬੀਰ ਵੱਲੋਂ ਕਾਂਗਰਸ ਦੇ ਬਾਈਕਾਟ ਦਾ ਸੱਦਾ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨਵੰਬਰ 1984 ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸਮੁੱਚੀ ਸਿੱਖ ਕੌਮ ਕਾਂਗਰਸ ਪਾਰਟੀ ਦਾ ਬਾਈਕਾਟ ਕਰੇ, ਜਿਸ ਨੇ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਸੀ। ਉਹ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼-1 ਦੁੱਗਰੀ ਵਿਚ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਵੱਲੋਂ ਨਵੰਬਰ 1984 ਦੇ ਸ਼ਹੀਦਾਂ ਦੀ ਯਾਦ ਵਿਚ ਕਰਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਸਿੱਖਾਂ ਅਤੇ ਖਾਸ ਕਰ ਕੇ ਪੰਜਾਬ ਨਾਲ ਬੇਇਨਸਾਫੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵੰਬਰ '84 ਵਿਚ ਕਾਂਗਰਸ ਦੇ ਸੀਨੀਅਰ ਆਗੂਆਂ ਦੀ ਅਗਵਾਈ ਹੇਠ ਹਜੂਮ ਵੱਲੋਂ ਜੋ ਜ਼ੁਲਮ ਕੀਤੇ ਗਏ, ਉਸ ਨੂੰ ਸਿੱਖ ਕੌਮ ਕਦੇ ਭੁੱਲ ਨਹੀਂ ਸਕਦੀ। ਉਨ੍ਹਾਂ ਕਿਹਾ ਕਿ 2022 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੂਬੇ 'ਚ ਦੰਗਾ ਪੀੜਤ ਡਿਵੈਲਪਮੈਂਟ ਬੋਰਡ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਵਿਸ਼ਵਕਰਮਾ ਦੇ ਨਾਂ 'ਤੇ ਲੁਧਿਆਣਾ 'ਚ ਯੂਨੀਵਰਸਿਟੀ ਬਣਾਈ ਜਾਏਗਾ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਪ੍ਰਧਾਨ ਗੁਰਦੀਪ ਕੌਰ ਨੂੰ ਢਾਈ ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ।

# ਬੰਦੀ ਛੋੜ ਦਿਵਸ: ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਤੇ ਦੀਵਾਲੀ ਮੌਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਦੋ ਜਥੇਦਾਰਾਂ- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤੇ ਗਏ ਹਨ। ਭਾਈ ਮੰਡ ਨੂੰ ਪੁਲਿਸ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਅੰਦਰ ਨਹੀਂ ਜਾਣ ਦਿੱਤਾ, ਜਿਸ ਕਾਰਨ ਉਨ੍ਹਾਂ ਬਾਹਰੋਂ ਹੀ ਸੰਦੇਸ਼ ਜਾਰੀ ਕੀਤਾ। ਇਸ ਦਿਵਸ ਮੌਕੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਕਈ ਬੰਦੀ ਸਿੱਖ ਅਜਿਹੇ ਹਨ, ਜਿਨ੍ਹਾਂ ਦੀਆਂ ਅਦਾਲਤਾਂ ਵੱਲੋਂ ਦਿੱਤੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਪਰ ਭਾਰਤ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਸਿੱਖ ਕੌਮ ਉਨ੍ਹਾਂ ਦੀ ਰਿਹਾਈ ਲਈ ਭਾਰਤ ਸਰਕਾਰ 'ਤੇ ਕੌਮੀ ਪੱਧਰ ਦਾ ਦਬਾਅ ਬਣਾਵੇ। ਉਨ੍ਹਾਂ ਲਾਲਚ ਵੱਸ ਕੀਤੇ ਜਾ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਕੌਮ ਇਸ ਪ੍ਰਤੀ ਸੁਚੇਤ ਹੋਵੇ। ਸਿੱਖ ਸੰਸਥਾਵਾਂ ਅਜਿਹੇ ਪ੍ਰੋਗਰਾਮ ਉਲੀਕਣ, ਜਿਸ ਨਾਲ ਸਮੁੱਚਾ ਸਿੱਖ ਸਮਾਜ, ਗੁਰਬਤ, ਅਨਪੜ੍ਹਤਾ, ਬੀਮਾਰੀ ਅਤੇ ਲਾਚਾਰੀ ਤੋਂ ਮੁਕਤ ਹੋ ਸਕੇ।"

ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਵੱਲੋਂ ਸਿੱਖ ਕੌਮ ਨੂੰ ਦਬਾਉਣ ਦਾ ਵਰਤਾਰਾ ਅੱਜ ਵੀ ਜਾਰੀ ਹੈ, ਜਿਸ ਖਿਲਾਫ ਅੱਜ ਵੀ ਸਿੱਖ ਕੌਮ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਉਨ੍ਹਾਂ ਇਸ ਮੌਕੇ ਸ਼ਹੀਦ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਯਾਦ ਕੀਤਾ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਪੂਰੀ ਤਰ੍ਹਾਂ ਰੁਸ਼ਨਾਇਆ ਗਿਆ ਸੀ ਅਤੇ ਕੁਝ ਮਿੰਟਾਂ ਲਈ ਆਤਿਸ਼ਬਾਜ਼ੀ ਵੀ ਕੀਤੀ ਗਈ। ਪਰੰਪਰਾ ਮੁਤਾਬਕ ਨਿਹੰਗ ਜਥੇਬੰਦੀਆਂ ਦੇ ਮੁਖੀਆਂ ਨੂੰ ਸਨਮਾਨਿਤ ਕੀਤਾ ਗਿਆ।

## ਪੰਥਕ ਸਫਬੰਦੀ ਦਾ ਸੱਦਾ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸੂਚਨਾ ਕੇਂਦਰ ਨੇੜੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਨਵੀਂ ਪੰਥਕ ਸਫਬੰਦੀ ਕੀਤੀ ਜਾਵੇ ਅਤੇ ਪੰਥਕ ਜਜ਼ਬਾਤ ਦੀ ਤਰਜਮਾਨੀ ਕਰਨ ਵਾਲੇ ਆਗੂਆਂ ਨੂੰ ਪੰਥ ਦੀ ਅਗਵਾਈ ਵਾਸਤੇ ਅੱਗੇ ਲਿਆਂਦਾ ਜਾਵੇ। ਮੌਜੂਦਾ ਸਰਕਾਰਾਂ ਕੋਲੋਂ ਨਾ ਤਾਂ ਬੇਅਦਬੀ ਮਾਮਲੇ ਵਿਚ ਇਨਸਾਫ ਮਿਲਿਆ ਹੈ ਅਤੇ ਨਾ ਹੀ ਜੇਲ੍ਹਾਂ ਵਿਚ ਬੰਦੀ ਸਿੱਖ ਰਿਹਾਅ ਕੀਤੇ ਗਏ ਹਨ। ਕਿਸਾਨ ਵੀ ਇਕ ਸਾਲ ਤੋਂ ਨਿਆਂ ਮੰਗਦੇ ਹੋਏ ਸੜਕਾਂ 'ਤੇ ਰੁਲ ਰਹੇ ਹਨ। ਸਿੱਖ ਪੰਥ ਨੇ ਪੰਜਾਬ ਦੇ ਹੱਕ ਮੰਗਦਿਆਂ ਵੱਡਾ ਨੁਕਸਾਨ ਝੱਲਿਆ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਦੇ ਫੈਸਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿਚ ਸਮੁੱਚੀ ਕੌਮ ਨੂੰ ਖਾਲਸਈ ਨਿਸ਼ਾਨ ਹੇਠਾਂ ਇਕੱਠੇ ਹੋਣਾ ਚਾਹੀਦਾ ਹੈ, ਤਾਂ ਜੋ ਕੌਮ ਆਪਣਾ ਏਜੰਡਾ ਬਣਾ ਸਕੇ ਅਤੇ ਉਸ ਦੀ ਪ੍ਰਾਪਤੀ ਲਈ ਸੰਘਰਸ਼ ਕਰ ਸਕੇ।

# ਕੇਂਦਰੀ ਸਿੱਖ ਅਜਾਇਬ ਘਰ 'ਚ ਤਿੰਨ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਬਾਬਾ ਹਰਦੇਵ ਸਿੰਘ ਲੂਲੋਂ ਵਾਲੇ ਅਤੇ ਬੱਬਰ ਅਕਾਲੀ ਸ਼ਹੀਦ ਜਥੇਦਾਰ ਅਮਰ ਸਿੰਘ ਧਾਲੀਵਾਲ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਨਿਭਾਈ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਸ਼੍ਰੋਮਣੀ ਕਮੇਟੀ ਦੇ ਲਗਾਤਾਰ 11 ਸਾਲ ਪ੍ਰਧਾਨ ਰਹੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੀ ਸਥਾਪਨਾ ਤੋਂ ਲੈ ਕੇ ਆਪਣੇ ਅੰਤਲੇ ਸਮੇਂ ਤਕ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਈ।

ਇਸੇ ਤਰ੍ਹਾਂ ਬਾਬਾ ਹਰਦੇਵ ਸਿੰਘ ਲੂਲੋਂ ਵਾਲਿਆਂ ਨੇ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵਜੋਂ ਸੇਵਾਵਾਂ ਦਿੱਤੀਆਂ ਤੇ ਉਨ੍ਹਾਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ। ਸਿੱਖ ਕੌਮ ਦੇ ਮਹਾਨ ਸੂਰਬੀਰ ਯੋਧੇ ਜਥੇਦਾਰ ਅਮਰ ਸਿੰਘ ਧਾਲੀਵਾਲ ਨੇ ਗੁਰੂ ਕਾ ਬਾਗ ਮੋਰਚੇ ਅਤੇ ਪੰਜਾ ਸਾਹਿਬ ਦੇ ਸਾਕੇ ਸਮੇਂ ਅਹਿਮ ਭੂਮਿਕਾ ਨਿਭਾਈ ਅਤੇ ਕਈ ਵਾਰ ਜੇਲ੍ਹ ਵੀ ਗਏ।

## ਖਾਲਿਸਤਾਨ ਫੰਡਿੰਗ ਬਾਰੇ ਐਨ.ਆਈ.ਏ. ਦੀ ਟੀਮ ਕੈਨੇਡਾ ਪੁੱਜੀ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਤਿੰਨ ਮੈਂਬਰੀ ਟੀਮ ਕੈਨੇਡਾ ਪੁੱਜੀ। ਇਹ ਟੀਮ ਉਥੇ ਸਿੱਖਜ ਫਾਰ ਜਸਟਿਸ ਅਤੇ ਹੋਰਨਾਂ ਖਾਲਿਸਤਾਨ ਪੱਖੀ ਸੰਗਠਨਾਂ ਦੇ ਫੰਡਿੰਗ ਰੂਟ ਦਾ ਪਤਾ ਲਾਉਣ ਲਈ ਗਈ ਹੈ। ਸੂਤਰਾਂ ਅਨੁਸਾਰ, ਆਈ.ਜੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਾਲੀ ਟੀਮ ਵਿਦੇਸ਼ਾਂ ਵਿਚ ਖਾਲਿਸਤਾਨ ਪੱਖੀ ਸੰਗਠਨਾਂ ਨੂੰ ਮਿਲਦੀ ਫੰਡਿੰਗ ਦੇ ਸਰੋਤਾਂ ਦੀ ਜਾਂਚ ਕਰੇਗੀ। ਜਾਂਚ ਟੀਮ ਇਨ੍ਹਾਂ ਜਥੇਬੰਦੀਆਂ ਦੇ ਅਤਿਵਾਦੀ ਸੰਗਠਨਾਂ ਨਾਲ ਫੰਡਿੰਗ ਦੇ ਸਬੰਧਾਂ ਦੀ ਜਾਂਚ ਕਰੇਗੀ। ਕੇਂਦਰੀ ਜਾਂਚ ਟੀਮ ਅਮਰੀਕਾ, ਯੂਕੇ, ਆਸਟਰੇਲੀਆ ਅਤੇ ਜਰਮਨੀ ਵਰਗੇ ਵਿਦੇਸ਼ੀ ਮੁਲਕਾਂ ਤੋਂ ਖਾਲਿਸਤਾਨ ਸੰਗਠਨਾਂ ਨੂੰ ਮਿਲਦੀ ਫੰਡਿੰਗ ਦੀ ਵੀ ਜਾਂਚ ਕਰੇਗੀ।

# 300 ਮੰਡੀਆਂ 'ਚ ਖਰੀਦ ਬੰਦ ਕਰਨ ਦੇ ਫੈਸਲੇ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਤਕਰੀਬਨ 300 ਮੰਡੀਆਂ ਵਿਚ ਝੋਨੇ ਦੀ ਖਰੀਦ ਬੰਦ ਕਰਨ ਦਾ ਫੈਸਲਾ ਕੀਤਾ ਹੈ। ਮੰਡੀ ਬੋਰਡ ਦੇ ਸਕੱਤਰ ਵੱਲੋਂ ਜਾਰੀ ਪੱਤਰ ਵਿਚ ਦਾਅਵਾ ਕੀਤਾ ਗਿਆ ਕਿ ਉਕਤ ਖਰੀਦ ਕੇਂਦਰਾਂ ਵਿਚ ਝੋਨੇ ਦੀ ਆਮਦ ਘਟ ਗਈ ਹੈ, ਜਿਸ ਕਾਰਨ ਇਹ ਖਰੀਦ ਕੇਂਦਰ ਬੰਦ ਕਰ ਦਿੱਤੇ ਗਏ ਹਨ।

ਮੰਡੀ ਬੋਰਡ ਦੇ ਇਸ ਫੈਸਲੇ ਦਾ ਕਿਸਾਨ ਜਥੇਬੰਦੀਆਂ ਨੇ ਤਿੱਖਾ ਵਿਰੋਧ ਕੀਤਾ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਵਾਰ ਬੇਮੌਸਮਾ ਮੀਂਹ ਪੈਣ ਕਾਰਨ ਝੋਨੇ ਦੀ ਕਟਾਈ ਪੱਛੜ ਗਈ ਹੈ। ਕੰਬਾਈਨਾਂ ਖੇਤਾਂ ਵਿਚ ਖੁੱਭ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਮੰਗ ਕੀਤੀ ਕਿ ਇਨ੍ਹਾਂ 296 ਖਰੀਦ ਕੇਂਦਰਾਂ ਨੂੰ ਬੰਦ ਨਾ ਕੀਤਾ ਜਾਵੇ, ਸਗੋਂ ਇਸ ਬੇਮੌਸਮੇ ਮੀਂਹ ਦੀ ਪਈ ਮਾਰ ਤੋਂ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ 20 ਦਿਨ ਤੱਕ ਮੰਡੀਆਂ ਖੁੱਲ੍ਹੀਆਂ ਰੱਖੀਆਂ ਜਾਣ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਖਰੀਦ ਲਈ 2,722 ਖਰੀਦ ਕੇਂਦਰ ਖੋਲ੍ਹੇ ਗਏ ਸਨ।



ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਉਹ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਸਬੰਧੀ ਜਾਰੀ ਕੀਤੇ ਨਵੇਂ ਹੁਕਮਾਂ ਦੀ ਨਿਖੇਧੀ ਕਰਦੇ ਹਨ ਕਿਉਂਕਿ ਪੰਜਾਬ ਦੇ ਇਤਿਹਾਸ 'ਚ ਜ਼ਿਲ੍ਹਾ ਵੰਡ ਪ੍ਰਣਾਲੀ ਨਾਲ ਕਦੇ ਖਰੀਦ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਵੇਂ ਹੁਕਮਾਂ ਅਨੁਸਾਰ ਪੰਜਾਬ ਦੇ ਕੁਝ ਜ਼ਿਲ੍ਹਿਆਂ ਨੂੰ ਛੱਡ ਕੇ ਬਹੁਤ ਸਾਰੇ ਜ਼ਿਲ੍ਹਿਆਂ 'ਚ ਤਰੀਕ ਅਨੁਸਾਰ ਖਰੀਦ ਜਲਦੀ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ ਜੋ ਕਿਸਾਨ ਮਾਰੂ ਹਨ ਕਿਉਂਕਿ ਪਿਛਲੇ ਦਿਨੀਂ ਪੰਜਾਬ 'ਚ ਭਾਰੀ ਮੀਂਹ ਪੈਣ ਕਾਰਨ ਝੋਨੇ ਦੀ ਕਟਾਈ 'ਚ ਦੇਰ ਹੋ ਰਹੀ ਹੈ। ਜਥੇਬੰਦੀਆਂ ਨੇ ਕਿਸਾਨਾਂ ਦੀ ਪੂਰੀ ਫਸਲ ਦੀ ਚੁਕਾਈ ਲਈ ਸਹਿਮਤੀ ਨਾਲ ਫੈਸਲਾ ਲਿਆ ਕਿ ਜੇ ਪੰਜਾਬ ਸਰਕਾਰ ਖਰੀਦ ਤੋਂ ਪਿੱਛੇ ਹਟਦੀ ਹੈ ਤਾਂ ਉਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੇ ਜੋ ਗੰਨੇ ਦਾ ਭਾਅ 360 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੈ, ਉਹ ਸਿੱਧਾ ਕਿਸਾਨਾਂ ਦੇ ਖਾਤੇ ਵਿਚ ਪਾਇਆ ਜਾਵੇ।

ਕਿਸਾਨ ਆਗੂਆਂ ਨੇ ਕਿਹਾ ਕਿ ਸੂਬਾ ਸਰਕਾਰ ਕੇਂਦਰ ਦੇ ਇਸ਼ਾਰੇ 'ਤੇ ਅਜਿਹੇ ਕਿਸਾਨ ਵਿਰੋਧੀ ਕਦਮ ਚੁੱਕ ਰਹੀ ਹੈ ਜਿਸ ਦਾ ਉਹ ਸਖਤ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮੰਡੀਆਂ 'ਚ ਝੋਨੇ ਦਾ ਇਕ-ਇਕ ਦਾਣਾ ਖਰੀਦਣਾ ਯਕੀਨੀ ਬਣਾਵੇ, ਨਹੀਂ ਤਾਂ ਕਿਸਾਨ ਜਥੇਬੰਦੀਆਂ ਸੂਬਾ ਸਰਕਾਰ ਦਾ ਡਟਵਾਂ ਵਿਰੋਧ ਕਰਨਗੀਆਂ।

### ਫਰਜ਼ੀ ਖਰੀਦ ਦੀ ਵਿਜੀਲੈਂਸ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੀ ਮੰਡੀ ਜੰਡਿਆਲਾ ਗੁਰੂ ਵਿਚ ਝੋਨੇ ਦੀ ਖਰੀਦ ਵਿਚ ਕੀਤੀਆਂ ਕਥਿਤ ਬੇਨਿਯਮੀਆਂ ਦਾ ਪਤਾ ਲਗਾਉਣ ਲਈ ਵਿਜੀਲੈਂਸ ਜਾਂਚ ਦੇ ਹੁਕਮ ਦਿੱਤੇ ਹਨ। ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਦੱਸਿਆ ਕਿ ਵਿਭਾਗ ਨੂੰ ਵੀ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਕਿਹਾ ਹੈ ਤਾਂ ਜੋ ਇਨ੍ਹਾਂ ਮੰਡੀਆਂ ਵਿਚ ਚੱਲ ਰਹੇ ਸੀਜ਼ਨ ਦੌਰਾਨ ਹੋਈ ਅਜਿਹੀ ਕਿਸੇ ਵੀ ਫਰਜ਼ੀ ਖਰੀਦ ਦੀ ਕੋਸ਼ਿਸ਼ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

# ਕੈਪਟਨ ਨੂੰ ਸ਼ਹੀਦੀਆਂ ਦਾ ਮੁੱਲ ਨਹੀਂ ਵੱਟਣ ਦਿਆਂਗੇ: ਚੜੂਨੀ

**ਜਲੰਧਰ:** ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਮੁਖੀ ਗੁਰਨਾਮ ਸਿੰਘ ਚੜੂਨੀ ਨੇ ਆਪਣਾ ਚੋਣਾਂ ਲੜਨ ਦਾ ਸਟੈਂਡ ਮੁੜ ਦੁਹਰਾਉਂਦਿਆਂ ਕਿਹਾ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਦੇ ਆਗੂਆਂ ਨੂੰ ਲਾਂਭੇ ਕਰਕੇ ਕਿਸਾਨਾਂ ਨੂੰ ਆਪਣੇ ਉਮੀਦਵਾਰ ਖੜ੍ਹੇ ਕਰਨੇ ਚਾਹੀਦੇ ਹਨ ਅਤੇ ਕੈਪਟਨ ਨੂੰ ਕਿਸਾਨਾਂ ਦੀਆਂ ਸ਼ਹੀਦੀਆਂ ਦਾ ਮੁੱਲ ਨਹੀਂ ਵੱਟਣ ਦਿੱਤਾ ਜਾਵੇਗਾ।

ਇਥੋਂ ਨੇੜਲੇ ਕਸਬਾ ਕਾਲਾ ਸੰਘਿਆ ਵਿਚ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਸਮੇਤ ਹਰ ਵਰਗ ਨੂੰ ਲੁੱਟਿਆ ਹੈ। ਹੁਣ ਜਦੋਂ ਭਾਜਪਾ ਸਮੁੱਚੇ ਦੇਸ਼ ਨੂੰ ਵੇਚਣ ਦੇ ਰਾਹ ਪਈ ਹੋਈ ਹੈ ਤਾਂ ਉਸ ਦੇ ਅੱਗੇ ਹਿੱਕ ਡਾਹ ਕੇ ਕਿਸਾਨ ਤੇ ਮਜ਼ਦੂਰ ਹੀ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਹਨ। ਸ੍ਰੀ ਚੜੂਨੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦਿੱਲੀ ਫੇਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਖੇਤੀ ਦੇ ਤਿੰਨੋਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਨਹੀਂ ਸੀ ਗਏ ਸਗੋਂ ਆਪਣੀ ਬਣਾਈ ਨਵੀਂ



ਪਾਰਟੀ ਦਾ ਭਾਜਪਾ ਨਾਲ ਚੋਣ ਗੱਠਜੋੜ ਕਰਨ ਲਈ ਗਏ ਸਨ।

ਉਨ੍ਹਾਂ ਕਿਹਾ ਕਿ ਕੈਪਟਨ ਨੂੰ 700 ਤੋਂ ਵੱਧ ਹੋਈਆਂ ਕਿਸਾਨਾਂ ਦੀਆਂ ਸ਼ਹੀਦੀਆਂ ਦਾ ਭਾਜਪਾ ਰਾਹੀਂ ਮੁੱਲ ਨਹੀਂ ਵੱਟਣ ਦੇਵਾਂਗੇ। ਉਨ੍ਹਾਂ ਕਿਹਾ ਰੋਜ਼ਾਨਾ ਕਿਸਾਨ ਤੇ ਮਜ਼ਦੂਰ ਨਿੱਕੇ ਨਿੱਕੇ ਕਰਜ਼ਿਆਂ ਕਾਰਨ ਖੁਦਕੁਸ਼ੀ ਕਰਦੇ ਹਨ ਪਰ ਜਿਹੜੇ ਅਰਬਾਂ ਰੁਪਏ ਲੈ ਗਏ, ਉਹ ਸਰਕਾਰ ਦੀ ਸ਼ਹਿ 'ਤੇ ਐਸ਼ਾਂ ਕਰ ਰਹੇ ਹਨ।

ਇਸ ਮੌਕੇ ਪਗੜੀ ਸੰਭਾਲ ਲਹਿਰ ਪੰਜਾਬ ਦੇ ਆਗੂ ਸਤਨਾਮ ਸਿੰਘ ਬਾਗੜੀਆ ਨੇ ਕਿਹਾ ਕਿ ਜੇਕਰ ਕੇਂਦਰ ਦੀ ਮੋਦੀ ਸਰਕਾਰ ਨੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਕਿਸਾਨ ਆਉਂਦੀਆਂ 2024 ਦੀਆਂ ਲੋਕ ਸਭਾ ਚੋਣਾਂ ਤੱਕ ਵੀ ਅੰਦੋਲਨ ਚਲਾਉਣ ਦੇ ਸਮਰੱਥ ਹਨ। ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਏਕਤਾ, ਦ੍ਰਿੜ੍ਹਤਾ ਦੇ ਨਾਲ ਕਿਸਾਨ ਮੋਰਚੇ ਹਾਜ਼ਰੀ ਵਧਾਉਣਾ ਸਮੇਂ ਦੀ ਲੋੜ ਹੈ।

ਇਸ ਮੌਕੇ ਕਿਸਾਨਾਂ ਨੇ ਮੋਦੀ ਸਰਕਾਰ ਵਿਰੁੱਧ ਡਟ ਕੇ ਨਾਅਰੇਬਾਜ਼ੀ ਕੀਤੀ।

### ਕਿਸਾਨਾਂ ਵੱਲੋਂ ਪ੍ਰਨੀਤ ਕੌਰ ਦਾ ਘਿਰਾਓ

**ਪਟਿਆਲਾ:** ਇਥੇ ਰਾਜਪੁਰਾ ਰੋਡ 'ਤੇ ਸਥਿਤ ਪਿੰਡ ਦੌਣ ਕਲਾਂ ਵਿਚ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਦਾ ਕਿਸਾਨਾਂ ਨੇ ਘਿਰਾਓ ਕੀਤਾ। ਪ੍ਰਨੀਤ ਕੌਰ ਪਿੰਡ ਦੇ ਬਾਹਰਲੇ ਪਾਸੇ ਬਣੇ ਸਕੂਲ ਵਿਚ ਯਾਦਗਾਰੀ ਗੇਟ ਦਾ ਉਦਘਾਟਨ ਕਰਨ ਆਈ ਸੀ। ਇਸ ਪ੍ਰੋਗਰਾਮ ਤੋਂ ਬਾਅਦ ਉਨ੍ਹਾਂ ਨੇ ਪਿੰਡ ਵਿਚ ਕਿਸੇ ਦੇ ਘਰ ਵੀ ਜਾਣਾ ਸੀ ਪਰ ਕਿਸਾਨਾਂ ਨੇ ਉਨ੍ਹਾਂ ਨੂੰ ਪਿੰਡ ਵਿਚ ਵੜਨ ਨਾ ਦਿੱਤਾ ਅਤੇ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਉਨ੍ਹਾਂ ਦੀ ਗੱਡੀ ਦੇ ਅੱਗੇ ਬੈਠ ਗਏ ਤੇ ਪ੍ਰਨੀਤ ਕੌਰ ਖਿਲਾਫ ਨਾਅਰੇਬਾਜ਼ੀ ਕਰਨ ਲੱਗ ਪਏ। ਕਿਸਾਨ ਆਖ ਰਹੇ ਸਨ ਕਿ ਤਿੰਨ ਸਾਲਾਂ ਤੋਂ ਪ੍ਰਨੀਤ ਕੌਰ ਨੇ ਪਿੰਡ ਦੀ ਸਾਰ ਨਹੀਂ ਲਈ। ਕਿਸਾਨਾਂ ਦੇ ਰੋਹ ਨੂੰ ਦੇਖਦਿਆਂ ਪ੍ਰਨੀਤ ਕੌਰ ਨੂੰ ਆਪਣਾ ਕਾਫਲਾ ਮੋੜਨਾ ਪਿਆ।

# ਦੀਵਾਲੀ ਮੌਕੇ ਮੋਰਚੇ ਨੇ ਸ਼ਹੀਦ ਕਿਸਾਨਾਂ ਦੀ ਯਾਦ ਵਿਚ ਬਾਲੇ ਦੀਵੇ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਤਿੰਨਾਂ ਮੁੱਖ ਦਾਖਲਾ ਮਾਰਗਾਂ ਉਪਰ ਡਟੇ ਕਿਸਾਨਾਂ ਨੇ ਸੰਘਰਸ਼ ਦੌਰਾਨ ਸ਼ਹੀਦ ਹੋਏ 650 ਤੋਂ ਵੱਧ ਕਿਸਾਨਾਂ ਨੂੰ ਯਾਦ ਕਰਦਿਆਂ ਸਿੰਘੂ, ਟਿਕਰੀ ਤੇ ਗਾਜ਼ੀਪੁਰ ਮੋਰਚਿਆਂ 'ਤੇ ਦੀਵਾਲੀ ਦੀ ਰਾਤ ਨੂੰ ਦੀਵੇ ਜਗਾਏ। ਹਰਿਆਣਾ ਦੇ ਪਲਵਲ, ਰਾਜਸਥਾਨ ਦੇ ਸ਼ਾਹਜਹਾਂਪੁਰ 'ਚ ਵੀ ਕਿਸਾਨ ਮੋਰਚਿਆਂ 'ਤੇ ਕਿਸਾਨਾਂ ਦੇ ਦੀਵੇ ਜਗਾ ਕੇ ਸਾਥੀ ਸ਼ਹੀਦ ਕਿਸਾਨਾਂ ਨੂੰ ਯਾਦ ਕੀਤਾ।

ਮੋਰਚੇ ਵੱਲੋਂ ਦੀਵਾਲੀ ਦੇ ਨਾਲ-ਨਾਲ 'ਬੰਦੀ ਛੋੜ ਦਿਵਸ' ਵੀ ਮਨਾਇਆ ਗਿਆ। ਕਿਸਾਨ ਆਗੂਆਂ ਡਾ. ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਹਾਂ, ਯੁੱਧਵੀਰ ਸਿੰਘ ਨੇ ਕਿਹਾ ਕਿ 650 ਤੋਂ ਵੱਧ ਕਿਸਾਨਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣ ਦਿੱਤੀਆਂ ਜਾਣਗੀਆਂ ਤੇ ਕਿਸਾਨ ਸੰਘਰਸ਼ ਦੀਆਂ ਮੰਗਾਂ ਨੂੰ ਮੋਦੀ ਸਰਕਾਰ ਕੋਲੋਂ ਮਨਵਾ ਕੇ ਹੀ ਅੰਦੋਲਨ ਖਤਮ ਕੀਤਾ ਜਾਵੇਗਾ।

ਸਿੰਘੂ ਦੇ ਮੋਰਚੇ ਉਤੇ ਕਿਸਾਨ ਯੂਨੀਅਨਾਂ ਦੇ ਟੈਂਟਾਂ ਅੱਗੇ ਮੋਮਬੱਤੀਆਂ ਜਲਾਈਆਂ ਗਈਆਂ ਤੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਟਿਕਰੀ ਮੋਰਚੇ 'ਤੇ ਕਿਸਾਨਾਂ ਨੇ ਸ਼ਹੀਦ ਕਿਸਾਨਾਂ ਨੂੰ ਯਾਦ ਕਰਦੇ ਹੋਏ ਦੀਵੇ ਤੇ ਮੋਮਬੱਤੀਆਂ ਬਾਲੀਆਂ। ਕਿਸਾਨਾਂ ਨੇ ਦੇਰ ਰਾਤ ਤੱਕ ਜਾਗ ਕੇ ਦੀਵਾਲੀ ਨੂੰ ਸਾਦੇ ਤਰੀਕੇ ਨਾਲ ਮਨਾਇਆ। ਹਰਿਆਣਾ ਦੇ ਕਿਸਾਨਾਂ ਦੀਆਂ ਖਾਪ ਪੰਚਾਇਤਾਂ ਤੇ ਪੰਜਾਬ ਦੇ ਕਿਸਾਨਾਂ ਦੀ ਸਾਂਝ ਪ੍ਰਤੱਖ ਨਜ਼ਰ ਆਈ। ਗਾਜ਼ੀਪੁਰ ਮੋਰਚੇ ਉਪਰ ਕਿਸਾਨਾਂ ਨੇ ਮਿੱਟੀ ਦੇ ਦੀਵੇ ਜਗਾਏ ਤੇ ਅਹਿਦ ਲਿਆ ਕਿ ਭਾਜਪਾ ਤੇ ਆਰ.ਐਸ.ਐਸ. ਨੂੰ ਭਾਂਜ ਦੇਣੀ ਜ਼ਰੂਰੀ ਹੈ ਕਿਉਂਕਿ ਕੇਂਦਰ ਸਰਕਾਰ ਦੀ ਹਠਧਰਮੀ ਤੋੜਨ ਲਈ ਅਜਿਹਾ ਕਰਨਾ ਲਾਜ਼ਮੀ ਹੈ।

ਮੋਰਚੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਭਾਜਪਾ ਲਖੀਮਪੁਰ ਖੀਰੀ ਵਿਚ ਹਿੰਦੂਆਂ ਤੇ ਸਿੱਖਾਂ ਵਿਚਾਲੇ ਗੰਦੀ ਫਿਰਕੂ ਰਾਜਨੀਤੀ ਖੇਡਣ ਦੀ ਕੋਸ਼ਿਸ਼ ਵਿਚ ਹੈ ਤੇ ਮੋਰਚੇ ਨੇ ਅਜਿਹੀਆਂ ਚਾਲਾਂ ਨੂੰ ਭਾਂਪਦੇ ਹੋਏ ਇਸ ਦੀ ਨਿੰਦਾ ਕੀਤੀ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਭਾਜਪਾ ਦੀ ਵੰਡਪਾਊ ਨੀਤੀ ਤੋਂ ਜਾਣੂ ਹਨ ਤੇ ਇਸ ਦਾ ਸ਼ਿਕਾਰ ਨਹੀਂ ਹੋਣਗੇ।

### ਬਾਦਲਾਂ ਨੇ ਸ਼ਹੀਦ ਕਿਸਾਨਾਂ ਨੂੰ ਸਮਰਪਿਤ ਕੀਤੀ ਦੀਵਾਲੀ

**ਲੰਬੀ:** ਬਾਦਲ ਪਰਿਵਾਰ ਨੇ ਆਪਣੀ ਦੀਵਾਲੀ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਸਮਰਪਿਤ ਕੀਤੀ। ਪਿੰਡ ਬਾਦਲ ਸਥਿਤ ਰਿਹਾਇਸ਼ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਸ਼ਹੀਦ ਕਿਸਾਨ ਵੀਰਾਂ, ਬੀਬੀਆਂ ਅਤੇ ਬਜ਼ੁਰਗਾਂ ਦੀ ਯਾਦ 'ਚ ਦੀਵੇ ਜਗਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਗੁਰਲੀਨ ਕੌਰ ਬਾਦਲ, ਅਨੰਤਬੀਰ ਸਿੰਘ ਬਾਦਲ ਅਤੇ ਹਰਲੀਨ ਕੌਰ ਬਾਦਲ ਵੀ ਮੌਜੂਦ ਸਨ।

# ਗੁਲਾਬੀ ਸੁੰਡੀ ਨੇ ਕਾਲੀ ਕੀਤੀ ਕਿਸਾਨਾਂ ਦੀ ਦੀਵਾਲੀ



**ਚੰਡੀਗੜ੍ਹ:** ਮਾਲਵਾ ਖੇਤਰ 'ਚ ਗੁਲਾਬੀ ਸੁੰਡੀ ਨੇ ਇਸ ਵਾਰ ਦੀਵਾਲੀ ਮੌਕੇ ਕੰਮੀਆਂ ਦੇ ਵਿਹੜਿਆਂ ਤੋਂ ਲੈ ਕੇ ਸ਼ਾਹੂਕਾਰਾਂ ਦੀਆਂ ਕੋਠੀਆਂ ਤੱਕ ਚਾਵਾਂ ਨੂੰ ਫਿੱਕਾ ਪਾ ਦਿੱਤਾ ਹੈ। ਗੁਲਾਬੀ ਸੁੰਡੀ ਕਾਰਨ ਨਰਮੇ ਦਾ ਨੁਕਸਾਨ ਹੋਣ ਮਗਰੋਂ ਕਿਸਾਨਾਂ ਨੂੰ ਝੋਨੇ ਤੋਂ ਵੱਡੀ ਉਮੀਦ ਸੀ ਪਰ ਘਟੇ ਝਾੜ ਨੇ ਹੋਰ ਜ਼ਿਆਦਾ ਨਿਰਾਸ਼ ਕਰ ਦਿੱਤਾ ਹੈ।

ਮੰਡੀਆਂ ਵਿਚ ਜਿਹੜੇ ਕਿਸਾਨਾਂ ਦਾ ਝੋਨਾ ਹਫਤੇ ਤੋਂ ਵਿਕਣ ਲਈ ਪਿਆ ਹੈ, ਉਨ੍ਹਾਂ ਦੇ ਘਰਾਂ ਵਿਚ ਇਸ ਵਾਰ ਦੀਵਾਲੀ ਫਿੱਕੀ ਰਹੀ। ਆਪਣੀ ਜਿਣਸ ਵੇਚਣ ਲਈ ਮਾਲਵਾ ਪੱਟੀ ਵਿਚਲੀਆਂ ਅਨਾਜ ਮੰਡੀਆਂ 'ਚ ਕਈ ਦਿਨਾਂ ਤੋਂ ਕਿਸਾਨਾਂ ਨੇ ਡੇਰੇ ਲਾਏ ਹੋਏ ਹਨ। ਦੀਵਾਲੀ ਵਾਲੇ ਦਿਨ ਕਿਸਾਨ ਮੰਡੀਆਂ ਵਿਚ ਬੈਠੇ ਬੋਲੀ ਦੀ ਉਡੀਕ ਕਰ ਰਹੇ ਸਨ ਪਰ ਕਰਮਚਾਰੀ ਤੇ ਅਧਿਕਾਰੀ ਆਪਣੇ ਵੱਡੇ ਅਫਸਰਾਂ ਦੇ ਕਮਰਿਆਂ ਵਿਚ ਜਾ ਕੇ ਦੀਵਾਲੀ ਦੀ ਸ਼ੁਭਕਾਮਨਾਵਾਂ ਦੇ ਰਹੇ ਸਨ। ਦੀਵਾਲੀ ਤੋਂ ਇਕ ਦਿਨ ਪਹਿਲਾਂ ਇਥੇ ਅਨੇਕਾਂ ਆੜ੍ਹਤੀਏ ਆਪਣੇ ਹੋਰ ਕਾਰੋਬਾਰਾਂ ਵਿਚ ਮਗਨ ਵਿਖਾਈ ਦਿੱਤੇ। ਖਰੀਦ ਕੇਂਦਰਾਂ 'ਚ ਕਿਸਾਨ ਆੜ੍ਹਤੀਆਂ ਨੂੰ ਵੀ ਉਡੀਕ ਰਹੇ ਸਨ ਪਰ ਉਹ 'ਲੋਪ' ਰਹੇ।

# ਕਿਸਾਨਾਂ ਵੱਲੋਂ ਅਕਸ਼ੈ ਕੁਮਾਰ ਦੀ ਫਿਲਮ ਦਾ ਵਿਰੋਧ

**ਮਾਨਸਾ:** ਖੇਤੀ ਕਾਨੂੰਨਾਂ ਖਿਲਾਫ ਆਵਾਜ਼ ਨਾ ਉਠਾਉਣ ਦੇ ਰੋਸ ਵਜੋਂ ਕਿਸਾਨਾਂ ਨੇ ਵੱਖ-ਵੱਖ ਥਾਵਾਂ 'ਤੇ ਅਦਾਕਾਰ ਅਕਸ਼ੈ ਕੁਮਾਰ ਦੀ ਫਿਲਮ 'ਸੂਰਿਆਵੰਸ਼ੀ' ਦਾ ਵਿਰੋਧ ਕੀਤਾ। ਮਾਨਸਾ ਦੇ ਗ੍ਰੈਂਡ ਮਾਲ ਵਿਚ ਕਿਸਾਨਾਂ ਨੇ ਫਿਲਮ ਬੰਦ ਕਰਵਾ ਕੇ ਪੋਸਟਰ ਪਾੜੇ ਅਤੇ ਅਦਾਕਾਰਾਂ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਕਿਹਾ ਕਿ ਫਿਲਮ ਅਦਾਕਾਰ ਸੰਨੀ ਦਿਓਲ, ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਖੇਤੀ ਕਾਨੂੰਨਾਂ ਦੀ ਹਮਾਇਤ ਕਰਦੇ ਹਨ।

ਇਨ੍ਹਾਂ ਨੇ ਕਦੇ ਵੀ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਨਹੀਂ ਕੀਤੀ, ਜਿਸ ਕਰਕੇ ਕਿਸਾਨਾਂ ਦਾ ਫੈਸਲਾ ਹੈ ਕਿ ਉਹ ਇਨ੍ਹਾਂ ਅਦਾਕਾਰਾਂ ਦੀਆਂ ਫਿਲਮਾਂ ਸੂਬੇ ਦੇ ਸਿਨੇਮਾ ਘਰਾਂ 'ਚ ਨਹੀਂ ਚੱਲਣ ਦੇਣਗੇ। ਪ੍ਰਾਪਤ ਜਾਣਕਾਰੀ ਮੁਤਾਬਕ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਪਰਮਜੀਤ ਸਿੰਘ ਤੇ ਮਲਕੀਤ ਸਿੰਘ ਗਾਗੋਵਾਲ ਸਮੇਤ ਕੁਝ ਨੌਜਵਾਨ ਕਿਸਾਨੀ ਝੰਡੇ ਲੈ ਕੇ ਮਾਲ ਵਿਚ ਪਹੁੰਚੇ ਅਤੇ ਉਨ੍ਹਾਂ ਫਿਲਮ ਦਾ ਵਿਰੋਧ ਕੀਤਾ।

ਉਨ੍ਹਾਂ ਮਾਲ ਮਾਲਕਾਂ ਨਾਲ ਗੱਲਬਾਤ ਦੌਰਾਨ



ਕਿਹਾ ਕਿ ਉਹ ਉਕਤ ਫਿਲਮ ਨੂੰ ਨਹੀਂ ਚੱਲਣ ਦੇਣਗੇ, ਜਿਸ ਮਗਰੋਂ ਮਾਲ ਮਾਲਕਾਂ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਸਿਨੇਮਾ ਘਰ ਵਿਚ ਫਿਲਮ ਨਹੀਂ ਚਲਾਉਣਗੇ। ਕਿਸਾਨ ਆਗੂ ਪਰਮਜੀਤ ਸਿੰਘ ਨੇ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੋ ਜਾਂਦੇ, ਉਦੋਂ ਤੱਕ ਕਿਸਾਨ ਮੋਰਚੇ ਵੱਲੋਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਖੜ੍ਹਨ ਵਾਲੇ ਅਦਾਕਾਰਾਂ ਦਾ ਵਿਰੋਧ ਜਾਰੀ ਰਹੇਗਾ। ਇਨ੍ਹਾਂ ਦੀਆਂ ਆਉਣ ਵਾਲੀਆਂ ਫਿਲਮਾਂ ਦਾ ਵੀ ਡਟਵਾਂ ਵਿਰੋਧ ਕੀਤਾ ਜਾਵੇਗਾ।

ਮੋਗਾ, ਪਟਿਆਲਾ ਸਣੇ ਹੋਰ ਜ਼ਿਲ੍ਹਿਆਂ ਵਿਚ ਵੀ ਕਿਸਾਨਾਂ ਨੇ 'ਸੂਰਿਆਵੰਸ਼ੀ' ਦਾ ਵਿਰੋਧ ਕਰਦਿਆਂ ਨਾਅਰੇਬਾਜ਼ੀ ਕੀਤੀ। ਭਾਰਤੀ ਕਿਸਾਨ ਯੂਨੀਅਨ ਵੱਲੋਂ ਜਲਾਲਾਬਾਦ ਵਿਚ ਅਕਸ਼ੈ ਕੁਮਾਰ ਦੀ ਫਿਲਮ ਸੂਰਿਆਵੰਸ਼ੀ ਦਾ ਵਿਰੋਧ ਕੀਤਾ ਗਿਆ। ਕਿਸਾਨਾਂ ਨੇ ਇਥੇ ਸਿਨੇਮਾ ਵਿਚ ਲੱਗੀ ਅਕਸ਼ੈ ਕੁਮਾਰ ਦੀ ਫਿਲਮ ਦੇ ਪੋਸਟਰ ਪਾੜ ਦਿੱਤੇ ਅਤੇ ਅਦਾਕਾਰ ਖਿਲਾਫ ਮੁਰਦਾਬਾਦ ਦੇ ਨਾਅਰੇ ਲਾਏ। ਕਿਸਾਨਾਂ ਨੇ ਅਕਸ਼ੈ ਕੁਮਾਰ ਉਤੇ ਦੋਸ਼ ਲਾਇਆ ਕਿ ਜਦੋਂ ਦਿੱਲੀ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੀ ਦੁਨੀਆਂ ਭਰ ਵਿਚ ਸ਼ਲਾਘਾ ਹੋ ਰਹੀ ਸੀ ਤਾਂ ਉਦੋਂ ਅਦਾਕਾਰ ਨੇ ਕਿਸਾਨ ਅੰਦੋਲਨ ਦਾ ਵਿਰੋਧ ਕੀਤਾ ਸੀ। ਇਸ ਲਈ ਕਿਸਾਨਾਂ ਵੱਲੋਂ ਉਸ ਦੀ ਫਿਲਮ ਦਾ ਵਿਰੋਧ ਕੀਤਾ ਜਾ ਰਿਹਾ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਉਪਹਾਰ ਕਾਂਡ: ਅੰਸਲ ਭਰਾਵਾਂ ਨੂੰ 7 ਸਾਲ ਦੀ ਸਜ਼ਾ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਉਪਹਾਰ ਸਿਨੇਮਾ ਅਗਨੀ ਕਾਂਡ ਦੇ ਸਬੂਤ ਮਿਟਾਉਣ ਦੇ ਦੋਸ਼ ਵਿਚ ਰੀਅਲ ਅਸਟੇਟ ਕਾਰੋਬਾਰੀ ਅੰਸਲ ਭਰਾਵਾਂ ਸੁਸ਼ੀਲ ਤੇ ਗੋਪਾਲ ਅੰਸਲ ਨੂੰ 7 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ। ਦਿੱਲੀ ਦੀ ਇਕ ਅਦਾਲਤ ਨੇ ਇਸ ਮਾਮਲੇ 'ਚ ਦੋਵੇਂ ਭਰਾਵਾਂ ਉਤੇ ਸਵਾ ਦੋ ਕਰੋੜ-ਸਵਾ ਦੋ ਕਰੋੜ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਦੋਵਾਂ ਨੂੰ ਉਪਹਾਰ ਅਗਨੀ ਕਾਂਡ ਮਾਮਲੇ 'ਚ ਕਰੀਬ 1 ਮਹੀਨਾ ਪਹਿਲਾਂ ਸਬੂਤਾਂ ਨਾਲ ਛੇੜਛਾੜ ਦਾ ਦੋਸ਼ੀ ਠਹਿਰਾਇਆ ਗਿਆ ਸੀ। 13 ਜੂਨ 1997 ਨੂੰ ਦਿੱਲੀ ਦੇ ਉਪਹਾਰ ਸਿਨੇਮਾ ਹਾਲ 'ਚ 'ਬਾਰਡਰ' ਫਿਲਮ ਚੱਲ ਰਹੀ ਸੀ ਅਤੇ ਸ਼ਾਮ ਦੇ ਸ਼ੋਅ ਦੌਰਾਨ ਸਿਨੇਮਾ 'ਚ ਅੱਗ ਲੱਗ ਗਈ, ਜਿਸ 'ਚ 59 ਲੋਕਾਂ ਦੀ ਮੌਤ ਹੋ ਗਈ ਤੇ 100 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਅੰਸਲ ਭਰਾਵਾਂ ਨੂੰ ਉਪਹਾਰ ਕਾਂਡ ਦੇ ਮੁੱਖ ਮਾਮਲੇ 'ਚ 2 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ।

# ਬੇਅਦਬੀ: ਸਿੱਟ ਵੱਲੋਂ ਰਾਮ ਰਹੀਮ ਤੋਂ 8 ਘੰਟੇ ਪੁੱਛਗਿੱਛ

**ਰੋਹਤਕ:** ਬਰਗਾੜੀ ਬੇਅਦਬੀ ਮਾਮਲੇ ਵਿਚ ਪੰਜਾਬ ਪੁਲਿਸ ਦੀ ਐਸ.ਆਈ.ਟੀ. (ਸਿੱਟ) ਨੇ ਸੁਨਾਰੀਆ ਜੇਲ੍ਹ ਵਿਚ ਬੰਦ ਰਾਮ ਰਹੀਮ ਤੋਂ 8 ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਜੇਲ੍ਹ ਕੰਪਲੈਕਸ ਵਿਚ ਸੁਰੱਖਿਆ ਦੇ ਵਾਧੂ ਇੰਤਜ਼ਾਮ ਕੀਤੇ ਗਏ ਸਨ। ਐਸ.ਆਈ.ਟੀ. ਦੇ ਨਾਲ ਆਈਆਂ ਗੱਡੀਆਂ ਦੀ ਵੀ ਪੁਲਿਸ ਨੇ ਜਾਂਚ ਕੀਤੀ। ਐਸ.ਆਈ.ਟੀ. ਨੇ ਕਾਗਜ਼ੀ ਕਾਰਵਾਈ ਕੀਤੀ ਤੇ ਵਕੀਲਾਂ ਦੇ ਸਾਹਮਣੇ ਰਾਮ ਰਹੀਮ ਤੋਂ ਬੇਅਦਬੀ ਮਾਮਲੇ ਵਿਚ ਸਵਾਲ ਪੁੱਛੇ।

ਦੱਸਿਆ ਜਾ ਰਿਹਾ ਹੈ ਕਿ ਰਾਮ ਰਹੀਮ ਨੇ ਕੁਝ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਇਸ ਮੌਕੇ ਰਾਮ ਰਹੀਮ ਦੇ ਲਿਖਤੀ ਬਿਆਨ ਵੀ ਦਰਜ ਕੀਤੇ ਗਏ। ਪੰਜਾਬ ਪੁਲਿਸ ਦੇ ਆਈ.ਜੀ. ਸੁਰਿੰਦਰਪਾਲ ਦੀ ਅਗਵਾਈ ਵਿਚ ਐਸ.ਆਈ.ਟੀ. ਜੇਲ੍ਹ ਪਹੁੰਚੀ। ਟੀਮ ਸਵਾਲਾਂ ਦੀ ਸੂਚੀ ਲੈ ਕੇ ਆਈ ਸੀ।



ਪੁੱਛਗਿੱਛ ਦੌਰਾਨ ਰਾਮ ਰਹੀਮ ਦੇ ਵਕੀਲ ਮੌਜੂਦ ਸਨ। ਇਸ ਤੋਂ ਪਹਿਲਾਂ ਪੰਜਾਬ ਪੁਲਿਸ ਉਸ ਨੂੰ ਪ੍ਰੋਡਕਸ਼ਨ ਵਾਰੰਟ ਉਤੇ ਲਿਜਾਣਾ ਚਾਹੁੰਦੀ ਸੀ ਪਰ ਹਾਈ ਕੋਰਟ ਨੇ ਰੋਕ ਲਾ ਦਿੱਤੀ ਸੀ ਤੇ ਜੇਲ੍ਹ ਵਿਚ ਹੀ ਪੁੱਛਗਿੱਛ ਕਰਨ ਲਈ ਕਿਹਾ ਸੀ। 2015 ਵਿਚ ਦਰਜ ਹੋਏ ਇਸ ਕੇਸ ਵਿਚ ਪਹਿਲਾਂ ਚਾਰ ਏਜੰਸੀਆਂ ਜਾਂਚ ਕਰ ਚੁੱਕੀਆਂ ਹਨ।

## ਸ੍ਰੀਨਗਰ ਯੂਨੈਸਕੋ ਦੀ ਰਚਨਾਤਮਿਕ ਸ਼ਹਿਰਾਂ ਦੀ ਸੂਚੀ 'ਚ ਸ਼ਾਮਲ

**ਸ੍ਰੀਨਗਰ:** ਜੰਮੂ ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਤੇ ਪ੍ਰਮੁੱਖ ਸੈਲਾਨੀ ਸਥਾਨ ਸ੍ਰੀਨਗਰ ਦੁਨੀਆਂ ਭਰ ਦੇ ਉਨ੍ਹਾਂ 49 ਸ਼ਹਿਰਾਂ 'ਚੋਂ ਇਕ ਹੈ, ਜਿਸ ਨੂੰ 'ਯੂਨੈਸਕੋ ਕ੍ਰਿਏਟਿਵ ਸਿਟੀਜ਼ ਨੈਟਵਰਕ' (ਯੂ.ਸੀ.ਸੀ.ਐਨ.) ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ 'ਚ ਭਾਵੇਂ 246 ਸ਼ਹਿਰ ਪਹਿਲਾਂ ਤੋਂ ਸ਼ਾਮਲ ਹਨ, ਪਰ ਯੂਨੈਸਕੋ ਦੇ ਮਹਾਂ ਨਿਰਦੇਸ਼ਕ ਆਂਦਰੇ ਅਜ਼ਾਲ ਵੱਲੋਂ ਸ੍ਰੀਨਗਰ ਨੂੰ ਯੂਨੈਸਕੋ ਦੇ ਵਿਕਾਸ ਦੇ ਕੇਂਦਰ 'ਚ ਸਭਿਆਚਾਰਕ ਰਚਨਾਤਮਕਤਾ ਨੂੰ ਬਣਾਈ ਰੱਖਣ ਵਾਲੇ 49 ਸ਼ਹਿਰਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ। ਯੂਨੈਸਕੋ ਦੀ ਵੈਬਸਾਈਟ ਉਤੇ ਜਾਰੀ ਇਕ ਪੋਸਟ ਮੁਤਾਬਕ ਦੁਨੀਆਂ ਭਰ ਦੇ 90 ਦੇਸ਼ਾਂ ਦੇ 295 ਅਜਿਹੇ ਸ਼ਹਿਰ ਹਨ, ਜੋ ਆਪਣੇ ਸਭਿਆਚਾਰ, ਰਚਨਾਤਮਕਤਾ, ਲੋਕ ਕਲਾਵਾਂ, ਹੱਥ-ਕਲਾ, ਸਾਹਿਤ, ਸੰਗੀਤ ਆਦਿ ਲਈ ਜਾਣੇ ਜਾਂਦੇ ਹਨ।

# ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ ਕਿਸਾਨ ਯੂਨੀਅਨ: ਚੜੂਨੀ

**ਫਤਹਿਗੜ੍ਹ ਸਾਹਿਬ:** ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕੀਤਾ। ਉਨ੍ਹਾਂ ਹਲਕਾ ਫਤਹਿਗੜ੍ਹ ਸਾਹਿਬ ਤੋਂ ਸਰਬਜੀਤ ਸਿੰਘ ਮੱਖਣ ਨੂੰ ਉਮੀਦਵਾਰ ਐਲਾਨ ਕੇ ਇਸ ਦੀ ਸ਼ੁਰੂਆਤ ਕੀਤੀ। ਸ੍ਰੀ ਚੜੂਨੀ ਨੇ ਕਿਹਾ ਕਿ ਪੂੰਜੀਪਤੀ ਘਰਾਣਿਆਂ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਚੋਣਾਂ ਲੜਨੀਆਂ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਫਤਹਿਗੜ੍ਹ ਸਾਹਿਬ ਦੀ ਮਹਾਨ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਇਥੋਂ ਚੋਣਾਂ ਲੜਨ ਦੀ ਸ਼ੁਰੂਆਤ ਕੀਤੀ ਗਈ ਹੈ।

ਕਿਸਾਨ ਆਗੂ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਅਤੇ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਭ੍ਰਿਸ਼ਟਾਚਾਰ ਅਤੇ ਲੁੱਟ-ਖਸੁੱਟ ਖਤਮ ਕਰਕੇ ਸਾਫ-ਸੁਥਰਾ ਰਾਜ ਭਾਗ ਲਿਆਉਣ ਲਈ ਯੂਨੀਅਨ ਵੱਲੋਂ ਐਲਾਨੇ ਗਏ ਉਮੀਦਵਾਰ ਦੀ ਮਦਦ ਕੀਤੀ ਜਾਵੇ। ਉ

## ਰੰਧਾਵਾ ਦੇ ਜਵਾਈ ਦੀ ਵਧੀਕ ਏਜੀ ਵਜੋਂ ਨਿਯੁਕਤੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਸੂਬੇ ਦੇ ਉਪ ਮੁੱਖ ਮੰਤਰੀ ਦੇ ਜਵਾਈ ਦੀ ਵਧੀਕ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਕੀਤੀ ਗਈ ਨਿਯੁਕਤੀ 'ਤੇ ਇਤਰਾਜ਼ ਪ੍ਰਗਟਾਇਆ ਹੈ ਅਤੇ ਕਿਹਾ ਕਿ ਸਰਕਾਰ ਨੂੰ ਇਹ ਨਿਯੁਕਤੀ ਕਰਨ ਸਮੇਂ ਸੂਬੇ ਦੇ ਲੱਖਾਂ ਬੇਰੁਜ਼ਗਾਰਾਂ ਦੀ ਯਾਦ ਕਿਉਂ ਨਹੀਂ ਆਈ। ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਤਰੁਣਬੀਰ ਸਿੰਘ ਲਹਿਲ ਨੂੰ ਐਡੀਸ਼ਨਲ ਐਡਵੋਕੇਟ ਜਨਰਲ (ਏਏਜੀ) ਨਿਯੁਕਤ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਵਿਧਾਇਕ ਰਾਘਵ ਚੱਢਾ ਨੇ ਦੋਸ਼ ਲਾਇਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਘਰ-ਘਰ ਰੁਜ਼ਗਾਰ ਦੇਣ ਦੇ ਵਾਅਦੇ ਨੂੰ ਆਪਣੇ ਮੰਤਰੀਆਂ ਤੇ ਵਿਧਾਇਕਾਂ ਲਈ ਨਿਯਮਾਂ ਵਿਚ ਵਿਸ਼ੇਸ਼ ਤਬਦੀਲੀਆਂ ਕਰਕੇ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੀ ਤਾਜ਼ਾ ਮਿਸਾਲ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਦੀ ਵਧੀਕ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਕੀਤੀ ਗਈ ਨਿਯੁਕਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਕਸ਼ੇ ਕਦਮਾਂ 'ਤੇ ਚੱਲ ਰਹੇ ਹਨ।

## ਕਿਸਾਨ ਮੋਰਚਾ ਆਰ-ਪਾਰ ਦੀ ਲੜਾਈ 'ਤੇ ਉਤਾਰੂ

*(ਸਫਾ ਇਕ ਦੀ ਬਾਕੀ)*

ਮੋਰਚੇ ਅਨੁਸਾਰ 26 ਨਵੰਬਰ ਨੂੰ ਦਿੱਲੀ ਦੀਆਂ ਸਾਰੀਆਂ ਸਰਹੱਦਾਂ 'ਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ ਤੇ ਰਾਜਸਥਾਨ ਤੋਂ ਭਾਰੀ ਲਾਮਬੰਦੀ ਹੋਵੇਗੀ। ਉਥੇ ਵੱਡੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਕਿਸਾਨ ਅੰਦੋਲਨ ਦੇ 650 ਦੇ ਕਰੀਬ ਸ਼ਹੀਦ ਹੋਏ ਕਿਸਾਨਾਂ ਸ਼ਰਧਾਂਜਲੀ ਦਿੱਤੀ ਜਾਵੇਗੀ। 26 ਨਵੰਬਰ ਨੂੰ ਭਾਰਤ ਦੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿਚ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਖੇਤ ਮਜ਼ਦੂਰਾਂ, ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ ਦੁਆਰਾ ਵਿਸ਼ਾਲ ਸੰਯੁਕਤ ਰਾਜ ਵਿਆਪੀ ਐਕਸ਼ਨ ਦਾ ਸੱਦਾ ਦਿੱਤਾ ਹੈ, ਜੋ (ਉਕਤ ਰਾਜਾਂ ਨੂੰ ਛੱਡ ਕੇ) ਦਿੱਲੀ ਦੀਆਂ ਸਰਹੱਦਾਂ 'ਤੇ ਲਾਮਬੰਦ ਹੋਣਗੇ। 28 ਨਵੰਬਰ ਨੂੰ ਮੁੰਬਈ ਦੇ ਆਜ਼ਾਦ ਮੈਦਾਨ ਵਿਚ ਵਿਸ਼ਾਲ ਕਿਸਾਨ-ਮਜ਼ਦੂਰ ਮਹਾਂਪੰਚਾਇਤ ਸੰਯੁਕਤ ਸੇਤਕਾਰੀ ਕਾਮਗਾਰ ਮੋਰਚਾ ਦੇ ਬੈਨਰ ਹੋਵੇਗੀ। ਉਧਰ, ਭਾਰਤੀ ਕਿਸਾਨ ਯੂਨੀਅਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਪੂਰਵਾਂਚਲ ਵਿਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਵਿਚ ਪੂਰਬੀ ਉੱਤਰ ਪ੍ਰਦੇਸ਼ ਅਤੇ ਪੱਛਮੀ ਬਿਹਾਰ ਦੇ ਹਿੱਸੇ ਆਉਂਦੇ ਹਨ। 22 ਨਵੰਬਰ ਨੂੰ ਲਖਨਊ ਵਿਚ ਕਿਸਾਨ ਮਹਾਂਪੰਚਾਇਤ ਕੀਤੀ ਜਾਵੇਗੀ।

# ਜਗਤਾਰ ਸਿੰਘ ਤਾਰਾ ਨੂੰ 3 ਸਾਲ ਕੈਦ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਨਾਮਜ਼ਦ ਜਗਤਾਰ ਸਿੰਘ ਤਾਰਾ ਨੂੰ ਬੁੜੈਲ ਜੇਲ੍ਹ ਬਰੇਕ ਮਾਮਲੇ 'ਚ ਚੰਡੀਗੜ੍ਹ ਦੇ ਸੈਕਟਰ-43 ਸਥਿਤ ਜ਼ਿਲ੍ਹਾ ਅਦਾਲਤ ਨੇ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਨੂੰ 'ਅੰਡਰ-ਗੋਨ' ਕਰ ਦਿੱਤਾ ਹੈ। ਉਸ ਦੇ ਤਿੰਨ ਸਾਲ ਪਹਿਲਾਂ ਹੀ ਜੇਲ੍ਹ 'ਚ ਭੁਗਤ ਚੁੱਕੇ ਹਨ। ਇਹ ਫੈਸਲਾ ਚੀਫ ਜੁਡੀਸ਼ੀਅਲ ਮੈਜਿਸਟਰੇਟ ਡਾ. ਅਮਨ ਇੰਦਰ ਸਿੰਘ ਦੀ ਅਦਾਲਤ ਨੇ ਸੁਣਾਇਆ ਹੈ।

ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ 'ਚ ਕੇਸ ਦੀ ਸੁਣਵਾਈ ਦੌਰਾਨ ਜਗਤਾਰ ਸਿੰਘ ਤਾਰਾ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ 'ਚ ਪੇਸ਼ ਕੀਤਾ ਜਿੱਥੇ ਤਾਰਾ ਨੇ ਜੇਲ੍ਹ ਬਰੇਕ ਮਾਮਲੇ 'ਚ ਆਪਣਾ ਦੋਸ਼ ਕਬੂਲਦੇ ਹੋਏ ਲਿਖਤੀ ਤੌਰ 'ਤੇ ਦਿੱਤਾ। ਅਦਾਲਤ ਨੇ ਜਗਤਾਰ ਸਿੰਘ ਤਾਰਾ ਦੇ ਕਬੂਲਨਾਮੇ ਤੋਂ ਬਾਅਦ ਉਸ ਨੂੰ ਦੋਸ਼ੀ ਕਰਾਰ ਦਿੱਤਾ ਤੇ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ।

ਸਾਲ 2015 ਤੋਂ ਉਹ ਜੇਲ੍ਹ 'ਚ ਬੰਦ ਹੋਣ ਕਰਕੇ ਉਸ ਦੀ ਸਜ਼ਾ ਨੂੰ ਅੰਡਰਗੋਨ ਕਰਾਰ ਦਿੱਤਾ ਗਿਆ ਹੈ। ਜਗਤਾਰ ਸਿੰਘ ਤਾਰਾ ਅਜੇ ਜੇਲ੍ਹ 'ਚ ਬੰਦ ਰਹੇਗਾ। ਉਸ ਖਿਲਾਫ ਹਾਲੇ ਵੀ ਕਈ ਮਾਮਲੇ ਵਿਚਾਰ ਅਧੀਨ ਹਨ। ਦੱਸਣਯੋਗ ਹੈ ਕਿ 21 ਜਨਵਰੀ 2004 ਨੂੰ ਕੁਝ ਮੁਲਜ਼ਮ ਬੁੜੈਲ ਜੇਲ੍ਹ ਦੀ ਬੈਰਕ ਨੰਬਰ 7 'ਚ ਬਾਥਰੂਮ ਸੀਟ ਨੂੰ ਉਖਾੜ ਕੇ 94 ਫੁੱਟ ਲੰਬੀ ਸੁਰੰਗ ਖੋਦ ਕੇ ਫਰਾਰ ਹੋ ਗਏ ਸਨ।

## ਕੋਵਿਡ: ਅਮਰੀਕਾ ਨੇ ਸਫਰ ਪਾਬੰਦੀਆਂ ਹਟਾਈਆਂ

**ਵਾਸ਼ਿੰਗਟਨ:** ਅਮਰੀਕਾ ਨੇ ਕੋਵਿਡ- 19 ਕਾਰਨ ਲਗਭਗ ਡੇਢ ਸਾਲ ਤੋਂ ਵੱਡੀ ਗਿਣਤੀ ਮੁਲਕਾਂ 'ਤੇ ਹਵਾਈ ਸਫਰ ਸਬੰਧੀ ਲਾਈਆਂ ਪਾਬੰਦੀਆਂ ਹਟਾ ਦਿੱਤੀਆਂ ਹਨ। ਇਨ੍ਹਾਂ ਮੁਲਕਾਂ ਵਿਚ ਮੈਕਸੀਕੋ, ਕੈਨੇਡਾ ਤੇ ਜ਼ਿਆਦਾਤਰ ਯੂਰਪ ਦੇ ਦੇਸ਼ ਸ਼ਾਮਲ ਹਨ ਜਿਸ ਨਾਲ ਜਿਥੇ ਸੈਲਾਨੀ ਲੰਮੇ ਸਮੇਂ ਤੋਂ ਰੁਕੇ ਟ੍ਰਿਪ ਮੁੜ ਬਣਾ ਸਕਣਗੇ, ਉਥੇ ਕਾਫੀ ਸਮੇਂ ਤੋਂ ਇਕ-ਦੂਜੇ ਤੋਂ ਵਿੱਛੜੇ ਪਰਿਵਾਰਕ ਮੈਂਬਰ ਵੀ ਆਪਣੇ ਪਰਿਵਾਰਾਂ ਨਾਲ ਮੁੜ ਮਿਲ ਸਕਣਗੇ।

ਅਮਰੀਕਾ ਦੇ ਏਅਰਪੋਰਟਸ ਅਤੇ ਜ਼ਮੀਨਦੋਜ਼ ਬਾਰਡਰਾਂ 'ਤੇ ਦੂਜੇ ਮੁਲਕਾਂ ਦੇ ਕਰੋੜਾਂ ਵੈਕਸੀਨ ਲਵਾ ਚੁੱਕੇ ਮੁਸਾਫਰਾਂ ਨੂੰ ਆਉਣ ਦੀ ਆਗਿਆ ਦੇ ਦਿੱਤੀ ਗਈ ਹੈ। ਨਵੇਂ ਨਿਯਮਾਂ ਮੁਤਾਬਕ ਪਹਿਲਾਂ ਪਾਬੰਦੀਸ਼ੁਦਾ ਮੁਲਕਾਂ ਦੇ ਲੋਕਾਂ ਨੂੰ ਹੁਣ ਹਵਾਈ ਸਫਰ ਦੀ ਆਗਿਆ ਦੇ ਦਿੱਤੀ ਗਈ ਹੈ ਜਦਕਿ ਮੁਸਾਫਰਾਂ ਲਈ ਟੀਕਾਕਰਨ ਦਾ ਸਬੂਤ ਤੇ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਕੋਲ ਰੱਖਣਾ ਲਾਜ਼ਮੀ ਹੈ। ਮੈਕਸਿਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਮੁਸਾਫਰਾਂ ਨੂੰ ਟੀਕਾਕਰਨ ਸਬੰਧੀ ਸਬੂਤ ਕੋਲ ਰੱਖਣ ਦੀ ਲੋੜ ਪਵੇਗੀ ਜਦਕਿ ਕਰੋਨਾ ਟੈਸਟ ਦੀ ਲੋੜ ਨਹੀਂ ਹੈ।

## ਸੀ.ਆਰ.ਪੀ.ਐਫ. ਜਵਾਨ ਨੇ ਸਾਥੀਆਂ ਨੂੰ ਮਾਰੀ ਗੋਲੀ

**ਸੁਕਮਾ:** ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿਚ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ.ਆਰ.ਪੀ.ਐਫ.) ਦੇ ਕੈਂਪ ਵਿਚ ਇਕ ਜਵਾਨ ਨੇ ਆਪਣੇ ਸਾਥੀਆਂ 'ਤੇ ਗੋਲੀ ਚਲਾ ਦਿੱਤੀ। ਇਸ ਘਟਨਾ 'ਚ ਚਾਰ ਜਵਾਨਾਂ ਦੀ ਮੌਤ ਹੋ ਗਈ ਹੈ ਜਦਕਿ ਤਿੰਨ ਹੋਰ ਜ਼ਖ਼ਮੀ ਹੋ ਗਏ ਹਨ। ਸੂਬੇ ਦੇ ਬਸਤਰ ਖੇਤਰ ਦੇ ਆਈ.ਜੀ. ਪੁਲਿਸ ਸੁੰਦਰਰਾਜ ਪੀ. ਨੇ ਦੱਸਿਆ ਕਿ ਜਵਾਨ ਰਿਤੇਸ਼ ਰੰਜਨ ਨੇ ਸੁਕਮਾ ਜ਼ਿਲ੍ਹੇ ਦੇ ਮਰਾਇਗੁੜਾ ਥਾਣਾ ਖੇਤਰ ਦੇ ਅਧੀਨ ਲਿੰਗਨਾਪੱਲੀ ਪਿੰਡ ਵਿਚ ਸਥਿਤ ਸੀ.ਆਰ.ਪੀ.ਐਫ. ਦੀ 50ਵੀਂ ਬਟਾਲੀਅਨ ਦੇ ਕੈਂਪ ਵਿਚ ਆਪਣੇ ਸਾਥੀਆਂ 'ਤੇ ਗੋਲੀਬਾਰੀ ਕੀਤੀ, ਜਿਸ ਕਾਰਨ ਚਾਰ ਜਵਾਨਾਂ ਧਨਜੀ, ਰਾਜੀਬ ਮੰਡਲ, ਰਾਜਮਣੀ ਕੁਮਾਰ ਯਾਦਵ ਅਤੇ ਧਰਮਿੰਦਰ ਕੁਮਾਰ ਦੀ ਮੌਤ ਹੋ ਗਈ ਹੈ ਅਤੇ ਤਿੰਨ ਹੋਰ ਜਵਾਨ ਜ਼ਖਮੀ ਹੋ ਗਏ ਹਨ।

## ਪੰਜਾਬ ਵਿਚ ਡੇਂਗੂ ਦਾ ਕਹਿਰ ਜਾਰੀ

**ਜਲੰਧਰ:** ਡੇਂਗੂ ਨੇ ਪੂਰੇ ਪੰਜਾਬ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ ਤੇ ਸੂਬੇ ਅੰਦਰ ਡੇਂਗੂ ਪੀੜਤ ਮਰੀਜ਼ਾਂ ਦੀ ਗਿਣਤੀ ਵਧ ਕੇ 20 ਹਜ਼ਾਰ ਦੇ ਕਰੀਬ ਜਾ ਪੁੱਜੀ ਹੈ। ਸਰਦੀ ਵਧਣ ਦੇ ਬਾਵਜੂਦ ਡੇਂਗੂ ਦਾ ਪ੍ਰਕੋਪ ਘੱਟ ਨਹੀਂ ਹੋ ਰਿਹਾ। ਰਾਜ ਦੇ ਸਾਰੇ ਸਿਵਲ ਹਸਪਤਾਲ ਡੇਂਗੂ ਦੇ ਮਰੀਜ਼ਾਂ ਨਾਲ ਭਰੇ ਪਏ ਹਨ ਤੇ ਲੋਕਾਂ ਨੂੰ ਪੂਰੀਆਂ ਸਿਹਤ ਸਹੂਲਤਾਂ ਨਹੀਂ ਮਿਲ ਰਹੀਆਂ। ਡੇਂਗੂ ਦੀ ਜਾਂਚ ਕਰਵਾਉਣ ਲਈ ਵੀ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਸਮੇਂ ਸਿਰ ਡੇਂਗੂ ਦੀ ਜਾਂਚ ਨਾ ਹੋਣ ਕਾਰਨ ਵੀ ਇਹ ਬਿਮਾਰੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# 10ਵੀਂ ਤੱਕ ਸਾਰੇ ਸਕੂਲਾਂ 'ਚ ਲਾਜ਼ਮੀ ਕੀਤੀ ਪੰਜਾਬੀ



**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਕੋਤਾਹੀਕਾਰਾਂ ਵਾਸਤੇ ਸਜਾਵਾਂ ਅਤੇ ਜੁਰਮਾਨਾ ਰਾਸ਼ੀ 'ਚ ਵਾਧਾ ਕਰ ਦਿੱਤਾ ਹੈ। ਪੰਜਾਬ ਦੇ ਸਕੂਲਾਂ ਵਿਚ ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਸਖਤੀ ਨਾਲ ਲਾਗੂ ਕਰਨ ਲਈ 'ਪੰਜਾਬੀ ਤੇ ਹੋਰ ਭਾਸ਼ਾਵਾਂ ਸਿੱਖਿਆ ਬਾਰੇ ਪੰਜਾਬ ਐਕਟ-2008' ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਹੁਣ ਕੋਈ ਵੀ ਸਕੂਲ ਜਿਹੜਾ ਐਕਟ ਦੇ ਉਪਬੰਧਾਂ ਦੀ ਇਕ ਮਹੀਨੇ ਤੋਂ ਵੱਧ ਸਮੇਂ ਲਈ ਪਹਿਲੀ ਵਾਰ ਉਲੰਘਣਾ ਕਰੇਗਾ, ਉਸ ਨੂੰ 50,000 ਰੁਪਏ ਜੁਰਮਾਨਾ ਹੋਵੇਗਾ। ਜੇਕਰ ਅਜਿਹਾ ਸਕੂਲ ਇਕ ਮਹੀਨੇ ਤੋਂ ਵੱਧ ਸਮੇਂ ਲਈ ਦੂਜੀ ਵਾਰ ਉਲੰਘਣਾ ਕਰੇਗਾ ਤਾਂ ਇਹ ਜੁਰਮਾਨਾ ਇਕ ਲੱਖ ਰੁਪਏ ਹੋਵੇਗਾ। ਇਕ ਮਹੀਨੇ ਤੋਂ ਵੱਧ ਸਮੇਂ ਲਈ ਤੀਜੀ ਵਾਰ ਉਲੰਘਣਾ ਕਰਨ 'ਤੇ ਦੋ ਲੱਖ ਰੁਪਏ ਜੁਰਮਾਨਾ ਹੋਵੇਗਾ। ਇਹ ਜਰਮਾਨੇ ਦੁੱਗਣੇ ਕੀਤੇ ਗਏ ਹਨ। ਇਸੇ ਤਰ੍ਹਾਂ ਮੰਤਰੀ ਮੰਡਲ ਵੱਲੋਂ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਦੀ ਧਾਰਾ 8 (ਡੀ) ਅਧੀਨ ਧਾਰਾ 8 (3) ਨੂੰ ਸ਼ਾਮਲ ਕਰਕੇ ਐਕਟ ਵਿਚ ਸੋਧ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ ਜਿਸ ਤਹਿਤ ਦਫਤਰੀ ਕੰਮਕਾਜ ਪੰਜਾਬੀ ਭਾਸ਼ਾ ਵਿਚ ਨਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਜਾ ਤੋਂ ਇਲਾਵਾ ਜਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

ਪੰਜਾਬ ਰਾਜ ਭਾਸ਼ਾ ਐਕਟ, 1967 ਅਤੇ ਤਰਮੀਮ ਐਕਟ-2008 ਦੀਆਂ ਧਾਰਾਵਾਂ ਅਤੇ ਇਸ ਤਹਿਤ ਕੀਤੀਆਂ ਵੱਖ-ਵੱਖ ਅਧਿਸੂਚਨਾਵਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਜਰਮਾਨੇ ਦਾ ਉਪਬੰਧ ਕੀਤਾ ਗਿਆ ਹੈ। ਪਹਿਲੀ ਵਾਰ ਉਲੰਘਣਾ ਕਰਨ ਵਾਲੇ ਕਰਮਚਾਰੀ ਨੂੰ ਸਮਰੱਥ ਅਥਾਰਟੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਾਰਸ਼ਾਂ ਅਨੁਸਾਰ ਪੰਜ ਸੌ ਰੁਪਏ ਜੁਰਮਾਨਾ ਕੀਤਾ ਜਾ ਸਕਦਾ ਹੈ। ਦੂਜੀ ਵਾਰ ਉਲੰਘਣਾ ਕਰਨ ਉਤੇ ਅਜਿਹਾ ਜੁਰਮਾਨਾ ਦੋ ਹਜ਼ਾਰ ਰੁਪਏ ਅਤੇ ਤੀਜੀ ਵਾਰ ਕਰਨ ਉਤੇ ਅਜਿਹਾ ਜੁਰਮਾਨਾ ਪੰਜ ਹਜ਼ਾਰ ਰੁਪਏ ਤੱਕ ਕੀਤਾ ਜਾ ਸਕਦਾ ਹੈ। ਜੁਰਮਾਨਾ ਅਧਿਕਾਰੀ/ਕਰਮਚਾਰੀ ਦੀ ਤਨਖਾਹ ਵਿਚੋਂ ਸਬੰਧਤ ਵੰਡ 'ਤੇ ਖਰਚਣ ਅਧਿਕਾਰੀ ਵੱਲੋਂ ਵਸੂਲ ਕੀਤਾ ਜਾਵੇਗਾ।

## ਸਰਕਾਰ ਸੂਬੇ ਦੀ ਤਸਵੀਰ ਬਦਲਣ ਲਈ ਯਤਨਸ਼ੀਲ: ਚੰਨੀ

**ਫਗਵਾੜਾ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਪੰਜਾਬ 'ਚ ਕਿਰਤੀਆਂ, ਮਜ਼ਦੂਰਾਂ, ਕਿਸਾਨਾਂ ਤੇ ਦੁਕਾਨਦਾਰਾਂ ਦੀ ਸਰਕਾਰ ਹੈ ਅਤੇ ਇਹ ਸਰਕਾਰ ਹੁਣ ਪੰਜਾਬ ਦੀ ਪੁਰਾਣੀ ਤਸਵੀਰ ਬਦਲ ਕੇ ਇਸ ਦਾ ਨਵਾਂ ਨਕਸ਼ ਉਭਾਰੇਗੀ। ਇਥੇ ਸ੍ਰੀ ਵਿਸ਼ਵਕਰਮਾ ਮੰਦਿਰ ਵਿਚ ਬਾਬਾ ਵਿਸ਼ਵਕਰਮਾ ਦੇ 111ਵੇਂ 'ਵਿਸ਼ਵਕਰਮਾ ਮਹਾਉਤਸਵ' ਸਮਾਗਮ ਮੌਕੇ ਉਨ੍ਹਾਂ ਕਿਹਾ, 'ਮੈਂ ਅੱਜ ਇਸ ਅਸਥਾਨ 'ਤੇ ਪੁੱਜ ਕੇ ਬੇਨਤੀ ਕੀਤੀ ਹੈ ਕਿ ਮੇਰਾ ਪੰਜਾਬ ਇਕ ਸੋਨੇ ਦੀ ਚਿੜੀ ਬਣ ਜਾਵੇ, ਜਿਸ ਨੂੰ ਲੋਕ ਦੂਰ-ਦੁਰੇਡੇ ਤੋਂ ਦੇਖਣ ਆਉਣ।' ਉਨ੍ਹਾਂ ਕਿਹਾ ਕਿ ਭਗਵਾਨ ਵਿਸ਼ਵਕਰਮਾ ਨੂੰ ਉਦਯੋਗਿਕ ਗਤੀਵਿਧੀਆਂ 'ਚ ਲੋਕਾਂ ਦੁਆਰਾ ਵਰਤੀ ਜਾਂਦੀ ਮਸ਼ੀਨਰੀ ਤੇ ਉਪਕਰਨਾਂ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਉਨ੍ਹਾਂ ਸਾਰੇ ਕਾਰੀਗਰਾਂ, ਮਜ਼ਦੂਰਾਂ ਤੇ ਮਜ਼ਦੂਰ ਵਰਗ ਨੂੰ ਦੇਸ਼ ਦੇ ਵਿਕਾਸ ਲਈ ਸਖਤ ਮਿਹਨਤ ਕਰਨ ਦੇ ਨਾਲ-ਨਾਲ ਕਿਰਤ ਦੇ ਮਾਣ ਦੀ ਭਾਵਨਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਹੈ।

# ਲਵਪ੍ਰੀਤ ਕੌਰ ਚਾਹਲ ਬਣੀ 'ਮਿਸਿਜ਼ ਪੰਜਾਬਣ ਯੂਐਸਏ 2021'

**ਲਾਸ ਏਂਜਲਸ:** ਇੱਥੇ ਬੀਤੀ 16 ਅਕਤੂਬਰ ਨੂੰ 'ਮਿਸ ਐਂਡ ਮਿਸਿਜ਼ ਪੰਜਾਬਣ ਯੂਐਸਏ 2021' ਸੁੰਦਰਤਾ ਮੁਕਾਬਲਾ ਕਰਵਾਇਆ ਗਿਆ। ਪ੍ਰਸਿੱਧ ਪੰਜਾਬੀ ਅਦਾਕਾਰਾ ਕਿਮੀ ਵਰਮਾ ਦੀ ਅਗਵਾਈ ਹੇਠ ਹੋਏ ਇਸ ਮੁਕਾਬਲੇ ਵਿਚ ਲਾਸ ਏਂਜਲਸ ਦੀ ਲਵਪ੍ਰੀਤ ਕੌਰ ਚਾਹਲ ਨੇ 'ਮਿਸਿਜ਼ ਪੰਜਾਬਣ ਯੂਐਸਏ 2021' ਦਾ ਖਿਤਾਬ ਜਿੱਤ ਕੇ ਸਾਬਤ ਕਰ ਦਿੱਤਾ ਕਿ ਕੁੜੀਆਂ ਕਿਸੇ ਵੀ ਖੇਤਰ ਵਿਚ ਪਿੱਛੇ ਨਹੀਂ ਹਨ।

ਇਸ ਮੁਕਾਬਲੇ ਵਿਚ ਵੱਡੀ ਗਿਣਤੀ ਮੁਟਿਆਰਾਂ ਨੇ ਭਾਗ ਲਿਆ। ਮੁਕਾਬਲੇ ਵਿਚ ਮੁਟਿਆਰਾਂ ਦੀ ਸੁੰਦਰਤਾ ਦੇ ਨਾਲ-ਨਾਲ ਹੁਨਰ ਨੂੰ ਵੀ ਪਰਖਿਆ ਗਿਆ। ਇਸ ਦੌਰਾਨ ਲਵਪ੍ਰੀਤ ਕੌਰ ਚਾਹਲ, ਜੋ ਕਿ ਕਿੱਤੇ ਵਜੋਂ ਨਰਸ ਹੈ ਤੇ ਨਾਲ-ਨਾਲ ਡਾਕਟਰੇਟ ਦੀ ਪੜ੍ਹਾਈ ਵੀ ਕਰ ਰਹੀ ਹੈ, ਨੇ ਮੁਕਾਬਲੇ ਵਿਚ ਆਪਣੀ ਸੁੰਦਰਤਾ ਤੇ ਹੁਨਰ ਨਾਲ ਸਭਨਾਂ ਦਾ ਦਿਲ ਜਿੱਤ ਕੇ ਪਹਿਲਾ ਖਿਤਾਬ ਹਾਸਲ ਕੀਤਾ। ਲਵਪ੍ਰੀਤ, ਨਰਸ ਹੋਣ ਦੇ ਨਾਲ ਨਾਲ 7-ਇਲੈਵਨ ਏਟ ਟਰੱਕਿੰਗ ਕੰਪਨੀ ਦੀ ਮਾਲਕ ਵੀ ਹੈ। ਉਸ ਨੇ ਆਪਣੀ ਇਸ ਪ੍ਰਾਪਤੀ ਬਾਰੇ ਕਿਹਾ ਕਿ ਉਸ ਨੂੰ ਮਾਣ ਹੈ ਕਿ ਉਹ ਪੰਜਾਬਣ ਹੈ ਤੇ ਇਸ ਪਲੇਟਫਾਰਮ ਰਾਹੀਂ ਉਹ ਹੋਰਨਾਂ ਕੁੜੀਆਂ ਨੂੰ ਵੀ ਹਰ ਖੇਤਰ ਵਿਚ ਅੱਗੇ




ਵਧਣ ਲਈ ਪ੍ਰੇਰਿਤ ਕਰਨਾ ਚਾਹੁੰਦੀ ਹੈ। ਉਸ ਨੇ ਕੁੜੀਆਂ ਨੂੰ ਆਪਣੇ ਹੁਨਰ ਨਾਲ ਦੁਨੀਆ 'ਤੇ ਨਾਮ ਖੱਟਣ ਦਾ ਸੱਦਾ ਦਿੱਤਾ।

## ਮੁਲਾਜ਼ਮ ਚੰਨੀ ਸਰਕਾਰ ਦਾ ਦੀਵਾਲੀ ਤੋਹਫਾ ਉਡੀਕਦੇ ਰਹੇ ਗਏ

**ਚੰਡੀਗੜ੍ਹ:** ਦੀਵਾਲੀ ਮੌਕੇ ਪੰਜਾਬ ਦੇ ਮੁਲਾਜ਼ਮ ਸੂਬਾ ਸਰਕਾਰ ਕੋਲੋਂ ਆਪਣੀਆਂ ਮੰਗਾਂ ਮੰਨਣ ਦੇ ਰੂਪ ਵਿਚ ਕਿਸੇ ਨਾ ਕਿਸੇ ਵੱਡੇ ਤੋਹਫੇ ਦੀ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਨੂੰ ਤੋਹਫਾ ਤਾਂ ਨਹੀਂ ਮਿਲਿਆ ਪਰ ਦੀਵਾਲੀ ਤੋਂ ਇਕ ਦਿਨ ਪਹਿਲਾਂ ਸਰਕਾਰ ਕੋਲੋਂ 'ਧੋਖੇ ਦੀ ਸੌਗਾਤ' ਜ਼ਰੂਰ ਮਿਲ ਗਈ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਪਹਿਲੀ ਨਵੰਬਰ ਨੂੰ ਮਹਿੰਗਾਈ ਭੱਤੇ ਵਿਚ 11 ਫੀਸਦੀ ਵਾਧਾ ਕਰਨ ਦਾ ਐਲਾਨ ਕੀਤਾ ਸੀ ਜੋ ਪਹਿਲੀ ਜੁਲਾਈ 2021 ਤੋਂ ਲਾਗੂ ਹੋਣ ਦੀ ਗੱਲ ਕਹੀ ਗਈ ਸੀ। ਪਰ ਵਿੱਤ ਵਿਭਾਗ ਵੱਲੋਂ 2 ਨਵੰਬਰ ਨੂੰ ਜਾਰੀ ਨੋਟੀਫਿਕੇਸ਼ਨ ਵਿਚ ਇਹ ਵਾਧਾ 1 ਨਵੰਬਰ 2021 ਤੋਂ ਦੇਣਾ ਦਰਸਾਇਆ ਗਿਆ। ਸੀਨੀਅਰ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਅਤੇ ਉਸ ਦਾ ਵਿਭਾਗ ਮੁੱਖ ਮੰਤਰੀ ਪੰਜਾਬ ਨੂੰ ਟਿੱਚ ਕਰ ਕੇ ਜਾਣਦਾ ਹੈ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਇਸ ਤਿੰਨ ਮਹੀਨੇ ਦੇ ਵਖਰੇਵੇਂ ਬਾਰੇ ਸਪੱਸ਼ਟ ਕਰਨ।

## ਵਾਂਗ ਯਪਿੰਗ ਪੁਲਾੜ 'ਚ ਤੁਰਨ ਵਾਲੀ ਪਹਿਲੀ ਚੀਨੀ ਔਰਤ ਬਣੀ

**ਪੇਈਚਿੰਗ:** ਪੁਲਾੜ ਯਾਤਰੀ ਵਾਂਗ ਯਪਿੰਗ ਨੇ ਪੁਲਾੜ ਵਿਚ ਤੁਰਨ ਵਾਲੀ ਪਹਿਲੀ ਚੀਨੀ ਔਰਤ ਬਣਨ ਦਾ ਮਾਣ ਹਾਸਲ ਕਰ ਕੇ ਇਤਿਹਾਸ ਸਿਰਜ ਦਿੱਤਾ ਹੈ। ਸਰਕਾਰੀ ਖਬਰ ਏਜੰਸੀ ਸਿਨਹੂਆ ਦੀ ਮੁਤਾਬਕ ਵਾਂਗ ਆਪਣੇ ਪੁਰਸ਼ ਸਾਥੀ ਜਾਈ ਜਿਗਾਂਗ ਨਾਲ ਨਿਰਮਾਣ ਅਧੀਨ ਪੁਲਾੜ ਸਟੇਸ਼ਨ ਦੇ ਕੋਰ ਮਡਿਊਲ 'ਤਿਯਾਨ' ਵਿਚੋਂ ਬਾਹਰ ਨਿਕਲੀ ਅਤੇ ਤੜਕੇ ਛੇ ਘੰਟੇ ਤੋਂ ਵੱਧ ਸਮੇਂ ਤੱਕ ਉਨ੍ਹਾਂ ਨੇ ਕੁਝ ਸਰਗਰਮੀਆਂ ਵਿਚ ਹਿੱਸਾ ਲਿਆ।

ਦੋਵਾਂ ਜਣਿਆਂ ਨੇ ਪੁਲਾੜ ਵਿਚ ਚਹਿਲਕਦਮੀ ਕੀਤੀ ਅਤੇ ਫਿਰ ਸਟੇਸ਼ਨ 'ਚ ਵਾਪਸ ਆ ਗਏ। ਚਾਈਨਾ ਮੈਂਡ ਸਪੇਸ ਏਜੰਸੀ ਨੇ ਇਕ ਬਿਆਨ ਵਿਚ ਕਿਹਾ ਕਿ ਚੀਨ ਦੇ ਪੁਲਾੜ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਜਦੋਂ ਇਕ ਔਰਤ ਪੁਲਾੜ ਯਾਤਰੀ ਨੇ ਪੁਲਾੜ 'ਚ ਚਹਿਲਕਦਮੀ ਕੀਤੀ ਹੈ। ਜ਼ਿਕਰਯੋਗ ਹੈ ਚੀਨ ਤਿੰਨ ਪੁਲਾੜ ਯਾਤਰੀਆਂ ਨੂੰ ਛੇ ਮਹੀਨੇ ਲਈ ਸ਼ੇਨਜੋ-13 ਪੁਲਾੜ ਵਾਹਨ ਰਾਹੀਂ ਪੁਲਾੜ 'ਚ ਭੇਜਿਆ ਸੀ। ਉਨ੍ਹਾਂ ਨੂੰ ਆਰਬਿਟਿੰਗ ਸਟਰੱਕਚਰ (ਪੁਲਾੜ ਸਟੇਸ਼ਨ) ਦਾ ਕੰਮ ਪੂਰਾ ਕਰਨ ਲਈ ਭੇਜਿਆ ਗਿਆ। ਇਹ ਨਿਰਮਾਣ ਕੰਮ ਅਗਲੇ ਸਾਲ ਤੱਕ ਪੂਰਾ ਹੋ ਜਾਵੇਗਾ।

*To Advertise with Punjab Times Call: 847-359-0746*

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
We Are Open 7 Days a Week
10% off on all Gurudwara supplies and Religious programs!!
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਮਹਿੰਗਾਈ: ਜ਼ਿਮਨੀ ਚੋਣਾਂ ਦੇ ਝਟਕੇ ਪਿੱਛੋਂ ਮੋਦੀ ਸਰਕਾਰ ਦੀ ਜਾਗ ਖੁੱਲ੍ਹੀ

## ਕੇਂਦਰ ਤੇ ਸੂਬਾ ਸਰਕਾਰਾਂ ਵਿਚਕਾਰ ਸਸਤਾ ਪੈਟਰੋਲ-ਡੀਜ਼ਲ ਦੇਣ ਦੀ ਦੌੜ ਲੱਗੀ

**ਚੰਡੀਗੜ੍ਹ:** ਹਾਲ ਹੀ ਵਿਚ ਵੱਖ-ਵੱਖ ਸੂਬਿਆਂ ਦੇ 29 ਵਿਧਾਨ ਸਭਾ ਹਲਕਿਆਂ ਅਤੇ ਤਿੰਨ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਕੇਂਦਰ ਸਰਕਾਰ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਕ੍ਰਮਵਾਰ 5 ਅਤੇ 10 ਰੁਪਏ ਪ੍ਰਤੀ ਲਿਟਰ ਕਟੌਤੀ ਦਾ ਐਲਾਨ ਕਰ ਦਿੱਤਾ। ਭਾਜਪਾ ਸ਼ਾਸਿਤ ਰਾਜ ਸਰਕਾਰਾਂ ਦੇ ਵੈਟ ਘਟਾਉਣ ਦੇ ਫੈਸਲੇ ਕਰਕੇ ਹੋਰ ਸਰਕਾਰਾਂ ਉਤੇ ਵੈਟ ਕਟੌਤੀ ਲਈ ਦਬਾਅ ਬਣਾਇਆ।

ਇਸੇ ਦਿਸ਼ਾ ਵਿਚ ਪੰਜਾਬ ਸਰਕਾਰ ਨੇ ਪੈਟਰੋਲ 10 ਰੁਪਏ ਅਤੇ ਡੀਜ਼ਲ 5 ਰੁਪਏ ਸਸਤਾ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਚੰਡੀਗੜ੍ਹ ਨੂੰ ਛੱਡ ਕੇ ਗੁਆਂਢੀ ਰਾਜਾਂ ਨਾਲੋਂ ਤੇਲ ਸਸਤਾ ਹੋਣ ਦਾ ਦਾਅਵਾ ਕੀਤਾ ਹੈ।

ਪੰਜਾਬ 'ਚ ਹੁਣ ਪੈਟਰੋਲ 95 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ 83.75 ਰੁਪਏ ਪ੍ਰਤੀ ਲਿਟਰ ਹੋ ਗਿਆ ਹੈ। ਇਸ ਕਟੌਤੀ ਨਾਲ ਸਰਕਾਰੀ ਖਜਾਨੇ ਨੂੰ ਸਾਲਾਨਾ ਕਰੀਬ 3,295 ਕਰੋੜ ਦਾ ਵਿੱਤੀ ਨੁਕਸਾਨ ਹੋਵੇਗਾ। ਪਹਿਲਾਂ ਕੇਂਦਰ ਸਰਕਾਰ ਨੇ 4 ਨਵੰਬਰ ਨੂੰ ਪੈਟਰੋਲ ਦੀ ਕੀਮਤ 5 ਰੁਪਏ ਅਤੇ ਡੀਜ਼ਲ ਦੀ ਕੀਮਤ ਵਿਚ 10 ਰੁਪਏ ਪ੍ਰਤੀ ਲਿਟਰ ਦੀ ਕਟੌਤੀ ਕੀਤੀ ਸੀ। ਦੇਸ ਭਰ 'ਚ ਪਹਿਲਾਂ 23 ਰਾਜ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ ਤੇਲ ਕੀਮਤਾਂ 'ਚ ਕਟੌਤੀ ਕਰ ਚੁੱਕੇ ਹਨ। ਗੁਆਂਢੀ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ ਤੇ



ਚੰਡੀਗੜ੍ਹ (ਯੂ.ਟੀ) ਵੱਲੋਂ ਤੇਲ ਕੀਮਤਾਂ 'ਚ ਕਟੌਤੀ ਕਰਨ ਮਗਰੋਂ ਅਗਾਮੀ ਚੋਣਾਂ ਦੇ ਮੱਦੇਨਜਰ ਪੰਜਾਬ ਸਰਕਾਰ ਨੂੰ ਵੀ ਤੇਲ ਦੇ ਭਾਅ 'ਤੇ ਵੈਟ 'ਚ ਕਟੌਤੀ ਕਰਨੀ ਪਈ ਹੈ। ਪੰਜਾਬ ਹੁਣ 12ਵਾਂ ਰਾਜ ਬਣ ਗਿਆ ਹੈ ਜਿੱਥੇ ਪੈਟਰੋਲ ਦੀ ਕੀਮਤ 100 ਰੁਪਏ ਤੋਂ ਘੱਟ ਹੋ ਗਈ ਹੈ।

ਪੰਜਾਬ ਕੈਬਨਿਟ ਦੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਤੇਲ ਕੀਮਤਾਂ ਵਿਚ ਕਟੌਤੀ ਦਾ ਫੈਸਲਾ ਲਿਆ ਗਿਆ ਹੈ। ਮੁੱਖ ਮੰਤਰੀ ਚੰਨੀ ਨੇ ਦਾਅਵਾ ਕੀਤਾ ਕਿ ਕੇਂਦਰੀ ਸ਼ਾਸਿਤ ਪ੍ਰਦੇਸ ਚੰਡੀਗੜ੍ਹ ਨੂੰ ਛੱਡ ਕੇ ਖਿੱਤੇ ਵਿਚ ਸਭ ਤੋਂ ਘੱਟ ਤੇਲ ਕੀਮਤਾਂ ਹੁਣ ਪੰਜਾਬ ਵਿਚ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਪੈਟਰੋਲ 'ਤੇ ਵੈਟ ਦੀ ਦਰ 27.27 ਫੀਸਦੀ ਤੋਂ ਘਟਾ ਕੇ 15.15 ਫੀਸਦੀ ਕਰ ਦਿੱਤੀ ਹੈ ਜਦੋਂ ਕਿ ਡੀਜ਼ਲ 'ਤੇ ਵੈਟ ਦਰ 17.57 ਫੀਸਦੀ ਤੋਂ ਘਟਾ ਕੇ 10.91 ਫੀਸਦੀ ਕਰ ਦਿੱਤੀ ਹੈ।

ਮੁੱਖ ਮੰਤਰੀ ਮੁਤਾਬਕ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਘਟਾਉਣ ਨਾਲ ਕ੍ਰਮਵਾਰ 1,352 ਕਰੋੜ ਅਤੇ 1943 ਕਰੋੜ ਦਾ ਮਾਲੀ ਨੁਕਸਾਨ ਹੋਵੇਗਾ। ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਐਕਸਾਈਜ ਡਿਊਟੀ 'ਚ ਕਟੌਤੀ ਕਰਕੇ ਤੇਲ ਦੀ ਕੀਮਤ ਘਟਾਈ ਹੈ, ਉਸ ਵਿਚ 42 ਫੀਸਦੀ ਸੂਬਿਆਂ ਦੀ ਹਿੱਸੇਦਾਰੀ ਬਣਦੀ ਹੈ ਅਤੇ ਇਸ ਨਾਲ ਪੰਜਾਬ ਨੂੰ 8,56 ਕਰੋੜ ਦਾ ਮਾਲੀ ਨੁਕਸਾਨ ਹੋਇਆ ਹੈ।

ਮੁੱਖ ਮੰਤਰੀ ਚੰਨੀ ਨੇ ਵਿਰੋਧੀ ਧਿਰਾਂ ਨੂੰ ਵੀ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਡੇਢ ਸਾਲ ਦੇ ਅਰਸੇ ਦੌਰਾਨ ਤੇਲ ਕੀਮਤਾਂ ਵਿਚ ਬੇਤਹਾਸ਼ਾ ਵਾਧਾ ਕਰਕੇ ਲੋਕਾਂ ਨੂੰ ਲੁੱਟਿਆ ਹੈ ਅਤੇ ਹੁਣ ਫੋਕੀ ਵਾਹ-ਵਾਹ ਖੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਸ ਕਰਕੇ ਉਨ੍ਹਾਂ ਦੇ ਘਰ ਅੱਗੇ ਮੁਜ਼ਾਹਰਾ ਕੀਤਾ ਕਿਉਂਕਿ ਅਕਾਲੀ ਦਲ ਨੂੰ ਅਗਾਊਂ ਪਤਾ ਸੀ ਕਿ ਕੈਬਨਿਟ ਨੇ ਤੇਲ ਕੀਮਤਾਂ 'ਚ ਕਟੌਤੀ ਦਾ ਫੈਸਲਾ ਲੈਣਾ ਹੈ। ਉਨ੍ਹਾਂ ਕਿਹਾ, 'ਪਹਿਲੀ ਦਫਾ ਹੈ ਕਿ ਪੰਜਾਬ ਵਿਚ ਹਰਿਆਣਾ ਨਾਲੋਂ ਡੀਜ਼ਲ ਸਸਤਾ ਹੋ ਗਿਆ ਹੈ।'

### ਤੇਲ ਦੀ ਕੀਮਤ 'ਚ ਕਟੌਤੀ ਵੱਡੀ ਰਾਹਤ: ਪਰਗਟ ਸਿੰਘ

**ਜਲੰਧਰ:** ਕੈਬਨਿਟ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਦੇ ਫੈਸਲੇ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਕੈਬਨਿਟ ਮੰਤਰੀ ਨੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੁੱਚਾ ਦੇਸ ਭਾਰੀ ਮਹਿੰਗਾਈ ਦੀ ਮਾਰ ਹੇਠ ਹੈ ਅਤੇ ਪੈਟਰੋਲ-ਡੀਜ਼ਲ ਦੀਆਂ ਉਚੀਆਂ ਕੀਮਤਾਂ ਆਮ ਲੋਕਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਵਾਲੀ ਕੇਂਦਰ ਸਰਕਾਰ ਵੱਲੋਂ ਝਿਜਕਦੇ ਹੋਏ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਮਾਮੂਲੀ ਕਟੌਤੀ ਕੀਤੀ ਗਈ ਹੈ ਪਰ ਪੰਜਾਬ ਸਰਕਾਰ ਵੱਲੋਂ ਪੈਟਰੋਲ ਦੀਆਂ ਕੀਮਤਾਂ ਵਿਚ 10 ਰੁਪਏ ਅਤੇ ਡੀਜ਼ਲ ਦੀਆਂ ਕੀਮਤ ਵਿਚ 5 ਰੁਪਏ ਪ੍ਰਤੀ ਲਿਟਰ ਦੀ ਕਟੌਤੀ ਕਰ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।

### ਹਿਮਾਚਲ 'ਚ ਡੀਜ਼ਲ ਪੰਜਾਬ ਨਾਲੋਂ ਸੱਤ ਰੁਪਏ ਸਸਤਾ

**ਘਨੌਲੀ:** ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਡੀਜ਼ਲ ਅਤੇ ਪੈਟਰੋਲ 'ਤੇ ਟੈਕਸ ਡਿਊਟੀ ਘਟਾਉਣ ਤੋਂ ਬਾਅਦ ਭਾਵੇਂ ਪੰਜਾਬ ਸਰਕਾਰ ਨੇ ਵੀ ਡੀਜ਼ਲ 'ਤੇ ਪੰਜ ਰੁਪਏ ਅਤੇ ਪੈਟਰੋਲ 'ਤੇ ਦਸ ਰੁਪਏ ਪ੍ਰਤੀ ਲੀਟਰ ਦੇ ਹਿਸਾਬ ਨਾਲ ਟੈਕਸ ਘੱਟ ਕਰਨ ਦਾ ਫੈਸਲਾ ਕੀਤਾ ਹੈ ਪਰ ਪੰਜਾਬ ਸਰਕਾਰ ਦੇ ਇਸ ਫੈਸਲੇ ਤੋਂ ਮੁੱਖ ਮੰਤਰੀ ਦੇ ਆਪਣੇ ਵਿਧਾਨ ਸਭਾ ਹਲਕੇ ਨਾਲ ਸਬੰਧਤ ਜਿਲ੍ਹਾ ਰੂਪਨਗਰ ਦੇ ਪੈਟਰੋਲ ਪੰਪ ਮਾਲਕ ਸਰਕਾਰ ਦੇ ਇਸ ਫੈਸਲੇ ਤੋਂ ਨਾਖੁਸ਼ ਹਨ। ਜ਼ਿਲ੍ਹਾ ਰੂਪਨਗਰ ਦੇ ਪੈਟਰੋਲ ਪੰਪ ਮਾਲਕਾਂ ਦੀ ਪਰੇਸ਼ਾਨੀ ਦਾ ਕਾਰਨ ਹਿਮਾਚਲ ਪ੍ਰਦੇਸ਼ 'ਚ ਹਾਲੇ ਵੀ ਡੀਜ਼ਲ ਸੱਤ ਰੁਪਏ ਸਸਤਾ ਹੋਣਾ ਹੈ।


Gurudwara Sikh Society of Dayton


2320 Harshman Rd, Dayton, OH 45424

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਬਾਬਾ ਗੁਰਦਿੱਤਾ ਜੀ ਦੇ ਜਨਮ ਦਿਨ ਨੂੰ ਸਮਰਪਿਤ ਅਖੰਡ ਪਾਠ 12 ਨਵੰਬਰ, ਸ਼ੁਕਰਵਾਰ ਨੂੰ ਆਰੰਭ ਕੀਤੇ ਜਾਣਗੇ ਅਤੇ ਭੋਗ 14 ਨਵੰਬਰ, ਐਤਵਾਰ ਨੂੰ ਪਾਏ ਜਾਣਗੇ। ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦਿਓ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ



Program:

Friday, November 12, 2021
Arambh shri Akhand Path: 7 am
Sunday, November 14, 2021 Bhog: 10 am

ਬਾਬਾ ਗੁਰਦਿੱਤਾ ਜੀ
ਸਿੱਖ ਪੰਥ ਦੀ ਉਹ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਦੇ
ਪਿਤਾ ਸ੍ਰੀ ਹਰਗੋਬਿੰਦ ਸਾਹਿਬ ਜੀ
ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ
ਪੜਦਾਦਾ ਸ੍ਰੀ ਗੁਰੂ ਰਾਮਦਾਸ ਜੀ
ਭਰਾ ਸ੍ਰੀ ਗੁਰੂ ਤੇਗ ਬਹਾਦਰ ਜੀ
ਪੁੱਤਰ ਸ੍ਰੀ ਗੁਰੂ ਹਰਿਰਾਏ ਜੀ
ਪੋਤਰੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ
ਭਤੀਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ।

ਵਲੋਂ: ਅਵਤਾਰ ਤੇ ਸਰਬਜੀਤ ਸਿੰਘ
ਫੋਨ: (937)206-4674

# Tel.: 317-426-5410

Ext. 2001 & 2403

# XPressCargo

100% ਓਨਰ ਆਪਰੇਟਰ ਕੰਪਨੀ

## Pay Every Week

Pay Single 48 Cent + Team 58 Cent

100% OWNER OPERATOR COMPANY

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218


Online Application @ www.xpresscargoinc.com

# ਪੈਲਾਟਾਈਨ ਗੁਰਦੁਆਰੇ ਵਿਚ ਕਾਰ ਸੇਵਾ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿਖੇ ਜਗਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਗੁਰਦੁਆਰੇ ਦੇ ਕਾਰ ਸੇਵਕਾਂ ਅਤੇ ਸ਼ਿਕਾਗੋ ਦੀ ਸਾਧ ਸੰਗਤ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 30 ਅਕਤੂਬਰ 2021 ਨੂੰ ਕਾਰ ਸੇਵਾ ਸ਼ੁਰੂ ਹੋਈ।

ਕਾਰ ਸੇਵਕਾਂ ਨੇ ਗੁਰਦੁਆਰੇ ਦੇ ਅੰਦਰੋਂ ਅਤੇ ਬਾਹਰੋਂ ਸੇਵਾ ਕਰਨ ਵਾਸਤੇ ਪਹਿਲਾਂ ਹੀ ਯੋਜਨਾ ਤਿਆਰ ਕੀਤੀ ਹੋਈ ਸੀ। ਯਾਦ ਰਹੇ ਕਿ ਇਸ ਸਾਲ ਦੌਰਾਨ ਕਾਰ ਸੇਵਾ ਦੇ ਸਾਰੇ ਕੰਮ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੇ ਜਾਣ ਦੀ ਤਜਵੀਜ਼ ਬਣਾਈ ਸੀ। ਸਮੂਹ ਸਾਧ ਸੰਗਤ ਅਤੇ ਕਾਰ ਸੇਵਕਾਂ ਨੇ ਪੂਰਾ ਸਾਲ ਗੁਰੂ ਘਰ ਦੀ ਕਾਰ ਸੇਵਾ ਵਿਚ ਤਨ, ਮਨ, ਧਨ ਨਾਲ ਵਧ ਚੜ੍ਹ ਕੇ ਯੋਗਦਾਨ ਪਾਇਆ। ਸੰਗਤ ਵਿਚ ਸਭ ਉਮਰ ਵਰਗ ਦੇ ਸੇਵਕ ਸ਼ਾਮਿਲ ਸਨ ਅਤੇ ਗੁਰਦੁਆਰੇ ਪਹੁੰਚ ਕੇ ਆਪੋ-ਆਪਣੀ ਹਾਜ਼ਰੀ ਲਗਾਉਣ ਤੋਂ ਬਾਅਦ ਸੇਵਾ ਵਿਚ ਜੁਟ ਗਏ। ਇਸ ਮੌਕੇ ਬੀਬੀਆਂ ਨੇ ਸਬੰਧਤ ਸਮਾਨ ਦੇਣ ਅਤੇ ਹਾਜ਼ਰੀ ਲਗਾਉਣ ਦੀ ਸੇਵਾ ਨਿਭਾਈ।

ਸਭ ਤੋਂ ਪਹਿਲਾਂ ਗੁਰੂ ਘਰ ਦੀ ਰਸੋਈ ਦੀ ਸਫਾਈ ਲੰਗਰ ਦੇ ਸੇਵਾਦਾਰ ਦਲਜੀਤ ਸਿੰਘ ਨੇ ਆਪਣੀ ਨਿਗਰਾਨੀ ਹੇਠ ਕਰਵਾਈ। ਰਸੋਈ ਅਤੇ ਲੰਗਰ ਹਾਲ ਦੇ ਖਿੜਕੀਆਂ ਦਰਵਾਜ਼ਿਆਂ ਦੀ ਸਾਫ ਸਫਾਈ ਕੀਤੀ ਗਈ। ਸਕੂਲ ਦੇ ਕਮਰਿਆਂ ਅਤੇ ਹਾਲ ਦੀ ਸਾਫ ਸਫਾਈ ਸਕੂਲ ਦੇ ਬੱਚਿਆਂ ਨੇ ਬੀਬੀ ਸਲਵਿੰਦਰ ਕੌਰ ਦੀ ਨਿਗਰਾਨੀ ਹੇਠ ਕੀਤੀ।







ਦੀਵਾਨ ਹਾਲ ਸੁੱਖ ਆਸਣ, ਅਖੰਡ ਪਾਠ ਦੇ ਕਮਰਿਆਂ ਦੀ ਸਫਾਈ ਕਾਰ ਸੇਵਕਾਂ ਨੇ ਵੱਡੀਆਂ ਪੌੜੀਆਂ ਲਾ ਕੇ ਕੀਤੀ। ਬਹੁਤੇ ਕਾਰ ਸੇਵਕ ਰਾਤ ਦੇ 10 ਵਜੇ ਤੱਕ ਸੇਵਾ ਕਰਦੇ ਰਹੇ। ਜੋੜਾ ਘਰ ਅਤੇ ਬਾਕੀ ਕਮਰਿਆਂ ਦੀ ਸਫਾਈ ਵੀ ਕੀਤੀ ਗਈ।

ਸਵੇਰੇ ਬਾਰਸ਼ ਹੋਣ ਕਾਰਨ ਕਾਰ ਸੇਵਕਾਂ ਨੇ ਅੰਦਰ ਦੀ ਸਫਾਈ 'ਤੇ ਵਧੇਰੇ ਧਿਆਨ ਦਿੱਤਾ ਅਤੇ ਫਿਰ ਬਿਲਡਿੰਗ ਦੇ ਬਾਹਰ ਦਰਵਾਜੇ ਖਿੜਕੀਆਂ ਅਤੇ ਸ਼ੀਸ਼ਿਆਂ ਦੀ ਸਫ਼ਾਈ ਕੀਤੀ। ਕਾਰ ਸੇਵਕਾਂ ਦੀ ਤਕਨੀਕੀ ਟੀਮ ਨੇ 'ਬੀ' ਗੇਟ 'ਤੇ ਲਾਈਟਾਂ ਲਗਾਉਣ ਵਾਸਤੇ ਤਾਰਾਂ ਵਿਛਾਈਆਂ। ਭਾਈ ਕਿਹਰ ਸਿੰਘ ਦੀ ਟੀਮ ਜੋ ਕਾਰ ਸੇਵਾ ਸ਼ੁਰੂ ਹੋਣ ਤੋਂ ਹੁਣ ਤੱਕ ਕੂੜੇਦਾਨਾਂ ਦੀ ਸਫਾਈ ਕਰ ਰਹੀ ਹੈ, ਨੇ ਨਾਲ ਲਗਦੇ ਏਰੀਆ ਦੀ ਸਫਾਈ ਵੀ ਕੀਤੀ।

ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਰ ਸੇਵਕਾਂ ਅਤੇ ਸਾਧ ਸੰਗਤ ਦੇ ਪ੍ਰੀਤਵਾਨ ਵੀਰਾਂ ਭੈਣਾਂ ਨੇ 92 ਸਦਾ ਬਹਾਰ ਝਾੜੀਆਂ ਅਤੇ ਫੁੱਲਾਂ ਵਾਲੇ 30 ਰੁੱਖ ਦਾਨ ਕੀਤੇ। ਗੁਰੂ ਘਰ ਦੇ ਤਕਨੀਕੀ ਸੇਵਾਦਾਰਾਂ ਨੇ ਮਸ਼ੀਨਰੀ ਕਿਰਾਏ 'ਤੇ ਲੈ ਕੇ ਪੌਦੇ ਅਤੇ ਰੁੱਖ ਲਗਾਉਣ ਦੀ ਸੇਵਾ ਕੀਤੀ।

ਯਾਦ ਰਹੇ ਕਿ ਗੁਰਦੁਆਰੇ ਵਿਚ 2008 ਤੋਂ ਕਾਰ ਸੇਵਾ ਚੱਲ ਰਹੀ ਹੈ। ਸ਼ੁਰੂਆਤ ਸਿਰਫ ਕੁਝ ਔਜ਼ਾਰ ਸਨ ਪਰ ਹੁਣ ਗੁਰਦੁਆਰੇ ਕੋਲ 50 ਹਜ਼ਾਰ ਤੋਂ ਵੱਧ ਮਸ਼ੀਨਰੀ ਹੈ। ਇਸ ਨਾਲ ਨਵਾਂ ਸ਼ੈਡ ਨਿਸ਼ਕਾਮ ਸੇਵਕਾਂ ਅਤੇ ਵਪਾਰਕ ਭਾਈਚਾਰੇ ਦੀ ਤਨ, ਮਨ, ਧਨ ਦੀ ਸੇਵਾ ਨਾਲ ਤਿਆਰ ਹੋਇਆ ਹੈ। ਇਸ ਨੂੰ ਵਧੀਆ ਵਰਕਸ਼ਾਪ ਬਣਾਉਣ ਵਿਚ ਬਿਕਰਮ ਸਿੰਘ ਸਿੱਧੂ ਅਤੇ ਲੱਕੀ ਸਹੋਤਾ ਨੇ ਬਹੁਤ ਯੋਗਦਾਨ ਪਾਇਆ ਹੈ।

ਰੁੱਖਾਂ ਦੀ ਸੇਵਾ ਵਿਚ ਬਲਵਿੰਦਰ ਸਿੰਘ ਸੰਧੂ, ਸੋਨੀ ਜੱਜ ਅਤੇ ਹੋਰ ਵੀਰਾਂ ਭੈਣਾਂ ਨੇ ਵਧ ਚੜ੍ਹ ਕੇ ਸਹਿਯੋਗ ਦਿੱਤਾ। ਕਾਰ ਸੇਵਾ ਦੇ ਕਾਗਜ ਅਤੇ ਦਸਤਾਵੇਜ਼ ਤਿਆਰ ਕਰਨ ਲਈ ਨਵਾਂ ਕੰਪਿਊਟਰ ਅਤੇ 6 ਸੀ.ਸੀ.ਟੀ.ਵੀ. ਕੈਮਰਿਆਂ ਦੀ ਸੇਵਾ ਕੀਤੀ ਗਈ ਹੈ। ਦਾਨੀ ਸੱਜਣਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

ਪਿਛਲੇ 13 ਸਾਲਾਂ ਤੋਂ ਸ਼ਿਕਾਗੋ ਦੀ ਸਾਧ ਸੰਗਤ, ਕਾਰ ਸੇਵਕਾਂ, ਵਪਾਰਕ ਭਾਈਚਾਰੇ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਸਭ ਸੇਵਾਵਾਂ ਚੱਲ ਰਹੀਆਂ ਹਨ।

ਇਸੇ ਦੌਰਾਨ ਕਾਰ ਸੇਵਕਾਂ ਦਾ ਇਹ ਵਿਚਾਰ ਹੈ ਕਿ ਅਗਲੇ ਸਾਲ ਕਾਰ ਸੇਵਾ ਉਪਰ ਸੈਮੀਨਾਰ ਕਰਵਾਇਆ ਜਾਵੇ। ਇਸ ਕਾਰ ਸੇਵਾ ਵਿਚ ਜਥੇਦਾਰ ਭਰਪੂਰ ਸਿੰਘ ਨੇ ਸਦਾ ਬਹਾਰ ਪੌਦੇ ਇੰਡੀਆਨਾ ਦੀ ਨਰਸਰੀ ਤੋਂ ਲੈ ਕੇ ਪੈਲਾਟਾਈਨ ਗੁਰਦੁਆਰੇ ਪੁੱਜਦੇ ਕੀਤੇ। ਜਥੇਦਾਰ ਓਂਕਾਰ ਸਿੰਘ ਢਿੱਲੋਂ, ਤਰਲੋਚਨ ਸਿੰਘ ਗਿੱਲ, ਤਕਨੀਕੀ ਸੇਵਾਦਾਰ ਤਰਲੋਚਨ ਸਿੰਘ ਢਿੱਲੋਂ, ਪਾਲ ਸਿੰਘ ਧਾਲੀਵਾਲ, ਕੁਲਬੀਰ ਸਿੰਘ ਦਿਉਲ, ਅੱਛਰ ਸਿੰਘ, ਤਰਲੋਚਨ ਸਿੰਘ ਮੁਲਤਾਨੀ ਨੇ ਪੌਦੇ ਲਗਾਉਣ ਦੀ ਸੇਵਾ ਕੀਤੀ।

# ਨਵੀਂ ਪਾਰਟੀ ਦੇ ਐਲਾਨ ਪਿੱਛੋਂ ਕੈਪਟਨ ਹਮਾਇਤੀਆਂ ਨੇ ਚੁੱਪ ਧਾਰੀ

## ਸੋਸ਼ਲ ਮੀਡੀਏ 'ਤੇ ਵੀ ਤਿੱਖੀ ਹੋਈ ਘੇਰਾਬੰਦੀ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਤੋਂ ਅਸਤੀਫਾ ਦੇ ਕੇ ਵੱਖਰੀ ਪਾਰਟੀ ਬਣਾਉਣ ਨਾਲ ਸੂਬੇ ਅੰਦਰ ਨਵੇਂ ਸਮੀਕਰਨ ਉਭਰ ਆਏ ਹਨ। ਕੈਪਟਨ ਨੂੰ ਉਮੀਦ ਸੀ ਕਿ ਉਸ ਦੇ ਹਮਾਇਤੀ ਕਾਂਗਰਸੀ ਵਿਧਾਇਕ ਤੇ ਆਗੂ ਉਸ ਨਾਲ ਆ ਖੜ੍ਹਨਗੇ ਪਰ ਨਵੀਂ ਪਾਰਟੀ ਦੇ ਐਲਾਨ ਪਿੱਛੋਂ ਉਨ੍ਹਾਂ ਦੀ ਹਮਾਇਤ ਵਿਚ ਕੋਈ ਵੀ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ ਹੈ। ਇਥੋਂ ਤੱਕ ਕਿ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਮਹਿਰਾਜ ਦੇ ਲੋਕ ਵੀ ਚੁੱਪ ਹੀ ਹਨ। ਅਮਰਿੰਦਰ ਸਿੰਘ ਨੇ ਐਤਕੀਂ ਦੂਜੀ ਪਾਰੀ ਮੌਕੇ ਆਪਣੇ ਪੁਰਖਿਆਂ ਦੇ ਪਿੰਡ ਮਹਿਰਾਜ ਨੂੰ ਵੀ ਟਿੱਚ ਕਰਕੇ ਹੀ ਜਾਣਿਆ ਸੀ। ਦੂਜੇ ਪਾਸੇ ਅਮਰਿੰਦਰ ਸਿੰਘ ਦੀ ਸੋਸ਼ਲ ਮੀਡੀਏ 'ਤੇ ਵੀ ਘੇਰਾਬੰਦੀ ਹੋ ਰਹੀ ਹੈ। ਜਦੋਂ ਹੀ ਅਮਰਿੰਦਰ ਸਿੰਘ ਵੱਲੋਂ ਲੋਕ ਪੱਖੀ ਫੈਸਲਿਆਂ 'ਤੇ ਟਿੱਪਣੀ ਕੀਤੀ ਜਾਂਦੀ ਹੈ, ਉਸ ਨੂੰ ਲੈ ਕੇ ਅਕਸਰ ਲੋਕ ਘੇਰਨ ਲੱਗੇ ਹਨ। ਟਿੱਪਣੀਆਂ ਦੀ ਭਾਸ਼ਾ ਅਤੇ ਤਿੱਖੀ ਸੁਰ ਤੋਂ ਪੰਜਾਬ ਦੇ ਲੋਕਾਂ ਦੇ ਅੰਦਰਲਾ ਦਰਦ ਅਤੇ ਭਾਵਨਾਵਾਂ ਉਜਾਗਰ ਹੁੰਦੀਆਂ ਹਨ।



ਮੁੱਖ ਮੰਤਰੀ ਹੁੰਦਿਆਂ ਕੈਪਟਨ ਦੇ ਹਮਾਇਤੀ ਗਿਣੇ ਜਾਂਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵੀ ਉਨ੍ਹਾਂ (ਕੈਪਟਨ) 'ਤੇ ਪਲਟਵਾਰ ਕੀਤਾ ਹੈ। ਬਿੱਟੂ ਨੇ ਕਿਹਾ ਕਿ ਕੈਪਟਨ ਸਤਿਕਾਰਯੋਗ ਆਗੂ ਹਨ, ਪਰ ਕਾਂਗਰਸ ਖਿਲਾਫ਼ ਉਹ ਕੁਝ ਆਖਣਗੇ ਤਾਂ ਉਹ ਜਰੂਰ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਕੈਪਟਨ ਨੇ ਪੰਜਾਬ ਲੋਕ ਕਾਂਗਰਸ ਪਾਰਟੀ ਬਣਾਈ ਹੈ, ਪਰ ਉਨ੍ਹਾਂ ਨੂੰ ਕਾਂਗਰਸ ਦੇ ਨਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਬਿੱਟੂ ਨੇ ਕਿਹਾ,"ਤ੍ਰਿਣਮੂਲ ਕਾਂਗਰਸ ਪਾਰਟੀ ਨਾਲ ਉਨ੍ਹਾਂ ਦਾ ਮੁਕਾਬਲਾ ਨਹੀਂ ਹੋ ਸਕਦਾ ਹੈ ਕਿਉਂਕਿ ਜਿਸ ਸਮੇਂ ਤ੍ਰਿਣਮੂਲ ਬਣੀ ਸੀ, ਉਸ ਸਮੇਂ ਮਮਤਾ ਬੈਨਰਜੀ ਮੁੱਖ ਮੰਤਰੀ ਨਹੀਂ ਸਨ, ਜਦੋਂ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਦੇ 19 ਸਾਲ ਪ੍ਰਧਾਨ ਅਤੇ ਸਾਢੇ 9 ਸਾਲ ਮੁੱਖ ਮੰਤਰੀ ਰਹੇ ਹਨ। ਇਸ ਉਮਰ 'ਚ ਉਨ੍ਹਾਂ ਨੂੰ ਨਵੀਂ ਪਾਰਟੀ ਬਣਾਉਣ ਦੀ ਲੋੜ ਨਹੀਂ ਸੀ।" ਲੋਕ ਸਭਾ ਮੈਂਬਰ ਨੇ ਕਿਹਾ ਕਿ ਜੇਕਰ ਕੈਪਟਨ ਮੁੱਖ ਮੰਤਰੀ ਚੰਨੀ ਨੂੰ ਆਪਣੀ ਅਗਵਾਈ ਦਿੰਦੇ ਅਤੇ ਆਪਣੇ ਵੱਲੋਂ ਛੱਡੇ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਵਾਉਂਦੇ ਤਾਂ ਸ਼ਾਇਦ ਸੂਬੇ ਦੇ ਲੋਕਾਂ 'ਚ ਉਨ੍ਹਾਂ ਦਾ ਚੰਗਾ ਅਕਸ ਬਣ ਜਾਂਦਾ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸ਼ਬਦੀ ਹੱਲੇ ਤਿੱਖੇ ਕਰਦਿਆਂ ਉਨ੍ਹਾਂ ਨੂੰ 'ਕਾਇਰ, ਫਰਾਡ, ਰੋਂਦੂ ਬੱਚਾ' ਤੇ ਕਈ ਕੁਝ ਹੋਰ ਕਰਾਰ ਦਿੱਤਾ। ਸਿੱਧੂ ਨੇ ਕਿਹਾ ਕਿ ਜੇਕਰ ਰੇਤ ਮਾਫੀਆ, ਕਾਂਗਰਸੀ ਮੰਤਰੀਆਂ, ਆਗੂਆਂ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਚੱਲ ਰਿਹਾ ਸੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਖਿਲਾਫ ਉਸ ਵੇਲੇ ਕਾਰਵਾਈ ਕਿਉਂ ਨਹੀਂ ਕੀਤੀ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਸਲੀਅਤ ਨੂੰ ਜਾਣਦੇ ਹੋਏ ਵੀ ਚੁੱਪ ਰਹਿਣਾ ਤੇ ਕੋਈ ਕਾਰਵਾਈ ਨਾ ਕਰਨਾ ਇਕ ਡਰਪੋਕ ਤੇ ਕਾਇਰ ਬੰਦੇ ਦਾ ਕੰਮ ਹੈ। ਉਨ੍ਹਾਂ ਇਸ ਮਾਮਲੇ ਵਿਚ ਪੰਜਾਬ ਦੇ ਲੋਕਾਂ ਨਾਲ ਫਰਾਡ ਕੀਤਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ 'ਰੋਂਦੂ ਬੱਚਾ' ਆਖਦਿਆਂ ਕਿਹਾ ਕਿ ਵਧਦੀ ਉਮਰ ਦੇ ਨਾਲ ਸਾਬਕਾ ਮੁੱਖ ਮੰਤਰੀ ਦਾ ਵਿਹਾਰ ਬੱਚਿਆਂ ਵਰਗਾ ਹੁੰਦਾ ਜਾ ਰਿਹਾ ਹੈ। ਕਿਸਾਨਾਂ ਦਾ ਮਸਲਾ ਹੱਲ ਕਰਾਉਣ ਸਬੰਧੀ ਕੈਪਟਨ ਦੇ ਇਕ ਬਿਆਨ ਬਾਰੇ ਉਨ੍ਹਾਂ ਕਿਹਾ ਕਿ 'ਚੱਲੇ ਹੋਏ ਕਾਰਤੂਸ' ਨਾਲ ਕਿਸੇ ਨੂੰ ਕੋਈ ਲੈਣਾ-ਦੇਣਾ ਨਹੀਂ ਹੁੰਦਾ।

ਸਿੱਧੂ ਨੇ ਨਾਲ ਹੀ ਆਖਿਆ ਕਿ ਕੈਪਟਨ ਅਤੇ ਸੁਖਬੀਰ ਸਿੰਘ ਬਾਦਲ ਦੋ ਅਜਿਹੇ ਵਿਅਕਤੀ ਹਨ, ਜਿਨ੍ਹਾਂ ਨੂੰ ਵਿਸ਼ਵ ਵਿਚ ਸਭ ਤੋਂ ਵੱਧ ਲੋਕਾਂ ਵਲੋਂ ਨਫਰਤ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਸਫਲ ਮੁੱਖ ਮੰਤਰੀ ਸਨ ਅਤੇ ਇਸੇ ਕਾਰਨ ਉਨ੍ਹਾਂ ਨੂੰ ਬਦਲਿਆ ਗਿਆ ਹੈ। ਉਨ੍ਹਾਂ ਨਾਲ ਨਾ ਤਾਂ ਕੋਈ ਕੌਂਸਲਰ ਖੜ੍ਹਾ ਹੈ ਅਤੇ ਨਾ ਹੀ ਉਨ੍ਹਾਂ ਦੀ ਪਤਨੀ ਸ੍ਰੀਮਤੀ ਪ੍ਰਨੀਤ ਕੌਰ। ਉਨ੍ਹਾਂ ਸਵਾਲ ਕੀਤਾ ਕਿ ਕੀ ਪ੍ਰਨੀਤ ਕੌਰ ਕੈਪਟਨ ਦੀ ਖਾਤਰ ਕਾਂਗਰਸ ਪਾਰਟੀ ਨੂੰ ਛੱਡਣਗੇ? ਕਾਂਗਰਸ ਪ੍ਰਧਾਨ ਨੇ ਇਹ ਵੀ ਆਖਿਆ ਕਿ 'ਸਿੱਧੂ ਨੇ ਕੈਪਟਨ ਦੇ ਖਿਲਾਫ ਕੋਈ ਸ਼ਿਕਾਇਤ ਨਹੀਂ ਕੀਤੀ ਸਗੋਂ ਸ਼ਿਕਸਤ ਦਿੱਤੀ ਹੈ। ਸਿੱਧੂ ਪੰਜਾਬ ਦੇ ਮੁੱਦਿਆਂ ਲਈ ਲੜ ਰਿਹਾ ਹੈ।'

## ਸੋਨੀਆ ਵੱਲੋਂ ਅਮਰਿੰਦਰ ਦਾ ਅਸਤੀਫਾ ਪ੍ਰਵਾਨ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ। ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਦੱਸਿਆ ਕਿ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ। ਅਮਰਿੰਦਰ ਨੇ ਅਸਤੀਫਾ ਦਿੰਦਿਆਂ ਦੋਸ਼ ਲਾਇਆ ਸੀ ਕਿ ਪਾਰਟੀ ਪ੍ਰਧਾਨ ਸੋਨੀਆ ਤੇ ਕਾਂਗਰਸ ਆਗੂਆਂ ਰਾਹੁਲ ਤੇ ਪ੍ਰਿਯੰਕਾ ਗਾਂਧੀ ਨੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕਰਨ ਲਈ 'ਰਾਤੋ-ਰਾਤ ਸਾਜ਼ਿਸ਼ ਘੜੀ ਸੀ।' 79 ਸਾਲਾ ਸਾਬਕਾ ਮੁੱਖ ਮੰਤਰੀ ਨੇ ਅਸਤੀਫੇ ਦੇ ਨਾਲ ਹੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਉਣ ਦਾ ਐਲਾਨ ਕੀਤਾ ਸੀ।

## ਰਾਜਾ ਵੜਿੰਗ ਦੀ ਕੈਪਟਨ ਨੂੰ ਨਸੀਹਤ

**ਚੰਡੀਗੜ੍ਹ:** ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਉਨ੍ਹਾਂ ਨੂੰ 'ਸੇਵਾਮੁਕਤ' ਹੋਣ ਦੀ ਸਲਾਹ ਦਿੱਤੀ ਹੈ। ਰਾਜਾ ਵੜਿੰਗ ਦਾ ਬਿਆਨ ਕੈਪਟਨ ਵੱਲੋਂ ਸੂਬੇ ਦੇ ਗ੍ਰਹਿ ਮੰਤਰੀ ਨੂੰ ਸੰਬੋਧਨ ਕਰਦਿਆਂ ਸੁਰੱਖਿਆ ਦਾ ਮਾਮਲਾ ਉਠਾਉਣ ਮਗਰੋਂ ਆਇਆ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਗ੍ਰਹਿ ਮੰਤਰੀ ਨੂੰ ਸੰਬੋਧਨ ਕਰਦਿਆਂ ਕੌਮੀ ਸੁਰੱਖਿਆ ਦਾ ਮਸਲਾ ਮੁੜ ਉਠਾਇਆ। ਕੈਪਟਨ ਅਮਰਿੰਦਰ ਸਿੰਘ ਨੇ ਦੀਵਾਲੀ ਮੌਕੇ ਫਿਰੋਜ਼ਪੁਰ ਦੇ ਪਿੰਡ ਅਲੀ ਕੇ ਖੇਤਾਂ ਵਿਚ ਛੁਪਾ ਕੇ ਰੱਖਿਆ ਟਿਫਨ ਬੰਬ ਬਰਾਮਦ ਕੀਤੇ ਜਾਣ ਦੀ ਖਬਰ ਵੀ ਸਾਂਝੀ ਕੀਤੀ ਹੈ।

# ਪੰਜਾਬ ਪੁਲਿਸ ਵਿਚ ਗੈਰ ਪੰਜਾਬੀਆਂ ਦੀ ਭਰਤੀ ਦਾ ਮਾਮਲਾ ਭਖਿਆ



**ਚੰਡੀਗੜ੍ਹ:** ਪੰਜਾਬ ਪੁਲਿਸ ਵਿਚ ਗੈਰ ਪੰਜਾਬੀਆਂ ਦੀ ਹੋਈ ਭਰਤੀ ਦਾ ਮਾਮਲਾ ਭਖ ਗਿਆ ਹੈ। ਵਿਰੋਧੀ ਧਿਰਾਂ ਨੇ ਇਸ ਮੁੱਦੇ ਉਤੇ ਪੰਜਾਬ ਸਰਕਾਰ ਨੂੰ ਘੇਰਿਆ ਹੋਇਆ ਹੈ। ਉਧਰ, ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਪੁਲਿਸ ਵਿਚ ਗੈਰ ਪੰਜਾਬੀਆਂ ਦੀ ਹੋਈ ਭਰਤੀ ਬਾਰੇ ਛਪੀਆਂ ਮੀਡੀਆ ਰਿਪੋਰਟਾਂ ਦਾ ਸਖਤ ਨੋਟਿਸ ਲੈਂਦਿਆਂ ਸੂਬੇ ਦੇ ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਤੋਂ ਪਿਛਲੇ ਸਮੇਂ ਦੌਰਾਨ ਪੰਜਾਬ ਪੁਲਿਸ ਵਿਚ ਹੋਈ ਭਰਤੀਆਂ ਦੇ ਵੇਰਵਿਆਂ ਦੀ ਰਿਪੋਰਟ ਮੰਗੀ ਹੈ।

ਰੰਧਾਵਾ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਹੈ, ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ ਜੋ ਤੁਰਤ ਜਾਂਚ ਦੀ ਮੰਗ ਕਰਦਾ ਹੈ। ਇਸ ਲਈ ਉਨ੍ਹਾਂ ਨੇ ਡੀ.ਜੀ.ਪੀ. ਨੂੰ ਇਸ ਭਰਤੀ ਪ੍ਰਕਿਰਿਆ ਨਾਲ ਜੁੜੇ ਸਾਰੇ ਤੱਥ ਪੇਸ਼ ਕਰਨ ਲਈ ਆਖਿਆ ਹੈ। ਉਨ੍ਹਾਂ ਡੀ.ਜੀ.ਪੀ. ਨੂੰ ਇਹ ਰਿਪੋਰਟ ਸੱਤ ਦਿਨਾਂ ਦੇ ਅੰਦਰ ਸੌਂਪਣ ਲਈ ਕਿਹਾ ਹੈ। ਰੰਧਾਵਾ ਨੇ ਕਿਹਾ ਕਿ ਸੂਬਾ ਸਰਕਾਰ ਇਸ ਸਮੁੱਚੇ ਮਾਮਲੇ ਦੀ ਤਹਿ ਤੱਕ ਜਾਵੇਗੀ ਅਤੇ ਜੇਕਰ ਇਸ ਭਰਤੀ ਪ੍ਰਕਿਰਿਆ ਵਿਚ ਕੋਈ ਉਲੰਘਣਾ ਜਾਂ ਬੇਨਿਯਮੀ ਪਾਈ ਗਈ ਤਾਂ ਉਸ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

ਦੱਸ ਦਈਏ ਕਿ ਪੰਜਾਬ ਪੁਲਿਸ ਵਿਚ 300 ਗੈਰ ਪੰਜਾਬੀਆਂ ਦੀ ਭਰਤੀ ਨੂੰ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ ਜਾ ਰਿਹਾ ਹੈ। ਸਮਾਜਿਕ ਕਾਰਕੁਨ ਲੱਖਾ ਸਿਧਾਣਾ, ਕਿਸਾਨ ਆਗੂ ਬੂਟਾ ਸਿੰਘ ਸ਼ਾਦੀਪੁਰ ਤੇ ਕਿਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਦਾਇਰਾ ਵਧਾਉਣ ਸਬੰਧੀ ਫੈਡਰਲ ਢਾਂਚੇ 'ਤੇ ਸੱਟ ਮਾਰਨ ਦੀਆਂ ਗੱਲਾਂ ਕਰ ਰਹੀਆਂ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪੰਜਾਬ ਪੁਲਿਸ ਵਿਚ 300 ਗੈਰ-ਪੰਜਾਬੀ ਭਰਤੀ ਕਰ ਕੇ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਮਾਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਮੁੱਖ ਮੰਤਰੀ ਦੀ ਸੁਰੱਖਿਆ ਦੇ ਨਾਂ 'ਤੇ 'ਸਪੈਸ਼ਲ ਪ੍ਰੋਟੈਕਸ਼ਨ ਯੂਨਿਟ' ਵਿਚ ਤਿੰਨ ਸੌ ਮੁਲਾਜ਼ਮ ਭਰਤੀ ਕੀਤੇ ਗਏ ਹਨ। ਇਨ੍ਹਾਂ 'ਚ ਪੰਜਾਬ ਦਾ ਕੋਈ ਵੀ ਨੌਜਵਾਨ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਸਾਲ 2014 'ਚ 100 ਅਤੇ ਸਾਲ 2016 'ਚ 125 ਮੁਲਾਜ਼ਮਾਂ ਨੂੰ ਭਰਤੀ ਕੀਤਾ। ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਮਈ 2021 'ਚ 75 ਹੋਰ ਮੁਲਾਜ਼ਮਾਂ ਨੂੰ ਭਰਤੀ ਕੀਤੇ। ਇਸੇ ਤਰ੍ਹਾਂ ਹੁਣ ਮੁੱਖ ਮੰਤਰੀ ਸੁਰੱਖਿਆ ਦੇ ਨਾਂ 'ਤੇ ਤਿੰਨ ਸੌ ਪੁਲਿਸ ਮੁਲਾਜ਼ਮ ਭਰਤੀ ਕੀਤੇ ਗਏ ਹਨ। ਇਨ੍ਹਾਂ ਨੂੰ ਨਿਯਮਾਂ ਦੇ ਉਲਟ ਜਾ ਕੇ ਪਦ ਉਨਤ ਕੀਤਾ ਗਿਆ ਹੈ। ਇਸ ਦੌਰਾਨ ਉਨ੍ਹਾਂ ਗੈਰ ਪੰਜਾਬੀਆਂ ਦੀ ਭਰਤੀ ਰੱਦ ਕਰਨ ਤੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸੂਬੇ ਦੀਆਂ ਨੌਕਰੀਆਂ 'ਚ ਪੰਜਾਬੀਆਂ ਲਈ 80 ਫੀਸਦ ਰਾਖਵਾਂਕਰਨ ਦਾ ਕਾਨੂੰਨ ਬਣਾਉਣ ਦੀ ਮੰਗ ਕੀਤੀ।

## ਹਰਿਆਣਾ: ਪ੍ਰਾਈਵੇਟ ਖੇਤਰ 'ਚ 75 ਫੀਸਦ ਕੋਟਾ ਤੈਅ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਸਥਾਨਕ ਨੌਜਵਾਨਾਂ ਨੂੰ ਨੌਕਰੀਆਂ ਵਿਚ ਤਰਜੀਹ ਦੇਣ ਸਬੰਧੀ ਐਕਟ ਨੂੰ ਨੋਟੀਫਾਈ ਕਰ ਦਿੱਤਾ ਹੈ। ਇਹ ਐਕਟ ਸੂਬੇ ਵਿਚ 15 ਜਨਵਰੀ 2022 ਤੋਂ ਲਾਗੂ ਹੋ ਜਾਵੇਗਾ। ਇਹ ਐਕਟ ਇਸੇ ਵਰ੍ਹੇ 2 ਮਾਰਚ ਨੂੰ ਪਾਸ ਕੀਤਾ ਗਿਆ ਸੀ ਜਿਸ ਅਨੁਸਾਰ ਪ੍ਰਾਈਵੇਟ ਖੇਤਰ ਵਿਚ ਨੌਕਰੀਆਂ ਲਈ ਹਰਿਆਣਾ ਦੇ ਨੌਜਵਾਨਾਂ ਵਾਸਤੇ 75 ਫੀਸਦ ਕੋਟਾ ਰਾਖਵਾਂ ਰੱਖਿਆ ਗਿਆ ਹੈ। ਇਸ ਐਕਟ ਬਾਰੇ ਬਿਆਨ ਜਾਰੀ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਇਕ ਹੋਰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਕਿ ਜਿਸ ਵਿਚ ਨੌਕਰੀਆਂ ਲਈ ਮਹੀਨਾਵਾਰ ਤਨਖਾਹਾਂ ਸਬੰਧੀ ਉਪਰਲੀ ਲਿਮਟ ਨੂੰ ਘਟਾ ਕੇ 50 ਹਜ਼ਾਰ ਤੋਂ 30 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ।

# ਮੁੱਖ ਮੰਤਰੀ ਵੱਲੋਂ ਥੀਮ ਪਾਰਕ ਦਾ ਕੰਮ ਜਲਦੀ ਪੂਰਾ ਕਰਨ ਦੀ ਹਦਾਇਤ



**ਚਮਕੌਰ ਸਾਹਿਬ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਦਾਸਤਾਨ-ਏ-ਸ਼ਹਾਦਤ ਥੀਮ ਪਾਰਕ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਜਲਦੀ ਕੰਮ ਮੁਕੰਮਲ ਕਰਨ ਦੀਆਂ ਹਦਾਇਤਾਂ ਕੀਤੀਆਂ। ਸ੍ਰੀ ਚੰਨੀ ਨੇ ਦੱਸਿਆ ਕਿ 50 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਿਆ ਇਹ ਵਿਸ਼ਵ ਪੱਧਰੀ ਪ੍ਰੋਜੈਕਟ ਬਣਨ ਤੋਂ ਪਹਿਲਾਂ ਹੀ ਸੰਗਤਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਥੀਮ ਪਾਰਕ ਵਿਚ ਸਿੱਖ ਇਤਿਹਾਸ ਨੂੰ ਦਰਸਾਉਂਦੇ ਬਹੁਤ ਹੀ ਵਧੀਆ ਕਾਰੀਗਰਾਂ ਵੱਲੋਂ ਦ੍ਰਿਸ਼ ਪੇਸ਼ ਕੀਤੇ ਗਏ ਹਨ ਤੇ ਵੱਡੇ ਸਾਹਿਬਜ਼ਾਦਿਆਂ ਸਮੇਤ ਹੋਰ ਸ਼ਹੀਦ ਸਿੰਘਾਂ ਦੀ ਯਾਦ ਵਿਚ ਬਣਾਏ ਗਏ ਇਸ ਥੀਮ ਪਾਰਕ ਦਾ ਉਦਘਾਟਨ 14 ਨਵੰਬਰ ਨੂੰ ਕਰਕੇ ਸੰਗਤਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਸ੍ਰੀ ਚੰਨੀ ਨਾਲ ਆਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਲੋਕ ਨਿਰਮਾਣ ਮੰਤਰੀ ਵਿਜੈ ਇੰਦਰ ਸਿੰਗਲਾ ਅਤੇ ਵਧਾਇਕ ਦਰਸ਼ਨ ਲਾਲ ਮੰਗੂਪੁਰ ਨੇ ਥੀਮ ਪਾਰਕ ਦੀ ਤਿਆਰੀ ਕਰ ਰਹੇ ਹਰ ਵਿਅਕਤੀਆਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਸਿੱਖ ਇਤਿਹਾਸ ਨਾਲ ਜੁੜੇ ਅਜਿਹੇ ਤਿਆਰ ਕੀਤੇ ਪ੍ਰੋਜੈਕਟਾਂ ਨਾਲ ਪੀੜ੍ਹੀਆਂ ਦਰ ਪੀੜ੍ਹੀਆਂ ਜੁੜੀਆਂ ਰਹਿੰਦੀਆਂ ਹਨ ਅਤੇ ਇਤਿਹਾਸ ਤੋਂ ਹਰ ਆਉਣ ਵਾਲਾ ਸਮਾਂ ਜਾਣੂ ਹੁੰਦਾ ਰਹੇਗਾ।

## ਪਹਿਲਾਂ ਸਿੱਧੂ ਨੂੰ ਖੁਸ਼ ਕਰ ਲਓ: ਬਿੱਟੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਲਗਾਤਾਰ ਆਪਣੀ ਸਰਕਾਰ ਖਿਲਾਫ ਕੀਤੀਆਂ ਜਾ ਰਹੀ ਟਿੱਪਣੀਆਂ 'ਤੇ ਕਾਂਗਰਸ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਟਵੀਟ ਕਰਦਿਆਂ ਕਿਹਾ ਕਿ 'ਪਹਿਲਾਂ ਸਿੱਧੂ ਨੂੰ ਖੁਸ਼ ਕਰ ਲਵੋ, ਲੋਕ ਭਲਾਈ ਦੇ ਐਲਾਨ ਤਾਂ ਬਾਅਦ ਵਿਚ ਵੀ ਹੋ ਜਾਣਗੇ। ਇਸ ਦੇ ਬਾਵਜੂਦ ਵੀ ਸਿੱਧੂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦੇ ਰਹਿਣਗੇ।' ਕੁਝ ਦਿਨ ਪਹਿਲਾਂ ਬਿੱਟੂ ਨੇ ਟਵੀਟ ਕੀਤਾ ਸੀ ਕਿ ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ, ਹਰੀਸ਼ ਚੌਧਰੀ ਤੇ ਹੋਰਾਂ ਦੀ ਕੇਦਾਰਨਾਥ ਧਾਮ ਦੀ ਤਸਵੀਰ ਵਿਚੋਂ ਪੰਜਾਬ ਦੇ 'ਯੂਨਾਈਟਿਡ ਫੇਸ' ਦਿਖਾਈ ਦੇ ਰਹੇ ਹਨ, ਇਹ ਕਦੇ ਵੀ ਪੰਜਾਬ 'ਚ ਦਿਖਾਈ ਨਹੀਂ ਦਿੱਤੇ।

# ਸੁੱਚਾ ਸਿੰਘ ਛੋਟੇਪੁਰ ਦੀ 'ਆਪ' ਵਿਚ ਵਾਪਸੀ ਦੀ ਚਰਚਾ

**ਗੁਰਦਾਸਪੁਰ:** 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਤੋਂ ਵੱਖ ਹੋਏ ਮਾਝੇ ਦੇ ਆਗੂ ਸੁੱਚਾ ਸਿੰਘ ਛੋਟੇਪੁਰ ਛੇਤੀ ਹੀ ਮੁੜ ਆਮ ਆਦਮੀ ਪਾਰਟੀ ਦਾ ਪੱਲਾ ਫੜ ਸਕਦੇ ਹਨ। ਚਰਚਾ ਹੈ ਕਿ ਛੋਟੇਪੁਰ ਲਗਾਤਾਰ ਪਾਰਟੀ ਹਾਈ ਕਮਾਨ ਦੇ ਸੰਪਰਕ ਵਿਚ ਹਨ, ਜਿਸ ਮਗਰੋਂ ਉਨ੍ਹਾਂ ਦੇ ਮੁੜ 'ਆਪ' ਵਿਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਛੋਟੇਪੁਰ ਦੇ ਸਮਰਥਕਾਂ ਤੋਂ ਵੀ ਇਸ ਗੱਲ ਦੀਆਂ ਕਨਸੋਆਂ ਮਿਲੀਆਂ ਹਨ ਕਿ ਮਾਝੇ ਵਿਚ ਪਾਰਟੀ ਆਪਣਾ ਆਧਾਰ ਮਜ਼ਬੂਤ ਕਰਨ ਲਈ ਛੋਟੇਪੁਰ ਨੂੰ ਪਾਰਟੀ 'ਚ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਵਿਚ ਹੈ। ਜੇਕਰ ਛੋਟੇਪੁਰ 'ਆਪ' ਵਿਚ ਮੁੜ ਸ਼ਾਮਲ ਹੁੰਦੇ ਹਨ ਤਾਂ ਸੂਬੇ ਦੀ ਰਾਜਨੀਤੀ ਦੇ ਨਾਲ ਹੀ ਉਨ੍ਹਾਂ ਦੇ ਆਪਣੇ ਜੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਸਿਆਸੀ ਸਮੀਕਰਨ ਵੀ ਬਦਲਣਗੇ। ਦੱਸਣਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਪਾਰਟੀ ਦੇ ਸੂਬਾ ਕਨਵੀਨਰ ਸਨ। ਕੁਝ ਮਤਭੇਦਾਂ ਦੇ ਚੱਲਦਿਆਂ ਉਹ ਪਾਰਟੀ ਦਾ ਹਿੱਸਾ ਨਹੀਂ ਰਹੇ।

ਆਮ ਆਦਮੀ ਪਾਰਟੀ ਤੋਂ ਵੱਖ ਹੋਣ ਮਗਰੋਂ ਛੋਟੇਪੁਰ ਨੇ 'ਆਪਣਾ ਪੰਜਾਬ' ਨਾਮ ਦੀ ਇਕ



ਵੱਖਰੀ ਪਾਰਟੀ ਬਣਾਈ ਸੀ। ਇਸ ਪਾਰਟੀ ਵੱਲੋਂ ਉਹ 2021 ਦੀਆਂ ਵਿਧਾਨ ਸਭਾ ਚੋਣਾਂ 'ਚ ਗੁਰਦਾਸਪੁਰ ਤੋਂ ਚੋਣ ਵੀ ਲੜੇ ਸਨ, ਪਰ ਮੁੱਖ ਮੁਕਾਬਲੇ ਤੋਂ ਕਾਫੀ ਦੂਰ ਰਹੇ। ਹੁਣ ਜਦਕਿ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗੱਠਜੋੜ ਬਹੁਤ ਸਾਰੇ ਵਿਧਾਨ ਸਭਾ ਹਲਕਿਆਂ ਤੋਂ 2022 ਦੀਆਂ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਚੁੱਕਿਆ ਹੈ, ਉਥੇ 'ਆਪ' ਵੱਲੋਂ ਹਾਲੇ ਤੱਕ ਨਾ ਤਾਂ ਮੁੱਖ ਮੰਤਰੀ ਦਾ ਚਿਹਰਾ ਪੇਸ਼ ਕੀਤਾ ਗਿਆ ਹੈ ਤੇ ਨਾ ਹੀ ਕਿਸੇ ਸੀਟ ਤੋਂ ਕੋਈ ਉਮੀਦਵਾਰ ਐਲਾਨਿਆ ਗਿਆ ਹੈ।

# ਬਿਜਲੀ ਖਰੀਦ ਸਮਝੌਤਿਆਂ ਉਤੇ ਪੰਜਾਬ ਸਰਕਾਰ ਨੂੰ ਝਟਕਾ

## ਟ੍ਰਿਬਿਊਨਲ ਨੇ ਸਰਕਾਰ ਦੀ ਕਾਰਵਾਈ ਉਤੇ ਰੋਕ ਲਾਈ

**ਚੰਡੀਗੜ੍ਹ:** ਸਿਆਸੀ ਹਲਕਿਆਂ ਵਿਚ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੇ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਦਾ ਮਾਮਲਾ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ ਕਿਉਂਕਿ ਸਰਕਾਰ ਵੱਲੋਂ 4 ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਲਈ ਜਿਹੜੇ ਨੋਟਿਸ ਜਾਰੀ ਕੀਤੇ ਸਨ, ਉਨ੍ਹਾਂ ਉਤੇ ਸੁਣਵਾਈ ਕਰਦੇ ਹੋਏ ਅਪੀਲੀਏਟ ਟ੍ਰਿਬਿਊਨਲ ਫਾਰ ਇਲੈਕਟ੍ਰੀਸਿਟੀ ਨੇ ਕਾਰਵਾਈ ਉਤੇ ਰੋਕ ਲਗਾ ਦਿੱਤੀ ਹੈ।

ਪਾਵਰਕਾਮ ਨੇ 5 ਅਕਤੂਬਰ ਨੂੰ ਡੀ.ਵੀ.ਸੀ. ਤੇ ਮੇਜਾ ਊਰਜਾ ਨਿਗਮ ਪਾਵਰ ਲਿਮਟਿਡ ਦੇ ਤਿੰਨ ਬਿਜਲੀ ਥਰਮਲ ਪਲਾਂਟ ਦੇ ਬਿਜਲੀ ਖਰੀਦ ਸਮਝੌਤਿਆਂ ਉਤੇ ਇਹ ਕਹਿ ਕੇ ਖਤਮ ਕਰਨ ਦੇ ਨੋਟਿਸ ਜਾਰੀ ਕੀਤੇ ਸਨ ਕਿ ਪਾਵਰਕਾਮ 31 ਅਕਤੂਬਰ ਤੋਂ ਬਾਅਦ ਇਨ੍ਹਾਂ ਬਿਜਲੀ ਪਲਾਂਟਾਂ ਤੋਂ ਬਿਜਲੀ ਦੀ ਖਰੀਦ ਨਹੀਂ ਕਰੇਗਾ। ਸਰਕਾਰ ਵੱਲੋਂ ਕੰਪਨੀਆਂ ਦੇ ਕੰਮਕਾਜ ਉਤੇ ਸਵਾਲ ਚੁੱਕੇ ਗਏ ਸੀ, ਜਿਸ ਕਰਕੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ, ਇਸ ਤੋਂ ਬਾਅਦ ਕੰਪਨੀਆਂ ਟ੍ਰਿਬਿਊਨਲ ਕੋਲ ਪੁੱਜ ਗਈਆਂ ਸਨ, ਜਿਨ੍ਹਾਂ ਥਰਮਲ ਪਲਾਂਟਾਂ ਨੂੰ ਨੋਟਿਸ ਦਿੱਤਾ ਗਿਆ ਸੀ, ਉਨ੍ਹਾਂ ਵਿਚ ਦਮੋਦਰ ਘਾਟੀ ਨਿਗਮ ਦੇ ਦੁਰਗਾਪੁਰ 200 ਮੈਗਾਵਾਟ ਹਿੱਸਾ, ਰਘੁਨਾਥਪੁਰ ਦੇ 300 ਮੈਗਾਵਾਟ ਹਿੱਸਾ, ਬੋਕਾਰੋ 200 ਮੈਗਾਵਾਟ ਹਿੱਸਾ ਤੇ ਮੇਜਾ ਊਰਜਾ ਪਾਵਰ ਪ੍ਰੋਜੈਕਟ ਦਾ 85 ਮੈਗਾਵਾਟ ਹਿੱਸਾ ਸ਼ਾਮਲ ਸੀ।

ਇਸ ਮਾਮਲੇ ਵਿਚ ਕਿਹਾ ਗਿਆ ਸੀ ਕਿ 3 ਰੁਪਏ ਪ੍ਰਤੀ ਯੂਨਿਟ ਤੋਂ ਜ਼ਿਆਦਾ ਬਿਜਲੀ ਦੀ ਲਾਗਤ ਵਧ ਰਹੀ ਹੈ ਜਦਕਿ ਨੋਟਿਸ ਦੇਣ ਤੋਂ ਬਾਅਦ ਕੰਪਨੀਆਂ ਟ੍ਰਿਬਿਊਨਲ ਵਿਚ ਚਲੀਆਂ ਗਈਆਂ ਜਿੱਥੇ ਇਹ ਕਿਹਾ ਗਿਆ ਸੀ ਕਿ ਦੂਜੀ ਧਿਰ ਦਾ ਪੱਖ ਸੁਣੇ ਬਿਨਾਂ ਇਹ ਸਮਝੌਤੇ ਰੱਦ ਕਰਨ ਦੀ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ। ਇਸ ਨਾਲ ਕੰਪਨੀਆਂ ਨੇ ਨੁਕਸਾਨ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਸੀ। ਇਕ ਜਾਣਕਾਰੀ ਮੁਤਾਬਕ ਟ੍ਰਿਬਿਊਨਲ ਨੇ 5 ਅਕਤੂਬਰ 2021 ਦੇ ਰੱਦ ਕਰਨ ਦੀ ਜਾਰੀ ਕਾਰਵਾਈ ਉਤੇ ਵੀ ਰੋਕ ਲਗਾਈ ਹੈ।

ਪਾਵਰਕਾਮ ਨੂੰ ਇਨ੍ਹਾਂ ਕੰਪਨੀਆਂ ਤੋਂ ਬਿਜਲੀ ਖਰੀਦ ਕਰਨ ਦਾ ਕੰਮ ਜਾਰੀ ਰੱਖਣਾ ਪਏਗਾ ਜਦਕਿ ਇਸ ਮਾਮਲੇ ਵਿਚ ਹੁਣ ਅਗਲੀ ਸੁਣਵਾਈ 11 ਜਨਵਰੀ 2022 ਵਿਚ ਹੋਵੇਗੀ। ਇਕ ਪਾਸੇ ਜਿਥੇ ਚਾਰ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਦੀ ਕਾਰਵਾਈ ਉਤੇ ਰੋਕ ਲੱਗ ਗਈ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਸ ਦੇ ਬਾਵਜੂਦ ਸਿਆਸੀ ਹਲਕਿਆਂ ਵਿਚ ਇਨ੍ਹਾਂ ਮੁੱਦਿਆਂ ਦੀ ਚਰਚਾ ਹੋਰ ਵਧਣ ਦੀ ਸੰਭਾਵਨਾ ਹੈ। ਝੋਨੇ ਦੀ ਬਿਜਾਈ ਦਾ ਸਮਾਂ ਖਤਮ ਹੋਣ ਅਤੇ ਠੰਢਾ ਮੌਸਮ ਹੋਣ ਕਰਕੇ ਪਾਵਰਕਾਮ ਕੋਲ ਬਿਜਲੀ ਦੀ ਮੰਗ ਕਾਫੀ ਘਟ ਗਈ ਹੈ।

# ਪੰਜਾਬ ਸਰਕਾਰ ਛੇ ਸਾਲਾਂ ਤੋਂ ਦੱਬੀ ਨਸ਼ਿਆਂ ਵਾਲੀ ਫਾਈਲ ਖੋਲ੍ਹਣ ਲਈ ਤਿਆਰ

**ਚਮਕੌਰ ਸਾਹਿਬ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿਚ ਬੰਦ ਪਈ ਐਸ.ਟੀ.ਐਫ. ਦੀ ਨਸ਼ਿਆਂ ਸਬੰਧੀ ਰਿਪੋਰਟ 18 ਨਵੰਬਰ ਨੂੰ ਖੁੱਲ੍ਹ ਸਕਦੀ ਹੈ ਅਤੇ ਸਰਕਾਰ ਵੱਲੋਂ ਇਸ ਸਬੰਧੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸ੍ਰੀ ਚੰਨੀ ਨੇ ਕਸਬਾ ਬੇਲਾ ਵਿਖੇ ਸਤਲੁਜ ਦਰਿਆ 'ਤੇ ਉਸਾਰੇ ਜਾਣ ਵਾਲੇ ਪੁਲ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਹ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮੁਲਜ਼ਮਾਂ ਨੂੰ ਵੀ ਛੇਤੀ ਹੀ ਸਜ਼ਾ ਮਿਲੇਗੀ, ਕਿਉਂਕਿ ਇਸ ਮਾਮਲੇ ਵਿਚ ਜਾਂਚ ਤੇਜ਼ੀ ਨਾਲ ਸ਼ੁਰੂ ਹੋ ਚੁੱਕੀ ਹੈ ਅਤੇ ਐਸ.ਟੀ.ਐਫ. ਪੂਰੀ ਸਰਗਰਮੀ ਨਾਲ ਆਪਣਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੋਸ਼ੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ, ਹੁਣ ਉਹ ਹੋਰ ਸਮਾਂ ਨਹੀਂ ਬਚ ਸਕਣਗੇ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿਚ ਧੱਕਣ ਵਾਲੇ ਦੋਸ਼ੀਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਛੇਤੀ ਹੀ ਡਰੱਗ ਮਾਫੀਆ ਖਿਲਾਫ ਰਿਪੋਰਟ ਖੁੱਲ੍ਹਣ ਨਾਲ ਕਈ ਨਸ਼ੇ ਦੇ ਵੱਡੇ ਸੌਦਾਗਰਾਂ ਦਾ ਪਰਦਾਫਾਸ਼ ਹੋਵੇਗਾ।" ਅਕਾਲੀ ਦਲ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਉਹ ਨਾਮ ਦੇ ਪੰਥਕ ਹਨ ਅਤੇ ਪੰਥ ਨੂੰ ਹਮੇਸ਼ਾ ਆਪਣੇ ਸਿਆਸੀ ਮੁਫਾਦਾਂ ਲਈ ਵਰਤਦੇ ਆਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਥਕ ਅਖਵਾਉਂਦੇ ਇਹ ਲੋਕ ਰਾਜਨੀਤਕ ਫਾਇਦਿਆਂ ਲਈ ਕਥਿਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਤੋਂ ਵੀ ਨਹੀਂ ਹਟੇ। 'ਜਲਦੀ ਹੀ ਬੇਅਦਬੀ ਮਾਮਲਿਆਂ ਦੇ ਅਸਲੀ ਚਿਹਰੇ ਲੋਕਾਂ ਦੀ ਕਚਹਿਰੀ ਵਿਚ ਨੰਗੇ ਕੀਤੇ ਜਾਣਗੇ ਅਤੇ ਦੋਸ਼ੀਆਂ ਨੂੰ ਸਖਤ



ਤੋਂ ਸਖਤ ਸਜ਼ਾ ਦਿੱਤੀ ਜਾਵੇਗੀ।'

ਉਨ੍ਹਾਂ ਕਿਹਾ ਕਿ ਅਕਾਲੀਆਂ ਦੇ ਸੱਤਾ ਵਿਚ ਰਹਿੰਦਿਆਂ ਚਮਕੌਰ ਸਾਹਿਬ ਵਿਖੇ ਸਿੱਖ ਇਤਿਹਾਸ ਨੂੰ ਦਰਸਾਉਣ ਵਾਲੇ ਥੀਮ ਪਾਰਕ ਦਾ ਨਿਰਮਾਣ ਕਾਰਜ ਪੂਰਾ ਕਰਨ ਲਈ ਕਈ ਵਾਰ ਬੇਨਤੀ ਕੀਤੀ ਗਈ ਸੀ ਪਰ ਅਕਾਲੀਆਂ ਨੇ ਇਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ, ਸਗੋਂ ਨਿਰਮਾਣ ਵਿਚ ਰੋੜੇ ਹੀ ਅਟਕਾਏ ਸਨ। ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੀ ਸਾਦਗੀ ਕਾਰਨ ਉਹ ਲੋਕਾਂ ਦੇ ਬਹੁਤ ਹੀ ਹਰਮਨ-ਪਿਆਰੇ ਨੇਤਾ ਬਣ ਗਏ ਹਨ, ਕਿਉਂਕਿ ਉਨ੍ਹਾਂ ਨੂੰ ਗਰੀਬ ਲੋਕਾਂ ਦੀਆਂ ਲੋੜਾਂ ਅਤੇ ਦਰਦ ਦਾ ਪਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਚੰਨੀ ਵੱਲੋਂ ਲਏ ਜਾ ਰਹੇ ਲੋਕ ਪੱਖੀ ਫੈਸਲੇ ਇਸ ਦੀ ਮਿਸਾਲ ਹਨ ਜਿਨ੍ਹਾਂ ਵਿਚ ਹਰ ਵਰਗ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕੀਤਾ ਜਾ ਰਿਹਾ ਹੈ।

## ਚੰਨੀ ਸਰਕਾਰ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ('ਆਪ') ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦਿੱਲੀ 'ਚ ਅਰਵਿੰਦ ਕੇਜਰੀਵਾਲ ਦੀ ਪਹਿਲੀ ਸਰਕਾਰ ਨੇ 49 ਦਿਨਾਂ 'ਚ ਅਜਿਹੇ ਮੀਲ ਪੱਥਰ ਸਥਾਪਤ ਕੀਤੇ ਸਨ, ਜਿਨ੍ਹਾਂ ਦੀ ਬਦੌਲਤ ਦਿੱਲੀ ਦੀ ਜਨਤਾ 2015 ਅਤੇ 2020 'ਚ ਰਿਕਾਰਡ ਬਹੁਮਤ ਨਾਲ ਕੇਜਰੀਵਾਲ ਨੂੰ ਪੱਕੇ ਤੌਰ 'ਤੇ ਅਪਣਾ ਚੁੱਕੀ ਹੈ। ਸ੍ਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਚੰਨੀ ਨੇ ਅਹੁਦਾ ਸਾਂਭਦੇ ਹੀ ਵੱਡੇ-ਵੱਡੇ ਦਾਅਵੇ ਕੀਤੇ ਸਨ, ਪਰ 49 ਦਿਨਾਂ 'ਚ ਰੇਤ ਮਾਫੀਆ ਦੇ ਮਾਮਲੇ ਨੂੰ ਸੁਲਝਾਉਣ, ਮਾਫੀਆ ਰਾਜ ਅਤੇ ਨਸ਼ੇ ਦਾ ਕਾਰੋਬਾਰ ਖਤਮ ਕਰਨ ਵਿਚ ਨਾਕਾਮ ਰਹੇ ਹਨ, ਜਿਨ੍ਹਾਂ ਦੇ ਹੱਲ ਲਈ ਪੰਜਾਬ ਦੀ ਜਨਤਾ ਪੌਣੇ ਪੰਜ ਸਾਲਾਂ ਤੋਂ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਨਵੰਬਰ 2021*

# ਸੰਘਰਸ਼ ਦਾ ਸਫਰ ਅਤੇ ਸਿਆਸਤ

ਦੋ ਹੋਰ ਹਫਤਿਆਂ ਨੂੰ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ 'ਤੇ ਬੈਠਿਆਂ ਨੂੰ ਪੂਰਾ ਇਕ ਸਾਲ ਹੋ ਜਾਣਾ ਹੈ। ਇਸ ਇਕ ਸਾਲ ਦੌਰਾਨ ਕਿਸਾਨ ਅੰਦੋਲਨ ਵਿਚ ਬੜੇ ਉਤਰਾਅ-ਚੜ੍ਹਾਅ ਆਏ ਹਨ ਜਿਹੜਾ ਤਿੰਨ ਨਵੇਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸਭ ਤੋਂ ਪੰਜਾਬ ਵਿਚ ਸ਼ੁਰੂ ਹੋਇਆ ਸੀ। ਬਾਅਦ ਵਿਚ ਇਸ ਸੰਘਰਸ਼ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਰੰਟੀ ਦੇਣ ਅਤੇ ਬਿਜਲੀ ਬਿਲ ਰੱਦ ਕਰਨ ਵਾਲੀਆਂ ਮੰਗਾਂ ਵੀ ਜੁੜ ਗਈਆਂ। ਮੋਦੀ ਸਰਕਾਰ ਇਨ੍ਹਾਂ ਕਾਨੂੰਨਾਂ ਅੰਦਰ ਸੋਧਾਂ ਲਈ ਤਾਂ ਤਿਆਰ ਹੋ ਗਈ ਸੀ ਪਰ ਇਸ ਮੁਕਾਮ ਤੱਕ ਅੱਪੜਨ ਲਈ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਨੂੰ ਬੜੀ ਵਿਉਂਤਬੰਦੀ ਕਰਨੀ ਪਈ ਸੀ। ਕਿਸਾਨ ਆਗੂਆਂ ਨੇ 11 ਗੇੜਾਂ ਵਿਚ ਕੇਂਦਰ ਸਰਕਾਰ ਨਾਲ ਚੱਲੀ ਗੱਲਬਾਤ ਵਿਚ ਸਾਬਤ ਕਰ ਦਿੱਤਾ ਕਿ ਇਹ ਕਾਨੂੰਨ ਕਿਸ ਤਰ੍ਹਾਂ ਕਿਸਾਨਾਂ ਦੇ ਵਿਰੁੱਧ ਖੜ੍ਹਦੇ ਹਨ। ਇਸ ਤੋਂ ਬਾਅਦ 26 ਜਨਵਰੀ ਵਾਲੀ ਘਟਨਾ ਵਾਪਰ ਗਈ। ਕਿਸਾਨ ਆਗੂਆਂ ਅਤੇ ਸਰਕਾਰ ਵਿਚਕਾਰ ਪਿਛਲੀ, ਆਖਰੀ ਮੁਲਾਕਾਤ 22 ਜਨਵਰੀ ਨੂੰ ਹੋਈ ਸੀ। ਇਸ ਤੋਂ ਬਾਅਦ ਸਰਕਾਰ ਨੇ ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਹੈ ਅਤੇ ਉਹੀ ਅੜੀਅਲ ਰਵੱਈਆ ਅਪਨਾਈ ਰੱਖਿਆ ਹੈ।

ਇਸ ਦੌਰਾਨ ਕਿਸਾਨ ਆਗੂਆਂ ਨੇ ਅੰਦੋਲਨ ਨੂੰ ਤਿੱਖਾ ਕਰਨ ਅਤੇ ਸਰਕਾਰ ਉਤੇ ਦਬਾਅ ਬਣਾਉਣ ਲਈ ਕਈ ਐਕਸ਼ਨ ਉਲੀਕੇ ਜਿਨ੍ਹਾਂ ਵਿਚੋਂ ਬਹੁਤੇ ਕਾਮਯਾਬ ਵੀ ਰਹੇ। ਪਿਛਲੀ ਵਾਰ ਸਰਕਾਰੀ ਸੰਸਦ ਦੇ ਬਰਾਬਰ ਜਿਹੜੀ ਕਿਸਾਨ ਸੰਸਦ ਲਾਈ ਗਈ, ਉਸ ਨੇ ਦੇਸ਼-ਵਿਦੇਸ਼ ਦੀ ਸੰਗਤ ਦਾ ਧਿਆਨ ਖਿੱਚਿਆ। ਕਿਸਾਨ ਸੰਸਦ ਰਾਹੀਂ ਕਿਸਾਨ ਆਪਣੇ ਮਸਲੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਵਿਚ ਵੀ ਕਾਮਯਾਬ ਰਹੇ। ਹੁਣ ਜਦੋਂ 29 ਨਵੰਬਰ ਤੋਂ ਇਕ ਵਾਰ ਫਿਰ ਸਰਕਾਰੀ ਸੰਸਦ ਜੁੜ ਰਹੀ ਹੈ ਤਾਂ ਕਿਸਾਨ ਮੋਰਚੇ ਨੇ ਵੀ ਐਲਾਨ ਕੀਤਾ ਹੈ ਕਿ ਹੁਣ ਸੰਸਦ ਭਵਨ ਵੱਲ ਮਾਰਚ ਕੀਤਾ ਜਾਵੇਗਾ। ਕਿਸਾਨ ਮੋਰਚਾ ਉਂਜ ਵੀ ਹਰ ਮਹੀਨੇ ਦੀ 26 ਤਾਰੀਖ ਨੂੰ ਕੋਈ ਨਾ ਕੋਈ ਐਕਸ਼ਨ ਉਲੀਕਦਾ ਆਇਆ ਹੈ। ਇਸ ਵਾਰ ਇਸ ਤਾਰੀਖ ਨੂੰ ਸੰਸਦ ਦੀ ਕਾਰਵਾਈ ਨਾਲ ਜੋੜ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਜਿੰਨਾ ਚਿਰ ਸੰਸਦ ਚੱਲਣੀ ਹੈ, ਹਰ ਰੋਜ਼ ਚੋਣਵੇਂ 500 ਕਿਸਾਨਾਂ ਦਾ ਜਥਾ ਸੰਸਦ ਵੱਲ ਅਮਨ ਪੂਰਬਕ ਢੰਗ ਨਾਲ ਮਾਰਚ ਕਰੇਗਾ। ਮੋਰਚੇ ਨੇ 26 ਨਵੰਬਰ ਨੂੰ ਕਿਸਾਨਾਂ ਨੂੰ ਵੱਡੀ ਗਿਣਤੀ ਵਿਚ ਦਿੱਲੀ ਬਾਰਡਰਾਂ 'ਤੇ ਪਹੁੰਚਣ ਦਾ ਸੱਦਾ ਵੀ ਦਿੱਤਾ ਹੈ। ਉਸ ਦਿਨ ਇਸ ਮੋਰਚੇ ਦੌਰਾਨ ਫੌਤ ਹੋਏ 650 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

ਉਧਰ, ਇਕ ਪਾਸੇ ਤਾਂ ਕਿਸਾਨ ਆਪਣਾ ਅੰਦੋਲਨ ਲਗਾਤਾਰ ਮਘਾ ਰਹੇ, ਦੂਜੇ ਪਾਸੇ ਪੰਜਾਬ ਦੀਆਂ ਸਿਆਸੀ ਜਮਾਤਾਂ ਅਗਲੇ ਸਾਲ ਫਰਵਰੀ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸ ਰਹੀਆਂ ਹਨ; ਖਾਸ ਕਰਕੇ ਸੱਤਾਧਾਰੀ ਕਾਂਗਰਸ ਨੇ ਵਾਹਵਾ ਰਫਤਾਰ ਫੜੀ ਹੋਈ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਿੱਤ ਦਿਨ ਨਵੇਂ ਐਲਾਨ ਕਰ ਰਹੇ ਹਨ ਅਤੇ ਵੱਧ ਤੋਂ ਵੱਧ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਯਤਨਸ਼ੀਲ ਹਨ। ਇਹ ਵੱਖਰੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਦੀ ਨੁਕਤਾਚੀਨੀ ਕਰੀ ਜਾਂਦੇ ਹਨ। ਅਸਲ ਵਿਚ, ਨਵਜੋਤ ਸਿੰਘ ਸਿੱਧੂ ਅਗਲੀਆਂ ਚੋਣਾਂ ਲਈ ਕਾਂਗਰਸ ਵੱਲੋਂ ਮੁੱਖ ਮੰਤਰੀ ਦਾ ਉਮੀਦਵਾਰ ਬਣਨ ਦੇ ਵੱਡੇ ਦਾਅਵੇਦਾਰ ਹਨ ਪਰ ਜਿਸ ਢੰਗ ਨਾਲ ਚਰਨਜੀਤ ਸਿੰਘ ਚੰਨੀ ਪੰਜਾਬ ਦੀ ਸਿਆਸਤ ਵਿਚ ਆਪਣੇ ਪੈਰ ਪਸਾਰ ਰਿਹਾ ਹੈ, ਉਸ ਦਾ ਸਭ ਤੋਂ ਵਧੇਰੇ ਖਤਰਾ ਨਵਜੋਤ ਸਿੰਘ ਸਿੱਧੂ ਨੂੰ ਹੀ ਮਹਿਸੂਸ ਹੋ ਰਿਹਾ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਤਾਂ ਕਹਿਣਾ ਹੈ ਕਿ ਜੇ ਚਰਨਜੀਤ ਸਿੰਘ ਚੰਨੀ ਦੀ ਇਹੀ ਰਫਤਾਰ ਰਹੀ ਤਾਂ ਕਾਂਗਰਸ ਨੂੰ ਉਨ੍ਹਾਂ ਨੂੰ ਹੀ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣਾ ਪੈ ਸਕਦਾ ਹੈ।

ਖੈਰ! ਪੰਜਾਬ ਦੇ ਅਸਲ ਮੁੱਦਿਆਂ ਵੱਲ ਅਜੇ ਵੀ ਪੰਜਾਬ ਦੀ ਕੋਈ ਸਿਆਸੀ ਧਿਰ ਨਹੀਂ ਮੁੜੀ ਹੈ। ਸ਼੍ਰੋਮਣੀ ਅਕਾਲੀ ਦਲ ਜਿਸ ਨੇ ਸੱਤਾ ਵਿਚ ਆਉਣ ਦੀ ਚਾਹ ਨਾਲ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਸੀ, ਇਸ ਪਾਰਟੀ ਨਾਲ ਤਾਲਮੇਲ ਬਿਠਾਉਣ ਵਿਚ ਉੱਕ ਰਿਹਾ ਹੈ। ਆਮ ਆਦਮੀ ਪਾਰਟੀ ਪੰਜਾਬ ਵਿਚ ਅਜੇ ਵੀ ਆਪਣਾ ਜਥੇਬੰਦਕ ਤਾਣਾਬਾਣਾ ਖੜ੍ਹਾ ਨਹੀਂ ਕਰ ਸਕੀ। ਇਸ ਦਾ ਖਮਿਆਜਾ ਇਸ ਨੂੰ ਪਿਛਲੀਆਂ ਚੋਣਾਂ ਵਾਂਗ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਵੀ ਭੁਗਤਣਾ ਪੈ ਸਕਦਾ ਹੈ। ਉਂਜ ਵੀ ਇਹ ਪਾਰਟੀ ਜਿਸ ਤਰ੍ਹਾਂ ਪੰਜਾਬ ਦੀ ਸਿਆਸਤ ਦਿੱਲੀ ਤੋਂ ਚਲਾਉਣਾ ਚਾਹੁੰਦੀ ਹੈ, ਉਸ ਤੋਂ ਪਾਰਟੀ ਦੇ ਆਗੂ ਹੀ ਨਹੀਂ, ਆਮ ਲੋਕ ਵੀ ਔਖੇ ਹਨ। ਭਾਰਤੀ ਜਨਤਾ ਪਾਰਟੀ ਭਾਵੇਂ ਸਾਰੀਆਂ ਸੀਟਾਂ ਤੋਂ ਚੋਣ ਲੜਨ ਦੀਆਂ ਫੜ੍ਹਾਂ ਮਾਰ ਰਹੀ ਹੈ ਪਰ ਫਿਲਹਾਲ ਇਸ ਦੀ ਟੇਕ ਦੂਜੀਆਂ ਪਾਰਟੀਆਂ ਜਾਂ ਆਗੂਆਂ ਉਤੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਆਪਣੀ ਵੱਖਰੀ ਪਾਰਟੀ ਬਣਾ ਲਈ ਹੈ ਅਤੇ ਉਸ ਦੀ ਇਹ ਕਾਰਵਾਈ ਕਾਂਗਰਸ ਨੂੰ ਨੁਕਸਾਨ ਵੀ ਪਹੁੰਚਾ ਸਕਦੀ ਹੈ ਪਰ ਪੰਜਾਬ ਦੀ ਸਿਆਸਤ ਦੇ ਮੱਦੇਨਜ਼ਰ ਅਜੇ ਤੱਕ ਉਸ ਨੂੰ ਕੋਈ ਬਹੁਤਾ ਹੁਲਾਰਾ ਨਹੀਂ ਮਿਲਿਆ ਹੈ। ਪੰਜਾਬ ਦਾ ਸਮੁੱਚਾ ਸਿਆਸੀ ਪਿੜ ਇਸ ਵੇਲੇ ਕਿਸਾਨ ਅੰਦੋਲਨ ਨਾਲ ਭਖਿਆ ਹੋਇਆ ਹੈ ਅਤੇ ਕੈਪਟਨ ਨੇ ਜਿਸ ਤਰ੍ਹਾਂ ਦਾ ਰਵੱਈਆ ਬੀ.ਐਸ.ਐਫ. ਨੂੰ ਬਹੁਤੀਆਂ ਤਾਕਤਾਂ ਦੇਣ ਦੇ ਮਾਮਲੇ 'ਤੇ ਅਪਣਾਇਆ ਹੋਇਆ ਹੈ, ਉਸ ਦਾ ਉਸ ਨੂੰ ਨੁਕਸਾਨ ਹੀ ਹੋਣਾ ਹੈ। ਇਸ ਵਕਤ ਪੰਜਾਬ ਦਾ ਸਮੁੱਚਾ ਮਾਹੌਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰਵਾਦੀ ਸਿਆਸਤ ਦੇ ਖਿਲਾਫ ਹੈ। ਆਉਣ ਵਾਲੇ ਸਮੇਂ ਵਿਚ ਪੰਜਾਬ ਅੰਦਰ ਸਿਆਸੀ ਸਫਬੰਦੀ ਵਿਚ ਕੁਝ ਤਬਦੀਲੀਆਂ ਦੀਆਂ ਕਿਆਸਆਰਾਈਆਂ ਵੀ ਹਨ ਪਰ ਇਹ ਸਾਰਾ ਕੁਝ ਕਿਸਾਨ ਅੰਦੋਲਨ ਦੇ ਰੁਖ ਉਤੇ ਨਿਰਭਰ ਕਰੇਗਾ। ਚੋਣਾਂ ਕਾਰਨ ਮੋਦੀ ਸਰਕਾਰ ਵੱਲੋਂ ਸਿਆਸੀ ਗੋਟੀਆਂ ਸੁੱਟੇ ਜਾਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਬਿਲਕੁਲ ਵੱਖਰੀਆਂ ਹੋਣਗੀਆਂ। ਜੇ ਕਿਤੇ ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਅਸਲ ਮੁੱਦੇ ਏਜੰਡੇ 'ਤੇ ਆ ਗਏ ਤਾਂ ਪੰਜਾਬ ਦੀ ਸਿਆਸਤ ਵਿਚ ਸਿਫਤੀ ਤਬਦੀਲੀ ਲਈ ਰਾਹ ਖੁੱਲ੍ਹ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਿਸ਼ਾਨਾ-ਏ-ਲੋਕ ਕਾਂਗਰਸ!

ਗੁਆਂਢੀ ਵਾਲ਼ੀ ਕੰਧ ਹੇਠਾਂ ਕੱਟੀ ਮਾਰ ਕੇ, ਢੱਠੀ ਕੰਧ ਦੀਆਂ 'ਖੁਸ਼ੀਆਂ' ਮਨਾਉਣ ਨੂੰ।
ਲੱਗੂ ਗਾ ਨਿਸ਼ਾਨੇ ਨਹੀਂ ਤਾਂ ਤੁੱਕਾ ਹੀ ਸਹੀ, ਐਹੋ ਜਿਹਾ 'ਤੀਰ' ਫਿਰਦਾ ਚਲਾਊਣ ਨੂੰ।
ਹੁਣ ਤੱਕ ਖੱਟੀ 'ਭੱਲ' ਪਾਸੇ ਸੁੱਟ'ਤੀ, ਬੁੱਢੇ ਵਾਰੇ ਹਿੰਡ੍ਹ ਆਪਣੀ ਪੁਗਾਉਣ ਨੂੰ।
'ਬੰਨ੍ਹ-ਸ਼ੁਬ' ਕੀਤਾ ਪਟਿਆਲ਼ਾ-ਸ਼ਾਹੀ' ਨੇ, ਸੱਜਰਾ ਸ਼ਰੀਕ ਸਿੱਧੂ 'ਖੂੰਜੇ ਲਾਉਣ' ਨੂੰ।
ਮਿਲ਼ ਕੇ ਕਮਲ ਨਾਲ ਵਿਉਂਤਾਂ ਘੜੀਆਂ, ਗੁੱਝਾ ਕੋਈ 'ਚੰਦ ਨਵਾਂ' ਹੀ ਚੜ੍ਹਾਊਣ ਨੂੰ।
'ਲੋਕ ਕਾਂਗਰਸ' ਨਾਂ ਦੀ ਪਾਰਟੀ ਬਣੀ, ਪੰਜੇ ਦੀਆਂ ਬੇੜੀਆਂ 'ਚ ਵੱਟੇ ਪਾਉਣ ਨੂੰ!

# ਦਿੱਲੀ ਦੀਆਂ ਬਰੂਹਾਂ ਤੋਂ ਅੰਨਦਾਤੇ ਦਾ ਸਵਾਲ

***ਅਸੀਂ ਅਨਾਜ ਸਮੇਤ ਸਭ ਕੁਝ ਇਸ ਧਰਤੀ ਵਿਚੋਂ ਪੈਦਾ ਕਰਦੇ ਹਾਂ, ਹਰ ਔਖੀ ਸੌਖੀ ਰੁੱਤ ਦੇ ਬਾਵਜੂਦ ਕਰਦੇ ਹਾਂ। ਸੋਕਿਆਂ ਦੀ ਮਾਰ ਵਿਚ ਵੀ, ਹੜ੍ਹਾਂ ਦੇ ਕਹਿਰ ਵਿਚ ਵੀ। ਅਸੀਂ ਕਦੇ ਗੁਦਾਮ ਖਾਲੀ ਨਹੀਂ ਰਹਿਣ ਦਿੱਤੇ। ਕੋਈ ਸਮਾਂ ਸੀ ਜਦੋਂ ਤੁਹਾਨੂੰ ਅਨਾਜ ਲਈ ਅਮਰੀਕਾ ਵਰਗੇ ਮੁਲਕਾਂ ਅੱਗੇ ਹੱਥ ਅੱਡਣਾ ਪੈਂਦਾ ਸੀ ਪਰ ਅਸੀਂ ਪੂਰੇ ਮੁਲਕ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਓਟੀ ਤੇ ਨਿਭਾਈ। ਅਸੀਂ ਅਨਾਜ ਦੇ ਗੁਦਾਮ ਤੂੜ ਦਿੱਤੇ। ਜੋ ਬੀਜ ਤੁਸੀਂ ਕਹੇ, ਜੋ ਸਪਰੇਆਂ ਤੁਸੀਂ ਦੱਸੀਆਂ, ਅਸੀਂ ਉਹੀ ਵਰਤੀਆਂ। ਇਨ੍ਹਾਂ ਜ਼ਹਿਰਾਂ ਨੇ ਭਾਵੇਂ ਸਾਡੀ ਧਰਤੀ ਤੇ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ, ਸਾਡੇ ਪੱਲੇ ਖੁਦਕੁਸ਼ੀਆਂ ਹੀ ਪਈਆਂ ਪਰ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋਏ। ਸਾਡੇ ਜ਼ਿੰਮੇ ਅਨਾਜ ਪੈਦਾ ਕਰਨਾ ਸੀ, ਅਸੀਂ ਕੀਤਾ।...***

ਵਤਨ ਦੇ ਹਾਕਮੋ! ਅਸੀਂ ਦਿੱਲੀ ਦੀਆਂ ਬਰੂਹਾਂ ਤੋਂ ਤੁਹਾਨੂੰ ਮੁਖਾਤਿਬ ਹਾਂ। ਅਸੀਂ ਇੱਥੇ ਬੈਠਿਆਂ ਨੇ ਇਹ ਖਬਰ ਸੁਣੀ ਹੈ ਕਿ ਦੋ ਸੰਸਥਾਵਾਂ 'ਕਨਸਰਨ ਵਰਲਡਵਾਈਡ' ਅਤੇ 'ਵੈਲਟ ਹੰਗਰ ਹਿਲਪੇ' ਨੇ ਸਾਂਝੇ ਤੌਰ ਤੇ ਦੁਨੀਆ ਵਿਚ ਭੁੱਖਮਰੀ ਬਾਰੇ ਦਰਜਾਬੰਦੀ ਜਾਰੀ ਕੀਤੀ ਹੈ। ਇਸ ਵਿਚ ਦੁਨੀਆ ਦੇ 116 ਮੁਲਕ ਰੱਖੇ ਹਨ। ਇਨ੍ਹਾਂ ਵਿਚ ਸਾਡੇ ਮੁਲਕ ਦਾ 101ਵਾਂ ਸਥਾਨ ਹੈ। ਇੰਨੀ ਵੱਡੀ ਦੁਨੀਆ ਚ ਸਿਰਫ 15 ਮੁਲਕ ਹੀ ਅਜਿਹੇ ਹਨ ਜਿੱਥੇ ਸਾਡੇ ਨਾਲੋਂ ਵੀ ਜ਼ਿਆਦਾ ਭੁੱਖਮਰੀ ਹੈ। ਸਾਡੇ ਆਲੇ ਦੁਆਲੇ ਦੇ ਕਈ ਛੋਟੇ ਛੋਟੇ ਮੁਲਕਾਂ ਦਾ ਹਾਲ ਸਾਡੇ ਜਿੰਨਾ ਮਾੜਾ ਨਹੀਂ। ਜਦੋਂ ਪਿਛਲੇ ਵਰ੍ਹੇ ਅਸੀਂ ਇੱਥੇ ਆਏ ਸੀ, ਉਦੋਂ ਇਸ ਦਰਜਾਬੰਦੀ ਅੰਦਰ ਸਾਡਾ ਸਥਾਨ 94ਵਾਂ ਸੀ। ਇਕ ਵਰ੍ਹੇ ਵਿਚ ਮੁਲਕ ਅੰਦਰ ਭੁੱਖੇ ਢਿੱਡਾਂ ਦੀ ਗਿਣਤੀ ਹੋਰ ਵਧ ਗਈ ਹੈ। ਤੁਸੀਂ ਤਾਂ ਭਾਵੇਂ ਇਸ ਦਰਜਾਬੰਦੀ ਕਰਨ ਦੇ ਢੰਗਾਂ ਦੇ ਨੁਕਸ ਗਿਣਾ ਕੇ ਹੀ ਪੱਲਾ ਝਾੜ ਲਿਆ ਹੈ ਪਰ ਆਲੇ ਦੁਆਲੇ ਅੰਦਰ ਪਸਰੀ ਭੁੱਖ ਤੇ ਅਨਾਜ ਨੂੰ ਤਰਸਦੇ ਲੋਕ ਤਾਂ ਸਾਰੀ ਦੁਨੀਆ ਨੂੰ ਦਿਸਦੇ ਹਨ। ਇੱਕ ਦਿਨ ਲਈ ਆਏ ਕਿਸੇ ਰਾਸ਼ਟਰਪਤੀ ਨੂੰ ਤਾਂ




**ਪਾਵੇਲ ਕੁੱਸਾ**

ਤੁਸੀਂ ਮੌਕੇ ਤੇ ਕੰਧ ਕੱਢ ਕੇ ਗ਼ਰੀਬੀ ਦੀ ਹਕੀਕਤ ਛੁਪਾ ਸਕਦੇ ਹੋ ਪਰ ਦੁਨੀਆ ਦੇ ਲੋਕਾਂ ਤੋਂ ਭੁੱਖੇ ਭਾਰਤ ਵਾਸੀਆਂ ਦਾ ਦਰਦ ਨਹੀਂ ਛੁਪਾ ਸਕਦੇ।

ਸਾਨੂੰ ਅੰਨਦਾਤੇ ਕਿਹਾ ਜਾਂਦਾ ਹੈ। ਅਸੀਂ ਅਨਾਜ ਸਮੇਤ ਸਭ ਕੁਝ ਇਸ ਧਰਤੀ ਵਿਚੋਂ ਪੈਦਾ ਕਰਦੇ ਹਾਂ, ਹਰ ਔਖੀ ਸੌਖੀ ਰੁੱਤ ਦੇ ਬਾਵਜੂਦ ਕਰਦੇ ਹਾਂ। ਸੋਕਿਆਂ ਦੀ ਮਾਰ ਵਿਚ ਵੀ, ਹੜ੍ਹਾਂ ਦੇ ਕਹਿਰ ਵਿਚ ਵੀ। ਅਸੀਂ ਕਦੇ ਗੁਦਾਮ ਖਾਲੀ ਨਹੀਂ ਰਹਿਣ ਦਿੱਤੇ। ਕੋਈ ਸਮਾਂ ਸੀ ਜਦੋਂ ਤੁਹਾਨੂੰ ਅਨਾਜ ਲਈ ਅਮਰੀਕਾ ਵਰਗੇ ਮੁਲਕਾਂ ਅੱਗੇ ਹੱਥ ਅੱਡਣਾ ਪੈਂਦਾ ਸੀ ਪਰ ਅਸੀਂ ਪੂਰੇ ਮੁਲਕ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਓਟੀ ਤੇ ਨਿਭਾਈ। ਅਸੀਂ ਅਨਾਜ ਦੇ ਗੁਦਾਮ ਤੂੜ ਦਿੱਤੇ। ਜੋ ਬੀਜ ਤੁਸੀਂ ਕਹੇ, ਜੋ ਸਪਰੇਆਂ ਤੁਸੀਂ ਦੱਸੀਆਂ, ਅਸੀਂ ਉਹੀ ਵਰਤੀਆਂ। ਇਨ੍ਹਾਂ ਜ਼ਹਿਰਾਂ ਨੇ ਭਾਵੇਂ ਸਾਡੀ ਧਰਤੀ ਤੇ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ, ਸਾਡੇ ਪੱਲੇ ਖੁਦਕੁਸ਼ੀਆਂ ਹੀ ਪਈਆਂ ਪਰ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋਏ। ਸਾਡੇ ਜ਼ਿੰਮੇ ਅਨਾਜ ਪੈਦਾ ਕਰਨਾ ਸੀ, ਅਸੀਂ ਕੀਤਾ। ਤੁਹਾਡੇ ਜ਼ਿੰਮੇ ਇਹਨੂੰ ਮੰਡੀਆਂ ਵਿਚ ਰੁਲਣੋਂ ਬਚਾਉਣਾ ਸੀ, ਮੁਲਕ ਦੇ ਹਰ ਬਸ਼ਿੰਦੇ ਤੱਕ ਪਹੁੰਚਾਉਣਾ ਸੀ ਪਰ ਤੁਸੀਂ ਇਹ ਜ਼ਿੰਮੇਵਾਰੀ ਨਹੀਂ ਨਿਭਾਈ; ਨਾ ਤੁਹਾਥੋਂ ਪਹਿਲਿਆਂ ਨੇ ਨਿਭਾਈ। ਸਾਡਾ ਉਗਾਇਆ ਅਨਾਜ ਮੰਡੀਆਂ ਵਿਚ ਰੁਲਦਾ ਰਿਹਾ ਜਾਂ ਗੁਦਾਮਾਂ ਵਿਚ ਸੜਦਾ ਰਿਹਾ, ਤੁਸੀਂ ਉਹਨੂੰ ਲੋੜਵੰਦਾਂ ਤਕ ਵੰਡ ਵੀ ਨਾ ਸਕੇ! ਸਾਡੇ ਹੁੰਦਿਆਂ, ਤੁਹਾਡੇ ਹੁੰਦਿਆਂ ਮੁਲਕ ਦੇ ਕਿਰਤੀਆਂ ਦੇ ਢਿੱਡ ਖਾਲੀ ਰਹੇ। ਅਸੀਂ ਤੇ ਤੁਸੀਂ ਹੁਣ ਤਕ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਪੈਂਦੇ ਕਾਲ ਦੀਆਂ ਗੱਲਾਂ ਕਰਦੇ ਰਹੇ ਹਾਂ, ਮੁਲਕ ਅੰਦਰ ਹੁਣ ਵੀ ਭੁੱਖ ਨਾਲ ਹੁੰਦੀਆਂ ਮੌਤਾਂ ਤੇ ਕੁਪੋਸ਼ਣ ਦੇ ਹਾਲਾਤ ਕੀ ਕਿਸੇ ਕਾਲ ਨਾਲੋਂ ਘੱਟ ਹਨ?

ਸਾਡੇ ਪੈਦਾ ਕੀਤੇ ਅਨਾਜ ਨੂੰ ਕਿਰਤੀਆਂ ਤੱਕ ਪਹੁੰਚਾਉਣ ਲਈ ਜਨਤਕ ਵੰਡ ਪ੍ਰਣਾਲੀ ਦਾ ਜੋ ਢਾਂਚਾ ਸੀ, ਤੁਸੀਂ ਉਸ ਨੂੰ ਖੋਰਨ ਤੇ ਕਿਉਂ ਲੱਗੇ ਰਹੇ? ਕਦੇ ਉਹਦੇ ਰਾਹੀਂ ਮਨੁੱਖੀ ਲੋੜ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਵੀ ਲੋਕਾਂ ਨੂੰ ਸਸਤੇ ਭਾਅ ਦਿੱਤੀਆਂ ਜਾਂਦੀਆਂ ਸੀ ਪਰ ਪਹਿਲਾਂ ਉਨ੍ਹਾਂ ਸਭਨਾਂ ਨੂੰ ਸਿਰਫ ਅਨਾਜ ਤੇ ਦਾਲ ਤਕ ਸੀਮਤ



ਕੀਤਾ। ਫਿਰ ਜਨਤਕ ਵੰਡ ਪ੍ਰਣਾਲੀ ਦੀਆਂ ਸੂਚੀਆਂ ਵਿਚੋਂ ਲੋਕਾਂ ਨੂੰ ਛਾਂਗਣਾ ਸ਼ੁਰੂ ਕੀਤਾ। ਕੁੱਲ ਵਸਤਾਂ ਸਿਰਜਣ ਵਾਲੇ ਕਿਰਤੀਆਂ ਦਾ ਬਹੁਤ ਵੱਡਾ ਹਿੱਸਾ ਇਸ ਵਿਚੋਂ ਬਾਹਰ ਕਰ ਦਿੱਤਾ। ਗੁਦਾਮਾਂ ਵਿਚ ਚੂਹੇ ਅਨਾਜ ਖਾਂਦੇ ਰਹੇ ਤੇ ਕਿਰਤੀਆਂ ਦੇ ਬੱਚੇ ਕੁਪੋਸ਼ਣ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਪੈਂਦੇ ਰਹੇ। ਤੁਹਾਡੀ ਬੇਅੰਤ ਤਾਕਤ ਕਿਸੇ ਅਰਥ ਕਿਉਂ ਨਾ ਆਈ? ਪਿਛਲੇ ਸਾਲਾਂ ਦੌਰਾਨ ਤੁਸੀਂ ਦੂਜੇ ਮੁਲਕਾਂ ਤੋਂ ਕਿੰਨੇ ਹੀ ਟੈਂਕ ਖਰੀਦੇ, ਤੋਪਾਂ ਤੋਂ ਲੈ ਕੇ ਜੰਗੀ ਜਹਾਜ਼ ਖਰੀਦੇ, ਗੁਆਂਢੀਆਂ ਤੇ ਸਰਜੀਕਲ ਸਟ੍ਰਾਈਕਾਂ ਵੀ ਕੀਤੀਆਂ ਪਰ ਤੁਹਾਡੇ ਕੋਲੋਂ ਮੰਡੀਆਂ ਅੰਦਰ ਰੁਲਦਾ ਅਨਾਜ ਨਾ ਸਾਂਭਿਆ ਗਿਆ, ਨਾ ਨਵੇਂ ਗੁਦਾਮ ਬਣੇ। ਗੁਦਾਮਾਂ ਚ ਪਿਆ ਅਨਾਜ ਕਿਰਤੀਆਂ ਦੇ ਮੂੰਹਾਂ ਤੱਕ ਨਾ ਪੁੱਜਾ।

ਅਸੀਂ ਤੁਹਾਡੀ ਸੱਤਾ ਦੇ ਗਲਿਆਰਿਆਂ ਦੇ ਕੋਲ ਬੈਠੇ ਸਾਲ ਭਰ ਤੋਂ ਜੋ ਕਹਿ ਰਹੇ ਹਾਂ, ਹੁਣ ਇਸ ਰਿਪੋਰਟ ਨੇ ਵੀ ਉਸੇ ਦੀ ਪੁਸ਼ਟੀ ਕਰ ਦਿੱਤੀ ਹੈ। ਅਸੀਂ ਕਾਨੂੰਨ ਰੱਦ ਕਰਨ ਲਈ ਕਹਿੰਦੇ ਹਾਂ, ਅਸੀਂ ਐਮ.ਐਸ.ਪੀ. 'ਤੇ ਸਰਕਾਰੀ ਖਰੀਦ ਮੰਗਦੇ ਹਾਂ, ਅਸੀਂ ਹਰ ਕਿਰਤੀ ਲਈ ਅਨਾਜ ਅਤੇ ਹੋਰ ਖਾਧ ਪਦਾਰਥਾਂ (ਪੀ.ਡੀ.ਐਸ.) ਦਾ ਹੱਕ ਮੰਗਦੇ ਹਾਂ। ਤੁਹਾਡੇ ਬਣਾਏ ਨਵੇਂ ਕਾਨੂੰਨ ਅਨਾਜ ਨੂੰ ਵੱਡੇ ਧਨਾਢਾਂ ਦੇ ਵਪਾਰ ਦੇ ਵੱਸ ਪਾਉਣ ਵਾਲੇ ਹਨ। ਜੇ ਸਾਡਾ ਪੈਦਾ ਕੀਤਾ ਅਨਾਜ ਤੁਸੀਂ ਗਰੀਬਾਂ ਤੱਕ ਨਹੀਂ ਪਹੁੰਚਾ ਸਕੇ ਤਾਂ ਭਲਾ ਕਿਸੇ ਧਨਾਢ ਘਰਾਣੇ ਨੂੰ ਕੀ ਜ਼ਰੂਰਤ ਹੈ ਕਿ ਉਹ ਅਨਾਜ

***ਦੁਨੀਆ ਸਾਨੂੰ ਦੱਸ ਰਹੀ ਹੈ ਕਿ ਮੁਲਕ ਅੰਦਰ ਭੁੱਖਮਰੀ ਦੀ ਕੀ ਹਾਲਤ ਹੈ। ਇਹ ਨਵੇਂ ਕਾਨੂੰਨ ਇਸ ਹਾਲਤ ਨੂੰ ਹੋਰ ਮੰਦੀ ਕਰ ਦੇਣਗੇ। ਭੁੱਖਮਰੀ 'ਚੋਂ ਨਿਕਲਣ ਦਾ ਰਸਤਾ ਸਾਡੀਆਂ ਪੈਦਾ ਕੀਤੀਆਂ ਫਸਲਾਂ ਨੂੰ ਤੁਹਾਡੇ ਵੱਲੋਂ ਖਰੀਦਣ ਅਤੇ ਹਰ ਲੋੜਵੰਦ ਤੱਕ ਪਹੁੰਚਾਉਣ ਵਿਚ ਹੈ। ਇਹਦੇ ਲਈ ਦੁਨੀਆ ਦੀ ਕੋਈ ਵਸਤ ਤਕਨੀਕ ਨਹੀਂ ਚਾਹੀਦੀ; ਬਸ ਖਰਾ ਇਰਾਦਾ ਚਾਹੀਦਾ ਹੈ, ਲੋਕਾਂ ਨਾਲ ਵਫਾਦਾਰੀ ਚਾਹੀਦੀ ਹੈ ਤੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਚਾਹੀਦਾ ਹੈ ਜਿਹੜਾ ਤੁਹਾਨੂੰ ਕਦੇ ਨਹੀਂ ਹੋਇਆ।***

ਲੋੜਵੰਦਾਂ ਤੱਕ ਪਹੁੰਚ ਜਾਵੇਗਾ। ਕੋਈ ਬਹੁਕੌਮੀ ਵਿਦੇਸ਼ੀ ਕੰਪਨੀ ਸਾਡਾ ਪੈਦਾ ਕੀਤਾ ਅਨਾਜ ਜਹਾਜ਼ਾਂ ਵਿਚ ਲੱਦ ਕੇ ਵਿਦੇਸ਼ਾਂ ਨੂੰ ਲਿਜਾਵੇਗੀ ਤੇ ਕਿਰਤੀਆਂ ਦੇ ਮਾਸੂਮ ਬਾਲ ਦਾਣੇ ਦਾਣੇ ਦੇ ਹੋਰ ਮੁਥਾਜ ਹੋਣਗੇ। ਉਹ ਸਾਡੇ ਨਾਲ ਬੇ-ਮੇਚ ਸਮਝੌਤੇ (ਕੰਟਰੈਕਟ) ਕਰ ਕੇ ਸਾਨੂੰ ਉਹ ਫਸਲਾਂ ਬੀਜਣ ਲਈ ਮਜਬੂਰ ਕਰਨਗੇ ਜਿਹੜੀਆਂ ਦੀ ਉਨ੍ਹਾਂ ਨੂੰ ਹੋਰਨਾਂ ਮੁਲਕਾਂ ਅੰਦਰ ਲੋੜ ਹੈ। ਸਾਡੇ ਖੇਤਾਂ ਵਿਚੋਂ ਉਨ੍ਹਾਂ ਦੇ ਵਪਾਰ ਨੂੰ ਜ਼ਰਬਾਂ ਦੇਣ ਵਾਲੀਆਂ ਫਸਲਾਂ ਉਗਣਗੀਆਂ।

ਇੱਥੇ ਬੈਠੇ ਅਸੀਂ ਅਕਸਰ ਤੁਹਾਡੇ ਵੱਲੋਂ ਬਣਨ ਜਾ ਰਹੀ ਵਿਸ਼ਵ ਤਾਕਤ ਦੇ ਕੀਤੇ ਜਾਂਦੇ ਦਾਅਵੇ ਸੁਣਦੇ ਹਾਂ। ਕੀ ਭੁੱਖੇ ਢਿੱਡਾਂ ਨਾਲ ਵੀ ਵਿਸ਼ਵ ਤਾਕਤ ਬਣ ਸਕਦੀ ਹੈ? ਕੀ ਵਿਸ਼ਵ ਤਾਕਤ ਬਣਨ ਦਾ ਰਸਤਾ ਇਹ ਹੈ ਕਿ ਨਾ ਆਪਣੇ ਕਿਸਾਨਾਂ ਦੀਆਂ ਫਸਲਾਂ ਖਰੀਦੋ ਤੇ ਨਾ ਲੋਕਾਂ ਨੂੰ ਅਨਾਜ ਦਿਉ: ਇਨ੍ਹਾਂ ਝਮੇਲਿਆਂ ਚ ਹੀ ਨਾ ਪਉ! ਅਸੀਂ ਅਜਿਹੀ ਵਿਸ਼ਵ ਤਾਕਤ ਬਣਨ ਤੋਂ ਇਨਕਾਰੀ ਹਾਂ।

ਹੁਣ ਤੱਕ ਤੁਸੀਂ ਇਹੀ ਕਹਿੰਦੇ ਰਹੇ ਕਿ ਸਰਕਾਰ ਇੰਨੀਆਂ ਰਕਮਾਂ ਜੁਟਾ ਕੇ ਇੰਨਾ ਅਨਾਜ ਕਿਵੇਂ ਖਰੀਦੇ ਤੇ ਸਸਤੇ ਭਾਅ ਗ਼ਰੀਬਾਂ ਨੂੰ ਕਿੱਥੋਂ ਮੁਹੱਈਆ ਕਰਾਵੇ? ਇੰਨੀਆਂ ਰਕਮਾਂ ਕਿੱਥੋਂ ਆਉਣਗੀਆਂ? ਕੀ ਮੁਲਕ ਕੋਲ ਸੱਚਮੁੱਚ ਰਕਮਾਂ ਦੀ ਕਮੀ ਹੈ? ਸਾਨੂੰ ਬੀਜ, ਰੇਹਾਂ, ਸਪਰੇਹਾਂ ਤੇ ਮਸ਼ੀਨਰੀ ਵੇਚਣ ਵਾਲੀਆਂ ਬਹੁਕੌਮੀ ਕੰਪਨੀਆਂ ਨੇ ਸਾਡੇ ਇਨ੍ਹਾਂ ਖੇਤਾਂ ਵਿਚੋਂ ਹੀ ਅਰਬਾਂ ਖਰਬਾਂ ਰੁਪਏ ਕਮਾਏ ਹਨ।

ਮੁਲਕ ਦੇ ਧਨਾਢ ਪਰਿਵਾਰ ਦੁਨੀਆ ਦੇ ਚੋਟੀ ਦੇ ਅਮੀਰਾਂ ਚ ਸ਼ੁਮਾਰ ਹੋ ਗਏ। ਮੁਲਕ ਅੰਦਰ ਅਰਬ ਪਤੀਆਂ ਦੀ ਗਿਣਤੀ ਵਧ ਰਹੀ ਹੈ। ਅੰਬਰ ਛੂੰਹਦੇ ਦੌਲਤਾਂ ਦੇ ਢੇਰਾਂ ਵਿਚੋਂ ਚੰਦ ਫੀਸਦ ਟੈਕਸ ਉਗਰਾਹ ਕੇ ਕੀ ਗਰੀਬਾਂ ਨੂੰ ਅਨਾਜ ਨਹੀਂ ਦਿੱਤਾ ਜਾ ਸਕਦਾ? ਜਦੋਂ ਧਨਾਢਾਂ ਦੇ ਵਪਾਰ ਤੇ ਮੁਨਾਫਿਆਂ ਦਾ ਗ੍ਰਾਫ ਜ਼ਰਾ ਕੁ ਥੱਲੇ ਆਵੇ ਤਾਂ ਸਾਡੀਆਂ ਕਮਾਈਆਂ ਨਾਲ ਭਰਿਆ ਖਜ਼ਾਨਾ ਰਾਹਤ ਪੈਕੇਜਾਂ ਦੇ ਨਾਂ ਹੇਠ ਝੱਟ ਉਨ੍ਹਾਂ ਲਈ ਖੁੱਲ੍ਹ ਜਾਂਦਾ ਹੈ ਪਰ ਹੁਣ ਕਿਰਤੀ ਲੋਕਾਂ ਦੇ ਢਿੱਡ ਵੀ ਪੂਰੇ ਨਹੀਂ ਭਰ ਰਹੇ ਤਾਂ ਕੀ ਉਨ੍ਹਾਂ ਦੌਲਤਾਂ ਚੋਂ ਲੋਕਾਂ ਨੂੰ ਅਨਾਜ ਦੇਣ ਲਈ ਸਰਕਾਰੀ ਖਜ਼ਾਨੇ ਵਿਚ ਨਹੀਂ ਪਾਇਆ ਜਾ ਸਕਦਾ?

ਦੁਨੀਆ ਸਾਨੂੰ ਦੱਸ ਰਹੀ ਹੈ ਕਿ ਮੁਲਕ ਅੰਦਰ ਭੁੱਖਮਰੀ ਦੀ ਕੀ ਹਾਲਤ ਹੈ। ਇਹ ਨਵੇਂ ਕਾਨੂੰਨ ਇਸ ਹਾਲਤ ਨੂੰ ਹੋਰ ਮੰਦੀ ਕਰ ਦੇਣਗੇ। ਭੁੱਖਮਰੀ ਚੋਂ ਨਿਕਲਣ ਦਾ ਰਸਤਾ ਸਾਡੀਆਂ ਪੈਦਾ ਕੀਤੀਆਂ ਫਸਲਾਂ ਨੂੰ ਤੁਹਾਡੇ ਵੱਲੋਂ ਖਰੀਦਣ ਅਤੇ ਹਰ ਲੋੜਵੰਦ ਤੱਕ ਪਹੁੰਚਾਉਣ ਵਿਚ ਹੈ। ਇਹਦੇ ਲਈ ਦੁਨੀਆ ਦੀ ਕੋਈ ਵਸਤ ਤਕਨੀਕ ਨਹੀਂ ਚਾਹੀਦੀ, ਕੋਈ ਮਾਹਰ ਨਹੀਂ ਚਾਹੀਦੇ, ਕੋਈ ਸਿਧਾਂਤਕ ਗਿਆਨ ਨਹੀਂ ਚਾਹੀਦਾ; ਬਸ ਖਰਾ ਇਰਾਦਾ ਚਾਹੀਦਾ ਹੈ, ਲੋਕਾਂ ਨਾਲ ਵਫਾਦਾਰੀ ਚਾਹੀਦੀ ਹੈ ਤੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਚਾਹੀਦਾ ਹੈ ਜਿਹੜਾ ਤੁਹਾਨੂੰ ਕਦੇ ਨਹੀਂ ਹੋਇਆ। ਇਸੇ ਲਈ ਤਾਂ ਤੁਸੀਂ ਭੁੱਖੇ ਵਸਦੇ ਭਾਰਤ ਦਾ ਅਨਾਜ ਦੇਸੀ ਵਿਦੇਸ਼ੀ ਧਨਾਢਾਂ ਹਵਾਲੇ ਕਰ ਰਹੇ ਹੋ।

ਅਸੀਂ ਤੂੜੇ ਗੁਦਾਮਾਂ ਵਾਲੇ ਮੁਲਕ ਅੰਦਰ, ਫਸਲਾਂ ਦੇ ਅੰਬਾਰ ਲਾਉਣ ਵਾਲੇ ਮੁਲਕ ਅੰਦਰ, ਭੁੱਖੇ ਮਰਦੇ ਲੋਕਾਂ ਦੇ ਮੁਲਕ ਅੰਦਰ ਅੰਨ ਦਾ ਵਪਾਰ ਮੁਨਾਫੇ ਲਈ ਨਹੀਂ ਹੋਣ ਦੇਵਾਂਗੇ। ਇਹਦੇ ਉਤੇ ਦੇਸੀ ਤੇ ਵਿਦੇਸ਼ੀ ਧਨਾਢਾਂ ਦਾ ਗਲਬਾ ਨਹੀਂ ਪੈਣ ਦੇਵਾਂਗੇ। ਅਸੀਂ ਸਿਰਫ ਅਨਾਜ ਪੈਦਾ ਨਹੀਂ ਕਰਾਂਗੇ, ਇਹਦੀ ਰਾਖੀ ਵੀ ਕਰਾਂਗੇ ਤੇ ਇਹਨੂੰ ਭੁੱਖੇ ਢਿੱਡਾਂ ਤਕ ਪਹੁੰਚਾਉਣ ਲਈ ਵੀ ਲੜਾਂਗੇ। ਇਉਂ ਖੇਤਾਂ ਦੇ ਜਾਏ ਹੋਣ ਦਾ ਫਰਜ਼ ਅਦਾ ਕਰਾਂਗੇ।

# ਭਗਵੀ ਦਹਿਸ਼ਤ ਅਤੇ ਘੱਟ ਗਿਣਤੀਆਂ ‘ਤੇ ਵਧ ਰਹੇ ਹਮਲੇ

***ਆਰ.ਐਸ.ਐਸ. ਨਾਲ ਜੁੜੀਆਂ ਜਥੇਬੰਦੀਆਂ ਘੱਟ ਗਿਣਤੀਆਂ ਖਿਲਾਫ ਭੜਕਾਊ ਪ੍ਰਚਾਰ ਅਤੇ ਜ਼ਹਿਰੀਲੀ ਫਿਰਕੂ ਲਾਮਬੰਦੀ ਕਰ ਰਹੀਆਂ ਹਨ। ਛੱਤੀਸਗੜ੍ਹ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਇਹ ਹਿੰਦੂ ਰਾਸ਼ਟਰਵਾਦੀ ਮੁਹਿੰਮ ਜ਼ੋਰ-ਸ਼ੋਰ ਨਾਲ ਚਲਾਈ ਜਾ ਰਹੀ ਹੈ। ਜ਼ਿਆਦਾਤਰ ਹਮਲੇ ਇਸਾਈਆਂ ਦੀਆਂ ਪ੍ਰਾਰਥਨਾ ਸਭਾਵਾਂ ਉਪਰ ਕੀਤੇ ਜਾ ਰਹੇ ਹਨ। ਇਸਾਈਆਂ ਵਿਰੁੱਧ ਅਕਸਰ ਹੀ ਭੜਕਾਊ ਭਾਸ਼ਣ ਦਿੱਤੇ ਜਾਂਦੇ ਹਨ। ਪਹਿਲੀ ਅਕਤੂਬਰ ਨੂੰ ਇਕ ਰੈਲੀ ‘ਚ ਸਵਾਮੀ ਪਰਮਾਤਮਾਨੰਦ ਨੇ ਭਾਜਪਾ ਆਗੂਆਂ ਦੀ ਮੌਜੂਦਗੀ ‘ਚ ਸੱਦਾ ਦਿੱਤਾ ਕਿ ਧਰਮ ਬਦਲੀ ਕਰਨ ਵਾਲੇ ਘੱਟ ਗਿਣਤੀ ਲੋਕਾਂ ਨੂੰ ਚੁਣ-ਚੁਣ ਕੇ ਮਾਰਿਆ ਜਾਣਾ ਚਾਹੀਦਾ ਹੈ। ਇਕ ਹੋਰ ਭਾਸ਼ਣ ਕਰਤਾ ਨੇ ਤਾਂ ਅੰਜੀਲ ਨੂੰ ਮੰਨਣ ਵਾਲਿਆਂ ਦੇ ਸਿਰ ਕਲਮ ਕਰ ਦੇਣ ਦਾ ਸੱਦਾ ਵੀ ਦਿੱਤਾ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਰ.ਐਸ.ਐਸ. ਦੇ ਇਸ ਏਜੰਡੇ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***








***ਘੱਟ ਗਿਣਤੀਆਂ ਉਤੇ ਵਧੀਕੀਆਂ ਖਿਲਾਫ ਕੱਢੀ ਰੋਸ ਰੈਲੀ ਦੀ ਝਲਕ, (ਵਿਚਕਾਰ) ਸਾੜ-ਫੂਕ ਬਾਰੇ ਜਾਣਕਾਰੀ ਦਿੰਦੇ ਨੁਮਾਇੰਦੇ ਅਤੇ (ਐਨ ਸੱਜੇ) ਵਕੀਲਾਂ ਦੀ ਟੀਮ ਜਿਨ੍ਹਾਂ ਖਿਲਾਫ ਯੂ.ਏ.ਪੀ.ਏ. ਲਾ ਦਿੱਤਾ ਗਿਆ ਹੈ।***

ਹਾਲ ਹੀ ਵਿਚ ਇਸਾਈਆਂ ਅਤੇ ਮੁਸਲਮਾਨਾਂ ਵਿਰੁੱਧ ਹਿੰਸਾ ਦੀਆਂ ਹੌਲਨਾਕ ਘਟਨਾਵਾਂ ਦੱਸਦੀਆਂ ਹਨ ਕਿ ਘੱਟ ਗਿਣਤੀਆਂ ਕਿਵੇਂ ਸਹਿਮ ਦੇ ਸਾਏ ਹੇਠ ਦਿਨ ਕੱਟ ਰਹੀਆਂ ਹਨ। ਪਹਿਲੀ ਮਿਸਾਲ ਛੱਤੀਸਗੜ੍ਹ ਦੇ ਧਮਤਰੀ ਜ਼ਿਲ੍ਹੇ ਦੀਆਂ ਘਟਨਾਵਾਂ ਦੀ ਹੈ ਜਿੱਥੇ 2 ਨਵੰਬਰ ਨੂੰ ਹਿੰਦੂਤਵੀ ਹਜੂਮ ਨੇ ਦੋ ਇਸਾਈਆਂ ਪਾਦਰੀਆਂ ਦੀ ਕੁੱਟਮਾਰ ਕੀਤੀ। ਸਥਾਨਕ ਰਿਪੋਰਟਾਂ ਅਨੁਸਾਰ ਸ਼ਾਮ ਨੂੰ ਚਾਰ ਵਜੇ ਰਜਨੀਕਾਂਤ ਦੇਵਗਨ ਅਤੇ ਨਿਲਾਂਬਰੀ ਸਾਹੂ ਦੀ ਅਗਵਾਈ ਹੇਠ ਹਿੰਦੂਤਵੀ ਹਜੂਮ ਨੇ ਇਸਾਈ ਪ੍ਰਾਰਥਨਾ ਸਭਾ ਉਪਰ ਹਮਲਾ

**ਬੂਟਾ ਸਿੰਘ**
ਫੋਨ: +91-94634-74342

ਕੀਤਾ ਅਤੇ ਦੋ ਪਾਦਰੀਆਂ ਸਾਸ਼ਾਰਥ ਮਾਣਿਕਪੁਰੀ ਅਤੇ ਕੇਸਰ ਮਾਣਿਕਪੁਰੀ ਦੀ ਕੁੱਟਮਾਰ ਕੀਤੀ। ਉਨ੍ਹਾਂ ਨੇ ਪਾਦਰੀਆਂ ਅਤੇ ਉਥੇ ਜੁੜੇ ਸ਼ਰਧਾਲੂਆਂ ਕੋਲੋਂ ਬਾਈਬਲ ਦੀਆਂ ਕਾਪੀਆਂ ਅਤੇ ਹੋਰ ਇਸਾਈ ਕਿਤਾਬਚੇ ਖੋਹ ਕੇ ਇਮਾਰਤ ਦੇ ਬਾਹਰ ਗਲੀ ਵਿਚ ਜਾ ਕੇ ਜਲਾ ਦਿੱਤੇ। ਹਮਲਾਵਰਾਂ ਨੇ ਧਮਕੀ ਦਿੱਤੀ ਕਿ ਇਸਾਈਆਂ ਨੂੰ ਬਿਲੇਰ ਪਿੰਡ ਵਿਚ ਪ੍ਰਾਰਥਨਾ ਸਭਾ ਨਹੀਂ ਕਰਨ ਦਿੱਤੀ ਜਾਵੇਗੀ। ਫਰਮਾਨ ਸੁਣਾ ਦਿੱਤਾ ਗਿਆ ਕਿ ਉਹ ਦੁਬਾਰਾ ਹਿੰਦੂ ਧਰਮ ਅਪਣਾ ਲੈਣ ਅਤੇ ਜੇ ਉਨ੍ਹਾਂ ਨੇ ਇਸਾਈ ਧਰਮ ਨੂੰ ਮੰਨਣਾ ਜਾਰੀ ਰੱਖਿਆ ਤਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ।

ਇਹ ਆਪਮੁਹਾਰਾ ਜਨੂੰਨੀ ਪ੍ਰਤੀਕਰਮ ਨਹੀਂ ਹੈ, ਇਸ ਪਿੱਛੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੇ ਕੀਤੇ ਜਾ ਰਹੇ ਭੜਕਾਊ ਪ੍ਰਚਾਰ ਅਤੇ ਜ਼ਹਿਰੀਲੀ ਫਿਰਕੂ ਲਾਮਬੰਦੀ ਦਾ ਹੱਥ ਹੈ। ਛੱਤੀਸਗੜ੍ਹ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਹਿੰਦੂ ਰਾਸ਼ਟਰਵਾਦੀ ਮੁਹਿੰਮ ਜ਼ੋਰਾਂ ’ਤੇ ਹੈ। ਜ਼ਿਆਦਾਤਰ ਹਮਲੇ ਇਸਾਈਆਂ ਦੀਆਂ ਪ੍ਰਾਰਥਨਾ ਸਭਾਵਾਂ ਉਪਰ ਕੀਤੇ ਜਾ ਰਹੇ ਹਨ। ਇਸਾਈਆਂ ਵਿਰੁੱਧ ਅਕਸਰ ਭੜਕਾਊ ਭਾਸ਼ਣ ਦਿੱਤੇ ਜਾਂਦੇ ਹਨ। ਪਹਿਲੀ ਅਕਤੂਬਰ ਨੂੰ ਸਰਗੁਜਾ ਜ਼ਿਲ੍ਹੇ ਵਿਚ ਇਕ ਰੈਲੀ ’ਚ ਸਵਾਮੀ ਪਰਮਾਤਮਾਨੰਦ ਨੇ ਭਾਜਪਾ ਆਗੂਆਂ ਦੀ ਮੌਜੂਦਗੀ ’ਚ ਸੱਦਾ ਦਿੱਤਾ ਕਿ ਧਰਮ ਬਦਲੀ ਕਰਨ ਵਾਲੇ ਘੱਟ ਗਿਣਤੀ ਲੋਕਾਂ ਨੂੰ ਚੁਣ-ਚੁਣ ਕੇ ਮਾਰਿਆ ਜਾਣਾ ਚਾਹੀਦਾ ਹੈ। ਇਕ ਹੋਰ ਭਾਸ਼ਣ ਕਰਤਾ ਨੇ ਤਾਂ ਅੰਜੀਲ ਨੂੰ ਮੰਨਣ ਵਾਲਿਆਂ ਦੇ ਸਿਰ ਕਲਮ ਕਰ ਦੇਣ ਦਾ ਸੱਦਾ ਵੀ ਦਿੱਤਾ।

ਭਾਰਤ ਵਿਚ ਇਸਾਈ ਵਿਰੋਧੀ ਹਿੰਸਾ ਉਪਰ ਨਜ਼ਰ ਰੱਖਣ ਵਾਲੀ ਸੰਸਥਾ ਪ੍ਰਾਸੀਕਿਊਸ਼ਨ ਰਿਲੀਫ ਅਨੁਸਾਰ ਸੰਨ 2020 ਦੀ ਪਹਿਲੀ ਛਿਮਾਹੀ ’ਚ ਮੁਲਕ ’ਚ ਇਸਾਈਆਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀਆਂ 293 ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ ਛੇ ਮਾਮਲਿਆਂ ਦਾ ਅੰਜਾਮ ਕਤਲਾਂ ਦੇ ਰੂਪ ’ਚ ਹੋਇਆ। ਬਲਾਤਕਾਰ ਤੋਂ ਬਾਅਦ ਦੋ ਔਰਤਾਂ ਨੂੰ ਕਤਲ ਕਰ ਦਿੱਤਾ ਗਿਆ। ਦੋ ਹੋਰ ਔਰਤਾਂ ਅਤੇ ਦਸ ਸਾਲ ਦੀ ਲੜਕੀ ਦਾ ਇਸ ਲਈ ਬਲਾਤਕਾਰ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਇਸਾਈ ਧਰਮ ਤਿਆਗਣ ਤੋਂ ਨਾਂਹ ਕਰ ਦਿੱਤੀ ਸੀ।

ਉਤਰ ਪ੍ਰਦੇਸ਼ ਇਸਾਈਆਂ ਵਿਰੁੱਧ ਹਿੰਸਾ ’ਚ ਸਭ ਤੋਂ ਅੱਗੇ ਹਨ ਜਿੱਥੇ ਐਸੀਆਂ 63 ਘਟਨਾਵਾਂ ਹੋਈਆਂ। ਇਹ ਸੂਚੀ ਮੁਕੰਮਲ ਨਹੀਂ ਮੰਨੀ ਜਾ ਸਕਦੀ ਕਿਉਂਕਿ ਬਹੁਤ ਸਾਰੇ ਮਾਮਲਿਆਂ ਦੀ ਰਿਪੋਰਟ ਹੀ ਨਹੀਂ ਹੁੰਦੀ।

ਦੂਜੀ ਮਿਸਾਲ ਅਕਤੂਬਰ ਦੇ ਅੱਧ ’ਚ ਤ੍ਰਿਪੁਰਾ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਮੁਸਲਿਮ ਫਿਰਕੇ ਉਪਰ ਹੋਏ ਹਮਲਿਆਂ ਦੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਹੋਰ ਹਿੰਦੂਤਵ ਜਥੇਬੰਦੀਆਂ ਨੇ ਬੰਗਲਾਦੇਸ਼ ਵਿਚ ਦੁਰਗਾ ਪੂਜਾ ਮੌਕੇ ਹਿੰਦੂਆਂ ਉਪਰ ਹੋਏ ਕਥਿਤ ਹਮਲਿਆਂ ਨੂੰ ਭਾਰਤ ਵਿਚ ਨਫਰਤ ਅਤੇ ਹਿੰਸਾ ਭੜਕਾਉਣ ਲਈ ਵਰਤਿਆ। ਰੋਸ ਪ੍ਰਗਟਾਉਣ ਦੇ ਨਾਂ ਹੇਠ ਰੈਲੀਆਂ ’ਚ ਹਜੂਮ ਇਕੱਠੇ ਕਰਕੇ ਮੁਸਲਿਮ ਵਿਰੋਧੀ ਲਾਮਬੰਦੀ ਕੀਤੀ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਅਤੇ ਉਸ ਦੀ ਸਰਕਾਰ ਨੇ ਹਿੰਸਾ ਲਈ ਜ਼ਿੰਮੇਵਾਰ ਧਾਰਮਿਕ ਕੱਟੜਪੰਥੀਆਂ ਵਿਰੁੱਧ ਸਖਤ ਕਾਰਵਾਈ ਕਰਨ ਦਾ ਭਰੋਸਾ ਦੇ ਦਿੱਤਾ ਸੀ ਅਤੇ ਪ੍ਰਸ਼ਾਸਨ ਨੇ ਤੁਰੰਤ ਹਰਕਤ ’ਚ ਆਉਂਦਿਆਂ ਬਹੁਤ ਸਾਰੀਆਂ ਗ੍ਰਿਫਤਾਰੀਆਂ ਵੀ ਕੀਤੀਆਂ, ਇਸ ਦੇ ਬਾਵਜੂਦ ਭਗਵੇਂ ਅਤਿਵਾਦੀਆਂ ਨੇ ਬੰਗਲਾਦੇਸ਼ ਵਿਚ ਹੋਏ ਹਮਲਿਆਂ ਦਾ ਬਦਲਾ ਭਾਰਤ ਵਿਚ ਮੁਸਲਮਾਨਾਂ ਤੋਂ ਲੈਣ ਦੇ ਸੱਦੇ ਦਿੱਤੇ। ਰੈਲੀਆਂ ਦੇ ਨਾਂ ਹੇਠ ਇਕੱਠ ਕੀਤੇ ਅਤੇ ਹਜੂਮਾਂ ਨੂੰ ਭੜਕਾ ਕੇ ਮਸਜਿਦਾਂ, ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਦੀ ਸਾੜਫੂਕ ਕਰਵਾਈ। ਇਸ ਬਾਰੇ ਬਹੁਤ ਸਾਰੀਆਂ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ। ਮੁਸਲਿਮ ਫਿਰਕੇ ਵਿਰੁੱਧ ਵਿਆਪਕ ਪੱਧਰ ’ਤੇ ਸਾੜਫੂਕ ਅਤੇ ਹਿੰਸਾ ਕੀਤੀ ਗਈ ਹੈ ਜਿਸ ਵਿਚ 12 ਮਸਜਿਦਾਂ, 9 ਦੁਕਾਨਾਂ ਅਤੇ 3 ਘਰ ਤਬਾਹ ਕਰ ਦਿੱਤੇ। ਹਿੰਦੂਤਵੀ ਗਰੋਹਾਂ ਨੇ ਮੁਸਲਿਮ ਔਰਤਾਂ ਨੂੰ ਅਪਮਾਨਿਤ ਕੀਤਾ, ਮੁਸਲਮਾਨਾਂ ਦੇ ਮੁਕੱਦਸ ਗ੍ਰੰਥ ਕੁਰਾਨ ਦੀਆਂ ਕਾਪੀਆਂ ਜਲਾਈਆਂ ਅਤੇ ਪੈਗੰਬਰ ਮੁਹੰਮਦ ਵਿਰੁੱਧ ਅਪਮਾਨਿਤ ਕਰਨ ਵਾਲੀ ਨਾਅਰੇਬਾਜ਼ੀ ਕੀਤੀ। ਪੁਲਿਸ ਤਮਾਸ਼ਬੀਨ ਬਣੀ ਦੇਖਦੀ ਰਹੀ ਅਤੇ ਬੇਹਰਕਤ ਰਹਿ ਕੇ ਦਹਿਸ਼ਤੀ ਗਰੋਹਾਂ ਦੀ ਮਦਦ ਕਰਦੀ ਰਹੀ। ਮਸਜਿਦਾਂ ਉਪਰ ਹਮਲਿਆਂ ਦੀਆਂ ਬਹੁਤ ਸਾਰੀਆਂ ਵੀਡੀਓ ਫੁਟੇਜ ਸੋਸ਼ਲ ਮੀਡੀਆ ਉਪਰ ਪਾਈਆਂ ਗਈਆਂ ਹਨ ਜਿਨ੍ਹਾਂ ਵਿਚ ਤਲਵਾਰਾਂ ਅਤੇ ਹੋਰ ਦੇਸੀ ਹਥਿਆਰਾਂ ਨਾਲ ਲੈਸ ਹਜੂਮ ‘ਜੈ ਸ੍ਰੀ ਰਾਮ’ ਦੇ ਨਾਅਰੇ ਲਾਉਂਦੇ ਦੇਖੇ ਜਾ ਸਕਦੇ ਹਨ ਜੋ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਧਾਰਮਿਕ ਘੱਟ ਗਿਣਤੀਆਂ ਅਤੇ ਹੋਰ ਨਿਤਾਣੇ ਹਿੱਸਿਆਂ ਉਪਰ ਹਮਲੇ ਕਰਨ ਸਮੇਂ ਹਿੰਦੂਤਵੀ ਗਰੋਹਾਂ ਦਾ ਜੰਗੀ ਨਾਅਰਾ ਬਣ ਚੁੱਕਾ ਹੈ।

ਪੱਛਮੀ ਅਗਰਤਲਾ ਪੁਲਿਸ ਨੇ ਉਸ ਤੱਥ ਖੋਜ ਟੀਮ ਦੇ ਮੈਂਬਰਾਂ ਜਿਨ੍ਹਾਂ ਨੇ ਉਥੇ ਜਾ ਕੇ ਜ਼ਮੀਨੀ ਹਕੀਕਤ ਦੀ ਰਿਪੋਰਟ ਤਿਆਰ ਕੀਤੀ ਸੀ, ਸਮੇਤ 102 ਲੋਕਾਂ ਵਿਰੁੱਧ ਯੂ.ਏ.ਪੀ.ਏ. ਤਹਿਤ ਕੇਸ ਦਰਜ ਕਰ ਲਿਆ ਜਿਨ੍ਹਾਂ ਨੇ ਫਿਰਕੂ ਹਮਲਿਆਂ ਵਿਰੁੱਧ ਆਵਾਜ਼ ਉਠਾਈ ਸੀ। ਹਜ਼ਾਰਾਂ ਦੀ ਤਾਦਾਦ ’ਚ ਜਿਸ ਹਿੰਦੂਤਵੀ ਹਜੂਮ ਨੇ ਦਹਿਸ਼ਤੀ ਹਮਲੇ ਕੀਤੇ, ਉਨ੍ਹਾਂ ਵਿਚੋਂ ਕਿਸੇ ਦੇ ਵਿਰੁੱਧ ਕੋਈ ਕੇਸ ਨਹੀਂ। ਟੀਮ ਵਿਚ ਸੁਪਰੀਮ ਕੋਰਟ ਤੋਂ ਵਕੀਲ ਇਹਤੇਸ਼ਮ ਹਾਸ਼ਮੀ, ਅਮਿਤ ਸ੍ਰੀਵਾਸਤਵ, ਪੀ.ਯੂ.ਸੀ.ਐਲ. ਦੇ ਆਗੂ ਐਡਵੋਕੇਟ ਮੁਕੇਸ਼ ਅਤੇ ਐਨ.ਸੀ.ਐਚ.ਆਰ.ਓ. ਦੇ ਆਗੂ ਐਡਵੋਕੇਟ ਅੰਸਾਰ ਇੰਦੌਰੀ ਆਧਾਰਿਤ ਟੀਮ ਨੇ ਆਪਣੀ ਰਿਪੋਰਟ ’ਚ ਕਿਹਾ ਕਿ ਇਹ ਮੁਸਲਮਾਨਾਂ ਵਿਰੁੱਧ ਗਿਣੀ-ਮਿਥੀ ਹਿੰਸਾ ਸੀ। ਚਾਰ ਦਿਨ ਤੱਕ ਚੱਲੀ ਹਿੰਸਾ ਦੌਰਾਨ 12 ਮਸਜਿਦਾਂ, ਦੁਕਾਨਾਂ ਅਤੇ ਮੁਸਲਿਮ ਘਰਾਂ ਦੀ ਗਿਣ-ਮਿੱਥ ਕੇ ਸਾੜਫੂਕ ਕੀਤੀ ਗਈ। ਟੀਮ ਨੇ ਪਾਨੀਸਾਗਰ ਖੇਤਰ ਦੀ ਚਾਮਟਿਲਾ ਮਸਜਿਦ ਦਾ ਦੌਰਾ ਕਰਕੇ ਅਸਲੀਅਤ ਸਾਹਮਣੇ ਲਿਆਂਦੀ ਜਿਸ ਬਾਰੇ ਪੁਲਿਸ ਵਾਰ-ਵਾਰ ਦਾਅਵੇ ਕਰ ਰਹੀ ਸੀ ਕਿ ਮਸਜਿਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਅਤੇ ਮੀਡੀਆ ’ਚ ਹਮਲੇ ਦੀ ਖਬਰਾਂ ਝੂਠੀਆਂ ਹਨ। ਇਹ ਰਿਪੋਰਟ ਭਗਵੇਂ ਬ੍ਰਿਗੇਡ ਅਤੇ ਪੁਲਿਸ ਲਈ ਸਿਰਦਰਦੀ ਬਣ ਗਈ ਜਿਸ ਤੋਂ ਚਿੜ ਕੇ ਟੀਮ ਦੇ ਮੈਂਬਰ ਵਕੀਲਾਂ ਵਿਰੁੱਧ ਯੂ.ਏ.ਪੀ.ਏ. ਤਹਿਤ ਅਤੇ ਆਈ.ਪੀ.ਸੀ. ਦੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ। ਉਨ੍ਹਾਂ ਨੂੰ ਸੋਸ਼ਲ ਮੀਡੀਆ ਉਪਰੋਂ ਇਸ ਤੱਥ ਖੋਜ ਬਾਬਤ ਆਪਣੀਆਂ ਪੋਸਟਾਂ ਹਟਾਉਣ ਦਾ ਆਦੇਸ਼ ਦੇ ਦਿੱਤਾ ਗਿਆ। ਸੰਵੇਦਨਸ਼ੀਲ ਨਾਗਰਿਕਾਂ ਅਤੇ ਹੋਰ ਬੁੱਧੀਜੀਵੀਆਂ ਵੱਲੋਂ ਤੱਥ ਖੋਜ ਟੀਮਾਂ ਬਣਾ ਕੇ ਜ਼ਮੀਨੀ ਹਕੀਕਤ ਦੀਆਂ ਰਿਪੋਰਟਾਂ ਪੇਸ਼ ਕਰਨਾ ਮਨੁੱਖੀ ਹੱਕਾਂ ਦੇ ਕੰਮ ਦਾ ਹਿੱਸਾ ਹੈ ਅਤੇ ਆਰ.ਐਸ.ਐਸ.-ਬੀ.ਜੇ.ਪੀ. ਅਤੇ ਭਾਰਤੀ ਰਾਜ ਨੇ ਤੱਥ ਖੋਜ ਨੂੰ ਹੀ ਜੁਰਮ ਬਣਾ ਦਿੱਤਾ ਹੈ। ਇਹ ਲੋਕ ਹੱਕਾਂ ਦੀਆਂ ਜਥੇਬੰਦੀਆਂ ਦੀ ਜ਼ੁਬਾਨਬੰਦੀ ਦਾ ਫਾਸ਼ੀਵਾਦੀ ਤਰੀਕਾ ਹੈ ਜੋ ਆਰ.ਐਸ.ਐਸ.-ਬੀ.ਜੇ.ਪੀ. ਪੂਰੇ ਮੁਲਕ ’ਚ ਹਰ ਥਾਂ ਲਗਾਤਾਰ ਅਪਣਾ ਰਹੀ ਹੈ।

ਤੀਜੀ ਮਿਸਾਲ, ਹਰਿਆਣਾ ਦੇ ਗੁੜਗਾਓਂ (ਜਿਸ ਦਾ ਨਾਮ ਸੰਘ ਨੇ ਗੁਰੂਗ੍ਰਾਮ ਰੱਖਿਆ ਹੈ) ’ਚ ਖੱਟਰ ਸਰਕਾਰ ਦੇ ਇਸ਼ਾਰੇ ’ਤੇ ਸਥਾਨਕ ਪ੍ਰਸ਼ਾਸਨ ਨੇ ਮੁਸਲਮਾਨਾਂ ਨੂੰ ਜਨਤਕ ਥਾਵਾਂ ਉਪਰ ਨਮਾਜ ਪੜ੍ਹਨ ਤੋਂ ਰੋਕ ਦਿੱਤਾ ਹੈ। 37 ਮਨਜ਼ੂਰਸ਼ੁਦਾ ਥਾਵਾਂ ਵਿਚੋਂ 8 ਉਪਰ ਨਮਾਜ਼ ਪੜ੍ਹਨ ਦੀ ਇਸ ਬਹਾਨੇ ਮਨਾਹੀ ਕਰ ਦਿੱਤੀ ਗਈ ਹੈ ਕਿ ਸਥਾਨਕ ਲੋਕ ਇਸ ਉਪਰ ਇਤਰਾਜ਼ ਕਰਦੇ ਹਨ। ਇਉਂ ਇਹ ਸੰਕੇਤ ਦੇ ਦਿੱਤਾ ਗਿਆ ਹੈ ਕਿ ਜੇ ਸਥਾਨਕ ਲੋਕ ਹੋਰ ਥਾਵਾਂ ਉਪਰ ਨਮਾਜ਼ ਪੜ੍ਹਨ ’ਤੇ ਇਤਰਾਜ਼ ਕਰਦੇ ਹਨ ਤਾਂ ਉਥੇ ਵੀ ਮਨਾਹੀ ਕੀਤੀ ਜਾ ਸਕਦੀ ਹੈ। 29 ਅਕਤੂਬਰ ਨੂੰ ਭਗਵੇਂ ਗੁੰਡਿਆਂ ਨੇ ਜਨਤਕ ਥਾਵਾਂ ਉਪਰ ਨਮਾਜ਼ ਪੜ੍ਹਨ ਵਿਰੁੱਧ ‘ਰੋਸ ਪ੍ਰਦਰਸ਼ਨ’ ਦੇ ਨਾਂ ਹੇਠ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਨਮਾਜ਼ ਵਿਚ ਜਾ ਕੇ ਸ਼ਰੇਆਮ ਖਲਲ ਪਾਇਆ।

5 ਨਵੰਬਰ ਨੂੰ 22 ਭਗਵੀਆਂ ਅਤਿਵਾਦੀ ਜਥੇਬੰਦੀਆਂ ਨੇ ਸੰਯੁਕਤ ਹਿੰਦੂ ਸੰਘਰਸ਼ ਸਮਿਤੀ ਦੇ ਝੰਡੇ ਹੇਠ ਗੁੜਗਾਓਂ ਦੇ ਸੈਕਟਰ 12 ਵਿਚ ਉਸ ਜਗ੍ਹਾ ਉਪਰ ਗੋਵਰਧਨ ਪੂਜਾ ਕੀਤੀ ਜਿੱਥੇ ਪਹਿਲਾਂ ਜੁੰਮੇ ਦੀ ਨਮਾਜ਼ ਪੜ੍ਹੀ ਜਾਂਦੀ ਸੀ। ਇਨ੍ਹਾਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ, ਹਿੰਦੂ ਕ੍ਰਾਂਤੀ ਦਲ, ਆਰੀਆ ਸਮਾਜ ਅਤੇ ਸਨਾਤਨ ਸੰਸਥਾ ਸ਼ਾਮਿਲ ਹਨ। ਇਸ ਅਖੌਤੀ ਪੂਜਾ ਵਿਚ ਹੋਰ ਭੜਕਾਊ ਭਾਸ਼ਣ ਦੇਣ ਵਾਲੇ ਆਗੂਆਂ ਸਮੇਤ ਭਗਵੇਂ ਦਹਿਸ਼ਤਵਾਦੀ ਸਰਗਨੇ ਕਪਿਲ ਮਿਸ਼ਰਾ ਉਚੇਚੇ ਤੌਰ ’ਤੇ ਬੁਲਾਇਆ ਗਿਆ ਤਾਂ ਜੋ ਉਹ ‘ਚੱਲ ਰਹੇ ਸੰਘਰਸ਼ ਨੂੰ ਪ੍ਰੇਰਨਾ ਦੇ ਸਕੇ’। ਇਨ੍ਹਾਂ ਕਥਿਤ ਧਾਰਮਿਕ ਸਮਾਗਮਾਂ ਦੇ ਬਹਾਨੇ ਸੰਘ ਪਰਿਵਾਰ ਵੱਲੋਂ ‘ਹਿੰਦੂ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ’ ਨਾਅਰੇ ਲਗਾ ਕੇ ਮੁਸਲਮਾਨਾਂ ਵਿਰੁੱਧ ਵਿਆਪਕ ਦਹਿਸ਼ਤੀ ਹਮਲਿਆਂ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਕਪਿਲ ਮਿਸ਼ਰੇ ਨੂੰ ਸੱਦਣ ਤੋਂ ਸਪਸ਼ਟ ਹੈ ਕਿ ਇਹ ਸਭ ਡੂੰਘੀ ਯੋਜਨਾ ਤਹਿਤ ਕੀਤਾ ਜਾ ਰਿਹਾ ਹੈ।

2014 ’ਚ ਕੇਂਦਰ ਵਿਚ ਬੀ.ਜੇ.ਪੀ. ਦੀ ਸਰਕਾਰ ਬਣਨ ਤੋਂ ਬਾਅਦ ਮੁਸਲਮਾਨਾਂ ਅਤੇ ਇਸਾਈਆਂ ਉਪਰ ਹਮਲਿਆਂ ’ਚ ਖਾਸ ਤੌਰ ’ਤੇ ਤੇਜ਼ੀ ਆਉਣੀ ਸ਼ੁਰੂ ਹੋ ਗਈ ਸੀ ਜਿਸ ਨੂੰ ਦੇਖਦਿਆਂ 2015 ’ਚ ਸਥਾਪਤੀ ਪੱਖੀ ਪੁਲਿਸ ਅਧਿਕਾਰੀ ਜੂਲੀਓ ਰਿਬੈਰੋ ਵੀ ਇਹ ਕਹਿਣ ਲਈ ਮਜਬੂਰ ਹੋ ਗਿਆ ਸੀ ਕਿ “ਬਤੌਰ ਇਸਾਈ ਅਚਾਨਕ ਮੈਂ ਆਪਣੇ ਆਪ ਨੂੰ ਮੁਲਕ ’ਚ ਪਰਾਇਆ ਮਹਿਸੂਸ ਕਰਨ ਲੱਗਾ ਹਾਂ।” ਫਿਰ ਹਾਲਾਤ ਦਿਨੋ-ਦਿਨ ਹੋਰ ਜ਼ਿਆਦਾ ਵਿਗੜਦੇ ਗਏ। ਮੁਲਕ ਦੇ ਵੱਖ-ਵੱਖ ਹਿੱਸਿਆਂ, ਖਾਸ ਕਰਕੇ ਭਾਜਪਾ ਸ਼ਾਸਤ ਰਾਜਾਂ ਵਿਚ ਹਮਲੇ ਲਗਾਤਾਰ ਜਾਰੀ ਹਨ ਅਤੇ ਮੁੱਖਧਾਰਾ ਮੀਡੀਆ ਇਸ ਯੋਜਨਾਬੱਧ ਹਿੰਸਾ ਨੂੰ ਗਿਣ-ਮਿੱਥ ਕੇ ਨਜ਼ਰਅੰਦਾਜ਼ ਕਰ ਰਿਹਾ ਹੈ। ਇਸ ਹੌਲਨਾਕ ਵਰਤਾਰੇ ਨੂੰ ਦੰਗੇ ਬਣਾ ਕੇ ਪੇਸ਼ ਕਰ ਰਿਹਾ ਹੈ ਜਦਕਿ ਇਹ ਇਕਤਰਫਾ ਹਿੰਦੂਤਵੀ ਦਹਿਸ਼ਤੀ ਹਿੰਸਾ ਹੈ। ਹਿੰਸਕ ਵਾਰਦਾਤਾਂ ਸਥਾਨਕ ਪੱਧਰ ’ਤੇ ਦਬ ਕੇ ਰਹਿ ਜਾਂਦੀਆਂ ਹਨ। ਪੁਲਿਸ-ਪ੍ਰਸ਼ਾਸਨ ਮਜ਼ਲੂਮਾਂ ਨੂੰ ਬਚਾਉਣ ਦੀ ਬਜਾਏ ਮੂਕ ਦਰਸ਼ਕ ਬਣ ਕੇ ਭਗਵੇਂ ਹਮਲਾਵਰਾਂ ਦਾ ਸਾਥ ਦਿੰਦਾ ਹੈ ਅਤੇ ਕਈ ਮੌਕਿਆਂ ’ਤੇ ਹਿੰਸਕ ਗਰੋਹਾਂ ਨਾਲ ਮਿਲ ਕੇ ਹਿੰਸਾ ਕਰਦਾ ਵੀ ਦੇਖਿਆ ਜਾ ਸਕਦਾ ਹੈ, ਜਿਵੇਂ ਫਰਵਰੀ 2020 ’ਚ ਉਤਰ-ਪੂਰਬੀ ਦਿੱਲੀ ’ਚ ਵਾਪਰਿਆ ਜਿੱਥੇ ‘ਗੋਲੀ ਮਾਰੋ ਸਾਲੋਂ ਕੋ’ ਦੇ ਨਾਅਰੇ ਲਗਾਉਂਦੇ ਹੋਏ ਕਪਿਲ ਮਿਸ਼ਰਾ ਅਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵੱਲੋਂ ਦਹਿਸ਼ਤਵਾਦੀ ਹਮਲਿਆਂ ਦੀ ਅਗਵਾਈ ਕੀਤੀ ਗਈ।

ਦਿੱਲੀ ਪੁਲਿਸ ਨੇ ਕੇਸ ਮੁਸਲਮਾਨਾਂ ਅਤੇ ਉਨ੍ਹਾਂ ਮੁਸਲਿਮ ਤੇ ਹੋਰ ਜਮਹੂਰੀ ਕਾਰਕੁਨਾਂ ਵਿਰੁੱਧ ਦਰਜ ਕੀਤੇ ਜੋ ਫਿਰਕੂ ਸਦਭਾਵਨਾ ਲਈ ਕੰਮ ਕਰ ਰਹੇ ਸਨ ਅਤੇ ਮੁਸਲਿਮ ਵਿਰੋਧੀ ਫਿਰਕੂ ‘ਨਾਗਰਿਕਤਾ ਸੋਧ ਕਾਨੂੰਨ’ ਵਿਰੁੱਧ ਪੁਰਅਮਨ ਲੋਕ ਅੰਦੋਲਨ ’ਚ ਸਰਗਰਮ ਭੂਮਿਕਾ ਨਿਭਾ ਰਹੇ ਸਨ। ਉਮਰ ਖਾਲਿਦ, ਗੁਲਫਿਸ਼ਾ ਫਾਤਿਮਾ ਵਰਗੇ ਦਰਜਨਾਂ ਹੋਣਹਾਰ ਬੁੱਧੀਜੀਵੀ ਅਤੇ ਕਾਰਕੁਨ ਇਕ ਸਾਲ ਤੋਂ, ਬਿਨਾ ਜ਼ਮਾਨਤ ਜੇਲ੍ਹਾਂ ਵਿਚ ਸੜ ਰਹੇ ਹਨ। ਮੁਲਕ ਦੇ ਬਹੁਤ ਸਾਰੇ ਖੇਤਰਾਂ ਵਿਚ ਸਥਿਤੀ ਹੁਣ ਇਸ ਕਦਰ ਗੰਭੀਰ ਹੈ ਕਿ ਸੰਘ ਪਰਿਵਾਰ ਦੇ ਹਿੰਸਕ ਗਰੋਹ ਜਦੋਂ ਚਾਹੁਣ ਆਪਣੀ ਮਰਜ਼ੀ ਅਨੁਸਾਰ ਘੱਟ ਗਿਣਤੀਆਂ ਵਿਰੁੱਧ ਹਮਲਿਆਂ, ਕਤਲੇਆਮ ਅਤੇ ਸਾੜ-ਫੂਕ ਨੂੰ ਅੰਜਾਮ ਦੇ ਸਕਦੇ ਹਨ ਅਤੇ ਹਿੰਸਾ ਦੇ ਦੋਸ਼ੀ ਘੱਟ ਗਿਣਤੀਆਂ ਨੂੰ ਠਹਿਰਾ ਕੇ ਉਨ੍ਹਾਂ ਨੂੰ ਯੂ.ਏ.ਪੀ.ਏ. ਲਗਾ ਕੇ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਡੱਕ ਦਿੱਤਾ ਜਾਂਦਾ ਹੈ।

ਧਾਰਮਿਕ ਘੱਟ ਗਿਣਤੀਆਂ ਉਪਰ ਯੋਜਨਾਬੱਧ ਹਿੰਸਕ ਹਮਲੇ ਕਰਕੇ ਉਨ੍ਹਾਂ ਨੂੰ ਦਬਾਉਣਾ ਅਤੇ ਸਤਾਉਣਾ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦਾ ਹਿੱਸਾ ਹੈ। ਧਾਰਮਿਕ ਘੱਟ ਗਿਣਤੀਆਂ ਦੇ ਸਮਾਗਮਾਂ ਨੂੰ ਧਰਮ ਬਦਲੀ ਦੇ ਅੱਡੇ ਦੱਸ ਕੇ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੇ ਮਨਾਂ ’ਚ ਨਫਰਤ ਭਰੀ ਜਾਂਦੀ ਹੈ ਅਤੇ ਆਮ ਹਿੰਦੂਆਂ ਨੂੰ ਹਮਲਿਆਂ ਲਈ ਉਕਸਾਇਆ ਜਾਂਦਾ ਹੈ। ਨੌਂ ਰਾਜਾਂ ਵਿਚ ਧਰਮ ਬਦਲੀ ਰੋਕੂ ਕਾਨੂੰਨ ਲਾਗੂ ਹੈ ਜਿਸ ਦੇ ਤਹਿਤ ਮੁਸਲਮਾਨਾਂ ਅਤੇ ਇਸਾਈਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਰਨਾਟਕ ਸਰਕਾਰ ਨੇ ਇਸਾਈ ਚਰਚਾਂ ਅਤੇ ਉਥੇ ਹੋਣ ਵਾਲੇ ਸਮਾਗਮਾਂ ਦੀ ਜਾਸੂਸੀ ਕਰਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਵੀ ਛੇਤੀ ਹੀ ਐਸਾ ਕਾਨੂੰਨ ਬਣਾਉਣ ਦੀ ਤਿਆਰੀ ’ਚ ਹੈ। ਧਾਰਮਿਕ ਘੱਟ ਗਿਣਤੀਆਂ ਵਿਰੁੱਧ ਜ਼ਹਿਰ ਦਾ ਛੱਟਾ ਦੇਣ ’ਚ ਮਹੰਤ ਆਦਿਤਿਆਨਾਥ ਦੀ ਉਤਰ ਪ੍ਰਦੇਸ਼ ਸਰਕਾਰ ਸਭ ਤੋਂ ਅੱਗੇ ਹੈ। ਹਰਿਆਣਾ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਕੇਰਲ ਦੀਆਂ ਘਟਨਾਵਾਂ ਉਨ੍ਹਾਂ ਹਾਲਾਤ ਦਾ ਸਾਫ ਸੰਕੇਤ ਹਨ ਜੋ ਆਰ.ਐਸ.ਐਸ. ਦੇ ਤਾਣੇਬਾਣੇ ਵੱਲੋਂ ਬੀ.ਜੇ.ਪੀ. ਸਰਕਾਰ ਦੀ ਰਾਜਕੀ ਮਿਲੀਭੁਗਤ ਨਾਲ ਬਣਾਏ ਜਾ ਰਹੇ ਹਨ।

ਸਮਾਜ ਦੀ ਭਾਈਚਾਰਕ ਏਕਤਾ ਦੀਆਂ ਮੁਦਈ ਤਾਕਤਾਂ ਨੂੰ ਭਗਵੀਂ ਦਹਿਸ਼ਤਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਫਿਰਕੂ ਪਾਲਾਬੰਦੀ ਦੀ ਸਾਜ਼ਿਸ਼ ਨੂੰ ਨਾਕਾਮ ਬਣਾਉਣ ਲਈ ਠੋਸ ਪ੍ਰੋਗਰਾਮ ਲੈਣਾ ਚਾਹੀਦਾ ਹੈ।

***ਧਾਰਮਿਕ ਘੱਟ ਗਿਣਤੀਆਂ ‘ਤੇ ਯੋਜਨਾਬੱਧ ਹਮਲੇ ਕਰਕੇ ਉਨ੍ਹਾਂ ਨੂੰ ਦਬਾਉਣਾ ਤੇ ਸਤਾਉਣਾ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰ ਪ੍ਰੋਜੈਕਟ ਦਾ ਹਿਸਾ ਹੈ। ਘੱਟ ਗਿਣਤੀਆਂ ਦੇ ਸਮਾਗਮਾਂ ਨੂੰ ਧਰਮ ਬਦਲੀ ਦੇ ਅੱਡੇ ਦੱਸ ਕੇ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੇ ਮਨਾਂ ’ਚ ਨਫਰਤ ਭਰੀ ਜਾਂਦੀ ਹੈ ਅਤੇ ਆਮ ਹਿੰਦੂਆਂ ਨੂੰ ਹਮਲਿਆਂ ਲਈ ਉਕਸਾਇਆ ਜਾਂਦਾ ਹੈ। ਨੌਂ ਰਾਜਾਂ ਵਿਚ ਧਰਮ ਬਦਲੀ ਰੋਕੂ ਕਾਨੂੰਨ ਲਾਗੂ ਹੈ ਜਿਸ ਦੇ ਤਹਿਤ ਮੁਸਲਮਾਨਾਂ ਅਤੇ ਇਸਾਈਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।***

*ਮੋਦੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਤਕਰੀਬਨ ਡੇਢ ਸਾਲ ਤੋਂ ਅੰਦੋਲਨ ਚੱਲ ਰਿਹਾ ਹੈ। ਇਸ ਵਿਚੋਂ 11 ਮਹੀਨੇ ਤਾਂ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ 'ਤੇ ਬੈਠਿਆਂ ਨੂੰ ਹੋ ਗਏ ਹਨ। ਇਨ੍ਹਾਂ ਕਾਨੂੰਨਾਂ ਦੀਆਂ ਚੋਰ-ਮੋਰੀਆਂ ਰਾਹੀਂ ਕੇਂਦਰ ਸਰਕਾਰ ਜਿਸ ਤਰ੍ਹਾਂ ਸੂਬਿਆਂ ਦੇ ਹੱਕਾਂ ਅਤੇ ਕਿਸਾਨਾਂ ਉਤੇ ਡਾਕਾ ਮਾਰ ਰਹੀ ਹੈ, ਉਸ ਬਾਰੇ ਵੱਖ-ਵੱਖ ਵਿਦਵਾਨਾਂ ਨੇ ਗਾਹੇ-ਬਗਾਹੇ ਆਪਣੇ ਵਿਚਾਰ ਰੱਖੇ ਹਨ। ਅਜਿਹੇ ਹੀ ਵਿਚਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਸ. ਜੋਗਿੰਦਰ ਸਿੰਘ ਤੂਰ ਨੇ ਆਪਣੇ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਵਿਚ ਦਰਜ ਕੀਤੇ ਹਨ। ਕੈਨੇਡਾ ਵੱਸਦੇ ਪੱਤਰਕਾਰ ਬਲਰਾਜ ਦਿਓਲ ਨੇ ਇਸ ਕਿਤਾਬਚੇ ਦੀ ਚੀਰਫਾੜ ਕਰਦਾ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਅਸੀਂ ਭਾਵੇਂ ਬਲਰਾਜ ਦਿਓਲ ਦੇ ਲੇਖ ਵਿਚ ਦਰਜ ਸਾਰੇ ਵਿਚਾਰਾਂ ਨਾਲ ਸਹਿਮਤ ਨਹੀਂ ਪਰ ਇਸ ਅਹਿਮ ਮੁੱਦੇ ਜਿਸ ਕਾਰਨ ਪੰਜਾਬ ਤੇ ਹਰਿਆਣਾ ਹੀ ਨਹੀਂ, ਉਤਰੀ ਭਾਰਤ ਦੇ ਕਿਸਾਨ ਦਿੱਲੀ ਡੇਰੇ ਲਾ ਕੇ ਬੈਠੇ ਹਨ, ਬਾਰੇ ਵਿਚਾਰ ਚਰਚਾ ਅੱਗੇ ਵਧਾਉਣ ਖਾਤਰ ਇਹ ਲੰਮਾ ਲੇਖ ਛਾਪਿਆ ਜਾ ਰਿਹਾ ਹੈ। ਇਸ ਲੇਖ ਬਾਰੇ ਆਏ ਵਿਚਾਰਾਂ ਨੂੰ ਬਣਦੀ ਥਾਂ ਦਿੱਤੀ ਜਾਵੇਗੀ। ਇਸ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ।*

# ਖੇਤੀ ਕਾਨੂੰਨਾਂ ਵਿਚੋਂ ਕਾਲਾ ਤਲਾਸ਼ਦਿਆਂ...

## ਸੀਨੀਅਰ ਐਡਵੋਕੇਟ ਜੋਗਿੰਦਰ ਸਿੰਘ ਤੂਰ ਦੇ ਕਿਤਾਬਚੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਦੀ ਪੁਣਛਾਣ

**ਬਲਰਾਜ ਦਿਓਲ**
ਫੋਨ: 905-793-5072
balrajdeol@rogers.com



ਭਾਰਤ ਵਿਚ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਬਾਰੇ ਸਾਲ 2020 ਤੋਂ ਵਿਵਾਦ ਚੱਲ ਰਿਹਾ ਹੈ। ਸਰਕਾਰ ਇਹਨਾਂ ਕਾਨੂੰਨਾਂ ਨੂੰ ਕਿਸਾਨ ਹਿੱਤਕਾਰੀ ਅਤੇ ਖੇਤੀ ਸੈਕਟਰ ਵਿਚ ਲੋੜੀਂਦੀ ਰਿਫਾਰਮ ਲਈ ਅਹਿਮ ਦੱਸਦੀ ਹੈ ਪਰ ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਕਿਸਾਨ ਆਗੂ ਅਤੇ ਉਹਨਾਂ ਦੇ ਸਮਰਥਕ ਇਹਨਾਂ ਕਾਨੂੰਨਾਂ ਨੂੰ 'ਕਾਲੇ ਕਾਨੂੰਨ' ਦੱਸਦੇ ਹਨ।

ਕਿਸਾਨਾਂ ਅਤੇ ਸਰਕਾਰ ਵਿਚਕਾਰ ਸਾਲ 2020 ਦੇ ਅੰਤ ਅਤੇ ਜਨਵਰੀ 2021 ਤੱਕ 11 ਵਾਰ ਬਾਕਾਇਦਾ ਗੱਲਬਾਤ ਹੋਈ ਜੋ ਪੂਰੀ ਤਰ੍ਹਾਂ ਬੇਸਿੱਟਾ ਰਹੀ। ਸਰਕਾਰ ਇਹ ਪੁੱਛਦੀ ਰਹੀ ਅਤੇ ਅਜੇ ਵੀ ਪੁੱਛ ਰਹੀ ਹੈ ਕਿ ਇਹਨਾਂ ਕਾਨੂੰਨਾਂ ਵਿਚ 'ਕਾਲਾ' ਕੀ ਹੈ ਤਾਂ ਕਿ ਢੁਕਵੀਆਂ ਤਰਮੀਮਾਂ ਕੀਤੀਆਂ ਜਾ ਸਕਣ। ਕਿਸਾਨਾਂ ਦੀ ਸੰਤੁਸ਼ਟੀ ਲਈ ਸਰਕਾਰ ਦੁਵੱਲੀ ਸਹਿਮਤੀ ਨਾਲ ਲੋੜੀਂਦੀਆਂ ਤਰਮੀਮਾਂ ਕਰਨ ਨੂੰ ਅਜੇ ਵੀ ਤਿਆਰ ਹੈ।

ਕਿਸਾਨ ਆਗੂ ਅਤੇ ਉਹਨਾਂ ਦੇ ਦੇਸ-ਵਿਦੇਸ਼ ਬੈਠੇ ਸਮਰਥਕ/ਫਾਇਨਾਂਸਰ ਇਹਨਾਂ ਤਿੰਨ ਕਾਨੂੰਨਾਂ ਨੂੰ 'ਕਾਲੇ ਕਾਨੂੰਨ' ਦੱਸ ਕੇ ਇਹਨਾਂ ਨੂੰ ਬਿਨਾਂ ਸ਼ਰਤ ਮੁੱਢੋਂ ਰੱਦ ਕਰਨ ਦੀ ਮੰਗ ਕਰ ਰਹੇ ਹਨ। ਉਹਨਾਂ ਨੇ ਇਹਨਾਂ ਤਿੰਨ ਕਾਨੂੰਨਾਂ ਨੂੰ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ ਦੇ ਨਾਲ ਨਾਲ ਦੋ ਹੋਰ ਵੱਡੀਆਂ ਮੰਗਾਂ ਵੀ ਜੋੜ ਲਈਆਂ ਹਨ। ਇਹਨਾਂ ਦੋ ਮੰਗਾਂ ਵਿਚ ਪਹਿਲੀ ਹੈ 23 ਫਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇਣ ਲਈ ਬਾਕਾਇਦਾ ਕਾਨੂੰਨ ਬਣਾਉਣਾ ਅਤੇ ਦੂਜੀ ਮੰਗ ਹੈ, ਇਹਨਾਂ 23 ਫਸਲਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਦੇਣਾ। ਇੰਝ ਇਹ ਕੁੱਲ ਤਿੰਨ ਪ੍ਰਮੁੱਖ ਮੰਗਾਂ ਬਣ ਜਾਂਦੀਆਂ ਹਨ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਸ. ਜੋਗਿੰਦਰ ਸਿੰਘ ਤੂਰ ਨੇ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਦੇ ਟਾਈਟਲ ਹੇਠ 84 ਸਫੇ ਦਾ ਕਿਤਾਬਚਾ ਲਿਖਿਆ ਹੈ ਅਤੇ ਇਸ ਦੇ ਸਫਾ ਚਾਰ ਉੱਤੇ ਲਿਖਿਆ ਹੈ ਕਿ ਇਸ ਦੀਆਂ 5000 ਕਾਪੀਆਂ 'ਲੋਕਹਿੱਤ ਵਿਚ' ਮੁਫਤ ਵੰਡੀਆਂ ਹਨ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਵਜੋਂ ਸ. ਜੋਗਿੰਦਰ ਸਿੰਘ ਤੂਰ ਦਾ ਰੁਤਬਾ ਵੀ ਵੱਡਾ ਹੈ ਅਤੇ ਇਸ ਕਿਤਾਬਚੇ ਦਾ ਟਾਈਟਲ ਵੀ ਬਹੁਤ ਵੱਡਾ ਹੈ। ਲੇਖਕ ਦਾ ਨਾਮ ਅਤੇ ਕਿਤਾਬਚੇ ਦਾ ਟਾਈਟਲ ਪੜ੍ਹ ਕੇ ਆਸ ਬੱਝ ਜਾਂਦੀ ਹੈ ਕਿ ਇਸ ਨੂੰ ਪੜ੍ਹ ਕੇ ਤਿੰਨ ਕਾਨੂੰਨਾਂ ਵਿਚ ਜੋ ਕਾਲਾ ਹੈ, ਉਸ ਦੇ ਸਾਖਸ਼ਾਤ ਦਰਸ਼ਨ ਹੋ ਜਾਣਗੇ ਜਿਸ ਨਾਲ ਫਿਰ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹੇਗੀ।

ਪਹਿਲਾ ਨਵਾਂ ਕਾਨੂੰਨ ਤਾਂ 1955 ਵਾਲੇ 'ਜ਼ਰੂਰੀ ਵਸਤਾਂ ਕਾਨੂੰਨ' ਵਿਚ ਛੋਟੀ ਜਿਹੀ ਸੋਧ ਹੀ ਹੈ। ਦੂਜੇ ਦੋ ਕਾਨੂੰਨਾਂ ਨਾਲ ਖੇਤੀ ਵਸਤਾਂ ਦੇ ਵਣਜ-ਵਪਾਰ ਅਤੇ ਫਾਰਮਰ ਐਂਪਾਵਰਮੈਂਟ ਤੇ ਕੰਟਰੈਕਟ ਫਾਰਮਿੰਗ ਲਈ ਕਾਨੂੰਨੀ ਢਾਂਚਾ ਮੁਹੱਈਆ ਕਰਵਾਇਆ ਗਿਆ ਹੈ। ਇਹਨਾਂ ਤਿੰਨ ਕਾਨੂੰਨਾਂ ਨੂੰ ਸਹੀ ਜਾਂ ਗਲਤ ਸਾਬਤ ਕਰਨ ਵਾਲੇ ਲੇਖਕ, ਵਿਸ਼ਲੇਸ਼ਕ ਜਾਂ ਨੁਕਤਾਚੀਨ ਲਈ ਇਹ ਨੁਕਤਾ ਲਾਜ਼ਮੀ ਹੈ ਕਿ ਉਹਨਾਂ ਇਹਨਾਂ ਕਾਨੂੰਨਾਂ ਦੀਆਂ ਮੱਦਾਂ ਨੂੰ ਕੇਂਦਰੀ ਆਧਾਰ ਬਣਾ ਕੇ ਆਪਣਾ ਪੱਖ ਰੱਖੇ।




ਕਿਤਾਬਚੇ ਦਾ ਮੁਖੜਾ

*ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਦ ਸੰਸਾਰ 'ਇੱਕ' ਮੰਡੀ ਅਤੇ ਗਲੋਬਲ ਵਿਲੇਜ ਬਣ ਰਿਹਾ ਤਾਂ ਇਸ ਦੇ ਲਾਭ ਵੀ ਹਨ ਅਤੇ ਹਾਣ (ਹਾਨੀਆਂ) ਵੀ ਹਨ। ਹਰ ਦੇਸ਼ ਆਪਣੇ ਹਾਣ ਅਤੇ ਲਾਭ ਦੇਖ ਕੇ ਕੌਮਾਂਤਰੀ ਵਿਵਸਥਾ ਅਤੇ ਸੰਗਠਨਾਂ ਦਾ ਹਿੱਸਾ ਬਣਦਾ ਹੈ। ਹਰ ਦੇਸ਼ ਆਪਣਾ ਮਾਲ ਹੋਰ ਦੇਸ਼ਾਂ ਨੂੰ ਵੇਚਣ ਲਈ ਸੁਖਾਲਾ ਰਾਹ (ਨਿਯਮ) ਭਾਲਦਾ ਹੈ ਅਤੇ ਜਵਾਬ 'ਚ ਦੂਜੇ ਦੇਸ਼ ਆਪਣਾ ਮਾਲ ਸਹਿਯੋਗੀ ਦੇਸ਼ਾਂ ਨੂੰ ਵੇਚਣ ਦੀ ਸਹੂਲਤ ਚਾਹੁੰਦੇ ਹਨ। ਅੱਜ ਇਸ ਦੇ ਦੋ ਪ੍ਰਮੁੱਖ ਰਸਤੇ ਹਨ। ਇੱਕ ਕੌਮਾਂਤਰੀ ਰੈਗੂਲੇਟਰੀ ਸੰਗਠਨਾਂ ਦੇ ਮੈਂਬਰ ਬਣ ਕੇ ਅਤੇ ਦੂਜਾ ਦੁਵੱਲੇ ਵਪਾਰਕ ਸਮਝੌਤੇ ਕਰਕੇ।*



ਐਡਵੋਕੇਟ ਜੋਗਿੰਦਰ ਸਿੰਘ ਤੂਰ

ਐਡਵੋਕੇਟ ਤੂਰ ਦੇ ਇਸ ਕਿਤਾਬਚੇ ਬਾਰੇ ਆਪਣਾ ਨਜ਼ਰੀਆ ਪੇਸ਼ ਕਰਨ ਲਈ ਜ਼ਰੂਰੀ ਹੈ ਕਿ ਇਸ ਦੇ 'ਕੰਟੈਂਟ' ਦੀ ਪਹਿਲਾਂ ਚੀਰਫਾੜ ਕਰ ਲਈ ਜਾਵੇ ਅਤੇ ਉਹ ਹਿੱਸਾ ਵੱਖ ਕਰ ਲਿਆ ਜਾਵੇ ਜਿਸ ਵਿਚ ਇਸ ਦੇ ਟਾਈਟਲ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?' ਬਾਰੇ ਦੱਸਿਆ ਗਿਆ ਹੋਵੇ।

ਆਓ ਪਹਿਲਾਂ ਇਹ ਕੰਮ ਕਰਦੇ ਹਾਂ। 84 ਸਫਿਆਂ ਵਿਚੋਂ ਪਹਿਲੇ 6 ਸਫੇ ਕਿਤਾਬਚੇ ਦੇ ਨਾਮ, ਲੇਖਕ ਦੀ ਜਾਣਕਾਰੀ ਅਤੇ ਤਤਕਰੇ ਦਾ ਵੇਰਵਾ ਹੈ। ਤਤਕਰੇ ਵਿਚ ਕੁੱਲ 31 ਚੈਪਟਰ ਦਰਜ ਹਨ। ਅਗਲੇ ਦੋ ਸਫਿਆਂ ਵਿਚ ਲੇਖਕ ਨੇ 'ਸੰਖੇਪ ਜਾਣਕਾਰੀ', ਭਾਵ ਤਿੰਨ ਆਰਡੀਨੈਂਸਾਂ ਦੇ ਜਾਰੀ ਕਰਨ, ਕਾਨੂੰਨ ਬਣਨ ਅਤੇ ਕਿਸਾਨਾਂ ਦੇ ਵਿਰੋਧ ਕਰਨ ਬਾਰੇ ਆਪਣਾ ਨਜ਼ਰੀਆ ਦਿੱਤਾ ਹੈ। ਇੰਝ 84 ਸਫ਼ੇ ਦੇ ਇਸ ਕਿਤਾਬਚੇ ਵਿਚੋਂ 76 ਸਫੇ ਹੀ 'ਕਾਲਾ ਕੀ' ਜਾਣਨ ਦੇ ਨਰੀਖਣ ਲਈ ਬਾਕੀ ਬਚਦੇ ਹਨ।

67 ਤੋਂ 84 ਸਫੇ ਤੱਕ ਇਹਨਾਂ ਤਿੰਨ ਖੇਤੀ ਕਾਨੂੰਨਾਂ ਦੀ 'ਦ ਗਜ਼ਟ ਆਫ ਇੰਡੀਆ' ਵਿਚ ਅੰਗਰੇਜ਼ੀ ਵਿਚ ਛਪੀ ਲਿਖਤ ਦਿੱਤੀ ਗਈ ਹੈ; ਭਾਵ ਕਾਨੰਨਾਂ ਨੂੰ ਹੂਬਹੂ ਦਿੱਤਾ ਗਿਆ ਹੈ। ਸ਼ਾਇਦ ਲੇਖਕ ਨੇ ਪੜ੍ਹਨ ਵਾਲੇ ਦੀ ਸਹੂਲਤ ਲਈ ਇਸ ਜਾਣਕਾਰੀ ਨੂੰ ਇਸ ਕਿਤਾਬਚੇ ਦਾ ਹਿੱਸਾ ਬਣਾਇਆ ਹੈ ਪਰ ਇਸ ਨਾਲ 18 ਸਫੇ ਭਰ ਗਏ ਹਨ।

ਪਹਿਲੇ ਬਚਦੇ 76 ਸਫਿਆਂ ਵਿਚ 18 ਹੋਰ ਘਟਾ ਲਈਏ ਤਾਂ ਬਾਕੀ 58 ਸਫੇ ਬਚਦੇ ਹਨ ਜਿਹਨਾਂ ਵਿਚੋਂ 'ਕਾਲਾ' ਤਲਾਸ਼ ਕਰਨਾ ਪੈਣਾ ਹੈ।

ਸਫਾ 55 ਤੋਂ 66 ਤੱਕ ਸਾਲ 2009 ਤੋਂ ਐਮ.ਐਸ.ਪੀ. ਦਾ ਚਾਰਟ, ਝੋਨੇ (ਜੀਰੀ), ਬਾਜਰੇ, ਮੱਕੀ, ਕਪਾਹ, ਕਣਕ, ਜੌਂ, ਛੋਲੇ (ਚਨੇ), ਤੇਲ ਦੇ ਬੀਜ ਪੈਦਾ ਕਰਨ ਦੀ ਲਾਗਤ ਦੇ ਲੰਮੇ-ਲੰਮੇ ਚਾਰਟ ਅਤੇ ਐਮ.ਐਸ.ਪੀ. ਬਾਰੇ ਚੀਫ ਸੈਕਟਰੀ ਦੀ 2013-14 ਦੇ ਨੋਟੀਫੀਕੇਸ਼ਨ ਦੀ ਢਾਈ ਕੁ ਸਫੇ ਦੀ ਕਾਪੀ ਦਿੱਤੀ ਗਈ ਹੈ। ਇਸ ਨਾਲ 12 ਸਫੇ ਹੋਰ ਭਰ ਗਏ ਹਨ। ਪਿਛਲੇ ਹਿਸਾਬ ਵਿਚ ਪੜਚੋਲ ਲਈ ਬਚਦੇ 58 ਸਫਿਆਂ ਵਿਚੋਂ 12 ਹੋਰ ਘਟਾ ਲਈਏ ਤਾਂ ਕੁੱਲ 84 ਸਫੇ ਦੇ ਕਿਤਾਬਚੇ ਵਿਚੋਂ ਹੁਣ ਕੇਵਲ 46 ਸਫੇ ਹੀ ਰਹਿ ਜਾਂਦੇ ਹਨ।

ਕਿਤਾਬਚੇ ਦੇ ਸਫਾ 34 ਤੋਂ ਸਫਾ 54 ਤੱਕ 21 ਸਫਿਆਂ (ਸਮੇਤ 34 ਦੇ) ਉੱਤੇ 8 ਚੈਪਟਰ ਅਜਿਹੇ ਹਨ ਜੋ ਇਹਨਾਂ ਤਿੰਨ ਕਾਨੂੰਨਾਂ ਬਾਰੇ ਨਹੀਂ ਹਨ ਸਗੋਂ ਕੁਝ ਕੌਮਾਂਤਰੀ ਸੰਗਠਨਾਂ ਅਤੇ ਅਰਥਚਾਰੇ ਦੇ ਕੰਟਰੋਲ ਬਾਰੇ ਹਨ। ਇਹ ਅਜਿਹੇ ਸਬਜੈਕਟ ਹਨ ਜਿਹਨਾਂ ਦਾ ਇਹਨਾਂ ਤਿੰਨ ਖੇਤੀ ਕਾਨੂੰਨਾਂ ਵਿਚਲੇ ਕਥਿਤ 'ਕਾਲੇ' ਨਾਲ ਕੋਈ ਸਬੰਧ ਨਹੀਂ ਹੈ। ਅਗਰ ਇਹ ਤਿੰਨ ਖੇਤੀ ਕਾਨੂੰਨ ਕੱਲ੍ਹ ਨੂੰ ਰੱਦ ਵੀ ਕਰ ਦਿੱਤੇ ਜਾਣ ਤਾਂ ਇਹਨਾਂ 8 ਚੈਪਟਰਾਂ ਦੇ 21 ਸਫਿਆਂ ਵਿਚ ਜੋ ਐਡਵੋਕੇਟ ਤੂਰ ਨੇ ਕਲਮਬੱਧ ਕੀਤਾ ਹੈ, ਉਸ ਵਿਚ ਕੋਈ ਤਬਦੀਲੀ ਹੋਣ ਵਾਲੀ ਨਹੀਂ। ਮੈਂ ਉਹਨਾਂ ਦੇ ਇਹਨਾਂ 21 ਸਫਿਆਂ ਵਿਚ ਪੇਸ਼ ਕੀਤੇ ਨਜ਼ਰੀਏ ਬਾਰੇ ਟਿੱਪਣੀ ਕਰਨਾ ਬਹੁਤਾ ਜਾਇਜ਼ ਨਹੀਂ ਸਮਝਦਾ, ਕਿਉਂਕਿ ਇਹ ਉਸ 'ਤੱਤ' ਦੀ ਖੋਜ ਵਿਚ ਮਦਦਗਾਰ ਨਹੀਂ ਹੋਵੇਗਾ ਜੋ ਇਸ ਕਿਤਾਬਚੇ ਦਾ ਮੂਲ ਆਸ਼ਾ ਹੈ, ਭਾਵ 'ਖੇਤੀ ਕਾਨੂੰਨਾਂ ਵਿਚ ਕਾਲਾ ਕੀ ਹੈ?'

ਕੌਮਾਂਤਰੀ ਮੰਡੀ, ਅਰਥਚਾਰੇ, ਵਿੱਤੀ ਅਤੇ ਵਪਾਰ ਨੂੰ ਰੈਗੂਲੇਟ ਕਰਨ ਵਾਲੀ ਵਿਵਸਥਾ ਤੇ ਅਦਾਰਿਆਂ ਲਈ ਜੋ 8 ਚੈਪਟਰ ਅਤੇ 21 ਸਫੇ ਲਗਾਏ ਹਨ, ਉਹਨਾਂ ਦਾ ਸਬਜੈਕਟ ਮੈਟਰ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ ਅਤੇ ਜਿਵੇਂ ਪਹਿਲਾਂ ਲਿਖ ਆਏ ਹਾਂ ਕਿ ਅਗਰ ਕਾਨੂੰਨ ਰੱਦ ਵੀ ਕਰ ਦਿੱਤੇ ਜਾਣ ਤਾਂ ਕੌਮਾਂਤਰੀ ਵਿਵਸਥਾ ਵਿਚ ਇਸ ਨਾਲ ਕੋਈ ਤਬਦੀਲੀ ਸੰਭਵ ਨਹੀਂ ਹੈ।

ਇੰਨੀ ਗੱਲ ਨੋਟ ਕਰਨ ਵਾਲੀ ਹੈ ਕਿ ਜਦ ਸੰਸਾਰ 'ਇੱਕ' ਮੰਡੀ ਅਤੇ ਗਲੋਬਲ ਵਿਲੇਜ ਬਣ ਰਿਹਾ ਤਾਂ ਇਸ ਦੇ ਲਾਭ ਵੀ ਹਨ ਅਤੇ ਹਾਣ (ਹਾਨੀਆਂ) ਵੀ ਹਨ। ਹਰ ਦੇਸ਼ ਆਪਣੇ ਹਾਣ ਅਤੇ ਲਾਭ ਦੇਖ ਕੇ ਕੌਮਾਂਤਰੀ ਵਿਵਸਥਾ ਅਤੇ ਸੰਗਠਨਾਂ ਦਾ ਹਿੱਸਾ ਬਣਦਾ ਹੈ। ਹਰ ਦੇਸ਼ ਆਪਣਾ ਮਾਲ ਹੋਰ ਦੇਸ਼ਾਂ ਨੂੰ ਵੇਚਣ ਲਈ ਸੁਖਾਲਾ ਰਾਹ (ਨਿਯਮ) ਭਾਲਦਾ ਹੈ ਅਤੇ ਜਵਾਬ 'ਚ ਦੂਜੇ ਦੇਸ਼ ਆਪਣਾ ਮਾਲ ਸਹਿਯੋਗੀ ਦੇਸ਼ਾਂ ਨੂੰ ਵੇਚਣ ਦੀ ਸਹੂਲਤ ਚਾਹੁੰਦੇ ਹਨ। ਅੱਜ ਇਸ ਦੇ ਦੋ ਪ੍ਰਮੁੱਖ ਰਸਤੇ ਹਨ। ਇੱਕ ਕੌਮਾਂਤਰੀ ਰੈਗੂਲੇਟਰੀ ਸੰਗਠਨਾਂ ਦੇ ਮੈਂਬਰ ਬਣ ਕੇ ਅਤੇ ਦੂਜਾ ਦੁਵੱਲੇ ਵਪਾਰਕ ਸਮਝੌਤੇ ਕਰਕੇ। ਇਹ ਦੋਵੇਂ ਵਿਵਸਥਾਵਾਂ ਬਰਾਬਰ ਚਲਦੀਆਂ ਹਨ ਅਤੇ ਕਈ ਛੋਟੇ ਭਗੋਲਿਕ ਖਿਤੇ ਵੀ ਆਪਣੀਆਂ ਅੱਡ ਵਿਵਸਥਾਵਾਂ ਬਣਾਈ ਬੈਠੇ ਹਨ ਜਾਂ ਬਣਾ ਰਹੇ ਹਨ। ਹਰ ਵਿਵਸਥਾ ਇਕ ਦੂਜੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਕਈਆਂ ਵਿਚ ਰਾਜਸੀ, ਧਾਰਮਿਕ, ਕਲਚਰਲ, ਖੇਤਰੀ, ਅਰਧ ਖੇਤਰੀ, ਕੌਮਾਂਤਰੀ (ਵਪਾਰਕ, ਵਿੱਤੀ, ਤਕਨੀਕੀ, ਸੁਰੱਖਿਆ, ਫੌਜੀ) ਰੁਚੀਆਂ ਭਾਰੂ ਹੁੰਦੀਆਂ ਹਨ। ਉਦਾਹਰਨ ਵਜੋਂ ਭਾਰਤ ਦੇ ਆਸਪਾਸ ਦੇ 6-7 ਦੇਸ਼ਾਂ ਦੀ ਸਾਰਕ, ਇਸਲਾਮਿਕ ਦੇਸ਼ਾਂ ਦਾ ਵੱਖਰਾ ਸੰਗਠਨ, ਫਿਰ ਅਰਬ ਦੇਸ਼ਾਂ ਦਾ ਅਲੱਗ ਸੰਗਠਨ, ਤੇਲ ਪੈਦਾ ਕਰਨ ਵਾਲੇ ਦੇਸ਼ਾਂ ਦਾ ਸੰਗਠਨ ਓਪੈਕ, ਆਸੀਅਨ ਆਦਿ। ਆਈ.ਐਮ.ਐਫ., ਵਰਲਡ ਬੈਂਕ, ਆਈ.ਟੀ.ਓ., ਏਸ਼ੀਅਨ ਡਿਵੈਲਪਮੈਂਟ ਬੈਂਕ ਵਰਗੇ ਅਦਾਰੇ ਵੀ ਇਸ ਵਿਵਸਥਾ ਦਾ ਹਿੱਸਾ ਹਨ। ਹਰ ਦੇਸ਼ ਆਪਣੀ ਉਪਜ ਅਸਾਨੀ ਨਾਲ ਵੇਚਣੀ ਚਾਹੁੰਦਾ ਹੈ ਅਤੇ ਫਿਰ ਦੂਜਿਆਂ ਲਈ ਆਪਣੀ ਮੰਡੀ ਦਾ ਰਾਹ ਵੀ ਮੋਕਲਾ ਕਰਨਾ ਪੈਂਦਾ ਹੈ। ਕਿਸੇ ਪਿੰਡ ਵਿਚ ਮੱਝ ਖਰੀਦਣ-ਵੇਚਣ ਤੋਂ ਹਵਾਈ ਜਹਾਜ਼ ਖਰੀਦਣ ਤੇ ਵੇਚਣ ਤੱਕ ਅਤੇ ਕੌਮਾਂਤਰੀ ਵਪਾਰ ਵਿਚ ਸੂਈ ਖਰੀਦਣ ਤੋਂ ਰਾਕੇਟ ਖਰੀਦਣ ਤੱਕ, ਹਰ ਧਿਰ ਹੀ ਲਾਭ ਕਮਾਉਣਾ ਚਾਹੁੰਦੀ ਹੈ। ਕੋਈ ਵੀ ਦੇਸ਼ ਘਾਟੇ ਦੇ ਸੌਦੇ ਨਹੀਂ ਕਰਦਾ ਅਤੇ ਨਾ ਕਰਨਾ ਚਾਹੁੰਦਾ ਹੈ। ਚਤੁਰ ਲੋਕ, ਚਤੁਰ ਵਪਾਰੀ ਅਤੇ ਚਤੁਰ ਦੇਸ਼ ਨਿਰਧਾਰਤ ਨਿਯਮਾਂ ਦਾ ਲਾਭ ਉਠਾਉਣ ਲਈ ਅਡਵਾਂਸ ਤਿਆਰੀ ਅਤੇ ਪੈਂਤੜੇਬਾਜ਼ੀ ਘੜਦੇ ਹਨ। ਇਸ ਕੌਮਾਂਤਰੀ ਖੇਡ ਵਿਚੋਂ ਬਾਹਰ ਬੈਠ ਕੇ ਵੀ ਸਰ ਨਹੀਂ ਸਕਦਾ ਅਤੇ ਭਾਰਤ ਵਰਗੇ ਦੇਸ਼ ਦਾ ਤਾਂ ਉਕਾ ਹੀ ਨਹੀਂ ਸਰ ਸਕਦਾ ਜਿਸ ਦੀ ਆਬਾਦੀ 1.4 ਬਿਲੀਅਨ ਦੇ ਕਰੀਬ ਹੈ ਜਦਕਿ ਸੰਸਾਰ ਦੀ ਕੁੱਲ ਅਬਾਦੀ 7.80 ਬਿਲੀਅਨ ਦੇ ਕਰੀਬ ਹੈ। ਸੰਸਾਰ ਦਾ ਕਰੀਬ ਹਰ 6ਵਾਂ ਬੰਦਾ ਭਾਰਤੀ ਹੈ। ਭਾਰਤ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਹੈ ਅਤੇ ਖਰੀਦ ਸ਼ਕਤੀ ਵਿਚ ਭਾਰਤ ਦਾ ਦਰਜਾ ਤੀਜਾ ਹੈ। ਇੰਝ ਭਾਰਤ ਕੌਮਾਂਤਰੀ ਵਪਾਰ ਦਾ ਅਹਿਮ ਖਿਡਾਰੀ ਹੈ ਅਤੇ ਕੌਮਾਂਤਰੀ ਮੁਕਾਬਲੇਬਾਜ਼ੀ ਤੋਂ ਕੰਨੀ ਕਤਰਾਉਣਾ ਜਾਂ ਭਗੌੜਾ ਹੋਣਾ ਸੰਭਵ ਨਹੀਂ ਹੈ। ਖੇਡਣ ਲਈ ਹਰ ਕੋਈ ਸਾਵਾਂ ਮੈਦਾਨ (ਪਲੇਨ ਫੀਲਡ) ਭਾਲਦਾ ਹੈ ਅਤੇ ਕੌਮਾਂਤਰੀ ਵਪਾਰ ਵਿਚ ਵੀ ਹਰ ਓਤਪਾਦ ਲਈ ਦਿੱਤੀ ਜਾਣ ਵਾਲੀ ਸਰਕਾਰੀ ਮਦਦ, ਗਰਾਂਟ, ਛੋਟ, ਸੁਵਿਧਾ ਅਤੇ ਸਬਸਿਡੀ ਦਾ ਮੁਲੰਕਣ ਕੀਤਾ ਜਾਂਦਾ ਹੈ ਤਾਂ ਕਿ ਮੁਕਾਬਲੇ ਵਿਚ ਮੈਦਾਨ ਸਾਵਾਂ ਰਹੇ।

ਇਹਨਾਂ 8 ਚੈਪਟਰਾਂ ਦੇ ਹੈਡਿੰਗ ਇਸ ਤਰ੍ਹਾਂ ਹਨ; ਤੱਤਕਰੇ ਵਿਚ ਚੈਪਟਰ ਨੰਬਰ 11 ਆਈ.ਐਮ.ਐਫ. ਦਾ ਬਣਨਾ, 12 ਵਰਲਡ ਬੈਂਕ ਦਾ ਬਣਨਾ, 13 ਸੰਸਾਰ ਦੇ ਅਰਥਚਾਰੇ ਤੇ ਬੈਂਕਾਂ ਦਾ ਕੰਟਰੋਲ, 14 ਪੈਟਰੋ ਡਾਲਰ, 15 ਆਈ.ਟੀ.ਓ. ਦਾ ਨਾ ਬਣ ਸਕਣਾ, 16 ਗੈਟ ਫੇਲ੍ਹ ਕਿਉਂ ਹੋਈ, 17 ਡਬਲਯੂ.ਟੀ.ਓ. ਦਾ ਬਣਨਾ ਅਤੇ 18 ਕੌਣ ਕੰਟਰੋਲ ਕਰਦਾ ਹੈ ਅਰਥਚਾਰੇ ਨੂੰ।

ਪਿਛਲੇ ਹਿਸਾਬ ਵਿਚ ਬਚਦੇ 46 ਸਫਿਆਂ ਵਿਚੋਂ ਇਹ 21 ਸਫੇ ਘਟਾ ਲਈਏ ਤਾਂ ਹੁਣ ਸਿਰਫ 25 ਸਫੇ ਹੀ ਮੂਲ 'ਤੱਤ' ਦੀ ਖੋਜ ਲਈ ਬਚਦੇ ਹਨ। ਤੇ ਮੂਲ ਤੱਤ ਹੈ 'ਕਾਲਾ'।

ਕਿਤਾਬਚੇ ਦੇ ਸਫਾ 9 ਤੋਂ ਸਫਾ 33 ਤੱਕ 10 ਚੈਪਟਰਾਂ ਵਿਚ ਇਹਨਾਂ ਤਿੰਨ ਕਾਨੂੰਨਾਂ ਬਾਰੇ, ਐਮ.ਐਸ.ਪੀ. ਬਾਰੇ, ਕਿਸਾਨਾਂ ਵਲੋਂ ਸੋਧਾਂ ਨਾ ਮੰਨਣ ਬਾਰੇ ਅਤੇ ਕੁਝ ਹੋਰ ਨੁਕਤੇ ਵਿਚਾਰੇ ਗਏ ਹਨ। ਚੈਪਟਰ ਹਨ 1 ਜ਼ਰੂਰੀ ਵਸਤਾਂ ਕਾਨੂੰਨ ਵਿਚ ਸੋਧ, 2 ਕਿਸਾਨ ਐਮ.ਐਸ.ਪੀ. ਕਿਉਂ ਮੰਗ ਰਹੇ ਹਨ, 3 ਐਮ.ਐਸ.ਪੀ. ਬਾਰੇ ਪ੍ਰਵਾਧਾਨ ਕੀ ਹੈ?, 4 ਮੰਡੀਕਰਨ ਦਾ ਪਿਛੋਕੜ, 5 ਵਣਜ ਵਪਾਰ ਬਾਰੇ ਕਾਨੂੰਨ, 6 ਕੀ ਕੀਮਤ ਦੇ ਭੁਗਤਾਨ ਬਾਰੇ ਮੁਕੱਦਮੇਬਾਜ਼ੀ ਵਾਧੂ ਭਾਰ ਹੈ?, 7 ਕੰਟਰੈਕਟ ਫਾਰਮਿੰਗ ਬਾਰੇ ਕਾਨੂੰਨ, 8 ਮੱਦ 33 ਹੋਂਦ ਵਿਚ ਕਿਵੇਂ ਆਈ, 9 ਕਿਸਾਨ ਕਾਨੂੰਨ ਵਿਚ ਸੋਧਾਂ ਪ੍ਰਵਾਨ ਕਿਉਂ ਨਹੀਂ ਮੰਨ ਰਹੇ, 10 ਖੇਤੀ ਅਤੇ ਖੇਤ ਦੋਵੇਂ ਖਤਰੇ ਵਿਚ।

ਇਹਨਾਂ 10 ਚੈਪਟਰਾਂ ਵਿਚ ਵੀ ਕੇਂਦਰ ਸਰਕਾਰ ਦੇ ਤਿੰਨ ਕਾਨੰਨਾਂ ਦੀਆਂ ਮੱਦਾਂ ਵਿਚ ਕਥਿਤ ਕਾਲਾ ਤਲਾਸ਼ਣਾ ਆਸਾਨ ਕੰਮ ਨਹੀਂ ਜਾਪਦਾ। ਇਸ ਦੀ ਪੜਚੋਲ ਅੱਗੇ ਜਾ ਕੇ ਕਰਦੇ ਹਾਂ।

ਹੋਰ ਸੈਕਟਰਾਂ ਵਾਂਗ ਭਾਰਤ ਦਾ ਖੇਤੀ ਸੈਕਟਰ ਨੂੰ ਵੀ ਪ੍ਰਫੁੱਲਤ ਹੋਣ ਲਈ ਮੰਡੀ ਦੀ ਲੋੜ ਹੈ। ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਪਿੱਛੋਂ ਵਿਦੇਸ਼ੀ ਮੰਡੀ ਤਲਾਸ਼ਣ ਤੋਂ ਬਿਨਾਂ ਖੇਤੀ ਸੈਕਟਰ ਸੁੰਗੜਨ ਲੱਗ ਜਾਵੇਗਾ ਜਿਸ ਦਾ ਨੁਕਸਾਨ ਕਿਸਾਨ, ਮਜ਼ਦੂਰ, ਵਪਾਰੀ ਅਤੇ ਦੇਸ਼ ਨੂੰ ਹੋਵੇਗਾ ਪਰ ਵਿਦੇਸ਼ੀ ਮੰਡੀ ਤੱਕ ਪਹੁੰਚ ਲਈ ਹਰ ਉਤਪਾਦ ਵਾਂਗ ਖੇਤੀ ਉਤਪਾਦਾਂ ਦੀ ਉਤਮ ਗੁਣਵੱਤਾ, ਢੁਕਵੀਂ ਕੀਮਤ, ਸੁਰੱਖਿਅਤ ਪੈਕਿੰਗ ਅਤੇ ਲੋਕਾਂ ਦੀ ਲੋੜ ਸਮੇਂ ਉਤਪਾਦ ਦੀ ਉਸ ਬਾਜ਼ਾਰ ਤੱਕ ਪਹੁੰਚ ਜ਼ਰੂਰੀ ਹੈ। ਇਸ ਸਾਰੇ ਰਸਤੇ ਵਿਚ ਖੇਤ ਤੋਂ ਖਪਤਕਾਰ ਤੱਕ ਓਦਮ, ਲਾਭ-ਹਾਣ (ਰਿਸਕ), ਪੜਾਵਾਰ ਢੁਕਵੀਂ ਪਲਾਨ ਅਤੇ ਇਨਵੈਸਟਮੈਂਟ ਦੀ ਲੋੜ ਹੈ। ਇਹ ਕੰਮ ਸਰਕਾਰਾਂ ਦੇ ਕਰਨ ਦੇ ਨਹੀਂ ਹਨ ਅਤੇ ਜਿੱਥੇ ਸਰਕਾਰਾਂ ਨੇ ਕੋਸ਼ਿਸ਼ ਕੀਤੀ, ਕਾਮਯਾਬੀ ਬਹੁਤ ਘੱਟ ਮਿਲੀ ਹੈ ਜਾਂ ਨਹੀਂ ਮਿਲੀ।

ਹੁਣ ਐਡਵੋਕੇਟ ਜੋਗਿੰਦਰ ਸਿੰਘ ਤੂਰ ਦੇ 84 ਸਫੇ ਦੇ ਕਿਤਾਬਚੇ ਵਿਚੋਂ ਬਚਦੇ 25 ਸਫਿਆਂ ਅਤੇ 10 ਚੈਪਟਰਾਂ ਵਿਚ ਦਰਜ 'ਕਾਲਾ' ਤਲਾਸ਼ਦੇ ਹਾਂ। ਉਂਝ ਤਾਂ ਉਹਨਾਂ ਨੇ 'ਕਾਲਾ' ਤਲਾਸ਼ ਕੇ ਹੀ 84 ਸਫੇ ਦਾ ਕਿਤਾਬਚਾ ਲਿਖਿਆ ਹੈ ਪਰ ਸਾਨੂੰ 59 ਸਫਿਆਂ ਵਿਚੋਂ ਅਜੇ ਅਜਿਹਾ ਕੁਝ ਨਹੀਂ ਮਿਲਿਆ।

ਬਚਦੇ 10 ਚੈਪਟਰਾਂ ਅਤੇ 25 ਸਫਿਆਂ ਵਿਚ ਐਡਵੋਕੇਟ ਤੂਰ ਨੇ ਕੁਝ ਅਜਿਹੇ ਮੁੱਦੇ ਵੱਧ ਉਭਾਰੇ ਹਨ ਜੋ 'ਕਾਲਾ ਕੀ ਹੈ?' ਤੋਂ ਵੱਖਰੇ ਹਨ ਜਾਂ ਖਦਸ਼ਿਆਂ ਅਤੇ ਹੋਰ ਵੱਖ ਮੰਗਾਂ ਉੱਤੇ ਅਧਾਰਿਤ ਹਨ।

ਕਿਸਾਨ ਐਮ.ਐਸ.ਪੀ. ਕਿਉਂ ਮੰਗਦੇ ਹਨ


*(ਬਾਕੀ ਅਗਲੇ ਸਫੇ 'ਤੇ)*

# ਆਜ਼ਾਦੀ ਦੇ ਸੰਗਰਾਮ ਦਾ ਇਤਿਹਾਸਕ ਦਸਤਾਵੇਜ਼

ਡਾ. ਗੁਰੂਮੇਲ ਸਿੱਧੂ ਉਘੇ ਵਿਗਿਆਨੀ ਅਤੇ ਸਾਹਿਤਕਾਰ ਹਨ। ਕਵਿਤਾ, ਆਲੋਚਨਾ, ਧਾਰਮਿਕ ਲੇਖ, ਭਾਰਤ ਦੀ ਆਜ਼ਾਦੀ ਲਹਿਰ ਨਾਲ ਸਬੰਧਿਤ ਲੇਖ ਅਤੇ ਕਿਤਾਬਾਂ ਰਾਹੀਂ ਉਨ੍ਹਾਂ ਆਪਣੀ ਬਹੁ-ਪੱਖੀ ਲਿਖਣ ਪ੍ਰਤਿਭਾ ਨੂੰ ਪ੍ਰਮਾਣਿਤ ਕੀਤਾ ਹੈ। 'ਗਦਰ ਦਾ ਦੂਜਾ ਪੱਖ' ਪੁਸਤਕ ਤੋਂ ਬਾਅਦ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ- ਗਦਰੀ ਲਹਿਰਾਂ ਦੀ ਹਿੱਸੇਦਾਰੀ' ਇਸ ਖੇਤਰ ਵਿਚ ਬੜੀ ਮੁੱਲਵਾਨ ਅਤੇ ਵਿਲੱਖਣ ਹਿੱਸੇਦਾਰੀ ਹੈ। ਭਾਰਤ

**ਹਰਜਿੰਦਰ ਕੰਗ**
**ਫੋਨ: 559-917-4890**

ਦੀ ਆਜ਼ਾਦੀ ਦੀ ਜੱਦੋ-ਜਹਿਦ ਵਿਚ 1857 ਦੇ ਗਦਰ ਤੱਕ ਪੁੱਜਦਿਆਂ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਇਲਾਕਾਈ ਵਿਰੋਧ, ਬਗਾਵਤਾਂ, ਮੁਜ਼ਾਹਰੇ ਹੁੰਦੇ ਰਹੇ ਜਿਨ੍ਹਾਂ ਦੇ ਫਲਸਰੂਪ 1857 ਦਾ ਗਦਰ ਅੰਗਰੇਜ਼ਾਂ ਲਈ ਵੱਡੀ ਯੋਜਨਾਬੱਧ ਵੰਗਾਰ ਲੈ ਕੇ ਬਹੁੜਿਆ। ਵੱਖ-ਵੱਖ ਖਿੱਤਿਆਂ ਦੇ ਇਨ੍ਹਾਂ ਵਿਰੋਧਾਂ, ਬਗਾਵਤਾਂ ਅਤੇ ਗੁਲਾਮੀ ਦੇ ਵਿਰੋਧ ਵਿਚ ਆਜ਼ਾਦੀ ਦਾ ਨਾਅਰਾ, ਜੋਸ਼ ਤੇ ਕੁਰਬਾਨੀਆਂ ਦਾ ਜ਼ਿਕਰ ਵੱਖ-ਵੱਖ ਕਿਤਾਬਾਂ ਵਿਚ ਮਿਲਦਾ ਹੈ ਪਰ ਇਸ ਸਮੁੱਚੇ ਘਟਨਾਕ੍ਰਮ ਦਾ ਲੜੀਵਾਰ ਵੇਰਵਾ ਕਿਸੇ ਇਕ ਕਿਤਾਬ ਵਿਚ ਨਹੀਂ ਮਿਲਦਾ। ਡਾ. ਗੁਰੂਮੇਲ ਸਿੱਧੂ ਦੀ ਇਸ ਪੁਸਤਕ ਦਾ ਮੁੱਖ ਮੰਤਵ ਇਹੀ ਸੀ ਕਿ ਆਜ਼ਾਦੀ ਦੇ ਸੰਗਰਾਮ ਵਿਚ ਹਿੰਦੋਸਤਾਨ ਵਿਚ ਅਤੇ ਹਿੰਦੋਸਤਾਨ ਤੋਂ ਬਾਹਰ ਪੈਦਾ ਹੋਈਆਂ ਲਹਿਰਾਂ ਦਾ ਸਿਲਸਿਲੇਵਾਰ ਵੇਰਵਾ ਅਤੇ ਯੋਗਦਾਨ ਇਕ ਜਿਲਦ ਵਿਚ ਪੇਸ਼ ਕੀਤਾ ਜਾਵੇ। ਇਸ ਵਾਸਤੇ ਲੋੜੀਂਦੀ ਪ੍ਰਮਾਣਿਤ ਸਮੱਗਰੀ ਪ੍ਰਾਪਤ ਕਰਨਾ ਆਪਣੇ ਆਪ ਵਿਚ ਚੁਣੌਤੀ ਭਰਪੂਰ ਕਾਰਜ ਸੀ ਕਿਉਂਕਿ ਸਾਰੀ ਸਮੱਗਰੀ ਆਮ ਲਾਇਬ੍ਰੇਰੀਆਂ ਵਿਚੋਂ ਪ੍ਰਾਪਤ ਨਹੀਂ ਹੁੰਦੀ। ਇਸੇ ਕਾਰਨ ਕੁਝ ਕਿਤਾਬਾਂ ਤਕ ਤਾਂ ਆਮ ਪਾਠਕ ਦੀ ਪਹੁੰਚ ਵੀ ਨਹੀਂ ਹੈ। ਉਨ੍ਹਾਂ ਵਿਸ਼ੇਸ਼ ਕਿਤਾਬਾਂ ਲਈ ਲਾਇਬ੍ਰੇਰੀ ਆਫ ਦਾ ਕਾਂਗਰਸ ਦਾ ਮੈਂਬਰ ਹੋਣਾ ਲਾਜ਼ਮੀ ਹੈ ਜੋ ਡਾ. ਗੁਰੂਮੇਲ ਸਿੱਧੂ ਹੈ। ਦਰਜਨਾਂ ਕਿਤਾਬਾਂ ਦੇ ਵਰਕੇ ਫਰੋਲਣ ਤੋਂ ਬਾਅਦ ਇਸ ਕਿਤਾਬ ਵਿਚ ਤਕਰੀਬਨ ਦੋ ਸਦੀਆਂ ਦਾ ਇਤਿਹਾਸ ਦਰਜ ਕੀਤਾ ਗਿਆ ਹੈ।




***ਕੁਝ ਲਹਿਰਾਂ ਬਹੁਤ ਮਸ਼ਹੂਰ ਹੋਈਆਂ ਅਤੇ ਲੋਕਾਂ ਨੂੰ ਉਨ੍ਹਾਂ ਬਾਰੇ ਕੁਝ ਜਾਣਕਾਰੀ ਹੈ ਪਰ ਬਹੁਤ ਸਾਰੀਆਂ ਘਟਨਾਵਾਂ, ਬਗਾਵਤਾਂ, ਲਹਿਰਾਂ ਅਤੇ ਇਤਿਹਾਸਕ ਹਵਾਲੇ ਐਸੇ ਨੇ ਜੋ ਮਹੱਤਵਪੂਰਨ ਹਨ ਪਰ ਉਨ੍ਹਾਂ ਦੀ ਜਾਣਕਾਰੀ ਆਮ ਲੋਕਾਂ ਨੂੰ ਨਹੀਂ ਹੈ। 1857 ਦੇ ਗਦਰ ਤੋਂ ਪਹਿਲਾਂ ਛਾਉਣੀਆਂ ਵਿਚ ਬਗਾਵਤਾਂ ਹੋਈਆਂ, ਜਿਵੇਂ ਮੇਰਠ ਛਾਉਣੀ ਵਿਚ ਤਾਂਤੀਆ ਤੋਪੇ ਦੀ ਬਗਾਵਤ, ਝਾਂਸੀ ਦੀ ਰਾਣੀ ਦੀ ਬਗਾਵਤ, ਜਨਰਲ ਬਖਤ ਖਾਂ ਦੀ ਬਗਾਵਤ, ਵਹਾਬੀ ਬਗਾਵਤ ਆਦਿ। ਇਨ੍ਹਾਂ ਸਰਗਰਮੀਆਂ ਦੀ ਸਿਲਸਿਲੇਵਾਰ ਲੋੜੀਂਦੀ ਵਾਕਫੀਅਤ ਦਿੱਤੀ ਗਈ ਹੈ। ਘਟਨਾ ਦੀ ਅਹਿਮੀਅਤ ਮੁਤਾਬਿਕ ਉਸ ਦੇ ਵਿਸਥਾਰ ਅਤੇ ਸੰਖੇਪਤਾ ਦਾ ਧਿਆਨ ਰੱਖਿਆ ਗਿਆ ਹੈ।***

ਕੁਝ ਲਹਿਰਾਂ ਬਹੁਤ ਮਸ਼ਹੂਰ ਹੋਈਆਂ ਅਤੇ ਲੋਕਾਂ ਨੂੰ ਉਨ੍ਹਾਂ ਬਾਰੇ ਕੁਝ ਜਾਣਕਾਰੀ ਹੈ ਪਰ ਬਹੁਤ ਸਾਰੀਆਂ ਘਟਨਾਵਾਂ, ਬਗਾਵਤਾਂ, ਲਹਿਰਾਂ ਅਤੇ ਇਤਿਹਾਸਕ ਹਵਾਲੇ ਐਸੇ ਨੇ ਜੋ ਮਹੱਤਵਪੂਰਨ ਹਨ ਪਰ ਉਨ੍ਹਾਂ ਦੀ ਜਾਣਕਾਰੀ ਆਮ ਲੋਕਾਂ ਨੂੰ ਨਹੀਂ ਹੈ। 1857 ਦੇ ਗਦਰ ਤੋਂ ਪਹਿਲਾਂ ਛਾਉਣੀਆਂ ਵਿਚ ਬਗਾਵਤਾਂ ਹੋਈਆਂ, ਜਿਵੇਂ ਮੇਰਠ ਛਾਉਣੀ ਵਿਚ ਤਾਂਤੀਆ ਤੋਪੇ ਦੀ ਬਗਾਵਤ, ਝਾਂਸੀ ਦੀ ਰਾਣੀ ਦੀ ਬਗਾਵਤ, ਜਨਰਲ ਬਖਤ ਖਾਂ ਦੀ ਬਗਾਵਤ, ਵਹਾਬੀ ਬਗਾਵਤ ਆਦਿ। ਇਨ੍ਹਾਂ ਸਾਰੀਆਂ ਸਰਗਰਮੀਆਂ ਦੀ ਸਿਲਸਿਲੇਵਾਰ ਲੋੜੀਂਦੀ ਵਾਕਫੀਅਤ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਘਟਨਾ ਦੀ ਅਹਿਮੀਅਤ ਮੁਤਾਬਿਕ ਉਸ ਦੇ ਵਿਸਥਾਰ ਅਤੇ ਸੰਖੇਪਤਾ ਦਾ ਧਿਆਨ ਰੱਖਿਆ ਗਿਆ ਹੈ। ਕੁਝ ਘੱਟ ਜਾਣੀਆਂ ਜਾਣ ਵਾਲੀਆਂ ਬਗਾਵਤਾਂ ਜਿਵੇਂ ਵੈਲੂਰ ਦੀ ਬਗਾਵਤ (1806-07) ਦੀ ਦਿਲਚਸਪ ਗੱਲ ਹੈ ਕਿ ਜਨਰਲ ਜੌਹਨ ਕ੍ਰੈਡੋਕ ਨੇ ਸਿਪਾਹੀਆਂ ਨੂੰ ਕੰਨਾਂ ਵਿਚ ਮੁੰਦਰਾਂ ਪਾਉਣ ਅਤੇ ਮੱਥੇ 'ਤੇ ਤਿਲਕ ਲਾਉਣ ਤੋਂ ਵਰਜ ਦਿੱਤਾ। ਮੁਸਲਮਾਨ ਸਿਪਾਹੀਆਂ ਨੂੰ ਦਾੜ੍ਹੀ ਮੁੰਨਣ ਅਤੇ ਕਤਰਨ ਦਾ ਹੁਕਮ ਦਿੱਤਾ। ਵਹਾਬੀ ਬਗਾਵਤ (1830-70) ਸਮੇਂ ਜਦੋਂ ਈਸਟ ਇੰਡੀਆ ਕੰਪਨੀ ਨੇ ਕਿਸਾਨਾਂ ਦੀ ਜ਼ਮੀਨ ਹੜੱਪਣੀ ਸ਼ੁਰੂ ਕਰ ਦਿੱਤੀ ਤਾਂ ਉਸ ਸਮੇਂ ਟੀਟੂ ਮੀਰ ਨੇ ਆਮ ਲੋਕਾਂ ਨੂੰ ਲਾਮਬੰਦ ਕੀਤਾ, ਬਾਂਸ ਦੇ ਚੋਭਾਂ ਨਾਲ ਕਿਲ੍ਹਾ ਖੜ੍ਹਾ ਕੀਤਾ। ਲੜਨ ਲਈ ਬਾਂਸ ਦੀਆਂ ਲਾਠੀਆਂ ਦਾ ਇਸਤੇਮਾਲ ਕੀਤਾ। ਇਸੇ ਲਹਿਰ ਦੇ ਇਨਕਲਾਬੀਆਂ ਮੁਹੰਮਦ ਅਬਦੁੱਲਾ ਅਤੇ ਸ਼ੇਰ ਅਲੀ ਖਾਂ ਨੇ ਫਾਂਸੀ ਦੇ ਰੱਸੇ ਚੁੰਮੇ। ਮੁਹੰਮਦ ਅਬਦੁੱਲਾ ਨੂੰ ਕਲਕੱਤੇ ਦੀ ਕਚਹਿਰੀ ਦੇ ਚੀਫ ਜਸਟਿਸ ਦੇ ਕਤਲ ਕਰਕੇ ਅਤੇ ਸ਼ੇਰ ਅਲੀ ਖਾਂ ਨੂੰ ਹਿੰਦੋਸਤਾਨ ਦੇ ਵਾਇਸਰਾਏ ਲੌਰਡ ਮਿਓ ਦਾ ਕਤਲ ਕਰਨ ਕਰਕੇ ਫਾਂਸੀ ਦਿੱਤੀ ਗਈ।

1857 ਦੇ ਗਦਰ ਦੇ ਗਦਾਰਾਂ ਦਾ ਵਰਨਣ ਵੀ ਹੈ ਜਿਸ ਵਿਚ ਪਟਿਆਲਾ, ਜੀਂਦ, ਨਾਭਾ ਅਤੇ ਕਪੂਰਥਲਾ ਦੀਆਂ ਰਿਆਸਤਾਂ ਨੇ ਗੋਰਿਆਂ ਦਾ ਸਾਥ ਦਿੱਤਾ। ਬਦਲੇ ਵਿਚ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਵੱਡੀਆਂ ਜਗੀਰਾਂ ਬਖਸ਼ੀਆਂ। ਰਸੂਖ ਵਾਲੇ ਕਈ ਮੁਸਲਮਾਨਾਂ ਤੇ ਹਿੰਦੂਆਂ ਨੇ ਵੀ ਅੰਗਰੇਜ਼ਾਂ ਦੀ ਮਦਦ ਕੀਤੀ ਤੇ ਇਵਜ਼ ਵਜੋਂ ਵੱਡੇ ਇਨਾਮ ਪ੍ਰਾਪਤ ਕੀਤੇ ਪਰ ਲੁਧਿਆਣੇ ਜ਼ਿਲ੍ਹੇ ਦੇ ਰੱਬੋਂ ਪਿੰਡ ਦੇ ਗਰੇਵਾਲ ਪਰਿਵਾਰ ਵਿਚ ਜਨਮੇ ਮਹਾਰਾਜ ਸਿੰਘ ਦੀ ਕੁਰਬਾਨੀ ਤੇ ਸੰਘਰਸ਼ ਵੱਡਮੁੱਲਾ ਹੈ। ਮਹਾਰਾਜ ਸਿੰਘ ਨੇ ਆਖਰੀ ਦਮ ਤਕ ਅੰਗਰੇਜ਼ਾਂ ਨਾਲ ਜੰਗ ਲੜੀ ਅਤੇ ਆਖਰ ਓਟਰਮ ਜੇਲ੍ਹ ਵਿਚ ਦਰਦਨਾਕ ਮੌਤ ਹੋਈ। ਮਹਾਰਾਜ ਸਿੰਘ ਦੇ ਸੰਘਰਸ਼ ਅਤੇ ਕੁਰਬਾਨੀ ਬਾਰੇ ਆਮ ਲੋਕਾਂ ਨੂੰ ਘੱਟ ਪਤਾ ਹੈ। ਸਿੰਗਾਪੁਰ ਵਿਚ ਬਣੀ ਮਹਾਰਾਜ ਸਿੰਘ ਦੀ ਸਮਾਰਕ ਨੂੰ 1999 ਵਿਚ ਸਿੰਗਾਪੁਰ ਨੈਸ਼ਨਲ ਹੈਰੀਟੇਜ ਬੋਰਡ ਵਲੋਂ ਇਤਿਹਾਸਕ ਸਮਾਰਕ ਦਾ ਦਰਜਾ ਦਿੱਤਾ ਗਿਆ ਹੈ।

ਨਾਮਧਾਰੀ ਲਹਿਰ, ਕੂਕਾ ਲਹਿਰ, ਸਾਰਾਗੜ੍ਹੀ ਦੀ ਜੰਗ, ਸਾਕਾ ਨਨਕਾਣਾ ਸਾਹਿਬ, ਜੱਲ੍ਹਿਆਂਵਾਲੇ ਬਾਗ ਦਾ ਸਾਕਾ, ਜੱਲ੍ਹਿਆਂਵਾਲੇ ਬਾਗ ਦੀ ਕਵਿਤਾ, ਗਦਰ ਦੀ ਕਵਿਤਾ, 628 ਗਦਰੀ ਬਾਬਿਆਂ ਦਾ ਸੰਖੇਪ ਜੀਵਨ ਬਿਓਰਾ ਜਿਸ ਵਿਚ ਸ਼ਹੀਦ ਦੇ ਪਿਤਾ ਦਾ ਨਾਂ, ਪਿੰਡ/ਸ਼ਹਿਰ, ਜ਼ਿਲ੍ਹਾ ਅਤੇ ਸੰਖੇਪ ਟਿੱਪਣੀ ਦਿੱਤੀ ਗਈ ਹੈ। ਘੱਲੂਘਾਰਿਆਂ ਦੇ ਸ਼ਹੀਦਾਂ ਦੀ ਸੂਚੀ ਅਤੇ ਹਰ ਸਾਕੇ ਦੇ ਅਖੀਰ 'ਤੇ ਸ਼ਹੀਦ ਦੇ ਪਿਤਾ ਦਾ ਨਾਂ, ਪਿੰਡ/ਸ਼ਹਿਰ, ਜ਼ਿਲ੍ਹੇ ਦਾ ਨਾਂ ਦਰਜ ਕੀਤਾ ਗਿਆ ਹੈ। ਜੱਲ੍ਹਿਆਂਵਾਲੇ ਬਾਗ ਦੇ 412 ਸ਼ਹਿਦਾਂ ਦੀ ਸੂਚੀ ਵਿਚ ਸ਼ਹੀਦ ਦੇ ਪਿਤਾ ਦਾ ਨਾਂ, ਉਮਰ, ਜਾਤ, ਪਿੰਡ ਤੇ ਜ਼ਿਲ੍ਹਾ ਦੱਸਿਆ ਗਿਆ ਹੈ। ਆਜ਼ਾਦ ਹਿੰਦ ਫੌਜ ਦੇ 900 ਸ਼ਹੀਦਾਂ ਦੀ ਸੂਚੀ ਹੈ। ਕਾਮਾਗਾਟਾ ਮਾਰੂ ਦੇ 376 ਮੁਸਾਫਿਰਾਂ ਦੀ ਸੂਚੀ ਹੈ। ਸਾਰਾਗੜ੍ਹੀ ਦੀ ਜੰਗ ਦਾ ਇਤਿਹਾਸ ਅਤੇ ਸ਼ਹੀਦਾਂ ਦੀ ਸੂਚੀ ਸ਼ਾਮਲ ਹੈ। ਨਾਮਧਾਰੀ ਲਹਿਰ ਅਤੇ ਕੂਕਾ ਲਹਿਰ ਦੇ ਵੱਖ-ਵੱਖ ਕਾਂਡ ਨੇ ਜਿਨ੍ਹਾਂ ਵਿਚ ਮਹੱਤਵਪੂਰਨ ਘਟਨਾਵਾਂ ਦੇ ਵੇਰਵੇ ਅਤੇ ਕਾਰਨਾਮੇ ਦਰਜ ਕੀਤੇ ਗਏ ਹਨ। ਕਿਰਤੀ ਮੈਗਜ਼ੀਨ ਤੇ ਕਿਰਤੀ ਕਿਸਾਨ ਪਾਰਟੀ ਦੇ ਵੱਖ-ਵੱਖ ਅਧਿਆਏ ਨੇ। ਕਿਰਤੀ ਕਿਸਾਨ ਪਾਰਟੀ ਆਫ ਬੰਗਾਲ ਜਿਸ ਦਾ ਮੁੱਢ ਪਹਿਲੀ ਨਵੰਬਰ 1925 ਨੂੰ ਬੰਗਾਲ ਵਿਚ ਬੱਝਦਾ ਹੈ, ਦਾ ਮਹੱਤਵਪੂਰਨ ਵੇਰਵਾ ਹੈ।

ਪੰਜਾਬ ਦੀ ਕਿਰਤੀ ਕਿਸਾਨ ਪਾਰਟੀ 1926 ਵਿਚ ਭਾਈ ਸੰਤੋਖ ਸਿੰਘ ਦੀ ਰਹਿਨੁਮਾਈ ਵਿਚ ਸਥਾਪਿਤ ਹੁੰਦੀ ਹੈ। ਇਸ ਤਰ੍ਹਾਂ ਵੱਖ-ਵੱਖ ਖੇਤਰਾਂ ਵਿਚ ਜਥੇਬੰਦਕ ਸੋਚ, ਕ੍ਰਾਂਤੀ ਨੂੰ ਜਨਮ ਦਿੰਦੀ ਹੈ। ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਕਿਵੇਂ ਇਕ ਸੋਚ ਦੇ ਦ੍ਰਿੜ ਧਾਰਨੀ ਬਣ ਕੇ ਲੋਕ ਲਹਿਰਾਂ ਤਖਤੇ ਪਲਟ ਦਿੰਦੀਆਂ ਨੇ। ਕਿੰਨੀਆਂ ਸ਼ਹੀਦੀਆਂ, ਕਿੰਨੇ ਤਸੀਹੇ ਝੱਲ ਕੇ ਆਜ਼ਾਦੀ ਦੇ ਪਰਚਮ ਨੂੰ ਲਹਿਰਾਇਆ ਜਾਂਦਾ ਹੈ। ਪੁਸਤਕ ਪੜ੍ਹ ਕੇ ਇਹ ਅਹਿਸਾਸ ਹੋਣ ਲਗਦਾ ਹੈ ਤੇ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਅੱਗੇ ਸਿਰ ਝੁਕ ਜਾਂਦਾ ਹੈ। 'ਗਦਰ ਦਾ ਬਿਗਲ' ਕਵਿਤਾ ਸ਼ਹੀਦਾਂ ਦੇ ਅਰੋਕ ਜਜ਼ਬੇ ਨੂੰ ਬਿਆਨ ਕਰਦੀ ਹੈ, ਲਲਕਾਰ ਪੈਦਾ ਕਰਦੀ ਹੈ, ਸੰਘਰਸ਼ ਲਈ ਪ੍ਰੇਰਦੀ ਹੈ। ਇਸ ਸੰਘਰਸ਼ ਦੀ ਅੱਜ ਵੀ ਓਨੀ ਹੀ ਲੋੜ ਹੈ, ਕਵਿਤਾ ਵਿਚਲੇ ਜਜ਼ਬਾਤ ਅੱਜ ਵੀ ਓਨੇ ਹੀ ਪ੍ਰਸੰਗਕ ਨੇ:

ਹਿੰਦੋਸਤਾਨ ਦੇ ਬੱਚਿਓ ਕਰੋ ਛੇਤੀ
ਚਲੋ ਦੇਸ਼ ਨੂੰ ਗਦਰ ਮਚਾਨ ਬਦਲੇ
ਹੀਰਾ ਹਿੰਦ ਬੇ-ਕੀਮਤੀ ਪਿਆ ਰੁਲਦਾ
ਸਸਤਾ ਬੌਹਤ ਜੇ ਮਿਲੇ ਭੀ ਜਾਨ ਬਦਲੇ
ਦੱਸਾਂ ਗੱਲ ਮੈਂ ਗਦਰ ਦੇ ਪਿਆਰਿਆਂ ਨੂੰ
ਜੇਹੜੇ ਤਿਆਰ ਹਨ ਗਦਰ ਮਚਾਣ ਬਦਲੇ
ਵੇਲਾ ਫੇਰ ਨਾ ਆਵਣਾ ਹੱਥ ਯਾਰੋ
ਚੰਗਾ ਵਕਤ ਹੈ ਜੰਗ ਮਚਾਣ ਬਦਲੇ।

ਹਿੰਦੋਸਤਾਨ ਦੇ ਆਜ਼ਾਦੀ ਸੰਗਰਾਮ ਦਾ ਇਹ ਇਤਿਹਾਸਕ ਦਸਤਾਵੇਜ਼ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ 2020 ਵਿਚ ਪ੍ਰਕਾਸ਼ਿਤ ਕੀਤਾ ਹੈ। 876 ਸਫਿਆਂ ਦੀ ਇਹ ਮਹੱਤਵਪੂਰਨ ਪੁਸਤਕ 1195 ਰੁਪਏ ਵਿਚ www.unistarbooks.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

---

ਅਤੇ ਐਮ.ਐਸ.ਪੀ. ਦਾ ਪ੍ਰਾਵਧਾਨ ਕੀ ਹੈ, ਨਾਮ ਦੇ ਚੈਪਟਰਾਂ ਵਿਚ ਸੂਈ ਘੱਟੋ-ਘੱਟ ਸਮਰਥਨ ਮੁੱਲ ਉੱਤੇ ਹੈ ਜੋ ਇਹਨਾਂ ਤਿੰਨ ਕਾਨੂੰਨਾਂ ਹੇਠ ਖਤਮ ਨਹੀਂ ਕੀਤੀ ਗਈ। ਹਾਂ, ਐਡਵੋਕੇਟ ਤੂਰ ਵਰਗਿਆਂ ਨੂੰ ਖਤਮ ਹੋਣ ਦਾ ਖਦਸ਼ਾ ਹੈ। ਭਾਰਤ ਵਿਚ ਕਦੇ ਵੀ ਕੋਈ ਐਮ.ਐਸ.ਪੀ. ਕਾਨੂੰਨ ਨਹੀਂ ਬਣਿਆ ਅਤੇ ਇਹ ਸਰਕਾਰ ਦੀ 'ਤਰਲ' ਨੀਤੀ ਦਾ ਹਿੱਸਾ ਰਿਹਾ ਹੈ। ਘੱਟੋ-ਘੱਟ ਕੀਮਤ ਭਾਵੇਂ 23 ਫਸਲਾਂ ਦੀ ਜਾਰੀ ਕੀਤੀ ਜਾਂਦੀ ਹੈ ਪਰ ਸਰਕਾਰ ਮੁੱਖ ਰੂਪ ਵਿਚ ਕਣਕ ਤੇ ਝੋਨਾ ਹੀ ਖਰੀਦਦੀ ਹੈ ਅਤੇ ਸਰਕਾਰ ਵਲੋਂ ਇਹਨਾਂ ਦੋਵਾਂ ਫਸਲਾਂ ਦੀ ਖਰੀਦ ਸਮੇਤ ਘੱਟੋ-ਘੱਟ ਸਮਰਥਨ ਮੁੱਲ ਜਾਰੀ ਹੈ। ਐਮ.ਐਸ.ਪੀ. ਕਾਨੂੰਨ ਬਣਾਉਣ ਅਤੇ 23 ਫਸਲਾਂ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ ਦੀਆਂ ਦੋਵੇਂ ਮੰਗਾਂ ਇਹਨਾਂ ਕਾਨੂੰਨਾਂ ਤੋਂ ਬਾਹਰੀਆਂ ਹਨ ਅਤੇ ਬਾਅਦ ਵਿਚ ਜੋੜੀਆਂ ਗਈਆਂ ਹਨ। ਸੋ, ਇਹ ਉਸ 'ਕਾਲੇ' ਦਾ ਹਿੱਸਾ ਨਹੀਂ ਹਨ ਜਿਸ ਕਾਰਨ ਇਹਨਾਂ ਕਾਨੂੰਨਾਂ ਦਾ ਵਿਰੋਧ ਸ਼ੁਰੂ ਕੀਤਾ ਗਿਆ ਸੀ ਪਰ ਸ. ਤੂਰ ਨੇ 4 ਸਫੇ (13, 14, 15, 16) ਐਮ.ਐਸ.ਪੀ. ਦੇ ਰੋਣੇ ਉੱਤੇ ਲਗਾ ਦਿੱਤੇ ਹਨ। ਬਚਦੇ 25 ਸਫਿਆਂ ਵਿਚੋਂ ਇਹ ਚਾਰ ਸਫੇ ਮਨਫੀ ਕਰਨੇ ਬਣਦੇ ਹਨ। ਇੰਝ ਹੁਣ 21 ਸਫੇ ਹੀ ਬਚਦੇ ਹਨ ਜਿਹਨਾਂ ਵਿਚ ਉਹਨਾਂ 'ਕਾਲੇ ਰੰਗ ਦੀ ਕਸਤੂਰੀ' ਛੁਪਾਈ ਹੋਈ ਹੈ।

ਸਫਾ 30 ਤੋਂ 33 ਤੱਕ 4 ਸਫੇ ਦਾ ਚੈਪਟਰ 'ਖੇਤ ਤੇ ਖੇਤੀ ਦੋਵੇਂ ਖਤਰੇ ਵਿਚ' ਦੇ ਸਿਰਲੇਖ ਹੇਠ ਇਹ ਲਿਖਿਆ ਗਿਆ ਹੈ ਕਿ ਕਿਹੜੇ ਦੇਸ਼ ਦੇ ਕਿਹੜੇ ਅਦਾਰੇ ਨੇ ਕਦ ਭਾਰਤ ਬਾਰੇ ਕੀ ਕਿਹਾ ਹੈ ਅਤੇ ਕਿਹੜੇ ਅਖਬਾਰ ਨੇ ਭਾਰਤੀ ਕਾਨੂੰਨਾਂ ਬਾਰੇ ਕੀ ਜ਼ਿਕਰ ਹੈ। ਅਮਰੀਕੀ ਖਰਬਾਂਪਤੀ ਬਿੱਲ ਗੇਟਸ ਨੇ ਕਥਿਤ ਤੌਰ 'ਤੇ ਕਿਥੇ ਕਿੰਨੇ ਹਜ਼ਾਰ ਏਕੜ ਜ਼ਮੀਨ ਖਰੀਦੀ, ਦਾ ਵੇਰਵਾ ਵੀ ਇਸ ਚੈਪਟਰ ਵਿਚ ਦਰਜ ਹੈ। ਭਾਰਤੀ ਕਾਰਪੋਰੇਟ ਜਗਤ ਦੀ ਖੁੱਲ੍ਹੀ ਮੰਡੀ ਦੀ ਆਸ ਬਾਰੇ ਕੁਝ ਨੁਕਤੇ ਹਨ ਜੋ ਪਹਿਲਾਂ ਦਿੱਤੇ ਨੁਕਤਿਆਂ ਨੂੰ ਦੁਹਰਾਇਆ ਗਿਆ ਹੈ। ਸਰਕਾਰ ਵਲੋਂ ਕਫਾਇਤੀ ਸ਼ਰਤਾਂ 'ਤੇ ਕੰਪਨੀਆਂ ਨੂੰ ਜ਼ਮੀਨਾਂ ਦੇਣ ਅਤੇ ਇਹਨਾਂ ਜ਼ਮੀਨਾਂ ਦੀ ਦੁਰਵਰਤੋਂ ਦਾ ਜ਼ਿਕਰ ਹੈ ਜੋ ਚਿੰਤਾਜਨਕ ਤਾਂ ਹੈ ਪਰ ਇਹਨਾਂ ਤਿੰਨ ਕਾਨੂੰਨਾਂ ਦੇ ਦਾਇਰੇ ਦੀ ਗੱਲ ਨਹੀਂ ਹੈ। ਸਿਰਫ ਇਹ ਖਦਸ਼ਾ ਜ਼ਾਹਰ ਕਰ ਦੇਣਾ ਕਿ ਇਹ ਤਿੰਨ ਕਾਨੂੰਨ ਖੇਤੀ ਵਾਲੀ ਜ਼ਮੀਨ 'ਤੇ ਕਾਰਪੋਰੇਟ ਕਬਜ਼ੇ ਦਾ ਸਾਧਨ ਹਨ, ਇਸ ਚੈਪਟਰ ਨੂੰ ਕਥਿਤ 'ਕਾਲਾ ਕੀ' ਨਾਲ ਨਹੀਂ ਜੋੜਦੇ। ਘੁੰਮਾ ਫਿਰਾ ਕੇ ਇਹ ਗੱਲ ਹੋਰ ਚੈਪਟਰਾਂ ਵਿਚ ਵੀ ਆਖੀ ਗਈ ਹੈ।

ਇਸ ਚੈਪਟਰ ਵਿਚ ਇੱਕ ਵੱਡੀ ਆਪਾ-ਵਿਰੋਧਤਾਈ ਵੀ ਹੈ। ਜਦ ਕਾਰਪੋਰੇਟ ਜਗਤ ਸਮੇਤ ਬਿੱਲ ਗੇਟਸ ਦੇ ਵੱਡੀ ਪੱਧਰ ਉੱਤੇ ਖੇਤੀ ਯੋਗ ਜ਼ਮੀਨ ਖਰੀਦਣ ਜਾਂ ਕਬਜ਼ਾ ਕਰਨ ਦਾ ਜ਼ਿਕਰ ਕੀਤਾ ਗਿਆ ਹੈ ਤਾਂ ਸਫਾ 31 ਉੱਤੇ ਇਸ ਦਾ ਕਾਰਨ ਇੰਝ ਬਿਆਨ ਕੀਤਾ ਗਿਆ ਹੈ, "ਵੱਡੇ ਧਨਾਢ ਵਪਾਰੀ ਅਦਾਰੇ ਜਿਹਨਾਂ ਦੀ ਪਹੁੰਚ ਸਾਰੀ ਦੁਨੀਆ ਵਿਚ ਹੈ, ਨੇ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਭ ਤੋਂ ਵੱਧ ਮੁਨਾਫੇ ਵਾਲਾ ਅਦਾਰਾ ਖਾਧ ਖੁਰਾਕ ਹੈ। ... ਵੀਹ ਤੀਹ ਸਾਲਾਂ ਵਿਚ ਖਾਣ ਵਾਲੀਆਂ ਵਸਤਾਂ ਦੀ ਮੰਗ ਬਹੁਤ ਵਧ ਜਾਵੇਗੀ। ਜਿਹੜਾ ਅਦਾਰਾ ਹੁਣ ਖੇਤੀ ਯੋਗ ਜ਼ਮੀਨਾਂ 'ਤੇ ਸਿੱਧਾ ਜਾਂ ਅਸਿੱਧਾ ਕਬਜ਼ਾ ਕਰ ਲਏਗਾ, ਉਹ ਦੁਨੀਆ ਦੀ ਆਰਥਿਕਤਾ 'ਤੇ ਰਾਜ ਕਰੇਗਾ।" ਸੋ, ਇਹ ਭਵਿਖਬਾਣੀ ਸਮਾਂਬੱਧ ਹੈ ਕਿਉਂਕਿ ਇਸ ਵਿਚ ਵੀਹ ਤੀਹ ਸਾਲ ਦਾ ਸਮਾਂ ਦਿੱਤਾ ਗਿਆ ਹੈ।

ਇਸੇ ਚੈਪਟਰ ਦੇ ਇਸੇ ਸਫੇ 'ਤੇ ਖੇਤੀ ਯੋਗ ਜ਼ਮੀਨ ਦੀ ਵਰਤੋਂ ਬਾਰੇ ਇੰਝ ਬਿਆਨ ਕੀਤਾ ਗਿਆ ਹੈ, "ਲੈਂਡ ਮੈਟਰਿਕਸ ਦੇ 2018 ਦੇ ਇੱਕ ਸਰਵੇਖਣ ਅਨੁਸਾਰ ਦੁਨੀਆ ਵਿਚ ਖੇਤੀ ਵਾਲੀ ਜ਼ਮੀਨ ਦਾ 9% ਖੁਰਾਕ ਦੀ ਪੈਦਾਵਾਰ ਵਾਸਤੇ ਵਰਤਿਆ ਜਾਂਦਾ ਹੈ। 38% ਖੁਰਾਕ ਤੋਂ ਇਲਾਵਾ ਹੋਰ ਚੀਜ਼ਾਂ ਵਾਸਤੇ ਵਰਤਿਆ ਜਾ ਰਿਹਾ ਹੈ।"

ਅਗਰ ਇਹ ਬਿਆਨ ਸੱਚ ਮੰਨ ਲਈਏ ਤਾਂ ਸੰਸਾਰ ਦੀ ਖੇਤੀ ਯੋਗ ਜ਼ਮੀਨ ਦਾ ਕੁੱਲ 47% (9+38) ਹਿੱਸਾ ਖੁਰਾਕ ਅਤੇ ਹੋਰ ਪਦਾਰਥ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਦਾ ਉਲਟਾ ਅਰਥ ਹੈ ਕਿ ਖੇਤੀ ਯੋਗ ਜ਼ਮੀਨ ਦਾ 53% ਅਜੇ ਜਾਂ ਤਾਂ ਵਰਤਿਆ ਹੀ ਨਹੀਂ ਜਾ ਰਿਹਾ ਜਾਂ ਪੂਰੀ ਤਰ੍ਹਾਂ ਨਹੀਂ ਵਰਤਿਆ ਜਾ ਰਿਹਾ। ਅਗਰ ਅੱਧੀ ਤੋਂ ਵੱਧ ਖੇਤੀ ਯੋਗ ਜ਼ਮੀਨ ਅਜੇ ਵਰਤੋਂ ਵਿਚ ਨਹੀਂ ਹੈ ਅਤੇ ਸਿਰਫ 9% ਖੁਰਾਕ ਪੈਦਾ ਕਰਨ ਲਈ ਵਰਤੀ ਜਾ ਰਹੀ ਹੈ ਤਾਂ ਅਗਲੇ ਵੀਹ ਤੀਹ ਸਾਲਾਂ ਵਿਚ ਖੇਤੀ ਯੋਗ ਜ਼ਮੀਨ 'ਤੇ ਕਬਜ਼ਾ ਕਰ ਕੇ ਮਾਲੋ-ਮਾਲ ਕਿਵੇਂ ਹੋਇਆ ਜਾ ਸਕੇਗਾ? ਇਹ ਦੋਵੇਂ ਆਪਾ-ਵਿਰੋਧੀ ਨੁਕਤੇ ਸ. ਤੂਰ ਨੇ ਖੁਦ ਇੱਕੋ ਸਫੇ ਉੱਤੇ ਦਰਜ ਕੀਤੇ ਹਨ। ਸੰਸਾਰ ਦੀ ਆਬਾਦੀ ਦੀਆਂ ਲਾਂਗ-ਟਰਮ ਭਵਿਖਬਾਣੀਆਂ ਦੱਸਦੀਆਂ ਹਨ ਕਿ ਆਬਾਦੀ ਵਿਚ ਵਾਧਾ ਦਰ ਘਟਣ ਲੱਗ ਪਈ ਹੈ। ਉਤਰੀ ਤੇ ਦੱਖਣੀ ਅਮਰੀਕਾ, ਸਾਰੇ ਯੂਰਪ, ਅਸਟਰੇਲੀਆ ਮਹਾਂਦੀਪ, ਚੀਨ ਅਤੇ ਜਪਾਨ ਸਮੇਤ ਏਸ਼ੀਆ ਦੇ ਕਈ ਦੇਸ਼ਾਂ ਵਿਚ ਆਬਾਦੀ ਦਰ ਘਟ ਰਹੀ ਹੈ। ਪਾਕਿਸਤਾਨ, ਬੰਗਲਾਦੇਸ਼, ਭਾਰਤ ਅਤੇ ਕੁਝ ਮੁਸਲਿਮ ਦੇਸ਼ਾਂ ਵਿਚ ਹੀ ਆਬਾਦੀ ਵਧ ਰਹੀ ਹੈ। ਭਾਰਤ ਵਿਚ ਵੀ ਵਾਧਾ ਦਰ (ਫੀਸਦ ਦੇ ਹਿਸਾਬ ਨਾਲ) ਹੇਠਾਂ ਆ ਰਹੀ ਹੈ, ਕੁੱਲ ਆਬਾਦੀ ਭਾਵੇਂ ਅਜੇ ਵੀ ਵਧ ਰਹੀ ਹੈ। ਅਮਰੀਕਾ, ਅਸਟਰੇਲੀਆ, ਜਪਾਨ, ਕੈਨੇਡਾ ਅਤੇ ਤਕਰੀਬਨ ਯੂਰਪ ਦੇ ਸਾਰੇ ਦੇਸ਼ਾਂ ਨੂੰ ਅਬਾਦੀ ਸੁੰਗੜਨ ਦੀ ਚਿੰਤਾ ਲੱਗੀ ਹੋਈ ਹੈ। ਕਈ ਦੇਸ਼ ਇਮੀਗਰੇਸ਼ਨ ਅਗਰ ਬੰਦ ਕਰ ਦੇਣ ਤਾਂ ਦਹਾਕੇ ਕੁ ਵਿਚ ਹੀ ਉਹਨਾਂ ਦੀਆਂ ਆਰਥਿਕਤਾਵਾਂ ਵੀ ਸੁੰਗੜ ਜਾਣਗੀਆਂ।

ਸੱਚ ਤਾਂ ਇਹ ਹੈ ਕਿ ਸੰਸਾਰ ਵਿਚ ਖੇਤੀ ਵਾਲੀ ਜ਼ਮੀਨ ਤੋਂ ਬਿਨਾਂ ਜਾਂ ਖੇਤੀ ਕੀਤੇ ਬਿਨਾਂ ਲੋਕ ਵੱਧ ਅਮੀਰ ਹੋ ਰਹੇ ਹਨ। ਐਲਨ ਮਸਕ ਨਾਮ ਦਾ ਕਾਰੋਬਾਰੀ ਅੱਜ ਬਿੱਲ ਗੇਟਸ ਤੋਂ ਵੀ ਅੱਗੇ ਨਿਕਲ ਗਿਆ ਹੈ ਅਤੇ ਇਸ ਮਹੀਨੇ ਦੀਆਂ ਖਬਰਾਂ ਦੱਸਦੀਆਂ ਹਨ ਕਿ ਉਹ ਸੰਸਾਰ ਦਾ ਸਭ ਤੋਂ ਅਮੀਰ ਬੰਦਾ ਬਣ ਗਿਆ ਹੈ। ਕੁਝ ਮੀਡੀਆ ਅਦਾਰੇ ਤਾਂ ਉਸ ਨੂੰ ਵੰਨ ਟ੍ਰਿਲੀਅਨ ਡਾਲਰ ਮੈਨ ਵੀ ਆਖਣ ਲੱਗ ਪਏ ਹਨ। ਐਲਨ ਮਸਕ ਨੇ ਕੋਈ ਖੇਤੀ ਜੋਗ ਜ਼ਮੀਨ ਨਹੀਂ ਖਰੀਦੀ ਅਤੇ ਨਾ ਖੇਤੀ ਵਾਲਾ ਕੋਈ ਵਪਾਰ ਕੀਤਾ ਹੈ। ਉਹ ਅਮੀਰ ਘਰਾਣੇ ਵਿਚ ਵੀ ਪੈਦਾ ਨਹੀਂ ਹੋਇਆ। ਉਹ 1971 ਵਿਚ ਦੱਖਣੀ ਅਫਰੀਕਾ ਵਿਚ ਜੰਮਿਆ ਸੀ ਅਤੇ ਅਜੇ 50-51 ਕੁ ਸਾਲਾਂ ਦਾ ਹੈ। ਕੁਝ ਸਮੇਂ ਕੈਨੇਡਾ ਆ ਕੇ ਪੜ੍ਹਿਆ ਅਤੇ ਫਿਰ ਅਮਰੀਕਾ ਚਲੇ ਗਿਆ। 1995 ਵਿਚ ਕੈਲੀਫੋਰਨੀਆ ਚਲੇ ਗਿਆ ਅਤੇ ਯੂਨੀਵਰਸਟੀ ਵਿਦਿਆ ਵੀ ਪੂਰੀ ਨਹੀਂ ਕੀਤੀ। ਸਾਫਟਵੇਅਰ ਕੰਪਨੀ ਜ਼ਿਪ-2 ਸ਼ੁਰੂ ਕੀਤੀ ਅਤੇ 1999 ਵਿਚ 307 ਮਿਲੀਅਨ ਡਾਲਰ (ਅਮਰੀਕੀ) ਵਿਚ ਵੇਚ ਲਈ। ਆਨਲਾਈਨ ਬੈਂਕ ਅਤੇ ਹੋਰ ਕੁਝ ਕੰਪਨੀਆਂ ਸ਼ੁਰੂ ਕੀਤੀਆਂ ਅਤੇ ਬਹੁਤ ਲਾਭ ਵਿਚ ਵੇਚ ਲਈਆਂ। ਸਾਲ 2002 ਵਿਚ ਸਪੇਸਐਕਸ ਕੰਪਨੀ ਬਣਾਈ ਅਤੇ ਬਿਜਲੀ ਵਾਲੀ ਕਾਰ ਕੰਪਨੀ ਟੈਸਲਾ ਦਾ ਹਿੱਸਾ ਬਣਿਆ। 2015-16 ਵਿਚ ਕੁਝ ਹੋਰ ਕੰਪਨੀਆਂ ਬਣਾਈਆਂ। ਅੱਜ ਟੈਸਲਾ ਕੰਪਨੀ ਸੰਸਾਰ ਦੀਆਂ ਵੱਡੀਆਂ ਕਾਰ ਕੰਪਨੀਆਂ ਵਿਚ ਮੋਹਰੀ ਹੈ ਅਤੇ ਸਪੇਸਐਕਸ ਕੰਪਨੀ ਰਾਕਟ ਸਾਇੰਸ ਤੇ ਪੁਲਾੜ ਸਾਇੰਸ ਵਿਚ ਮੋਹਰੀ ਬਣ ਗਈ ਹੈ। 1971 ਵਿਚ ਸਾਧਾਰਨ ਦੇਸ਼ ਦੱਖਣੀ ਅਫਰੀਕਾ ਵਿਚ ਜੰਮ ਕੇ ਇੱਕ ਵੀ ਖੇਤੀ ਯੋਗ ਖੇਤ ਖਰੀਦੇ ਬਿਨਾਂ ਉਹ ਅੱਜ ਸੰਸਾਰ ਦਾ ਸਭ ਤੋਂ ਅਮੀਰ ਅਤੇ ਵੱਡਾ ਵਪਾਰੀ ਬਣ ਗਿਆ ਹੈ।

ਐਡਵੋਕੇਟ ਤੂਰ ਨੇ ਜੋ ਗਲਤ ਬਿਆਨੀ ਖੁਰਾਕ ਦੇ ਸਾਧਨਾਂ (ਜ਼ਮੀਨ) ਉੱਤੇ ਕਬਜ਼ਾ ਕਰਕੇ ਸੰਸਾਰ ਉੱਤੇ ਰਾਜ ਕਰਨ ਵਾਲੀ ਕੀਤੀ ਹੈ, ਉਹ ਤੱਥਾਂ ਦੇ ਉਲਟ ਤਾਂ ਹੈ ਹੀ ਸਗੋਂ ਪੰਜਾਬ ਦੇ ਕਿਸਾਨਾਂ ਨੂੰ ਮਿੱਥ ਕੇ ਡਰਾਉਣ, ਭਰਮਾਉਣ, ਵਡਿਆਉਣ, ਭੜਕਾਉਣ ਅਤੇ ਭਾਵੁਕ ਕਰਨ ਵਾਲੀ ਵੀ ਹੈ। ਇੰਝ ਇਹ ਚਾਰ ਸਫੇ ਵੀ ਲਾਂਭੇ ਦੀ ਗੱਲ ਕਰਦੇ ਹਨ ਅਤੇ ਬਚਦੇ 21 ਸਫਿਆਂ ਵਿਚੋਂ ਕੱਢ ਦੇਣ ਨਾਲ ਛਾਣਬੀਣ ਲਈ 17 ਸਫੇ ਹੀ ਬਾਕੀ ਬਚਦੇ ਹਨ।

ਇਸ ਕਿਤਾਬਚੇ ਦੇ 26, 27 ਅਤੇ 28 ਸਫੇ ਉੱਤੇ 'ਮੱਦ 33 ਕਿਵੇਂ ਹੋਂਦ 'ਚ ਆਈ' ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਭਾਰਤ ਸਰਕਾਰ ਨੇ 1954 ਵਿਚ ਸੰਵਿਧਾਨਕ ਸੋਧ ਕਰਕੇ ਮੱਦ 33 ਪਾ ਦਿੱਤੀ ਜਿਸ ਨਾਲ ਕੇਂਦਰ ਨੂੰ ਵਣਜ-ਵਪਾਰ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਮਿਲ ਗਿਆ ਸੀ। ਇਹ ਵੀ ਲਿਖਿਆ ਹੈ ਕਿ ਇਸ ਸੋਧ ਨੂੰ ਸੰਸਦ ਦੀ ਪ੍ਰਵਾਨਗੀ ਮਿਲਣ ਪਿੱਛੋਂ 50% ਰਾਜਾਂ ਦੀ ਮਨਜ਼ੂਰੀ ਮਿਲਣੀ ਵੀ ਜ਼ਰੂਰੀ ਸੀ ਜੋ ਮਿਲ ਗਈ ਸੀ। ਗੱਲ ਤਾਂ ਅੱਜ ਦੇ ਤਿੰਨ ਖੇਤੀ ਕਾਨੂੰਨ ਵਿਚ 'ਕਾਲਾ ਕੀ ਹੈ' ਬਾਰੇ ਕਰ ਰਹੇ ਹਾਂ ਨਾ ਕਿ ਪੁਰਾਣੀਆਂ ਸੰਵਿਧਾਨਕ ਸੋਧਾਂ ਬਾਰੇ ਪਰ ਲੇਖਕ ਨੇ ਤਿੰਨ ਸਫੇ 1954 ਦੀ ਇਸ ਸੋਧ ਉੱਤੇ ਲਗਾ ਦਿੱਤੇ ਹਨ; ਫਿਰ ਲੇਖਕ ਇਹ ਵੀ ਮੰਨ ਗਿਆ ਹੈ ਕਿ ਇਹ ਸੋਧ ਵਿਧਾਨਕ ਢੰਗ ਨਾਲ ਹੋਈ ਸੀ, ਉਂਝ ਭਾਵੇਂ ਲੇਖਕ ਸ. ਤੂਰ ਇਸ ਸੋਧ ਤੋਂ ਖੁਸ਼ ਨਹੀਂ ਜਾਪਦੇ।

ਦਰਅਸਲ ਸ. ਤੂਰ ਇਹ ਦੱਸਣਾ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਨੇ ਤਿੰਨ ਨਵੇਂ ਕਾਨੂੰਨ ਬਣਾ ਕੇ ਸੂਬਾਈ ਅਧਿਕਾਰ ਖੇਤਰ 'ਤੇ ਛਾਪਾ ਮਾਰਿਆ ਹੈ ਅਤੇ ਮੱਦ 33 ਦੀ 1954 ਵਾਲੀ ਸੋਧ ਉੱਤੇ ਤਿੰਨ ਸਫੇ ਲਗਾ ਕੇ ਉਹਨਾਂ ਨੇ ਕੇਂਦਰ ਵਲੋਂ ਮਾਰੇ ਗਏ ਕਥਿਤ ਛਾਪੇ ਦੀ ਭੂਮਿਕਾ ਹੀ ਬੰਨ੍ਹੀ ਹੈ। ਬਚਦੇ ਸਫਿਆਂ ਵਿਚ ਵੀ ਕਈ ਵਾਰ ਇਸ ਗੱਲ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਕਿ ਇਹ ਤਿੰਨ ਕਾਨੂੰਨ ਸੂਬਾਈ ਅਧਿਕਾਰ ਖੇਤਰ ਦੀ ਉਲੰਘਣਾ ਕਰਦੇ ਹਨ।

ਇਸ ਬਾਰੇ ਦੋ ਨੁਕਤੇ ਧਿਆਨ ਮੰਗਦੇ ਹਨ। ਪਹਿਲਾ ਨੁਕਤਾ ਹੈ ਕਿ ਇਹ ਤਿੰਨ ਸਫੇ ਵੀ ਕਿਤਾਬਚੇ ਦੇ ਮੁੱਖ ਮੁੱਦੇ ਤੋਂ ਹੋਰ ਗੱਲ ਕਰਦੇ ਹਨ, ਇਸ ਲਈ ਬਚਦੇ 17 ਸਫਿਆਂ ਵਿਚੋਂ ਤਿੰਨ ਸਫੇ ਮਨਫੀ ਕਰਨੇ ਚਾਹੀਦੇ ਹਨ ਜਿਸ ਨਾਲ ਕੁੱਲ 84 ਸਫਿਆਂ ਵਿਚੋਂ ਹੁਣ 14 ਸਫੇ ਹੀ ਮੁੱਖ ਮੁੱਦੇ ਦੀ ਤਲਾਸ਼ ਲਈ ਬਚਦੇ ਹਨ।


ਦੂਜਾ ਨੁਕਤਾ ਇਹ ਹੈ ਕਿ ਅਗਰ ਇਹ ਤਿੰਨ ਕਾਨੂੰਨ ਸੂਬਾਈ ਅਧਿਕਾਰ ਖੇਤਰ 'ਤੇ ਛਾਪਾ ਮਾਰਦੇ ਹਨ ਤਾਂ ਇਹ ਸੰਵਿਧਾਨਕ ਮੁੱਦਾ ਹੈ ਜਿਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਦਿੱਤੀ ਜਾਣੀ ਚਾਹੀਦੀ ਹੈ। ਜਿਹਨਾਂ ਰਾਜਾਂ ਨੇ ਇਹਨਾਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਮਤੇ ਪਾਸ ਕਰਕੇ ਲੋਕਾਂ ਦੇ ਅੱਖੀਂ ਘੱਟਾ ਪਾਇਆ ਹੈ, ਉਹਨਾਂ ਨੇ ਆਪਣੇ ਅਧਿਕਾਰ ਖੇਤਰ ਦੀ ਰਾਖੀ ਲਈ ਸੁਪਰੀਮ ਕੋਰਟ ਅੱਗੇ ਕੇਂਦਰ ਨੂੰ ਚਣੌਤੀ ਕਿਉਂ ਨਾ ਦਿੱਤੀ? ਕੀ ਇੱਕ ਸੰਵਿਧਾਨਕ ਮੁੱਦੇ ਉੱਤੇ ਸਾਲ ਭਰ ਸੜਕਾਂ ਰੋਕਣੀਆਂ ਅਤੇ ਜਦ ਦਿਲ ਕਰੇ ਬੰਦ, ਮਹਾਂ ਪੰਚਾਇਤਾਂ, ਟੋਲ ਪਲਾਜ਼ੇ, ਸੜਕਾਂ, ਰੇਲ ਮਾਰਗ ਅਤੇ ਹੋਰ ਕਈ ਕੁਝ ਬੰਦ ਕਰਨਾ ਜਾਇਜ਼ ਹੈ? ਐਡਵੋਕੇਟ ਤੂਰ ਅਤੇ ਇਹਨਾਂ ਵਰਗੇ ਸੂਝਵਾਨ ਕਾਨੂੰਨ ਗਿਆਤਾ ਰਾਜ ਸਰਕਾਰਾਂ ਨੂੰ ਸੰਵਿਧਾਨਕ ਚੁਣੌਤੀ ਦੇਣ ਦੀ ਸਲਾਹ ਕਿਉਂ ਨਹੀਂ ਦਿੰਦੇ? ਹੋ ਸਕਦਾ ਹੈ, ਇਹ ਸੱਜਣ ਖੁਦ ਵੀ ਅਜਿਹੀ ਚੁਣੌਤੀ ਦੇ ਸਕਦੇ ਹੋਣ! ***(ਚੱਲਦਾ)***

# ਦਿੱਲੀ ਦੀ ਖ਼ੁਸ਼ਬੂ

*'ਦਿੱਲੀ ਦੀ ਖ਼ੁਸ਼ਬੂ' ਉਸ ਦਰਦ ਦੀ ਕਹਾਣੀ ਹੈ ਜਿਹੜਾ ਸਾਢੇ ਤਿੰਨ ਦਹਾਕੇ ਪਹਿਲਾਂ ਦਿੱਲੀ ਦੀਆਂ ਸੜਕਾਂ 'ਤੇ ਵਹਿਆ ਸੀ। ਇਸ ਦਰਦ ਦੇ ਜ਼ਖਮ ਅੱਜ ਨਸੂਰ ਬਣੇ ਪਏ ਹਨ। ਅਮਰੀਕਾ ਵੱਸਦੇ ਲਿਖਾਰੀ ਚਰਨਜੀਤ ਸਿੰਘ ਪੰਨੂ ਨੇ ਇਸ ਦਰਦ ਨੂੰ ਔਰਤ ਦੇ ਦਰਦ ਨਾਲ ਜੋੜ ਕੇ ਪੇਸ਼ ਕੀਤਾ ਹੈ ਅਤੇ ਉਨ੍ਹਾਂ ਵੇਲਿਆਂ ਦੀ ਬਾਤ ਪਾਈ ਹੈ ਜਦੋਂ ਔਰਤ ਦੇ ਪੱਲੇ ਬੇਵਸੀ ਤੋਂ ਸਿਵਾ ਕੁਝ ਨਹੀਂ ਸੀ ਪਿਆ।*



*ਚਿੱਤਰਕਾਰ ਅਰਪਨਾ ਕੌਰ ਦਾ ਬਣਾਇਆ ਚਿੱਤਰ 'ਜ਼ਖਮ'।*



ਚਰਨਜੀਤ ਸਿੰਘ ਪੰਨੂ, ਕੈਲੀਫੋਰਨੀਆ
ਫੋਨ +1-408-608-4961

ਖ਼ੁਸ਼ਬੂ ਨਾਮ ਦੀ ਉਹ ਲੜਕੀ ਜਦੋਂ ਦੀ ਇਸ ਕੰਪਨੀ ਵਿਚ ਆਈ ਹੈ, ਸਾਰੇ ਦਫ਼ਤਰ ਦਾ ਮਾਹੌਲ ਹੀ ਬਦਲ ਗਿਆ ਹੈ। ਸਾਰਾ ਚੁਫੇਰਾ ਉਸ ਦੇ ਆਗਮਨ ਨਾਲ ਗੁਲਾਬੀ ਭਾਅ ਮਾਰਦਾ ਫੁੱਲਾਂ ਵਾਂਗ ਖਿੜ ਉੱਠਿਆ ਹੈ। ਸਭ ਕੁੱਝ ਬਦਲਿਆ ਬਦਲਿਆ ਲੱਗ ਰਿਹਾ ਹੈ। ਉਸ ਦਾ ਨਾਮ ਵੀ ਤਾਂ ਐਸਾ ਹੈ... ਖ਼ੁਸ਼ਬੂ! ... ਹਾਂ ਨਾਮ ਲੈਂਦਿਆਂ ਵੀ ਤੇ ਉਸ ਦੀ ਹੋਂਦ ਨਾਲ ਵੀ ਵਾਤਾਵਰਨ ਕੁੱਝ ਸ਼ਰਾਬੀ ਜਿਹਾ ਸੁਗੰਧਤ ਹੋ ਜਾਂਦਾ ਹੈ ਤੇ ਉਸ ਦੀ ਮਹਿਕ ਹਰ ਕੋਨੇ ਤੱਕ ਬਿਖਰ ਜਾਂਦੀ ਹੈ।

ਉਹ ਬਿਨਾਂ ਝੱਕ ਹਰ ਇੱਕ ਨਾਲ ਬਾਤ ਪਾਉਂਦੀ ਹੈ। ਹਰ ਇਕ ਨੂੰ ਬਾਏ ਬਾਏ, ਗੁੱਡ ਮਾਰਨਿੰਗ, ਨਮਸਤੇ ਕਹਿੰਦੀ, ਹੱਥ ਜੋੜਦੀ ਹੈ। ਹਰ ਕਿਸੇ ਨਾਲ ਨਿਸ਼ੰਗ ਗੱਲ ਕਰਦੀ, ਥੋੜ੍ਹੇ ਹੀ ਸਮੇਂ ਵਿਚ ਦਫ਼ਤਰ ਦੀ ਰੌਣਕ ਬਣ ਜਾਂਦੀ ਹੈ। ਮੈਂ ਹੀ ਹਾਂ ਇਕ ਅਜਿਹਾ ਵਿਅਕਤੀ ਜਿਸ ਨੂੰ ਉਹਨੇ ਅਜੇ ਤੱਕ ਨਮਸਤੇ ਨਹੀਂ ਕਹੀ। ਮੇਰਾ ਅੰਦਰ ਮੱਚ ਉੱਠਦਾ ਹੈ, ਮੈਨੂੰ ਉਸ ਨਾਲ ਈਰਖਾ ਜਿਹੀ ਹੋਣ ਲਗਦੀ ਹੈ, ਨਫ਼ਰਤ ਹੁੰਦੀ ਹੈ, ਹੋਰਾਂ ਨਾਲ ਵੀ ਜੋ ਉਸ ਨਾਲ ਹਿੱਚ ਹਿੱਚ ਹੀ ਹੀ ਕਰਦੇ ਰਹਿੰਦੇ ਨੇ।

ਉਹ ਹਰ ਰੋਜ਼ ਸਵੇਰੇ ਪੌੜੀਆਂ ਚੜ੍ਹ ਉਪਰ ਹਾਲ ਵਿਚ ਪ੍ਰਵੇਸ਼ ਕਰਦੀ ਹੈ। ਮੈਂ ਹੁਣ ਦੋ ਚਾਰ ਮਿੰਟ ਪਹਿਲਾਂ ਹੀ ਆਪਣੀ ਕੁਰਸੀ 'ਤੇ ਬਿਰਾਜਮਾਨ ਹੋ ਜਾਂਦਾ ਹਾਂ। ਪਤਾ ਨਹੀਂ ਕੀ ਠਰਕ ਉੱਤਰ ਆਇਆ ਕਿ ਮੈਂ ਉਸ ਦੇ ਉੱਪਰ ਚੜ੍ਹਨ ਦਾ ਅੰਦਾਜ਼, ਵਾਲਾਂ ਦੀਆਂ ਲਿਟਾਂ ਨੂੰ ਗਹਿਰਾ ਝਟਕਾ ਦੇਣ ਦਾ ਹੁਨਰ ਤੇ ਠੱਪ-ਠੱਪ ਕਰਦੀ ਉਸ ਦੀ ਹਿਰਨੀ ਜਿਹੀ ਚਾਲ ਮਿਣਦਾ ਰਹਿੰਦਾ ਹਾਂ। ਉਹ ਲੰਮੇ-ਲੰਮੇ ਕਾਹਲੇ ਕਦਮ ਪੁੱਟਦੀ ਆਸੇ ਪਾਸੇ ਝਾਕਦੀ, ਸਭ ਨੂੰ ਸਿਰ ਨਿਵਾਉਂਦੀ, ਸ਼ੁਭ ਕਾਮਨਾਵਾਂ ਭਰੀਆਂ ਮੁਸਕਾਨਾਂ ਵੰਡਦੀ, ਵੱਡੇ ਸਾਹਿਬ ਦੇ ਕਮਰੇ ਅੰਦਰ ਚਲੀ ਜਾਂਦੀ ਹੈ ਤੇ ਦੋ ਚਾਰ ਮਿੰਟ ਵਿਚ ਕਪਾਹ ਦੀ ਫੁੱਟੀ ਵਾਂਗ ਖਿੜੀ ਪਿੱਛੇ ਮੁੜ ਕੇ ਨੁੱਕਰ ਵਿਚ ਰਿਸੈੱਪਸ਼ਨ ਸੀਟ 'ਤੇ ਬੈਠ ਜਾਂਦੀ ਹੈ।

ਮੈਂ ਉਸ ਵੱਲ ਵੇਖਦਾ ਹਾਂ, ਉਸ ਦੀ ਸਾਰੀ ਕਿਰਿਆ ਮੈਂ ਬੜੇ ਗਹੁ ਨਾਲ ਦੇਖੀ ਜਾਂਦਾ ਹਾਂ ਪਰ ਜਦ ਉਹ ਮੇਰੇ ਵੱਲ ਵੇਖਦੀ ਹੈ, ਮੈਂ ਅੱਖਾਂ ਨੀਵੀਂਆਂ ਪਾ ਲੈਂਦਾ ਹਾਂ। ਜਿੰਨਾ ਚਿਰ ਉਸ ਦੇ ਪੈਰਾਂ ਦੀ ਆਹਟ ਮੇਰੀ ਕੈਬਿਨ ਤੋਂ ਅੱਗੇ ਨਹੀਂ ਜਾਂਦੀ, ਮੈਂ ਕਾਗ਼ਜ਼ਾਂ ਵਿਚ ਮੱਥਾ ਗੱਡੀ ਰੱਖਦਾ ਹਾਂ ਤੇ ਫਿਰ ਉਸ ਦੇ ਪਿੱਛੇ, ਉਸ ਦੀ ਪਿੱਠ ਨਿਹਾਰਦਾ ਰਹਿੰਦਾ ਹਾਂ। ਪਤਾ ਨਹੀਂ ਕਿਉਂ? ਮੈਂ ਆਪਣੇ ਆਪ ਨੂੰ ਕੋਸਦਾ ਹਾਂ।

ਉਹ ਦਿੱਲੀ ਤੋਂ ਕਿਵੇਂ ਤਿਗੜਮਬਾਜ਼ੀ ਲਗਾ ਕੇ ਇੱਥੇ ਆਈ ਹੈ। ਮੈਨੂੰ ਦਿੱਲੀ ਦੀਆਂ ਕੁੜੀਆਂ ਤੋਂ ਬੜੀ ਐਲਰਜੀ ਹੈ, ਬੜਾ ਡਰ ਜਿਹਾ ਲੱਗਣ ਲਗਦਾ ਹੈ। ਬੜੀਆਂ ਖੁੱਲ੍ਹੀਆਂ ਹੁੰਦੀਆਂ ਨੇ, ਬੜੀਆਂ ਗੁਸਤਾਖ਼ ਹੁੰਦੀਆਂ ਨੇ, ਬੜੀਆਂ ਬੇਕਿਰਕ ਹੁੰਦੀਆਂ ਨੇ ਤੇ ਪਤਾ ਨਹੀਂ ਕੀ ਕੀ ਸੁਣਿਆ ਮੈਂ ਦਿੱਲੀ ਬਾਰੇ। ਖ਼ਾਸ ਕਰਕੇ ਪਿਛਲੇ ਦਿਨਾਂ ਦੀ ਵੱਡੇ ਸਾਹਿਬ ਦੀ ਚਿਤਾਵਨੀ ਕਿ ਦਿੱਲੀ ਦੀਆਂ ਕੁੜੀਆਂ ਪੱਛਮੀ ਸਭਿਅਤਾ ਦੇ ਨੇੜੇ ਹੋਣ ਤੇ ਪੰਜਾਬੀ ਸਭਿਅਤਾ ਤੋਂ ਬਹੁਤ ਦੂਰ ਨੇ ਤੇ ਬਾਗ਼ੀ ਹੋ ਰਹੀਆਂ ਨੇ, ਮੈਨੂੰ ਧੁੜਕੂ ਜਿਹਾ ਲੱਗਾ ਰਹਿੰਦਾ ਹੈ। ਮੈਂ ਆਪਣੇ ਆਪ ਨੂੰ ਇਸ ਤੋਂ ਅਣਭਿੱਜ ਰੱਖਣ ਦੀ ਕੋਸ਼ਿਸ਼ ਕਰਦਾ ਹਾਂ।

'ਮੈਂ ਕੀ ਲੈਣਾ ਇਹਨਾਂ ਗੱਲਾਂ ਤੋਂ? ਜਦ ਆਪਾਂ ਇਹਨਾਂ ਗੱਡੀਆਂ ਦੇ ਬੈਲ ਹੀ ਨਹੀਂ ਤਾਂ ਅਸੀਂ ਕੀ ਲੈਣਾ, ਸਾਨੂੰ ਕੀ? ਜਿਸ ਪਿੰਡ ਨਹੀਂ ਜਾਣਾ, ਉਸ ਦਾ ਰਾਹ ਕਿਉਂ ਪੁੱਛੀਏ?' ਪਰ ਖ਼ੁਸ਼ਬੂ ਦਾ ਹੁਣ ਤੱਕ ਦਾ ਵਿਹਾਰ ਤੇ ਸਲੀਕਾ ਦਿੱਲੀ ਬਾਰੇ ਦਿੱਤੇ ਗਏ ਵਿਸ਼ਲੇਸ਼ਣ ਨਾਲ ਮੇਲ ਨਹੀਂ ਖਾਂਦਾ। ਚਾਰੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ। ਮੈਂ ਉਸ ਬਾਰੇ ਕੋਈ ਸਪਸ਼ਟ ਦਲੀਲ ਬਣਾਉਣ ਤੋਂ ਅਸਮਰਥ ਹੁੰਦਾ ਹੋਇਆ ਵੀ ਉਸ ਵੱਲ ਖਿੱਚਿਆ ਜਾ ਰਿਹਾ ਸਾਂ।

'ਹਾਏ! ਨਮਸਕਾਰ ਸਰ!'

ਮੈਂ ਆਪਣਾ ਹਥਲਾ ਕੰਮ ਕਰੀ ਜਾਂਦਾ ਹਾਂ।

'ਮੇ ਆਈ ਕਮ ਇਨ ਸਰ?' ਉਸ ਦੀ ਕੋਮਲ ਜਿਹੀ ਆਵਾਜ਼ ਸੀ। ਮੈਂ ਘੜੀ ਦੇਖਦਾ ਹਾਂ... ਇਕ ਵੱਜ ਕੇ ਪੰਜ ਮਿੰਟ ਹੋਏ ਨੇ। 'ਆਓ!... ਆਓ... ਹਾਂ ਬੈਠੋ...ਮੈਡਮ।' ਕਲਮ ਛੱਡ ਕੇ ਉਸ ਨੂੰ ਬੈਠਣ ਦਾ ਇਸ਼ਾਰਾ ਕਰਦਾ ਹਾਂ।

'ਮੁਆਫ਼ ਕਰਨਾ ਸਰ! ਆਪ ਕੋ ਡਿਸਟਰਬ ਕੀਆ।'

'ਨੋ ਮੈਟਰ, ਹੈਵ ਏ ਸੀਟ....।' ਏਨਾ ਕੁ ਕਹਿ ਕੇ ਮੈਂ ਆਪਣੇ ਆਪ ਨੂੰ ਅਗਲੇ ਪਲਾਂ ਲਈ ਸੁਚੇਤ... ਤਿਆਰ ਕਰਦਾ ਹਾਂ। ਅਚਨਚੇਤ ਉਸ ਦੀ ਹੋਂਦ ਨੇ ਸਾਰਾ ਕੈਬਿਨ ਖ਼ੁਸ਼ਬੂ ਨਾਲ ਭਰ ਦਿੱਤਾ।

'ਸਰ ਤੁਸੀਂ ਹਰ ਵੇਲੇ ਕੰਮ ਵਿਚ ਮਸਰੂਫ਼ ਰਹਿੰਦੇ ਹੋ।' ਨਖਰੇਲੇ ਜਿਹੇ ਅੰਦਾਜ਼ ਵਿਚ ਉਸ ਦੇ ਸ਼ਬਦ ਟੁਣਕਾਰ ਕਰਦੇ ਹਨ।

'ਹਾਂ ਮੈਡਮ! ਸਰਕਾਰੀ ਕੰਮ ਤਾਂ ਕਰਨਾ ਹੀ ਹੈ। ਸਰਕਾਰ ਪੈਸੇ ਜੁ ਦਿੰਦੀ ਹੈ।'

'ਤੁਹਾਨੂੰ ਪਤਾ ਸਰ! ਤੁਸੀਂ ਮੇਰੀ ਕਿੰਨੀ ਬੇਪਤੀ ਕਰਦੇ ਹੋ ਹਰ ਰੋਜ਼?'

ਮੇਰੇ ਪੈਰਾਂ ਥੱਲਿਓਂ ਜ਼ਮੀਨ ਖਿਸਕਣ ਲਗਦੀ ਹੈ, ਅਸਮਾਨ ਘੁੰਮਣ ਲਗਦਾ ਹੈ।

'ਬੇਇੱਜ਼ਤੀ! ਤੇ ਤੁਹਾਡੀ? ਮੈਂ? ਉਹ ਕਿਵੇਂ?'

'ਮੈਂ ਤੁਹਾਨੂੰ ਹਰ ਰੋਜ਼ ਨਮਸਤੇ ਕਹਿੰਦੀ ਹਾਂ, ਤੇ ਤੁਸੀਂ ਮੈਨੂੰ ਵੇਖ ਕੇ ਨੀਵੀਂ ਪਾ ਲੈਂਦੇ ਹੋ। ਦੱਸੋ ਸਰ! ਦੱਸੋ! ਮੈਂ ਤੁਹਾਡਾ ਕੀ ਵਿਗਾੜਿਆ ਹੈ।'

'ਨਹੀਂ ਮੈਡਮ ਨਹੀਂ! ਮੇਰਾ ਕਦੇ ਵੀ ਅਜਿਹਾ ਕੋਈ ਇਰਾਦਾ ਨਹੀਂ ਹੋਇਆ ਤੁਹਾਨੂੰ ਛੁਟਿਆਉਣ ਦਾ।' ਮੈਂ ਉਸ ਨੂੰ ਝੂਠੀ ਜਿਹੀ ਤਸੱਲੀ ਦਿੰਦਾ ਹਾਂ।

'ਸਰ! ਨੌਕਰੀ ਤਾਂ ਤੁਸੀਂ ਵੀ ਕਰਦੇ ਹੋ ਤੇ ਮੈਂ ਵੀ! ਤੁਸੀਂ ਮੇਰੇ ਵੱਡੇ ਅਫ਼ਸਰ ਹੋ ਤੇ ਮੈਂ ਤੁਹਾਡੀ ਵਰਕਰ! ਪਰ ਇਸ ਤੋਂ ਜ਼ਰਾ ਕੁ ਉਪਰ ਸਾਡਾ ਹੋਰ ਵੀ ਫ਼ਰਜ਼ ਬਣਦਾ ਹੈ ਸਮਾਜ ਵਿਚ, ਕਿ ਅਸੀਂ ਇਕ ਦੂਸਰੇ ਦੀ ਕਦਰ ਕਰੀਏ, ਇੱਜ਼ਤ ਕਰੀਏ, ਆਪ ਕਰੀਏ ਤੇ ਹੋਰਾਂ ਤੋਂ ਕਰਾਈਏ... ਤੁਸੀਂ ਮੇਰੇ ਕੰਮ ਆਓ ਤੇ ਮੈਂ ਤੁਹਾਡੇ ਕੰਮ ਆ ਸਕਾਂ।'

'ਨਮਸਤੇ! ਨਮਸਤੇ!... ਨਮਸਤੇ... ਨਮਸਤੇ...।' ਮੈਂ ਰਟ ਲਗਾਉਣ ਲਗਦਾ ਹਾਂ... ਲਗਾਈ ਜਾਂਦਾ ਹਾਂ। 'ਸੌਰੀ ਮੈਡਮ! ਮੈਂ ਸਾਰੇ ਦਿਨਾਂ ਦਾ ਭਾਂਗਾ ਅੱਜ ਇੱਕੋ ਦਿਨ ਪੂਰਾ ਕਰ ਦਿੰਦਾ ਹਾਂ... ਨਮਸਤੇ... ਨਮਸਤੇ... ਨਮਸਤੇ...?'

'ਬੱਸ! ਬੱਸ! ਸਰ... ਬੱਸ...।' ਉਹ ਖਿੜ ਪੈਂਦੀ ਹੈ। 'ਬੱਸ ਏਨੀ ਹੀ ਤਾਂ ਗੱਲ ਸੀ, ਤੁਸੀਂ ਐਵੇਂ ਸ਼ਰਮਾਉਂਦੇ ਰਹੇ, ਮੁੱਖ ਛੁਪਾਉਂਦੇ ਰਹੇ।'

ਉਹ ਹੱਸਦੀ ਹੱਸਦੀ ਬਾਹਰ ਚਲੀ ਗਈ, ਮੇਰੇ ਗੋਚਰੇ ਮਣਾਂ ਮੂੰਹੀਂ ਸਵਾਲ ਬਿਖੇਰ ਕੇ। ਵੱਡੇ ਸਾਹਿਬ ਵੀ ਬਾਹਰ ਨਿਕਲ ਕੇ ਇੱਧਰ ਝਾਤੀ ਮਾਰਦੇ ਮੁਸਕਰਾਉਂਦੇ ਫਿਰ ਵਾਪਸ ਅੰਦਰ ਚਲੇ ਗਏ। ਉਨ੍ਹਾਂ ਦਾ ਇਸ ਤਰ੍ਹਾਂ ਕਸੂਤਾ ਜਿਹਾ ਵੇਖਣਾ, ਬੇਢੱਬਾ ਤੇ ਬੇਲੋੜਾ ਹੱਸਣਾ ਮੇਰੇ ਅੰਦਰ ਕਈ ਤੌਖਲੇ ਖੜ੍ਹੇ ਕਰ ਗਿਆ।

ਕੁੱਝ ਦਿਨਾਂ ਬਾਅਦ ਸਾਹਿਬ ਦਾ ਬੁਲਾਵਾ ਆ ਗਿਆ। ਚਪੜਾਸੀ ਦੇ ਹੱਥ ਸੁਨੇਹਾ ਸੀ। 'ਸਾਹਿਬ ਯਾਦ ਕਰਦੇ ਨੇ।'

ਸੁਣ ਕੇ ਮੈਂ ਸੋਚੀਂ ਪੈ ਗਿਆ। ਜ਼ਰੂਰ ਕੋਈ ਉਸ ਦਿਨ ਦੀ ਖ਼ੁਸ਼ਫਹਿਮੀ ਦੀ ਹੀ ਕਾਰਸਤਾਨੀ ਹੋਵੇਗੀ। ਵੈਸੇ ਤਾਂ ਬਿਨਾਂ ਖ਼ਾਸ ਕੰਮ ਤੋਂ ਸਾਹਿਬ ਵੀ ਨਹੀਂ ਬੁਲਾਉਂਦੇ ਤੇ ਮੈਂ ਵੀ ਸਾਹਿਬ ਦੇ ਅਗਾੜੀ ਜਾਣ ਤੋਂ ਕਤਰਾਉਂਦਾ ਹਾਂ।

'ਯੈਸ ਸਰ...।'

ਚਪੜਾਸੀ ਪਰਦਾ ਸਰਕਾ ਕੇ ਮੇਰੇ ਲੰਘਣ ਦੀ ਜਗ੍ਹਾ ਬਣਾ ਦਿੰਦਾ ਹੈ।

'ਆਓ ਬੈਠੋ।' ਸਾਹਿਬ ਅੱਗੇ ਵਧਾ ਕੇ ਹੱਥ ਮਿਲਾਉਂਦਾ ਹੈ। ਉਸ ਦੇ ਮੱਥੇ 'ਤੇ ਮੁਸਕਰਾਹਟ ਹੈ।

'ਤੁਹਾਨੂੰ ਪਤਾ ਤੁਸੀਂ ਇਸ ਦਫ਼ਤਰ ਦੇ ਦੂਸਰੇ ਵੱਡੇ ਅਧਿਕਾਰੀ ਹੋ?'

'ਹਾਂ ਜੀ ਸਰ!...ਕੀ ਗ਼ਲਤੀ ਹੋ ਗਈ ਮੈਥੋਂ?'

'ਹਰ ਆਦਮੀ ਨੂੰ, ਹਰ ਅਫ਼ਸਰ ਨੂੰ ਹਾਲਾਤ ਅਨੁਸਾਰ ਬਦਲਣਾ ਚਾਹੀਦੇ, ਅੱਖਾਂ ਮੀਟ ਕੇ ਗੁਜ਼ਾਰਾ ਨਹੀਂ ਹੋਣਾ, ਤੁਸੀਂ ਸ਼ਰੀਫ਼ ਹੋ, ਮੈਨੂੰ ਪਤਾ ਤੁਸੀਂ ਸ਼ਰਾਫ਼ਤ ਵਰਤਦੇ ਹੋ।'

'ਨਹੀਂ ਸਰ! ਨਹੀਂ!' ਸਾਹਿਬ ਦੇ ਸ਼ਰਾਫ਼ਤ ਸ਼ਬਦ ਨਾਲ ਮੈਨੂੰ ਲੱਗਾ, ਜਿਵੇਂ ਉਸ ਨੇ ਮੈਨੂੰ ਗਾਲ੍ਹ ਕੱਢੀ ਹੋਵੇ।

'ਨਹੀਂ ਜਨਾਬ! ਮੈਂ ਅੱਖਾਂ ਵੀ ਨਹੀਂ ਮੀਟਦਾ ਤੇ ਸ਼ਰਾਫ਼ਤ ਵੀ ਨਹੀਂ ਵਰਤਦਾ! ਮੈਨੂੰ ਪਤਾ ਸ਼ਰੀਫ਼ ਅਫ਼ਸਰ ਹਮੇਸ਼ਾ ਕਮਜ਼ੋਰ ਹੁੰਦਾ ਹੈ ਤੇ ਆਪਣੇ ਫ਼ੈਸਲੇ ਨਿਡਰਤਾ ਤੇ ਇਮਾਨਦਾਰੀ ਨਾਲ ਨਹੀਂ ਲੈ ਸਕਦਾ, ਨਾ ਹੀ ਨਿਭਾ ਸਕਦਾ ਹੈ।'

'ਸ਼ਾਬਾਸ਼! ਵੈਰੀ ਗੁੱਡ! ਮੈਨੂੰ ਇਹੋ ਅਫ਼ਸੋਸ ਹੈ ਕਿ ਤੁਸੀਂ ਸਭ ਕੁੱਝ ਜਾਣਦੇ ਹੋਏ ਵੀ ਅੱਖਾਂ ਮੀਟਦੇ ਹੋ...।' ਸਾਹਿਬ ਨੇ ਹੋਰ ਜ਼ੋਰ ਦੇ ਕੇ ਜ਼ਰਾ ਉਚੇਰੀ ਆਵਾਜ਼ ਵਿਚ ਬੋਲ ਕੇ ਮੈਨੂੰ ਭਰਮਾਉਣ ਦੀ ਚਾਲ ਚੱਲੀ।

'ਪਰ! ਪਰ! ਸਰ! ਮੈਂ ਅੱਖਾਂ ਮੀਟ ਕੇ ਵੀ ਸਭ ਕੁੱਝ ਦੇਖਦਾ ਹਾਂ, ਮੇਰੀਆਂ ਬੰਦ ਅੱਖਾਂ ਵੀ ਸਭ ਕੁੱਝ ਵੇਖਦੀਆਂ ਹਨ, ਜਾਣਦੀਆਂ ਹਨ।'

'ਬਹੁਤ ਅੱਛਾ! ਮੈਨੂੰ ਇਹੀ ਉਮੀਦ ਹੈ, ਤੁਹਾਡੇ ਵਰਗੇ ਸੁਯੋਗ ਅਧਿਕਾਰੀ ਤੋਂ। ਤੁਹਾਨੂੰ ਪਤਾ ਤੁਹਾਡੇ ਦਫ਼ਤਰ ਵਿਚ ਇਕ ਘੋੜੀ ਆਈ ਹੈ... ਘੋੜੀ?'

ਮੈਂ ਝੇਪ ਜਾਂਦਾ ਹਾਂ। ਉਸ ਦਾ ਸ਼ਰਾਰਤੀ ਮਨ ਫਿਰ ਉਗਲਦਾ ਹੈ, ਮੈਂ ਉਸ ਨਾਲ ਨਜ਼ਰਾਂ ਮਿਲਾਉਂਦਾ ਹਾਂ।

'ਹਾਂ...ਹਾਂ...ਘੋੜੀ! ਤੇ ਇਕ ਵਛੇਰੀ ਵੀ...।' ਸਾਹਿਬ ਦੇ ਚਿੱਟੇ ਭਰਵੱਟੇ ਖੜ੍ਹੇ ਹੋ ਜਾਂਦੇ ਨੇ।

'ਸੌਰੀ ਸਰ! ਤੁਹਾਡੀਆਂ ਇਹ ਗੁੰਝਲ ਭਰੀਆਂ ਬੁਝਾਰਤਾਂ ਮੇਰੀ ਸਮਝ ਤੋਂ ਬਾਹਰ ਨੇ।'

'ਏਸੇ ਲਈ ਤਾਂ ਮੈਂ ਕਹਿੰਦਾ ਹਾਂ ਕਿ ਤੁਸੀਂ ਨਾ-ਸਮਝ ਹੋ, ਅੱਖਾਂ ਮੀਟ ਕੇ ਰੱਖਦੇ ਹੋ।' ਉਸ ਨੇ ਮੇਜ਼ 'ਤੇ ਆਪਣਾ ਪੰਜਾ ਠੱਪ-ਠਪਾਇਆ।

'ਦਿੱਲੀ ਦੀ ਮੈਡਮ ਆਈ ਹੈ...।'

'ਮੈਨੂੰ ਪਤਾ ਸਰ...।'

'ਉਸ ਨੇ ਸਾਰੇ ਦਫ਼ਤਰ ਵਿਚ ਤੂਫ਼ਾਨ ਮਚਾ ਰੱਖਿਆ ਹੈ...।'

'ਨਹੀਂ ਸਰ! ਮੈਂ ਕਦੇ ਮਹਿਸੂਸ ਨਹੀਂ ਕੀਤਾ...।'

'ਤੁਸੀਂ ਕਰੋਗੇ ਵੀ ਨਹੀਂ! ਅੱਖਾਂ ਨੀਵੀਂਆਂ ਰੱਖਦੇ ਹੋ ਨਾ, ਕੰਨ ਬੰਦ ਕਰਕੇ ਰੱਖਦੇ ਹੋ, ਤੁਸੀਂ ਕੀ ਮਹਿਸੂਸ ਕਰੋਗੇ?'

'ਨਹੀਂ ਸਰ! ਤੁਸੀਂ ਗਲਤ ਇਲਜ਼ਾਮ ਲਗਾ ਰਹੇ ਹੋ। ਅਜਿਹਾ ਕੋਈ ਤੂਫ਼ਾਨ ਮੈਂ ਦਫ਼ਤਰ ਵਿਚ ਮਹਿਸੂਸ ਨਹੀਂ ਕੀਤਾ। ਇਹ ਤੁਹਾਡੇ ਆਪਣੇ ਮਨ ਦਾ ਤੂਫ਼ਾਨ ਹੈ, ਤੁਹਾਡਾ ਅੰਦਰਲਾ ਸ਼ੋਰ ਹੈ ਜੋ ਤੁਹਾਨੂੰ ਬੇਚੈਨ ਕਰ ਰਿਹਾ। ਕਹੀਂ ਕੋਈ ਐਸੀ ਬਾਤ ਤੋਂ ਨਹੀਂ, ਚੋਰ ਕੀ ਦਾੜ੍ਹੀ ਮੈਂ ਤਿਣਕਾ।' ਗੁੱਸੇ ਵਿਚ ਮੈਥੋਂ ਕਹਿ ਹੋ ਗਿਆ।

'ਨਹੀਂ, ਮੇਰੇ ਦੋਸਤ ਮੇਰਾ ਇਹ ਮਤਲਬ ਨਹੀਂ! ਬਿਲਕੁਲ ਨਹੀਂ! ਨਾਰਾਜ਼ ਮੱਤ ਹੋਵੋ। ਉਸ ਦੇ ਨਾਲ ਇਕ ਲੜਕੀ ਵੀ ਹੈ... ਹਰਾਮੀ ਲੜਕੀ।'

ਸੱਠਵਿਆਂ ਨੂੰ ਪੁੱਜ ਰਹੇ ਬਜ਼ੁਰਗ ਦੇ ਮੂੰਹੋਂ ਅਜਿਹੀ ਘਟੀਆ ਤੇ ਨੀਚ ਸ਼ਬਦਾਵਲੀ ਸੁਣ ਕੇ ਮੇਰਾ ਮਨ ਹੋਰ ਉਚਾਟ ਹੋ ਗਿਆ ਕਿ ਇਸ ਦੇ ਘਰ ਆਪਣੀਆਂ ਭੈਣਾਂ, ਧੀਆਂ, ਨੂੰਹਾਂ ਜਾਂ ਹੋਰ ਨੌਕਰੀ ਕਰਦੀਆਂ ਔਰਤਾਂ ਨਹੀਂ? ਜੋ ਇਹ ਹੋਰਨਾਂ ਬਾਰੇ ਅਜਿਹੇ ਅਪ-ਸ਼ਬਦ ਬੋਲ ਰਿਹਾ ਹੈ।

'ਫਿਰ?' ਮੇਰਾ ਖ਼ੁਸ਼ਕ ਰੁੱਖਾ ਜਿਹਾ ਸੰਖੇਪ ਉੱਤਰ ਸੁਣ ਕੇ ਉਹ ਕੋੜਾ ਹੋ ਕੇ ਮੇਜ਼ ਉਪਰੋਂ ਮੂੰਹ ਮੇਰੇ ਵੱਲ ਵਧਾ ਕੇ ਨੇੜੇ ਕਰ ਲੈਂਦਾ ਹੈ।

'ਉਹ ਤੁਹਾਡੇ ਕੋਲ ਆਏਗੀ! ਲੜਕੀ ਨੂੰ ਵੀ ਨੌਕਰੀ 'ਤੇ ਰੱਖ ਲਓ, ਵਛੇਰੀ ਹੈ ਵਛੇਰੀ। ਹਾਂ...ਰੱਖ ਲਓ...।' ਸਿਫ਼ਾਰਸ਼ ਦੇ ਮੂਡ ਵਿਚ ਉਹ ਬਾਂਦਰਾਂ ਵਾਲੀ ਹਾਸੀ ਹੱਸਦਾ ਹੈ।

'ਉਹ ਦਿੱਲੀ ਦੰਗਿਆਂ ਦੀ ਵਿਧਵਾ ਹੈ ਤੇ ਉਸੇ ਸਮੇਂ ਦੀ ਹੀ ਉਸ ਦੀ ਉਪਜ ਇਹ ਲੜਕੀ... ਹਾਂ...ਹਾਂ...ਰੱਖ ਲਓ ਉਸ ਨੂੰ ਡੇਲੀਵੇਜ 'ਤੇ... ਕੰਮ ਆਏਗੀ ਤੁਹਾਡੇ।'

'ਮੁਆਫ਼ ਕਰਨਾ ਸਰ! ਜੈਸੇ ਕਹੋ ਕਰ ਲਵਾਂਗੇ, ਅੱਜ ਮੇਰੀ ਤਬੀਅਤ ਕੁੱਝ ਠੀਕ ਨਹੀਂ, ਸਿਰ ਦਰਦ ਹੈ ਬਹੁਤ।' ਮੈਂ ਉਸ ਨੂੰ ਝਟਕ ਦਿੰਦਾ ਹਾਂ। ਮੈਂ ਆਪਣੇ ਅੰਤਰ ਧਿਆਨ ਵਿਚ ਖੁੱਭਿਆ ਬੈਠਾ ਆਪਣੇ ਆਪ ਨੂੰ ਕੋਸ ਰਿਹਾ ਸਾਂ। ਕਿਉਂ ਨਾ ਮੈਂ ਸਾਹਿਬ ਨੂੰ ਹੋਰ ਖਰੀਆਂ ਖਰੀਆਂ ਸੁਣਾ ਦਿੱਤੀਆਂ ਕਿ ਮੈਨੂੰ ਅਜਿਹੀ ਜ਼ਲੀਲ ਦਲਦਲ ਵਿਚ ਨਾ ਫਸਾਓ ਤੇ ਕਿਸੇ ਦੀ ਧੀ ਭੈਣ ਬਾਰੇ ਅਜਿਹੇ ਅਪ-ਸ਼ਬਦ ਨਾ ਬੋਲੋ। ਸਾਹਿਬ ਦੇ ਮਨ ਵਿਚ ਬਣੀ ਖ਼ੁਸ਼ਬੂ ਦੀ ਤਸਵੀਰ ਤੇ ਖ਼ੁਸ਼ਬੂ ਦੇ ਬਾਹਰਲੇ ਪ੍ਰਤੱਖ ਆਚਾਰ ਤੇ ਇਖ਼ਲਾਕ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ, ਮੈਂ ਕਿੰਨਾ ਚਿਰ ਤੋਲਦਾ ਰਿਹਾ। ਮੱਛੀ ਪੱਥਰ ਚੱਟ ਕੇ ਮੁੜਦੀ ਹੈ, ਆਪੇ ਛਿੱਤਰ ਖਾ ਕੇ ਮੁੜ ਆਏਗਾ ਇਹ ਵੀ। ਮੇਰੇ ਮਨ ਨੇ ਸ਼ਾਹਦੀ ਭਰੀ।

ਥੋੜ੍ਹੇ ਦਿਨਾਂ ਬਾਅਦ ਖ਼ੁਸ਼ਬੂ ਦੀ ਮਹਿਕ ਧਵਾਂਖੀ ਜਿਹੀ ਲੱਗਣ ਲੱਗੀ। ਉਹ ਕੁੱਝ ਗੰਭੀਰ ਜਿਹੀ ਸੀ, ਸ਼ਾਇਦ ਸਾਹਿਬ ਨੇ ਝਿੜਕ ਦਿੱਤੀ ਹੋਵੇ। ਕਾਲਾ ਸੂਟ, ਕਾਲਾ ਦੁਪੱਟਾ, ਕਾਲੀ ਗੁਰਗਾਬੀ, ਕਾਲੀਆਂ ਚੂੜੀਆਂ ਤੇ ਕਾਲੀ ਬਿੰਦੀ ਲਗਾਈ, ਜਿਵੇਂ ਉਹ ਕਿਸੇ ਸੂਫ਼ੀ ਬਿਰਹਣ ਸਾਧਵੀ ਨੂੰ ਮੂਰਤੀਮਾਨ ਕਰ ਰਹੀ ਹੋਵੇ, ਚੁੱਪ-ਚਾਪ ਉਦਾਸ ਆਪਣੀ ਸੀਟ 'ਤੇ ਮਗਨ ਸੀ। ਗ਼ਮਗੀਨ ਮੁਦਰਾ ਵਿਚ ਚਿੰਤਾ ਤੇ ਗ਼ਮਾਂ ਦੀ ਮੂਰਤ ਬਣੀ ਬੈਠੀ ਮੈਥੋਂ ਨਾ ਸਹਾਰ ਹੋਈ। ਇੰਟਰ-ਕਾਮ ਰਾਹੀਂ ਉਸ ਨੂੰ ਬੁਲਾ ਹੋ ਗਿਆ।

'ਯੈਸ ਸਰ!'

ਜਿਵੇਂ ਪਹਿਲਾਂ ਹੀ ਉਡੀਕ ਰਹੀ ਹੋਵੇ, ਮੇਰੇ ਸਾਹਮਣੇ ਖੜ੍ਹੀ ਸੀ।

ਮੈਂ ਉਸ ਵੱਲ ਵੇਖਦਾ ਹਾਂ। ਸਿਰ ਤੋਂ ਪੈਰਾਂ ਤੱਕ ਕਾਲੀ।

'ਤੁਸੀਂ ਕਿਹਾ ਕੁੱਝ ਸਰ?'

'ਹਾਂ... ਹਾਂ... ਆਓ ਬੈਠੋ...।'

'ਤੁਸੀਂ ਮੇਰਾ ਕਾਲਾ ਡਰੈੱਸ ਵੇਖ ਰਹੇ ਹੋ? ਹੈਰਾਨ ਹੋ ਰਹੇ ਹੋ? ਹੈ ਨਾ ਸਰ?'

ਬਈ ਕਮਾਲ ਦੀ ਔਰਤ ਹੈ ਇਹ। 'ਮੇਰੇ ਮਨ ਦੀ ਗੱਲ ਤੂੰ ਬੁੱਝ ਲਈ ਖ਼ੁਸ਼ਬੂ।' ਮੈਂ ਥੋੜ੍ਹਾ ਜਿਹਾ ਮੁਸਕਰਾਉਂਦੇ ਉਸ ਦੀ ਦੂਰ-ਅੰਦੇਸ਼ੀ ਦੀ ਸਰਾਹਨਾ ਕੀਤੀ।

'ਕਾਲੀ ਕੋਇਲ! ਤੂੰ ਕਿਤ ਗੁਣ ਕਾਲੀ?' ਪਤਾ ਨਹੀਂ ਕਿਵੇਂ, ਸਹਿਜ ਸੁਭਾ ਮੇਰੇ ਕੋਲੋਂ ਏਨਾ ਖੁੱਲ੍ਹਾ ਸਵਾਲ ਨਿਕਲ ਗਿਆ।

'ਆਪਣੇ ਪ੍ਰੀਤਮ ਕੇ ਹਉਂ ਬਿਰਹੋਂ ਜਾਲੀ।' ਤੁਰੰਤ ਹਾਜ਼ਰ-ਜਵਾਬ! ਉਹ ਥੋੜ੍ਹਾ ਜਿੰਨਾ ਸ਼ਰਮਾਈ, ਹਉਕਾ ਲਿਆ, ਅੱਥਰੂ ਭਰ ਆਈ ਤੇ ਸਵਾਲ ਦਾ ਜਵਾਬ ਦੇ ਗਈ।

'ਸਰ! ਅੱਜ ਮੇਰਾ ਮਨ ਬਹੁਤ ਦੁਖੀ ਹੈ, ਅੱਜ ਮੈਂ ਆਪਣਾ ਦਿਲ ਕਿਸੇ ਕੋਲ ਫੋਲਣਾ ਚਾਹੁੰਦੀ ਹਾਂ, ਢੇਰੀ ਕਰਨਾ ਚਾਹੁੰਦੀ ਹਾਂ।'

'ਐਸੀ ਵੀ ਕਿਆ ਬਾਤ ਹੋ ਗਈ ਮੈਡਮ? ਘਰ ਵਾਲੇ ਨਾਲ ਲੜ ਕੇ ਆਈ ਹੋ? ਜਾਂ ਸੱਸ ਸਹੁਰੇ ਨਾਲ?' ਮੈਂ ਉਸ ਦੀ ਸੰਜੀਦਗੀ ਦਾ ਥਾਹ ਲਗਾਉਂਦਾ ਕਾਰਨ ਤੱਕ ਪਹੁੰਚਣਾ ਚਾਹੁੰਦਾ ਹਾਂ।

'ਸਰ ਲੰਮੀ ਕਹਾਣੀ ਹੈ... ਸੁਣਨਾ ਚਾਹੋ ਤਾਂ ਮਿਹਰਬਾਨੀ! ਜੇ ਮੇਰੇ ਲਈ ਸਮਾਂ ਕੱਢ ਸਕੋ ਤਾਂ ਕਹੀਂ ਬਾਹਰ ਚੱਲਾਂਗੇ।'

ਉਸ ਦੀਆਂ ਡੁਲ੍ਹਕਦੀਆਂ ਅੱਖਾਂ 'ਚ ਤਰਲੇ ਭਰ ਆਏ। ਉਸ ਦੀ ਵਿਚਾਰੀਆਂ ਵਾਲੀ ਤੱਕਣੀ ਤੇ ਲਿਲ੍ਹਕੜੀ ਨੇ ਮੇਰੀਆਂ ਸੋਚਾਂ ਨੂੰ ਬੇਹੋਸ਼ ਕਰ ਦਿੱਤਾ।

'ਚਲੋ ਆਲ ਰਾਈਟ! ਲੰਚ ਟਾਈਮ ਹੋਣ ਵਾਲਾ ਹੈ।'

ਮੈਂ ਉਸ ਦੀ ਕਹਾਣੀ ਸੁਣਨ ਲਈ ਬਿਹਬਲ ਹੋ ਉੱਠਦਾ ਹਾਂ। ਦੋ ਘੰਟੇ ਦੀ ਥੋੜ੍ਹ-ਚਿਰੀ ਛੁੱਟੀ ਲਿਖ ਕੇ ਅੰਦਰ ਭੇਜ ਦਿੰਦਾ ਹਾਂ। ਟਾਈਮ-ਆਊਟ ਕਰਕੇ ਫਾਈਲਾਂ ਸਮੇਟ ਕੇ ਪਾਸੇ ਕਰਕੇ ਬਾਹਰ ਨਿਕਲ ਜਾਂਦੇ ਹਾਂ, ਪਾਰਕ ਵਿਚ।

'ਤੁਹਾਨੂੰ ਪਤਾ ਸਰ! ਅੱਜ ਇਕੱਤੀ ਅਕਤੂਬਰ ਹੈ?'

ਘਾਹ 'ਤੇ ਪਸੱਕਾ ਮਾਰਦੀ ਉਸ ਨੇ ਪਹਿਲੇ ਸ਼ਬਦ ਨਾਲ ਹੀ ਮੈਨੂੰ ਝੰਜੋੜ ਦਿੱਤਾ। ਮੈਂ ਘੜੀ ਵਿਚਲੀ ਤਰੀਕ ਵੱਲ ਝਾਤੀ ਮਾਰੀ।

'ਹਾਂ ਇਕੱਤੀ ਅਕਤੂਬਰ।'

'ਕੀ ਹੋਇਆ ਸੀ ਉਸ ਦਿਨ?'

ਉਸ ਨੇ ਅਚਨਚੇਤ ਕੀਤੇ ਦੂਸਰੇ ਸਵਾਲ ਨੇ ਮੈਨੂੰ ਲੜਖੜਾ ਦਿੱਤਾ। ਮੈਂ ਦਿਮਾਗ਼ 'ਤੇ ਜ਼ੋਰ ਪਾ ਕੇ ਉਸ ਦੇ ਉੱਤਰ ਦੀ ਤਲਾਸ਼ ਕਰਨ ਲੱਗਾ।

'ਜਨਾਬ! ਅੱਜ ਉਹ ਦਿਨ ਹੈ, ਜਦ ਉੱਨੀ ਸੌ ਚੁਰਾਸੀ ਵਿਚ ਭਾਰਤ ਮਾਤਾ ਦੀ ਦਿੱਲੀ ਵਿਖੇ ਜੰਗਲ ਰਾਜ ਆਇਆ ਸੀ। ਇਕ ਦਰਖ਼ਤ ਡਿੱਗਿਆ ਸੀ ਵੱਡਾ ਸਾਰਾ, ਜਿਸ ਨਾਲ ਧਰਤੀ ਕੰਬਦੀ ਰਹੀ ਸੀ ਕਿੰਨੀ ਦੇਰ, ਜਲਦੀ ਰਹੀ ਸੀ ਕਿੰਨੇ ਦਿਨ....। ਦੰਗੇ ਭੜਕੇ ਸਨ, ਮਕਾਨ ਜਲੇ ਸਨ, ਟਰੱਕ ਜਲੇ ਸਨ, ਅਸਮਾਨ ਜਲੇ ਸਨ, ਮਨੁੱਖਤਾ ਜਲੀ ਸੀ, ਸਿੱਖ ਜਲੇ ਸਨ, ਸਿੱਖਾਂ ਦੇ ਗਲ ਟਾਇਰਾਂ ਦੇ ਹਾਰ ਪਾਏ ਗਏ ਸਨ, ਪੈਟਰੋਲ ਨਾਲ ਜਲਾਏ ਗਏ ਸਨ...।' ਉਸ ਦੀਆਂ ਅੱਖਾਂ ਲਹੂ ਚੋਅ ਰਹੀਆਂ ਸਨ।

'ਹਾਂ ਮੈਡਮ! ਇਹ ਭਿਆਨਕ ਕਤਲੇਆਮ! ਨਸਲਕੁਸ਼ੀ ਦੀ ਘਿਣਾਉਣੀ ਦਾਸਤਾਨ, ਹਜ਼ਾਰਾਂ ਬੇਗੁਨਾਹਾਂ ਨੂੰ ਭੁੰਨਦਾ ਖ਼ੂਨੀ ਸਾਕਾ ਕਿਸੇ ਕੋਲੋਂ ਵੀ ਛੁਪਿਆ ਨਹੀਂ।' ਮੇਰੀਆਂ ਅੱਖਾਂ ਵਿਚੋਂ ਵੀ ਆਪ ਮੁਹਾਰੇ ਹੀ ਹੰਝੂ ਕਿਰ ਆਏ।

'ਅੱਜ ਉਸ ਦਿਨ ਦੀ ਅਠਾਰ੍ਹਵੀਂ ਵਰ੍ਹੇਗੰਢ ਹੈ, ਜਦ ਮੇਰੇ ਸਾਹਮਣੇ ਮੇਰੇ ਸੱਜਣ ਪ੍ਰੇਮੀ ਮੰਗੇਤਰ ਦੀਆਂ ਬਾਹਾਂ ਬੰਨ੍ਹ ਕੇ ਉਸ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ ਸੀ ਜ਼ਾਲਮਾਂ ਨੇ ਤੇ ਉਹ... ਖ਼ੁਸ਼ਬੂ... ਖ਼ੁਸ਼ਬੂ

***(ਬਾਕੀ ਅਗਲੇ ਸਫੇ 'ਤੇ)***

## ਦਿੱਲੀ ਦੀ ਖੁਸ਼ਬੂ

*(ਪਿਛਲੇ ਸਫੇ ਦੀ ਬਾਕੀ)*

ਪੁਕਾਰਦਾ ਦੋ ਚਾਰ ਮਿੰਟ 'ਚ ਤੜਫ਼ਦਾ ਲੜਖੜਾਉਂਦਾ ਢੇਰੀ ਹੋ ਗਿਆ ਸੀ। ਮੈਨੂੰ ਇਕ ਟਰੱਕ ਵਿਚ ਸੁੱਟ ਕੇ ਇਕ ਮਕਾਨ ਵਿਚ ਪਹੁੰਚਾ ਦਿੱਤਾ ਗਿਆ ਸੀ, ਜਿੱਥੇ ਮੇਰੇ ਜਿਹੀਆਂ ਕਈ ਹੋਰ ਨਿਕਰਮਣਾਂ ਲਹੂ ਲੁਹਾਨ ਹੋਈਆਂ ਪਈਆਂ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਬਣੀਆਂ ਸਨ।'

ਗੱਲ ਸਾਫ਼ ਮੇਰੇ ਜ਼ਿਹਨ ਵਿਚ ਉੱਤਰ ਗਈ। ਉਹ ਮੇਰਾ ਹੁੰਗਾਰਾ ਉਡੀਕਣ ਤੋਂ ਬਿਨਾਂ ਹੀ ਵਿਖਿਆਨ ਕਰਦੀ ਜਾ ਰਹੀ ਸੀ। ਮੈਂ ਉਸ ਨਾਲ ਹਮਦਰਦੀ ਪ੍ਰਗਟਾਉਂਦਾ ਹਾਂ-ਹੂੰ ਕਰੀ ਜਾਂਦਾ ਸਾਂ।

'ਸਰ! ਮੁਤਅਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗ਼ਾਨ ਦੀ, ਰੂਸ ਦੀ, ਅਮਰੀਕਾ ਦੀ, ਇਰਾਨ ਜਾਂ ਪਾਕਿਸਤਾਨ ਦੀ, ਬਾਹਰੀ ਹਮਲੇ ਦੇ ਨਾਲ ਇਕ ਅੰਤਰੀਵੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ 'ਤੇ ਹੁੰਦਾ ਹੈ। ਬੰਬਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਇਕਪਾਸੜ ਲੜਾਈ ਹੁੰਦੀ ਹੈ। ਫ਼ੌਜੀਆਂ ਦੀ ਰੱਤ ਡੁੱਲ੍ਹਦੀ ਹੈ, ਔਰਤਾਂ ਦੀ ਪੱਤ ਰੁਲਦੀ ਹੈ। ਔਰਤ ਲੁੱਟ ਦਾ ਮਾਲ ਬਣਦੀ ਹੈ ਤੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ। ਇਤਿਹਾਸ ਵਿਚ ਬਹੁਤ ਘੱਟ ਹੀ ਇਹ ਅਲੇਖ ਆਇਆ ਹੈ ਜਦ ਔਰਤ ਨੇ ਵਿਰੋਧ ਕੀਤਾ ਹੋਵੇ। ਉਸ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਰ ਜਾਂ ਜਾਨ ਬਖ਼ਸ਼ਾਉਣ ਖ਼ਾਤਰ ਆਬਰੂ ਲੁਟਾਈ ਹੈ ਤੇ ਰੱਬ ਦੀ ਰਜ਼ਾ ਮੰਨ ਕੇ ਸ਼ੋਸ਼ਣ ਝੱਲਿਆ ਤੇ ਹੰਢਾਇਆ ਹੈ।'

ਫਿਰ ਉਸੇ ਹੀ ਰਾਤ ਪੁਲਿਸ ਦੀਆਂ ਹੋਣਗੀਆਂ ਜਾਂ ਮਿਲਟਰੀ ਦੀਆਂ, ਗੱਡੀਆਂ ਆ ਗਈਆਂ। 'ਚਲੋ ਤੁਹਾਨੂੰ ਰਾਹਤ ਕੈਂਪਾਂ ਵਿਚ ਪਹੁੰਚਾ ਦਿੰਦੇ ਹਾਂ, ਬਾਹਰ ਖ਼ਤਰਾ ਹੈ।'

'ਦਹਿਸ਼ਤਗਰਦ ਧਾੜਵੀਆਂ ਦਾ ਹਜੂਮ ਬੇਮੁਹਾਰਾ ਟੋਲਿਆਂ ਦੇ ਟੋਲੇ, ਹੱਥਾਂ ਵਿਚ ਜਗਦੀਆਂ ਮਸ਼ਾਲਾਂ ਲੈ ਕੇ ਸੜਕਾਂ ਗਲੀ ਮੁਹੱਲਿਆਂ ਵਿਚ ਦਨਦਨਾਉਂਦਾ ਫ਼ਿਰਕੂ ਜ਼ਹਿਰ ਵਰ੍ਹਾ ਰਿਹਾ ਸੀ। ਆਦਮ-ਬੋ ਆਦਮ-ਬੋ ਕਰਦਾ, ਭੜਕਾਊ ਨਾਅਰਿਆਂ ਨਾਲ ਲਲਕਾਰੇ ਮਾਰਦਾ ਧਾੜਵੀਆਂ ਦਾ ਹੜ੍ਹ, ਪਿੱਛੇ ਬਲਦੇ ਭਾਂਬੜ ਛੱਡ ਕੇ ਅੱਗੇ ਵਧ ਰਿਹਾ ਸੀ ਜੰਗਲ ਦੀ ਅੱਗ ਵਾਂਗ। ਉਨ੍ਹਾਂ ਨੂੰ ਕਿਸੇ ਪੁਲਿਸ ਜਾਂ ਮਿਲਟਰੀ ਨੇ ਵਰਜਣ ਜਾਂ ਨੱਥ ਪਾਉਣ ਦੀ ਜ਼ਿੰਮੇਵਾਰੀ ਨਾ ਨਿਭਾਈ। ਅਮਨ ਕਾਨੂੰਨ ਦੇ ਰਾਖੇ ਕੰਨ ਵਲ੍ਹੇਟ ਕੇ ਕੰਨਾਂ-ਘੇਸਲ ਮਾਰ ਕੇ ਤਮਾਸ਼ਬੀਨਾਂ ਵਾਂਗ ਗਲ ਪਿਆ ਢੋਲ ਵਜਾਉਂਦੇ ਰਹੇ। ਆਪਣੇ ਇਲਾਕੇ ਤੇ ਮੁਹੱਲੇ ਦੀ ਸੁੱਖ-ਸਾਂਦ ਪੁੱਛੀ ਤਾਂ ਸਿਪਾਹੀ ਡੁੰਨ-ਵੱਟਾ ਜਿਹਾ ਬਣ ਗਿਆ।'

'ਕੁੱਝ ਨਹੀਂ ਬਚਾ ਉਧਰ, ਭੂਲ ਜਾਓ...। ਚਲੋ ਗਾੜੀ ਮੈਂ...।'

ਸਾਰੀਆਂ ਬੰਧਕ ਬਣਾਈਆਂ ਗਊਆਂ ਵਰਗੀਆਂ ਵਿਚਾਰੀਆਂ ਇਕ ਦੂਜੀ ਤੋਂ ਅੱਗੇ ਭੇਡਾਂ ਵਾਂਗਰ ਟਰੱਕਾਂ 'ਤੇ ਚੜ੍ਹ ਗਈਆਂ। ਹਨੇਰੇ ਦਾ ਫ਼ਾਇਦਾ ਉਠਾ ਕੇ ਮੈਂ ਸੜਕ ਦੇ ਦੂਜੇ ਪਾਸੇ ਹੋ ਤੁਰੀ। ਦੇਖਿਆ ਇਹ ਤਾਂ ਡਰੇਨ ਸੀ, ਗੰਦਾ ਨਾਲਾ। ਇਹਨਾਂ ਕੋਲੋਂ ਮਾਸ ਨੁਚਵਾਉਣ ਨਾਲੋਂ ਤਾਂ ਮਰਨਾ ਚੰਗਾ ਹੈ। ਮੈਂ ਉੱਧਰ ਛਾਲ ਮਾਰਨੀ ਚਾਹੀ ਪਰ ਮੇਰੇ ਮਨ ਨੇ ਮੈਨੂੰ ਫਿਟਕਾਰ ਪਾਈ। ਮੁਸੀਬਤਾਂ ਤੋਂ ਡਰ ਕੇ ਆਤਮਘਾਤ ਕਰਨਾ ਗੁਨਾਹ ਹੈ। ਇਸ ਰਾਤ ਮਗਰੋਂ ਸੂਰਜ ਚੜ੍ਹੇਗਾ ਤੇ ਦਿਨ ਵੀ ਚੜ੍ਹੇਗਾ ਜ਼ਰੂਰ। ਸਾਰੀ ਰਾਤ ਮੈਂ ਬਦਬੂ ਮਾਰਦੇ ਉਸ ਨਾਲੇ ਦੀ ਅੰਦਰਲੀ ਢਲਾਣ ਤੇ ਪੌੜੀ-ਨੁਮਾ ਫੱਟੇ ਨਾਲ ਲਿਪਟ ਕੇ ਲੰਘਾਈ। ਉਹ ਸਾਰੀ ਭਿਆਨਕ ਰਾਤ, ਜੰਗ ਦੇ ਮੈਦਾਨ ਵਾਂਗ ਜਲਦੀ ਦਿੱਲੀ ਵੇਖ ਮੈਂ ਹਰ ਪਲ ਹਰ ਮਿੰਟ ਘੁਲ-ਘੁਲ ਕੇ ਮਰਦੀ ਰਹੀ। ਮੌਤ ਦੀ ਹੋਣੀ ਮੇਰੇ ਸਿਰ 'ਤੇ ਮੰਡਰਾਉਂਦੀ ਰਹੀ। ਕੈਂਪ 'ਚੋਂ ਚੁੱਕਿਆ ਖੇਸੀ ਵਰਗਾ ਕੰਬਲ ਮੇਰੇ ਦੰਦੋੜਿੱਕੇ ਨਾ ਹਟਾ ਸਕਿਆ ਤੇ ਪਤਾ ਨਹੀਂ ਕਿਹੜੇ ਵੇਲੇ, ਕਿੱਦਾਂ ਨੀਂਦ ਆਈ ਜਾਂ ਨਾ, ਰਾਤ ਆਪਣੇ ਅਖੀਰਲੇ ਪੜਾਅ 'ਤੇ ਪਹੁੰਚ ਗਈ।

ਤੜਕਸਾਰ ਕਿਸੇ ਦੇ ਪੈਰਾਂ ਦੀ ਬਿੜਕ ਨੇ ਮੈਨੂੰ ਸਾਵਧਾਨ ਕਰ ਦਿੱਤਾ। ਇਕ ਮਨੁੱਖੀ ਆਕਾਰ ਮੇਰੇ ਲਾਗੇ ਆ ਕੇ ਰੁਕ ਗਿਆ। ਮੈਂ ਸਾਹ ਸੂਤ ਕੇ ਪਈ ਰਹੀ। ਉਸ ਨੇ ਮੈਨੂੰ ਟੋਹਿਆ, ਮੇਰੀ ਜੇਬ ਟੋਹੀ ਤੇ ਫਿਰ ਮੈਨੂੰ ਉਲਟਾਉਣ ਲੱਗਾ। ਮੈਨੂੰ ਕਾਂਬਾ ਜਿਹਾ ਛਿੜ ਗਿਆ। ਮੈਂ ਛਟਪਟਾਈ, ਉਸ ਨੇ ਮੈਨੂੰ ਬੈਠਣ ਦਾ ਸਹਾਰਾ ਦਿੱਤਾ। ਉਸ ਦਾ ਸ਼ੈਤਾਨ ਜਾਂਗਲੀ ਮਨ ਮੈਂ ਘੁਸਮੁਸੇ ਹਨੇਰੇ ਵਿਚ ਪੜ੍ਹ ਲਿਆ। ਉੱਠ ਕੇ ਪੂਰੇ ਜ਼ੋਰ ਨਾਲ ਧੱਕਾ ਦੇ ਕੇ ਉਸ ਨੂੰ ਨਾਲੇ ਵਿਚ ਸੁੱਟ ਦਿੱਤਾ ਤੇ ਆਪ ਸੜਕ ਦੇ ਕਿਨਾਰੇ ਤੁਰਨ ਲੱਗੀ... ਬੇ-ਮੰਜ਼ਲੀ ਬੇ-ਮੁਹਾਰੀ।

ਉਸ ਰਾਤ ਵੰਨ-ਸਵੰਨੇ ਕਈ ਜਾਨਵਰਾਂ ਨਾਲ ਮੇਰਾ ਵਾਹ ਪਿਆ। ਮਨੁੱਖ ਸਭ ਤੋਂ ਵੱਧ ਖ਼ਤਰਨਾਕ ਦੁਪਾਇਆ ਜਾਨਵਰ ਹੈ। ਇਕ ਰਿਕਸ਼ੇ ਵਾਲਾ, ਆਟੋ ਵਾਲਾ, ਇਕ ਦੋਧੀ ਤੇ ਅਖੀਰ ਇਕ ਮੋਟਰ ਸਾਈਕਲ ਵਾਲੇ ਦੋ ਪੁਲਸੀਏ। ਮੈਨੂੰ ਖਿੱਚ ਕੇ ਉਨ੍ਹਾਂ ਆਪਣੇ ਮੋਟਰ ਸਾਈਕਲ 'ਤੇ ਬਿਠਾਉਣਾ ਚਾਹਿਆ, ਮੈਂ ਚੀਕੀ ਚਿਲਾਈ ਤੇ ਹਾਲ ਪਾਹਰਿਆ ਪਾਈ। ਲੰਘਦਾ ਲੰਘਦਾ ਇਕ ਸਕੂਟਰ ਸਵਾਰ ਬਾਬੂ ਸੁਣ ਕੇ ਉਨ੍ਹਾਂ ਦੇ ਵਿਚਕਾਰ ਆ ਖੜ੍ਹਾ ਹੋਇਆ।

'ਠਹਿਰੋ! ਆਓ ਭੈਣ ਜੀ! ਆਉ, ਮੈਂ ਆ ਗਿਆ ਹਾਂ...।'

ਲਲਕਾਰਾ ਸੁਣ ਕੇ ਉਸ ਨੂੰ ਵੇਖ ਉਹ ਖਿਸਕ ਗਏ, ਸ਼ਾਇਦ ਇਹ ਸਮਝ ਕੇ ਕਿ ਉਹ ਕੋਈ ਮੇਰਾ ਆਪਣਾ ਹੀ ਹੈ ਜਦੋਂ ਕਿ ਮੈਂ ਇਹ ਸਮਝ ਕੇ ਕਿ ਖ਼ੁਦਾ ਨੇ ਮੇਰੀ ਰਖਵਾਲੀ ਲਈ ਮਸੀਹਾ ਭੇਜ ਦਿੱਤਾ ਹੈ, ਝਟਪਟ ਉਸ ਦੇ ਸਕੂਟਰ ਪਿੱਛੇ ਬੈਠ ਗਈ। ਸਿਰੋਂ ਮੋਨਾ ਸੀ ਉਹ, ਮੇਰਾ ਬਚਾਅ ਹੋ ਜਾਏਗਾ। ਸਕੂਟਰ ਚਲਦਾ ਗਿਆ। ਸੜੇ ਹੋਏ ਗੰਧ ਮਾਰਦੇ ਬਾਜ਼ਾਰਾਂ 'ਚੋਂ, ਟਰੱਕਾਂ ਦੀ ਸ਼ਮਸ਼ਾਨ ਘਾਟ 'ਚੋਂ, ਲਲਕਾਰੇ ਮਾਰਦੇ ਹਜੂਮ 'ਚੋਂ ਲੰਘਦਾ ਜਿੱਥੇ ਪਗੜੀ ਧਾਰੀ ਸਿੱਖ ਕਿਧਰੇ ਲੱਭਿਆਂ ਨਹੀਂ ਸੀ ਦਿਸਦਾ। ਹਮਲਾਵਰ ਅਬਦਾਲੀਆਂ ਕੋਲੋਂ ਭਾਰਤੀ ਔਰਤਾਂ ਨੂੰ ਛੁਡਾਉਣ ਵਾਲੀ ਬਹਾਦਰ ਕੌਮ ਅੱਜ ਆਪਣੀ ਰਾਖੀ ਤੋਂ ਆਤੁਰ ਕਿਧਰੇ ਅਲੋਪ ਹੋ ਗਈ ਸੀ। ਸ਼ਰਮ ਤੇ ਧਰਮ ਦੋਵੇਂ ਅੱਗ ਦੀਆਂ ਲਪਟਾਂ ਵਿਚ ਝੁਲਸ ਰਹੇ ਸਨ।

'ਮੈਨੂੰ ਮੇਰੇ ਘਰ ਛੱਡ ਆਓ ਅੰਕਲ ਜੀ!' ਮੈਂ ਡੁਸਕਦੀ ਹੋਈ ਉਸ ਨੂੰ ਤਰਲਾ ਕੀਤਾ।

'ਕਿੱਥੇ ਬੇਟਾ ਤੇਰਾ ਘਰ?' ਮਿਸ਼ਰੀ ਜਿੰਨੀ ਮਿੱਠੀ ਉਸ ਦੀ ਆਵਾਜ਼ ਸੀ।

'ਪੰਜਾਬੀ ਬਾਗ, ਤਿੰਨ ਨੰਬਰ ਗਲੀ...।' ਮੈਂ ਹਟਕੋਰੇ ਰੋਕਣ ਦੀ ਕੋਸ਼ਿਸ਼ ਕੀਤੀ।

'ਉੱਥੇ ਤਾਂ ਪੁੱਤ ਸਭ ਕੁੱਝ ਮਲੀਆਮੇਟ ਕਰ ਦਿੱਤਾ ਦੁਸ਼ਟਾਂ ਨੇ। ਕੋਈ ਵੀ ਘਰ ਸਾਬਤ ਨਹੀਂ ਬਚਿਆ, ਕੋਈ ਜੀਅ ਬਚ ਕੇ ਬਾਹਰ ਨਹੀਂ ਨਿਕਲ ਸਕਿਆ ਉਥੋਂ।' ਕਹਿੰਦੇ ਕਹਿੰਦੇ ਉਸ ਦਾ ਬੋਲ ਵੀ ਭਾਰਾ ਹੋ ਗਿਆ। ਮੇਰੇ ਕੋਲ ਗਰਮ ਹਉਕਿਆਂ ਤੋਂ ਬਿਨਾਂ ਇਹਨਾਂ ਦੁਰਘਟਨਾਵਾਂ ਬਾਰੇ ਇਜ਼ਹਾਰ ਕਰਨ ਲਈ ਹੋਰ ਕੁੱਝ ਵੀ ਤਾਂ ਨਹੀਂ ਸੀ ਬਚਿਆ।

'ਤੂੰ ਹੁਣ ਸਬਰ ਕਰ ਬੇਟੇ, ਮੈਂ ਤੈਨੂੰ ਆਪਣੇ ਘਰ ਲਿਜਾਵਾਂਗਾ। ਉੱਥੇ ਤੈਨੂੰ ਤੱਤੀ ਵਾ ਨਹੀਂ ਲੱਗਣ ਲੱਗੀ, ਤੇਰਾ ਕੋਈ ਵੀ ਵਾਲ ਵਿੰਗਾ ਨਹੀਂ ਕਰ ਸਕੇਗਾ। ਜਦ ਠੰਢ-ਠੰਢਾਉੜਾ ਹੋਇਆ, ਤੈਨੂੰ ਵਾਪਸ ਤੇਰੇ ਘਰ ਛੱਡ ਆਵਾਂਗਾ।'

ਉਸ ਦੀ ਤਸੱਲੀ ਨਾਲ ਮੈਨੂੰ ਕੁੱਝ ਜਰਾਂਦ ਹੋਈ। ਅਗਲੇ ਦਿਨ ਵਾਪਸ ਆ ਕੇ ਉਸ ਨੇ ਰੋਂਦਾ ਜਿਹਾ ਮੂੰਹ ਬਣਾ ਕੇ ਸਾਰਾ ਕਰਨ-ਮਈ ਦੁਖਾਂਤਕ ਬਿਰਤਾਂਤ ਮੇਰੇ ਅੱਗੇ ਢੇਰੀ ਕਰਦੇ ਮੇਰਾ ਸਿਰ ਪਲੋਸਿਆ, ਮੇਰੀ ਪਿੱਠ ਪਲੋਸੀ। ਮੇਰੇ ਕੋਲੋਂ ਉੱਠ ਕੇ ਰੋਂਦੀ ਰੋਂਦੀ, ਉਸ ਦੇ ਗਲ ਲੱਗ ਕੇ ਚਿੰਬੜ ਹੋ ਗਿਆ। ਉਸ ਨੇ ਮੇਰੀ ਪਿੱਠ ਜ਼ੋਰ ਨਾਲ ਘੁੱਟ ਕੇ ਮੈਨੂੰ ਆਪਣੇ ਨਾਲ ਘੁੱਟ ਲਿਆ। ਉਸ ਦੀ ਪਤਨੀ ਤੇ ਬੱਚੇ ਵੀ ਵੇਖਦੇ ਵੇਖਦੇ ਅੱਥਰੂ ਕੇਰਨ ਲੱਗੇ।

'ਰੱਬ ਦਾ ਸ਼ੁਕਰ ਕਰ ਧੀਏ... ਅੱਲ੍ਹਾ ਦੀ ਰਜ਼ਾ 'ਚ ਰਹਿਣਾ ਪੈਂਦਾ ਹੈ, ਜੋ ਹੋ ਗਿਆ ਸੋ ਹੋ ਗਿਆ...।' ਉਸ ਦੀ ਪਤਨੀ ਜਿਸ ਨੂੰ ਮੈਂ ਆਂਟੀ ਕਹਿ ਕੇ ਬੁਲਾਉਂਦੀ ਸੀ, ਨੇ ਵੀ ਮੈਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ। 'ਅੱਜ ਤੋਂ ਸਾਡੀਆਂ ਇਕ ਨਹੀਂ ਦੋ ਬੇਟੀਆਂ ਹਨ।' ਉਹ ਆਪਣੇ ਖ਼ਾਵੰਦ ਨੂੰ ਮੁਖ਼ਾਤਬ ਸੀ। ਉਨ੍ਹਾਂ ਦਾ ਲੜਕਾ ਮੇਰੇ ਵੱਲ ਟੇਢਾ ਟੇਢਾ ਵੇਖਦਾ, ਬੁੱਲ੍ਹ ਜਿਹੇ ਟੁੱਕਦਾ, ਹਵਾਈ ਚੁੰਮੀਆਂ ਸੁੱਟਦਾ ਰਹਿੰਦਾ, ਮੈਨੂੰ ਬੁਰਾ ਜਿਹਾ ਲੱਗਾ। ਕਾਲਜ ਪੜ੍ਹਦਾ ਇਹ ਹੁੰਦਲਹੇੜ ਮੁੰਡਾ, ਉਸ ਦਾ ਇਸ ਤਰ੍ਹਾਂ ਲਾਰਾਂ ਜਿਹੀਆਂ ਸੁੱਟਣਾ ਮੈਨੂੰ ਨਵੀਂ ਭਸੂੜੀ ਵਿਚ ਪਾ ਗਿਆ। 'ਤੇਲ ਦੇਖੋ ਤੇਲ ਦੀ ਧਾਰ ਵੇਖੋ', ਮੈਂ ਬੇਵੱਸ ਸੀ। ਮੈਂ ਹੁਣ ਏਨਾ ਕੁੱਝ ਵੇਖ ਕੇ ਡਾਢੀ ਤਜਰਬੇਕਾਰ ਹੋ ਗਈ ਸੀ। ਮੈਂ ਸੱਚੀਂ ਰੱਸੀ ਨੂੰ ਸੱਪ ਸਮਝਣ ਲੱਗੀ ਸਾਂ। ਸੁਹਿਰਦਤਾ ਤੇ ਵਿਸ਼ਵਾਸ ਜਿਵੇਂ ਮੇਰੇ ਸ਼ਬਦਕੋਸ਼ ਵਿਚੋਂ ਗੁੰਮ ਹੋ ਗਏ ਸਨ।

ਪਤੀ ਪਤਨੀ ਦਾ ਕਮਰਾ ਅਲੱਗ, ਬੱਚਿਆਂ ਦਾ ਅੱਡ ਤੇ ਮੈਨੂੰ ਸਟੋਰ ਵਰਗਾ ਨੌਕਰਾਂ ਵਾਲਾ ਕਮਰਾ ਮਿਲ ਗਿਆ। ਉਸੇ ਹੀ ਰਾਤ ਹੋਣੀ ਮੇਰਾ ਰਸਤਾ ਨੱਪਦੀ ਆ ਪਹੁੰਚੀ। ਕਿਸੇ ਆਦਮੀ ਦੀ ਸਰਕਾਹਟ, ਉਸ ਦੇ ਹੱਥਾਂ ਦਾ ਸਪਰਸ਼, ਮੇਰੇ ਮੂੰਹ 'ਤੇ, ਮੇਰੇ ਸਿਰ 'ਤੇ, ਸਰੀਰ 'ਤੇ, ਮੇਰਾ ਕਾਲਜਾ ਮੱਚ ਉਠਿਆ। ਮੈਂ ਖੜ੍ਹੀ ਹੋ ਕੇ ਸਖ਼ਤ ਇਤਰਾਜ਼ ਕੀਤਾ ਪਰ ਉਹ ਖ਼ੂੰਖ਼ਾਰ ਹੋਇਆ ਪਿਆ ਸੀ। 'ਤੈਨੂੰ ਕੁੱਤਿਆਂ ਕੋਲੋਂ ਛੁਡਾ ਕੇ ਲਿਆਇਆ ਹਾਂ ਤੇ ਜੇ ਏਨਾ ਲੱਤਾਂ ਛੜੀਆਂ ਮਾਰਨ ਲੱਗੀ ਤਾਂ ਫੇਰ ਕੁੱਤਿਆਂ ਅੱਗੇ ਸੁੱਟ ਆਊਂ। ਦੱਸ ਦੇਊਂ ਸਰਕਾਰ ਨੂੰ, ਪਈ ਮੇਰੇ ਘਰ ਵੀ ਇੱਕ ਸੱਪਣੀ ਆ ਵੜੀ ਜੇ। ਫੜੋ ਇਹਨੂੰ ਤੇ ਫੇਹ ਸੁੱਟੋ ਇਸ ਦੀ ਸਿਰੀ।' ਮੇਰਾ ਵਿਰੋਧ ਢਿੱਲਾ ਪੈ ਗਿਆ।

'ਇਸ ਨੇ ਜਾਨ ਖ਼ਤਰੇ ਵਿਚ ਪਾ ਕੇ ਮੇਰੇ 'ਤੇ ਪਰਉਪਕਾਰ ਕੀਤਾ ਹੈ, ਮੈਂ ਇਸ ਨੂੰ ਜ਼ਲੀਲ ਕਰਾਂ? ਇਹ ਮੈਥੋਂ ਨਾ ਹੋ ਸਕਿਆ। ਲਾਚਾਰ ਸਾਂ ਬੇਵੱਸ ਸਾਂ, ਹੋਰ ਕਰ ਵੀ ਕੀ ਸਕਦੀ ਸੀ? ਉਹ ਆਪਣੇ ਗੰਜ 'ਤੇ ਹੱਥ ਫੇਰਦਾ ਬਾਹਰ ਨਿਕਲ ਗਿਆ। ਮੈਨੂੰ ਨੀਂਦ ਆਈ ਰੱਜ ਕੇ, ਉਸ ਦਿਨ ਮੈਂ ਬੇਫ਼ਿਕਰੀ ਨੀਂਦੇ ਸੁੱਤੀ।'

ਸਵੇਰੇ ਉਹ ਆਪ ਚਾਹ ਦਾ ਕੱਪ ਫੜੀ ਮੇਰੇ ਸਾਹਮਣੇ ਖੜ੍ਹਾ ਸੀ। 'ਉੱਠੋ ਬੇਟੇ! ਚਾਹ ਪੀਓ...।' ਉਸ ਦੀ ਬੀਵੀ ਲਾਗੇ ਖੜ੍ਹੀ ਚਿੰਤਾਤੁਰ ਸੀ।

'ਅੱਛਾ ਅੰਕਲ ਜੀ ਲਿਆਓ...।' ਮੈਂ ਬੁੱਲ੍ਹਾਂ 'ਤੇ ਮੁਸਕਰਾਹਟ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਕਈ ਦਿਨ ਚਲਦਾ ਰਿਹਾ। ਇਕ ਦਿਨ ਉਸ ਦਾ ਬੰਟੀ ਵੀ ਮਾਂ ਪਿਉ ਦੀ ਗ਼ੈਰਹਾਜ਼ਰੀ ਦਾ ਫ਼ਾਇਦਾ ਉਠਾ ਗਿਆ। ਮੈਂ ਹੁਣ ਖਿਡੌਣਾ ਬਣ ਗਈ ਸਾਂ। ਜਦ ਮਰਜ਼ੀ ਪੁੱਤ ਖੇਡੇ, ਜਦ ਮਰਜ਼ੀ ਪਿਉ ਖੇਡੇ। ਉਹ ਮਨਮਾਨੀਆਂ ਕਰਦੇ ਰਹੇ। ਮੈਨੂੰ ਭੈਣ, ਬੇਟਾ, ਪੁੱਤ ਕਹਿ ਕੇ ਪੁਚਕਾਰਦਾ ਰਿਹਾ ਪਰ ਉਸ ਦਾ ਅੰਦਰਲਾ ਵਹਿਸ਼ੀਪਨ ਉਸ ਦੀਆਂ ਨਾੜਾਂ 'ਚੋਂ ਅਲਸਰ ਵਾਂਗ ਫੁੱਟਦਾ ਰਿਹਾ, ਉਹ ਵਿਸ਼ਵਾਸਘਾਤ ਕਰਦਾ ਰਿਹਾ।

ਇਕ ਦਿਨ ਮੈਂ ਹੋਰ ਵੀ ਦਹਿਲ ਗਈ। ਉਹ ਇਕ ਲੰਮੇ ਕਮਾਨੀਦਾਰ ਦੰਦਿਆਂ ਵਾਲੇ ਚਾਕੂ ਨੂੰ ਬੜੀ ਗੰਭੀਰਤਾ ਨਾਲ ਨਿਹਾਰ ਰਿਹਾ ਸੀ, ਪਲੋਸ ਰਿਹਾ ਸੀ। ਮੈਂ ਇਕ ਦਮ ਸਮਝ ਗਈ। ਇਹ ਹੁਣ ਚਾਕੂ ਮਾਰ ਕੇ ਮੈਨੂੰ ਖ਼ਤਮ ਕਰ ਕੇ ਕਿਤੇ ਟਿਕਾਣੇ ਲਾ ਦੇਵੇਗਾ ਤੇ ਫਿਰ ਰੌਲਾ ਪਾ ਦੇਵੇਗਾ।

'ਆਪੇ ਹੀ ਆਤਮਘਾਤ ਕਰ ਗਈ ਵਿਚਾਰੀ...ਦੁਖੀ ਸੀ ਬਹੁਤ।'

ਮੈਂ ਦੇਖਿਆ...ਮੇਰਾ ਮਨ ਕਲਪ ਉੱਠਿਆ, 'ਕਾਸ਼! ਇਹ ਹਥਿਆਰ ਮੇਰੇ ਹੱਥ ਆ ਜਾਏ ਤਾਂ ਮੈਂ ਕੌੜਾ ਘੁੱਟ ਕਰਕੇ ਉਸ ਦੇ ਪੇਟ 'ਚ ਖੁੱਭੋ ਕੇ ਆਂਦਰਾਂ ਖਿੱਚ ਲਵਾਂ।' ਅਜੇ ਮੈਂ ਸੋਚ ਹੀ ਰਹੀ ਸੀ ਕਿ ਉਸ ਨੇ ਆਉਂਦੇ ਹੀ ਮੇਰੇ 'ਤੇ ਵਾਰ ਕਰ ਦਿੱਤਾ। ਚਾਕੂ ਮੇਰੇ ਪੇਟ ਦੀ ਬਜਾਏ ਮੰਜੀ ਦੀ ਸੱਜੀ ਬਾਹੀ ਵਿਚ ਖੁੱਭ ਗਿਆ। ਉਹ ਆਪਣੇ ਕੀਤੇ ਘ੍ਰਿਣਤ ਬੱਜਰ ਗੁਨਾਹ ਦਾ ਮੂਲ-ਮੁੱਦਾ ਸਬੂਤ ਮਿਟਾਉਣਾ ਚਾਹੁੰਦਾ ਸੀ। ਦੂਸਰਾ ਜਾਨਲੇਵਾ ਵਾਰ ਵੀ ਮੈਂ ਬੋਚ ਲਿਆ। ਮੈਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਇਹ ਜਾਂ ਤਾਂ ਮੈਨੂੰ ਮਾਰ ਦੇਵੇਗਾ ਜਾਂ ਮੇਰੀ ਕੀਮਤ ਵੱਟ ਲਏਗਾ। ਪਤਾ ਨਹੀਂ ਕਿੱਦਾਂ ਕਿਥੋਂ ਮਣਾਂ ਮੂੰਹੀਂ ਸ਼ਕਤੀ ਮੇਰੇ ਵਿਚ ਆ ਗਈ। ਮੇਰੇ ਕੋਲ ਕੋਈ ਹਥਿਆਰ ਨਹੀਂ ਸੀ ਪਰ ਮੇਰੇ ਮਿੱਤਰ ਪਿਆਰੇ ਦੀ ਪ੍ਰੇਮ ਨਿਸ਼ਾਨੀ, ਇਹ ਮੋਟਾ ਕੜਾ ਫੜਾਕ ਕਰਦਾ ਉਸ ਦਾ ਮੱਥਾ ਖੋਲ੍ਹ ਗਿਆ। ਉਹ ਲਹੂ ਦੀ ਤਤੀਰੀ ਸਾਂਭਦਾ ਪਿੱਛੇ ਜਾ ਡਿੱਗਾ।' ਖ਼ੁਸ਼ਬੂ ਨੇ ਖੱਬੇ ਹੱਥ ਵਾਲੇ ਸਟੀਲ ਦੇ ਮੋਟੇ ਕੜੇ ਨੂੰ ਪਲੋਸਦੇ ਫ਼ਖ਼ਰ ਤੇ ਬਹਾਦਰੀ ਦੇ ਰੌਂ ਵਿਚ ਸੱਜਾ ਹੱਥ ਬੜੇ ਸਵੈਮਾਨ ਨਾਲ ਉੱਪਰ ਫੈਲਾਇਆ।

'ਆਟੋ ਨੂੰ ਹੱਥ ਦੇ ਕੇ ਰੋਕਿਆ- ਪੰਜਾਬੀ ਬਾਗ!' ਉੱਥੇ ਜਾ ਕੇ ਮੇਰੀਆਂ ਡਾਡਾਂ ਨਿਕਲ ਗਈਆਂ। ਮੇਰੇ ਘਰ ਦਾ ਨਾਮ ਨਿਸ਼ਾਨ ਨਹੀਂ ਸੀ ਕਿਤੇ। ਸੜਿਆ ਸਵਾਹ ਹੋਇਆ ਬੇਪਛਾਣ ਖੰਡਰ ਹੋਇਆ ਪਿਆ ਸੀ। ਮੇਰੇ ਦੁਆਲੇ ਭੀੜ ਜਮਾਂ ਹੋ ਗਈ। ਮੇਰੀ ਸਹੇਲੀ ਆਇਸ਼ਾ ਨੇ ਰੋਂਦੀ ਰੋਂਦੀ ਨੇ ਮੈਨੂੰ ਗਲਵੱਕੜੀ ਵਿਚ ਲੈ ਲਿਆ। 'ਹਾਏ ਨੀ ਤੂੰ ਕਿੱਥੇ ਸੀ ਖੁੱਥੜੀਏ? ਤੇਰਾ ਤਾਂ ਜਹਾਨ ਲੁੱਟ ਗਿਆ...। ਤੇਰਾ ਅੱਬਾ, ਤੇਰਾ ਭਾਈ, ਸਭ ਕੋਹ ਸੁੱਟੇ ਨੇ ਜ਼ਾਲਮਾਂ ਨੇ।'

ਆਇਸ਼ਾ ਦੀ ਮਾਂ ਨੇ ਦਿਲਾਸਾ ਦਿੱਤਾ ਤੇ ਰਿਕਸ਼ੇ ਵਾਲਾ ਵਿਚਾਰਾ! ਉਸ ਨਾ ਪੈਸੇ ਮੰਗੇ ਤੇ ਨਾ ਲਏ, ਛੱਡ ਕੇ ਤੁਰ ਗਿਆ... ਅੱਖਾਂ ਪੂੰਝਦਾ। 'ਤੇਰੀ ਅੰਮਾ ਤੇ ਭੈਣ ਤਾਂ ਸਹੀ ਸਲਾਮਤ ਨੇ ਸ਼ਾਹ ਪੁਰ ਵਾਲੇ ਕੈਂਪ 'ਚ। ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਅਸੀਂ ਆਪਣੇ ਘਰ ਲੁਕਾ ਕੇ ਬਚਾਇਆ ਆਪਣੀ ਜਾਨ ਹੂਲ ਕੇ। ਇਹਨਾਂ ਲੂਣ-ਹਰਾਮੀਆਂ ਨੇ ਸਿੱਖਾਂ ਦਾ ਕੋਈ ਘਰ ਸਾਬਤ ਨਹੀਂ ਛੱਡਿਆ। ਆ ਧੀਏ ਅੰਦਰ ਆ, ਵੇਖ ਤੇਰਾ ਕੀ ਹਾਲ ਹੋਇਆ ਪਿਆ ਸੂ।'

ਰੋਂਦੀ ਕਲਪਦੀ ਨੇ ਉੱਥੇ ਰਾਤ ਗੁਜ਼ਾਰੀ। ਸਵੇਰੇ ਆਇਸ਼ਾ ਦੀ ਮਾਂ ਨੇ ਆਪ ਨਾਲ ਹੋ ਕੇ ਮੈਨੂੰ ਮੇਰੀ ਅੰਮਾ ਕੋਲ ਪਹੁੰਚਾਇਆ। ਵੱਡਿਆਂ ਘਰਾਂ ਵਾਲੇ, ਕੋਠੀਆਂ ਵਾਲੇ, ਜਦੋਂ ਦਿਨ ਪੁੱਠੇ ਗਿੜਦੇ ਨੇ, ਤੰਬੂ ਟਾਕੀਆਂ ਨੂੰ ਵੀ ਤਰਸਦੇ ਨੇ। ਮੇਰੀ ਮਾਂ ਮੈਨੂੰ ਉੱਡ ਕੇ ਮਿਲੀ। ਮੇਰੀ ਭੈਣ ਅਰਧ-ਹੋਸ਼ ਪਈ ਸੁਰਤ ਨਹੀਂ ਸੀ ਕਰ ਰਹੀ। ਉਹਨੂੰ ਵੀ ਕਹਿੰਦੇ, ਪਿਛਲੀ ਰਾਤ ਸਕਿਉਰਿਟੀ ਵਾਲੇ ਲੈ ਗਏ ਸਨ, ਕਾਗ਼ਜ਼ੀ ਕਾਰਵਾਈ ਪੂਰੀ ਕਰਨ ਵਾਸਤੇ। ਅਸੀਂ ਬੇਘਰੇ ਹੋ ਗਏ ਸਾਂ, ਪਨਾਹਗੀਰ, ਉੱਜੜੇ ਹੋਏ ਲੋਕ, ਲਿਤਾੜੇ ਹੋਏ ਦੁਰਕਾਰੇ ਹੋਏ ਲੋਕ, ਕਰਮਹੀਣ! ਆਪਣੇ ਹੀ ਦੇਸ਼ ਵਿਚ ਆਪਣੇ ਹੀ ਲੋਕਾਂ ਕੋਲੋਂ ਲੁੱਟੇ ਹੋਏ।

ਇਕ ਸਾਲ ਅਸੀਂ ਉਸੇ ਹੀ ਕੈਂਪ ਵਿਚ ਕੱਟਿਆ। ਮੇਰੀ ਭੈਣ ਇਹ ਅੱਖੀਂ ਦੇਖਿਆ ਤੇ ਹੱਡੀਂ ਹੰਢਾਇਆ ਸਦਮਾ ਤੇ ਏਨੀ ਵੱਡੀ ਜਾਂਗਲੀ ਝਾਲ ਨਾ ਝੱਲਦੀ ਹੋਈ ਜੂਨ ਛੁਟਕਾਰਾ ਕਰ ਗਈ। ਅਸੀਂ ਦੋਵੇਂ ਮਾਵਾਂ ਧੀਆਂ ਸ਼ਰਨਾਰਥੀਆਂ ਦੇ ਰਜਿਸਟਰ ਵਿਚ ਚੜ੍ਹ ਗਈਆਂ। ਸੇਵਾਦਾਰ ਦੁੱਧ ਚਾਹ ਰੋਟੀ ਪਾਣੀ ਮੇਰੀ ਮਾਂ ਨੂੰ ਦੇਣ ਦੀ ਥਾਂ ਮੇਰੇ ਹੱਥ ਫੜਾਉਂਦੇ, ਮੇਰੇ ਜਿਸਮ ਨੂੰ ਨਿਹਾਰਦੇ, ਤੋਲਦੇ ਰਹਿੰਦੇ ਜਿਵੇਂ ਮੁੱਲ ਪਾਉਣਾ ਚਾਹੁੰਦੇ ਹੋਣ। ਮੈਨੂੰ ਭਾਰੀ ਹੁੰਦੀ ਵੇਖ ਕੇ ਮੇਰੀ ਮਾਂ ਨੂੰ ਅਜਿਹੀ ਗ਼ਸ਼ੀ ਪਈ ਕਿ ਵਾਪਸ ਹੋਸ਼ ਵਿਚ ਨਾ ਆਈ।

ਜ਼ਿੰਦਗੀ ਦੀ ਤਲਖ਼ ਹਕੀਕਤ ਤੇ ਕੁੜੱਤਣ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਇੱਕ ਬੇਹੋਸ਼ੀ ਹੀ ਤਾਂ ਹੈ ਤੇ ਇਸ ਤਰ੍ਹਾਂ ਮੈਂ ਇਕੱਲੀ ਰਹਿ ਗਈ ਚੌਕੀਦਾਰਾਂ ਤੇ ਬੇਲਦਾਰਾਂ 'ਤੇ ਰਹਿਮ-ਕਰਮ 'ਤੇ। ਦਿਨ ਪੁੱਗਣ 'ਤੇ ਮੈਨੂੰ ਜੱਚਾ ਬੱਚਾ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ, ਜਿੱਥੇ ਮੈਨੂੰ ਸੁਗਾਤ ਮਿਲੀ...ਲੜਕੀ...ਮੇਰੇ ਉੱਤੇ ਕੀਤੇ ਹੋਏ ਗੁਨਾਹਾਂ ਦਾ ਫਲ। 'ਕੀ ਨਾਮ ਰੱਖਣਾ ਇਸ ਦਾ?' ਨਰਸ ਨੇ ਪੁੱਛਿਆ। 'ਰੋਜ਼ੀ...।' 'ਵਾਹ ਕਿੰਨਾ ਸੁੰਦਰ ਨਾਮ ਹੈ... ਮਾਂ ਖ਼ੁਸ਼ਬੂ ਤੇ ਬੇਟੀ ਰੋਜ਼! ਯਾਨੀ ਕਿ ਰੋਜ਼ੀ!' ਲੇਡੀ ਡਾਕਟਰ ਨੇ ਹੱਸ ਕੇ ਕਿਹਾ ਸੀ। 'ਬਾਪ ਦਾ ਨਾਮ...?' ਉਸ ਦੀਆਂ ਨਜ਼ਰਾਂ 'ਚ ਸ਼ਰਾਰਤ ਸੀ। 'ਕੋਈ ਨਹੀਂ...।' ਮੈਂ ਫਿੱਸ ਪਈ ਸਾਂ ਬੁਰੀ ਤਰ੍ਹਾਂ।

'ਅਰੇ ਕੁੱਝ ਤੋ ਬਤਾਉ!... ਧਰਮ ਕਿਆ ਲਿਖੂੰ?' 'ਇਸ ਹਜੂਮ ਮੇਂ ਕਿਸ ਕਾ ਨਾਮ ਲੂੰ ਮੈਂ? ਮੈਨੇ ਕਿਸੀ ਕਾ ਨਾਮ ਨਹੀਂ ਪੂਛਾ।' ਡਾਕਟਰ ਨੇ ਕਲਮ ਰੱਖ ਦਿੱਤੀ। ਪ੍ਰਮਾਣ ਪੱਤਰ ਮੇਰੇ ਹੱਥ ਫੜਾ ਦਿੱਤਾ ਜਿਸ 'ਤੇ ਬਾਪ ਦਾ ਨਾਮ 'ਗੁਮਨਾਮ' ਸੀ। ਧਰਮ ਦੇ ਨਾਮ ਦੇ ਖ਼ਾਨੇ ਵਿਚ... 'ਅ-ਧਰਮ' ਲਿਖਿਆ ਸੀ।

ਕਮਾਲ ਕੀਤਾ ਖ਼ੁਸ਼ਬੂ! ਬੜਾ ਧ੍ਰੋਹ ਕੀਤਾ ਤੇਰੇ ਨਾਲ ਤੇਰੀ ਕਿਸਮਤ ਨੇ... ਤੂੰ ਬੜੀ ਬਹਾਦਰ ਔਰਤ ਹੈਂ... ਜਿਸ ਨੇ ਏਨੇ ਕਸ਼ਟ ਸਹਾਰਦੇ ਹੋਏ ਵੀ ਜ਼ਿੰਦਗੀ ਜਿਊਣ ਦਾ ਸੰਘਰਸ਼ ਨਹੀਂ ਛੱਡਿਆ, ਨਹੀਂ ਤਾਂ ਕਈ ਵਿਚਾਰੀਆਂ ਅਜਿਹੀਆਂ ਮੁਸੀਬਤਾਂ ਦੇ ਮੂੰਹ ਪੈ ਕੇ ਦਰਿਆਵਾਂ ਨਹਿਰਾਂ 'ਚ ਵਹਿ ਜਾਂਦੀਆਂ ਨੇ।'

'ਮੈਂ ਵੀ ਵਹਿ ਜਾਂਦੀ ਭਾਅ ਜੀ! ਪਰ ਮੈਨੂੰ ਜਿਊਣ ਦਾ ਸਹਾਰਾ ਮਿਲ ਗਿਆ ਸੀ, ਬਹਾਨਾ ਮਿਲ ਗਿਆ ਸੀ, ਮੇਰੀ ਰੋਜ਼ੀ... ਹਾਂ! ਉਸੇ ਲਈ ਮੈਂ ਆਪਣੀ ਜ਼ਿੰਦਗੀ ਬਚਾ ਰੱਖੀ ਹੈ, ਸ਼ੁਕਰ ਪਰਮਾਤਮਾ ਦਾ, ਮੈਨੂੰ ਇਹ ਨੌਕਰੀ ਮਿਲ ਗਈ।'

'ਹੋਰ ਕੋਈ ਵਿਆਹ ਜਾਂ ਸਾਥੀ?' ਮੈਂ ਹੋਰ ਅੱਗੇ ਜਾਣਨਾ ਚਾਹੁੰਦਾ ਸੀ।

'ਨਹੀਂ! ਨਹੀਂ! ਮੈਨੂੰ ਕਈ ਸਮਾਜ ਸੇਵੀ ਸੰਸਥਾਵਾਂ ਨੇ ਪੇਸ਼ਕਸ਼ ਕੀਤੀ ਸੀ ਵਿਆਹ ਵਿਚ ਮਦਦ ਕਰਨ ਲਈ, ਪਰ ਮੇਰਾ ਮਨ ਨਹੀਂ ਮੰਨਿਆ। ਮੈਨੂੰ ਮਰਦ ਜਾਤ ਨਾਲ ਨਫ਼ਰਤ ਹੋ ਗਈ ਹੈ।'

ਉਸ ਦੀਆਂ ਅੱਖਾਂ ਅੱਡੀਆਂ ਗਈਆਂ, ਹੱਥਾਂ ਦੀਆਂ ਮੁੱਠੀਆਂ ਤਣ ਗਈਆਂ, ਮਾਨੋ ਮਰਦ ਜਾਤੀ ਦਾ ਵਿਨਾਸ਼ ਕਰ ਦੇਣਾ ਚਾਹੁੰਦੀ ਹੋਵੇ।

'ਕੋਈ ਨਹੀਂ ਉੱਠੋ! ਸਬਰ ਕਰੋ... ਹੌਸਲਾ ਕਰੋ।' ਮੇਰਾ ਹੱਥ ਆਪ ਮੁਹਾਰੇ ਉਸ ਦੀ ਪਿੱਠ 'ਤੇ ਚਲਾ ਗਿਆ ਤੇ ਫਿਰ ਉਸ ਦੀ ਕਮਰ ਉਦਾਲੇ ਲਿਪਟ ਗਿਆ। ਉਹ ਉੱਠ ਕੇ ਮੇਰੇ ਨਾਲ ਦਫ਼ਤਰ ਆ ਗਈ। ਵੱਡੇ ਸਾਹਿਬ ਦੀਆਂ ਮੁੱਛਾਂ ਕੰਬਣ ਲੱਗੀਆਂ। ਉਸ ਨੇ ਮੂੰਹ ਜਿਹਾ ਸਿਕੋੜ ਕੇ ਆਪਣੀ ਨਾ-ਪਸੰਦਗੀ ਦਾ ਪ੍ਰਗਟਾਵਾ ਕੀਤਾ। ਸਟਾਫ਼ ਵਿਚ ਪਲ ਦੀ ਪਲ ਘੁਸਰ-ਮੁਸਰ ਹੋਈ ਤੇ ਫਿਰ ਸਾਰੇ ਆਪਣੇ ਕੰਮਾਂ 'ਚ ਰੁੱਝ ਗਏ।

ਦਿਲ ਦਾ ਗੁਬਾਰ ਕੱਢ ਕੇ, ਆਪਣੇ ਆਪ ਨੂੰ ਹੌਲਾ ਫੁੱਲ ਕਰਕੇ ਉਹ ਕੁੱਝ ਸ਼ਾਂਤ ਜਿਹੀ ਹੋ ਗਈ। ਦਫ਼ਤਰ ਆਉਣ ਸਮੇਂ ਉਸ ਦੇ ਪੈਰਾਂ ਵਿਚ ਪਹਿਲਾਂ ਵਰਗੀ ਫੁਰਤੀ ਨਹੀਂ ਸੀ, ਜਿਵੇਂ ਉਸ ਦਾ ਚਾਅ ਮੱਧਮ ਤੇ ਢਿੱਲਾ ਪੈ ਗਿਆ ਹੋਵੇ। ਹਾਂ! ਉਸ ਦਾ ਫੇਰਾ ਹੁਣ ਸਾਹਿਬ ਦੇ ਕਮਰੇ ਵੱਲ ਵਧ ਗਿਆ ਸੀ। ਵਿਚਾਰੀ ਘੜੀ ਮੁੜੀ ਜਾ ਕੇ ਆਪਣੀ ਲੜਕੀ ਬਾਰੇ ਸਾਹਿਬ ਕੋਲ ਮਿੰਨਤ ਤਰਲਾ ਕਰ ਰਹੀ ਹੋਵੇਗੀ। ਸਾਹਿਬ ਨੇ ਵੀ ਤਾਂ ਆਪੇ ਹੀ ਉਸ ਦਿਨ ਸਿਫ਼ਾਰਸ਼ ਕੀਤੀ ਸੀ। ਮੈਂ ਏਨੇ ਦਿਨ ਇਹ ਕੰਮ ਲੇਟ ਕਰ ਕੇ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਹਾਂ। ਕਿੰਨੀ ਲੋੜਵੰਦ ਹੈ ਇਹ ਔਰਤ! ਇਸ ਦੀ ਜ਼ਰੂਰ ਮਦਦ ਕਰਨੀ ਚਾਹੀਦੀ ਹੈ।

ਅਗਲੇ ਦਿਨ ਮੇਰੀ ਇੰਤਜ਼ਾਰ ਦਾ ਉਤਾਵਲਾਪਨ ਹੋਰ ਉਜਵਲ ਹੋ ਗਿਆ, ਜਦ ਉਸ ਦੇ ਨਾਲ ਉਸ ਜਿੰਨੀ ਹੀ ਉੱਚੀ ਲੰਮੀ ਇਕ ਹੋਰ ਮੁਟਿਆਰ ਹਾਲ ਵਿਚ ਪ੍ਰਵੇਸ਼ ਕਰਦੀ ਹੈ। ਮੇਰੇ ਦੇਖਦੇ ਹੀ ਦੇਖਦੇ ਮੇਰੀ ਕੈਬਿਨ ਦੇ ਸਾਹਮਣੇ ਆ ਕੇ ਅਟਕ ਜਾਂਦੀਆਂ ਹਨ। 'ਹੈਲੋ... ਨਮਸਕਾਰ ਸਰ!' ਦੋਹਾਂ ਨੇ ਸਿਰ ਨਿਵਾ ਕੇ ਹੱਥ ਜੋੜੇ।

'ਨਮਸਕਾਰ! ਆਓ ਬੈਠੋ!' ਮੈਂ ਵੀ ਹੱਥ ਜੋੜ ਕੇ ਪ੍ਰਣਾਮ ਕਰਦਾ ਉਨ੍ਹਾਂ ਨੂੰ 'ਜੀ ਆਇਆਂ' ਕਹਿੰਦਾ ਹਾਂ ਤੇ ਉੱਠ ਕੇ ਬੇਬੀ ਦੇ ਮੱਥੇ ਦਾ ਚੁੰਮਣ ਆਪ ਮੁਹਾਰੇ ਮੈਥੋਂ ਲਿਆ ਜਾਂਦਾ ਹੈ।

ਉਹ ਕੁੱਝ ਕਹਿਣਾ ਚਾਹੁੰਦੀ ਹੈ।

'ਲਿਆਓ! ਮੈਨੂੰ ਪਤਾ...।' ਮੈਂ ਹੱਥ ਅੱਗੇ ਵਧਾਉਂਦਾ ਹਾਂ। ਉਹ ਅਰਜ਼ੀ ਤੇ ਨਾਲ ਵਿੱਦਿਅਕ ਯੋਗਤਾ ਦਾ ਪ੍ਰਮਾਣ ਪੱਤਰ ਮੇਰੇ ਅੱਗੇ ਕਰ ਦਿੰਦੀ ਹੈ। 'ਰੋਜ਼ੀ! ਮਾਤਾ ਦਾ ਨਾਮ... ਖ਼ੁਸ਼ਬੂ, ਪਿਤਾ ਦਾ ਨਾਮ...?' ਮੈਂ ਪੜ੍ਹਦਾ ਹਾਂ। 'ਗੁਮਨਾਮ ਹੈ...।' ਉਹ ਬੋਲ ਪੈਂਦੀ ਹੈ। ਮੈਂ ਸਟੈਨੋ ਨੂੰ ਬੁਲਾ ਕੇ ਉਨ੍ਹਾਂ ਦੇ ਸਾਹਮਣੇ ਹੀ ਡਿਕਟੇਸ਼ਨ ਦੇ ਕੇ ਪੰਜ ਮਹੀਨੇ ਦੀ ਮੁਨਿਆਦ ਲਈ ਰੋਜ਼ਾਨਾ ਭੱਤੇ 'ਤੇ ਨਿਯੁਕਤੀ ਦਾ ਮਜ਼ਮੂਨ ਲਿਖਾ ਦਿੰਦਾ ਹਾਂ।

'ਧੰਨਵਾਦ ਸਰ!' ਉਹ ਉੱਠਣ ਲੱਗੀਆਂ ਹਨ।

'ਮੇਰਾ ਨਹੀਂ, ਸਾਹਿਬ ਦਾ ਧੰਨਵਾਦ ਕਰੋ।'

ਉਹ ਦੁਪੱਟੇ ਦਾ ਪੱਲੂ ਉੱਪਰ ਚੁੱਕਦੀ ਸਾਹਿਬ ਦੀ ਕੈਬਿਨ ਵੱਲ ਹੋ ਤੁਰਦੀ ਹੈ। ਥੋੜ੍ਹੀ ਦੇਰ ਬਾਅਦ ਕੁੱਝ ਹਲਚਲ ਹੋਈ। 'ਮਿਲ ਗਿਆ... ਮਿਲ ਗਿਆ।'

ਉਹ ਚੀਕਦੀ ਚਿਲਾਉਂਦੀ ਬਾਹਰ ਇੱਧਰ ਉੱਧਰ ਦੌੜਨ ਲੱਗੀ... ਕਮਲ਼ਿਆਂ ਵਾਂਗ, ਝੱਲਿਆਂ ਵਾਂਗ.. ਕਦੇ ਹੱਸਦੀ ਕਦੇ ਰੋਂਦੀ। ਮੈਂ ਅਚੰਭਿਤ ਹੋ ਗਿਆ। ਕੀ ਹੋ ਗਿਆ ਇਸ ਨੂੰ?

'ਕੀ ਹੋਇਆ? ਕੀ ਹੋਇਆ ਖ਼ੁਸ਼ਬੂ?' ਮੈਂ ਚੌਕ 'ਚ ਖੜ੍ਹੇ ਸਿਪਾਹੀ ਵਾਂਗ ਹੱਥ ਦੇ ਕੇ ਉਸ ਨੂੰ ਰੋਕਦਾ ਹਾਂ।

'ਕੀ ਮਿਲ ਗਿਆ?' ਮੈਂ ਸਮਝਦਾ ਹਾਂ ਉਹ ਇਹ ਨਿਯੁਕਤੀ ਪੱਤਰ ਲੈ ਕੇ, ਵੇਖ ਕੇ ਹੀ ਏਨੀ ਖੀਵੀ ਹੋ ਗਈ ਹੈ ਕਿ ਪਾਗਲਪਨ ਦੀ ਹੱਦ ਤੱਕ ਪਹੁੰਚ ਗਈ ਹੈ।

'ਮਿਲ ਗਿਆ? ਨਿਯੁਕਤੀ ਪੱਤਰ...?' ਮੈਂ ਅਟਕਲਾਂ ਲਗਾਉਂਦਾ ਹਾਂ।

'ਹਾਂ ਮਿਲ ਗਿਆ ਸਭ ਕੁੱਝ...।' ਉਹ ਦੋਵੇਂ ਬਾਹਾਂ ਉੱਪਰ ਫੈਲਾਉਂਦੀ ਹੈ। 'ਮਿਲ ਗਿਆ ਮੈਨੂੰ... ਮਿਲ ਗਿਆ ਅੱਜ।'

ਮੈਂ ਬਿਠਾ ਕੇ ਉਸ ਨੂੰ ਤਸੱਲੀ ਦਿੰਦਾ ਹਾਂ, ਚਪੜਾਸੀ ਨੂੰ ਕਹਿ ਕੇ ਪਾਣੀ ਦਾ ਗਿਲਾਸ ਮੰਗਵਾ ਕੇ ਉਸ ਦੇ ਮੂੰਹ ਨੂੰ ਲਗਾਉਂਦਾ ਹਾਂ। ਹੁਣ ਉਹ ਸ਼ਾਂਤ ਹੈ ਅਡੋਲ! ਜਿਵੇਂ ਮਿਰਗੀ ਦੇ ਦੌਰੇ ਤੋਂ ਬਾਅਦ।

'ਸਰ! ਮੇਰੇ ਨਾਲ ਅੰਦਰ ਚਲੋ...।' ਉਸ ਨੇ ਅਪੀਲ ਜਿਹੀ ਕੀਤੀ।

'ਕਿਉਂ? ਇਨਕਾਰ ਕੀਤਾ ਸਾਹਿਬ ਨੇ...?' ਮੈਂ ਡੈਂਬਰ ਜਾਂਦਾ ਹਾਂ, ਹੋਰ ਸ਼ਸ਼ੋਪੰਜ ਵਿਚ ਪੈ ਜਾਂਦਾ ਹਾਂ। ਉਸ ਦੇ ਨਾਲ ਖੜ੍ਹੀ ਰੋਜ਼ੀ ਡਰੀ ਹੋਈ ਘੁੱਗੀ ਵਾਂਗ ਸੁੰਗੜ ਕੇ ਆਪਣੇ ਕੱਪੜਿਆਂ ਵਿਚ ਛੋਟੀ ਹੁੰਦੀ ਜਾ ਰਹੀ ਸੀ।

'ਚਲੋ ਸਰ!... ਚਲੋ ਭਾਅ ਜੀ... ਪਲੀਜ਼...।' ਉਸ ਦੇ ਤਰਲੇ ਨਾਲ ਮੈਂ ਸਾਹਿਬ ਦੇ ਸਾਹਮਣੇ ਪਹੁੰਚ ਜਾਂਦਾ ਹਾਂ।

ਸਾਹਿਬ ਦਾ ਮੱਥਾ ਠਣਕਿਆ। ਉਹ ਪਹਿਲਾਂ ਹੀ ਘਬਰਾਏ ਹੋਏ, ਕਸੀਸ ਜਿਹੀ ਵੱਟੀ ਬੈਠੇ ਸਨ।

'ਆਓ ਬੈਠੋ! ਸੁੱਖ ਐ...?' ਮੱਥੇ ਦੀ ਤਰੇਲੀ ਸਾਫ਼ ਕਰਦੇ ਉਨ੍ਹਾਂ ਕੁਰਸੀ ਵੱਲ ਇਸ਼ਾਰਾ ਕੀਤਾ।

'ਸਰ ਮੈਂ ਹੀ ਤਕਲੀਫ਼ ਦਿੱਤੀ ਇਹਨਾਂ ਨੂੰ।' ਮੇਰੇ ਬੋਲਣ ਤੋਂ ਪਹਿਲਾਂ ਹੀ ਖ਼ੁਸ਼ਬੂ ਉੱਤਰ ਦੇ ਗਈ।

'ਹਾਂ ਦੱਸ! ਤੈਨੂੰ ਨੌਕਰੀ ਤਾਂ ਦਿਵਾ ਦਿੱਤੀ ਕੁੜੀ ਲਈ, ਹੋਰ ਕੀ ਕਸਰ ਬਾਕੀ?'

ਸਾਹਿਬ ਨੇ ਸਾਰਾ ਮੂੰਹ ਖੋਲ੍ਹ ਕੇ ਅੱਖਾਂ ਅੱਡ ਲਈਆਂ।

'ਸਰ ਆਪਣੀ ਅਮਾਨਤ ਸਾਂਭ ਲਓ... ਚੁਰਾਸੀ ਦੀ ਚਿਣਗ।'

'ਅਮਾਨਤ...! ਕਿਹੜੀ ਅਮਾਨਤ...? ਕਿਹੜੀ ਚਿਣਗ?' 'ਇਹ ਤੁਹਾਡੀ ਅਮਾਨਤ! ਵੇਖੋ ਮੈਂ ਇਕੱਲੀ ਨੇ ਹੀ ਪਾਲ ਪੋਸ ਕੇ ਏਨੀ ਵੱਡੀ ਕਰ ਦਿੱਤੀ ਹੈ, ਇਹ ਚਿਣਗ ਹੁਣ ਚੁਆਤੀ ਬਣ ਚੁੱਕੀ ਹੈ।' ਉਸ ਨੇ ਨਾਲ ਬੈਠੀ ਬੇਟੀ ਦੀ ਪਿੱਠ ਥਪ ਥਪਾਈ।

'ਇਹ ਤੂੰ ਕੀ ਕਹਿ ਰਹੀ ਹੈਂ? ਇਹ ਝੂਠ ਹੈ...।' 'ਝੂਠ ਨਹੀਂ, ਸੱਚ ਹੈ। ਇਹ ਠੀਕ ਹੈ, ਆਪਣੇ ਅੰਦਰ ਝਾਤੀ ਮਾਰੋ।' ਸਾਹਿਬ ਦੇ ਮੱਥੇ 'ਤੇ ਸੌਣ ਭਾਦੋਂ ਦੇ ਮੀਂਹ ਵਾਂਗ ਪਸੀਨੇ ਦੀਆਂ ਘਰਾਲ਼ਾਂ ਚੱਲ ਪਈਆਂ। ਉਸ ਦੇ ਮੱਥੇ 'ਤੇ ਉੱਕਰਿਆ ਚੰਦ ਵਰਗਾ ਰੋਬੜਾ, ਜ਼ਖ਼ਮ ਦਾ ਨਿਸ਼ਾਨ ਫਿੱਸ ਫਿੱਸ ਕਰਕੇ ਨਾਸੂਰ ਵਾਂਗ ਰਿਸਣ ਲਗਦਾ ਜਾਪਦਾ ਹੈ।

'ਤੇ ਸਰ!

'ਗੁਮਨਾਮ ਖਾਨਾ' ਵੀ ਭਰ ਦਿਓ...।'

'ਸਾਈਂ ਨਾਥ ਸਾਹਨ...।'

ਉਹ ਟਾਈਪ ਕੀਤੀ ਅਰਜ਼ੀ ਅਤੇ ਨਿਯੁਕਤੀ ਪੱਤਰ ਮੇਰੇ ਸਾਹਮਣੇ ਕਰ ਦਿੰਦੀ ਹੈ। ਸਾਹਿਬ ਮੱਥੇ ਦਾ ਰੋਬੜਾ ਪਲੋਸਦਾ ਊਂਧੀ ਪਾ ਲੈਂਦਾ ਹੈ।

# ਗਦਰੀ ਸੂਰਬੀਰ ਅਤੇ ਰੰਗਮੰਚ ਦਾ ਮੇਲਾ



*ਜਲੰਧਰ ਵਿਚ ਗਦਰੀ ਬਾਬਿਆਂ ਦੇ ਮੇਲੇ ਵਿਚ ਰੰਗਮੰਚ ਦੀ ਇਕ ਝਲਕ।*

## ਕਲਾ ਪਰਿਕਰਮਾ

ਜਦੋਂ ਰੰਗਮੰਚ ਦਾ ਮੇਲਾ ਭਰਦਾ ਹੈ ਤਾਂ ਇਹ ਪਰੰਪਰਕ ਮੇਲਿਆਂ ਤੋਂ ਵੱਖਰਾ ਹੁੰਦਾ ਹੈ। ਇਹ ਸਿਰਫ ਮਨੋਰੰਜਨ ਨਾਲ ਨਹੀਂ, ਸੋਚ ਨਾਲ ਜੁੜਿਆ ਹੁੰਦਾ ਹੈ, ਮੱਥਿਆਂ ਵਿਚ ਚਿਰਾਗ ਰੌਸ਼ਨ ਕਰਨ ਦਾ ਪ੍ਰਣ ਲੈ ਕੇ ਆਪਣੇ ਦਰਸ਼ਕਾਂ ਦੇ ਸਾਹਮਣੇ ਆਉਂਦਾ ਹੈ। ਉਦੋਂ ਰੰਗਮੰਚ ਅਤੇ ਦਰਸ਼ਕਾਂ ਵਿਚਾਲੇ ਮੌਜੂਦ ਕਾਲਪਨਿਕ ਚੌਥੀ ਦੀਵਾਰ ਹਟ ਜਾਂਦੀ ਹੈ। ਦਰਸ਼ਕ ਅਤੇ ਕਲਾਕਾਰ ਇਕੱਠਿਆਂ ਸਾਹ ਲੈਂਦੇ ਹਨ, ਇਕੱਠਿਆਂ ਰੋਂਦੇ ਹਨ, ਇਕੱਠਿਆਂ ਹੱਸਦੇ, ਜੋਸ਼ ਵਿਚ ਆਉਂਦੇ ਅਤੇ ਕਿਸੇ ਤਬਦੀਲੀ ਲਈ ਅਹਿਦ ਲੈਂਦੇ ਹਨ। ਰੰਗਮੰਚ ਤੇ ਲੋਕ ਇਕਮਿੱਕ ਹੋ ਜਾਂਦੇ ਹਨ। ਜਦੋਂ ਰੰਗਮੰਚ ਦਾ ਮੇਲਾ ਭਰਦਾ ਹੈ ਤਾਂ ਜ਼ਿੰਦਗੀ ਪੈਲਾਂ ਪਾਉਂਦੀ ਹੈ ਤੇ ਧੜਕਦੀ ਹੈ। ਜ਼ਿੰਦਗੀ ਦੇ ਸਾਰੇ ਰੰਗ ਗਲਵੱਕੜੀ ਪਾ ਕੇ ਨੱਚਦੇ ਹਨ। ਉਦੋਂ ਲੋਕ ਇਹ ਨਹੀਂ ਸੋਚਦੇ ਕਿ ਉਹ ਭੁੰਜੇ ਬੈਠੇ ਹਨ ਜਾਂ ਕੁਰਸੀਆਂ 'ਤੇ, ਗਰਮੀ 'ਚ ਹਨ ਜਾਂ ਸਰਦੀ 'ਚ। ਉਨ੍ਹਾਂ ਦੀ ਤੰਦ ਸਿਰਫ ਉਸ ਸਭ ਕੁਝ ਨਾਲ ਜੁੜੀ ਹੁੰਦੀ ਹੈ ਜੋ ਮੰਚ 'ਤੇ ਵਾਪਰ ਰਿਹਾ ਹੁੰਦਾ ਹੈ ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਰਗਾ ਲੱਗਦਾ ਹੈ। ਦੁੱਖਾਂ ਨਾਲ ਖਹਿੰਦਾ ਤੇ ਖੁਸ਼ੀਆਂ ਦਾ ਚੁੰਮਣ ਲੈਂਦਾ ਹੈ। ਰੰਗਮੰਚ ਦੇ ਮੇਲੇ ਦਾ ਘੇਰਾ ਵਿਸ਼ਾਲ ਹੁੰਦਾ ਹੈ, ਉਹ ਕਿਸੇ ਇੱਕ ਰੰਗ ਦੀ ਰੱਸੀ 'ਤੇ ਨਹੀਂ ਝੂਟਦਾ।



**ਡਾ. ਸਾਹਿਬ ਸਿੰਘ**
**ਸੰਪਰਕ: +91-98880-11096**

ਰੰਗਮੰਚ ਉਥੇ ਜਾ ਪਹੁੰਚਦਾ ਹੈ ਜਿੱਥੇ ਯੂਨੀਵਰਸਿਟੀਆਂ ਵਿਚ ਕਿਤਾਬਾਂ ਦਾ ਗਿਆਨ ਹਾਸਲ ਕਰਦੇ ਜਾਗਦੇ ਸਿਰਾਂ ਵਿਚ ਖੂਨ ਵਗ ਰਿਹਾ ਹੁੰਦਾ ਹੈ। ਉਦੋਂ ਰੰਗਮੰਚ ਕੂਕਦਾ ਹੈ ਤੇ ਲਲਕਾਰਦਾ ਹੈ। ਪਛਾਣ ਪੱਤਰ ਦਿਖਾਉਣ ਤੋਂ ਬਾਗੀ ਹੋ ਜਾਂਦਾ ਹੈ, ਬਾਗੀਆਂ ਦੀਆਂ ਬਾਹਾਂ 'ਚ ਬਾਹਾਂ ਪਾ ਕੇ ਮੰਚ ਤੋਂ ਲੋਕਾਂ ਦੇ ਇਕੱਠ ਵਿਚ ਸਰਕ ਜਾਂਦਾ ਹੈ। ਅੱਜ ਤੋਂ ਸੈਂਤੀ ਸਾਲ ਪਹਿਲਾਂ ਜਦੋਂ ਮੁਲਕ ਦੀ ਰਾਜਧਾਨੀ ਵਿਚ ਸਿੱਖਾਂ 'ਤੇ ਕਹਿਰ ਟੁੱਟਦਾ ਹੈ, ਹਕੂਮਤ ਮਾਚਿਸ ਬਣ ਜਾਂਦੀ ਹੈ, ਜ਼ਿੰਦਗੀ ਨੂੰ ਫੂਕ ਦੇਣ ਦੀ ਕੋਸ਼ਿਸ਼ ਕਰਦੀ ਹੈ। ਮਾਸੂਮ ਲੋਕਾਂ ਦੇ ਦਿਲਾਂ 'ਤੇ ਸਖਤ ਖੁਰਦਰਾ ਵੱਡਾ ਰੁੱਖ ਡਿੱਗਦਾ ਹੈ ਤਾਂ ਰੰਗਮੰਚ ਬੋਲਦਾ ਹੈ, ਸ਼ਰੇਆਮ ਸੜਕਾਂ 'ਤੇ ਨਿਕਲ ਕੇ ਬੋਲਦਾ ਹੈ। ਰੰਗਮੰਚ ਸਵਾਲ ਕਰਦਾ ਹੈ ਕਿ ਉਹ ਲੋਕ ਜਿਨ੍ਹਾਂ ਨੇ ਰਾਜਧਾਨੀ ਦੀ ਤਰੱਕੀ ਵਿਚ ਅੱਜ ਤੱਕ ਵੱਡਾ ਯੋਗਦਾਨ ਪਾਇਆ ਸੀ, ਉਨ੍ਹਾਂ ਨੂੰ ਚੁਣ-ਚੁਣ ਕੇ ਕਿਸ ਕਸੂਰ ਬਦਲੇ ਮਾਰਿਆ ਗਿਆ ਹੈ, ਉਨ੍ਹਾਂ ਦੇ ਮਾਰੇ ਜਾਣ ਪਿੱਛੇ ਕਿਸ-ਕਿਸ ਦਾ ਹੱਥ ਹੈ। ਉਹ ਕੌਣ ਲੋਕ ਹਨ ਜਿਨ੍ਹਾਂ ਨੇ ਇਨ੍ਹਾਂ ਨੂੰ ਬਲਦੀ ਦੇ ਬੂਥੇ ਧੱਕਿਆ ਹੈ। ਰੰਗਮੰਚ ਕਿਸੇ ਨੂੰ ਨਹੀਂ ਬਖਸ਼ਦਾ ਕਿਉਂਕਿ ਰੰਗਮੰਚ ਕਾਹਲ ਵਿਚ ਉਬਲਦੇ ਜਜ਼ਬਾਤ ਨੂੰ ਤਾਂ ਜ਼ਰੂਰ ਫੜਦਾ ਹੈ ਪਰ ਸਮਝ ਅਤੇ ਵਿਸ਼ਲੇਸ਼ਣ ਦਾ ਪੱਲਾ ਕਦੇ ਨਹੀਂ ਛੱਡਦਾ। ਰੰਗਮੰਚ ਜਿੱਥੇ ਹਕੂਮਤ ਨੂੰ ਵੰਗਾਰਦਾ ਹੈ, ਉਥੇ ਧਰਮ ਦੇ ਠੇਕੇਦਾਰਾਂ ਵੱਲੋਂ ਖੇਡੀ ਜਾ ਰਹੀ ਗੰਦੀ ਖੇਡ ਨੂੰ ਵੀ ਨੰਗਾ ਕਰਦਾ ਹੈ, ਕਿਉਂਕਿ ਉਹ ਉਨ੍ਹਾਂ ਨੂੰ ਬਰਾਬਰ ਦਾ ਕਸੂਰਵਾਰ ਸਮਝਦਾ ਹੈ।

ਉਹ ਲੋਕ ਜੋ ਸੱਚ ਬੋਲਣ ਦੀ ਸਜ਼ਾ ਭੁਗਤ ਰਹੇ ਹਨ, ਜੇਲ੍ਹਾਂ ਵਿਚ ਬੰਦ ਹਨ, ਬਿਨਾ ਕਿਸੇ ਕੇਸ ਤੋਂ, ਤਾਂ ਰੰਗਮੰਚ ਉਨ੍ਹਾਂ ਦੀ ਆਵਾਜ਼ ਬਣਦਾ ਹੈ। ਉਹ ਜੋ ਦਲਿਤ ਹੋਣ ਦਾ ਸੰਤਾਪ ਭੁਗਤ ਰਹੇ ਹਨ ਤੇ ਦਲਿਤ ਹੋ ਕੇ ਨਜ਼ਰਾਂ ਝੁਕਾ ਕੇ ਚੱਲਣਾ ਜਿਨ੍ਹਾਂ ਨੂੰ ਮਨਜ਼ੂਰ ਨਹੀਂ ਹੈ, ਰੰਗਮੰਚ ਉਨ੍ਹਾਂ ਲਈ ਤੂਫਾਨ ਦਾ ਸਾਹਮਣਾ ਕਰਦਾ ਹੈ ਤੇ ਫਟੇ ਅੰਬਰ ਵਿਚ ਝੂਲਾ ਟੰਗ ਦਿੰਦਾ ਹੈ। ਜਿਨ੍ਹਾਂ ਦੇ ਜਲ, ਜੰਗਲ ਤੇ ਜ਼ਮੀਨ ਖੋਹੇ ਜਾਣ ਦੀ ਸਾਜ਼ਿਸ਼ ਹੋ ਰਹੀ ਹੈ, ਕੁਦਰਤ ਦੇ ਨੇੜੇ ਰਹਿਣ ਵਾਲੇ ਜ਼ਿੰਦਗੀ ਵਰਗੇ ਪਿਆਰੇ ਲੋਕਾਂ ਦਾ ਸਾਹ ਘੁੱਟਿਆ ਜਾ ਰਿਹਾ ਹੈ। ਨਿੱਕੀ ਨਿੱਕੀ ਚੀਜ਼ ਬਦਲੇ ਜਿਨ੍ਹਾਂ ਨੂੰ ਤੜਫਣ, ਤਰਸਣ ਤੇ ਕਲਪਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਰੰਗਮੰਚ ਨਿੱਕੀਆਂ ਪਗਡੰਡੀਆਂ 'ਤੇ ਸੰਤੁਲਨ ਬਣਾ ਕੇ ਤੁਰਦਾ ਹੋਇਆ ਉਨ੍ਹਾਂ ਨਿੱਕੇ ਕਾਲੇ ਪੈਰਾਂ ਵਾਲੇ ਲੋਕਾਂ ਕੋਲ ਪਹੁੰਚ ਜਾਂਦਾ ਹੈ ਤੇ ਬੁਲੰਦ ਆਵਾਜ਼ ਵਿਚ ਐਲਾਨ ਕਰਦਾ ਹੈ- 'ਜੰਗਲ ਬੋਲਦਾ ਹੈ।'

ਜਦੋਂ ਆਜ਼ਾਦੀ ਨਾਲ ਸਾਹ ਲੈਣ ਦੀ ਤਮੰਨਾ ਪਾਲਦੇ ਕਸ਼ਮੀਰੀਆਂ ਦਾ ਬਾਕੀ ਮੁਲਕ ਨਾਲੋਂ ਸੰਪਰਕ ਕੱਟ ਦਿੱਤਾ ਜਾਂਦਾ ਹੈ। ਜਦੋਂ ਉਨ੍ਹਾਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ ਤਾਂ ਰੰਗਮੰਚ ਆਪਣੀ ਸੁੱਧ-ਬੁੱਧ ਉਨ੍ਹਾਂ ਦੇ ਯੁੱਧ ਨਾਲ ਜੋੜਦਾ ਹੈ। ਨਿੱਕੇ-ਨਿੱਕੇ ਵਿਹੜਿਆਂ ਵਿਚ ਜ਼ਿੰਦਗੀ ਦੇ ਚਾਵਾਂ ਨੂੰ ਦਬਾ ਕੇ ਸਹਿਕ ਰਹੇ ਲੋਕਾਂ ਕੋਲ ਜਾਂਦਾ ਹੈ। ਉਨ੍ਹਾਂ ਦੇ ਜ਼ਖਮੀ ਖੰਭਾਂ ਨੂੰ ਪਰਵਾਜ਼ ਭਰਨ ਲਈ ਪ੍ਰੇਰਦਾ ਹੈ। ਲੋਕ ਘੋਲਾਂ ਦੀ ਜ਼ਰਖੇਜ਼ ਮਿੱਟੀ ਨੂੰ ਆਪਣੇ ਮੱਥੇ ਨਾਲ ਲਾਉਂਦਾ ਹੈ ਤੇ ਸੰਗਰਾਮੀ ਯੋਧਿਆਂ ਦੀਆਂ ਨਜ਼ਰਾਂ ਵਿਚ ਨਜ਼ਰਾਂ ਪਾ ਕੇ ਉਨ੍ਹਾਂ ਦੀ ਤੱਕਣੀ ਵਿਚਲਾ ਸੇਕ ਮਹਿਸੂਸ ਕਰਦਾ ਹੈ।

ਜਦੋਂ ਰੰਗਮੰਚ ਦਾ ਮੇਲਾ ਭਰਦਾ ਹੈ ਤਾਂ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਰਤੀ ਲੋਕਾਂ ਦਾ ਜਜ਼ਬਾ ਮੰਚ ਤੋਂ ਨਜ਼ਰ ਆਉਂਦਾ ਹੈ। ਪੰਜਾਬ ਸਿੰਘ ਆਪਣੀ ਛਾਤੀ ਅੰਦਰ ਸਮੋਏ ਸਾਰੇ ਦਰਦ ਤੇ ਭਾਵਨਾਵਾਂ ਮੰਚ ਤੋਂ ਕਿਸੇ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਦਰਸ਼ਕਾਂ ਦੇ ਸਾਹਮਣੇ ਖੋਲ੍ਹ ਕੇ ਰੱਖ ਦਿੰਦਾ ਹੈ, ਜਾਗਦੇ ਹੋਏ ਸਿਰਾਂ ਨੂੰ ਪ੍ਰਣਾਮ ਕਰਦਾ ਹੈ। ਸਿਰਾਂ ਦੀ ਪਛਾਣ ਕਰਨ ਦਾ ਸਵਾਲ ਖੜ੍ਹਾ ਕਰਦਾ ਹੈ ਤੇ ਖੁਦ ਜਵਾਬ ਬਣ ਗੂੰਜਦਾ ਹੈ ਕਿ ਜੇ ਸਿਰ ਜਾਗਦਾ ਹੋਵੇ ਤਾਂ ਉਹ ਪੱਗ ਥੱਲੇ ਵੀ ਹੋ ਸਕਦਾ ਹੈ ਤੇ ਚੁੰਨੀ ਦੇ ਥੱਲੇ ਵੀ। ਹਾਂ, ਕਦੇ ਉਹ ਅਣਕੱਜਿਆ ਵੀ ਹੋ ਸਕਦਾ ਹੈ। ਸ਼ਰਤ ਹੈ ਸਿਰ ਦੇ ਸਿਰ ਹੋਣ ਦੀ। ਜਦੋਂ ਰੰਗਮੰਚ ਦਾ ਮੇਲਾ ਭਰਦਾ ਹੈ ਤਾਂ ਜਾਗਦੇ ਹੋਏ ਸਿਰਾਂ ਦੀ ਮੜ੍ਹਕ ਦੇਖਣ ਵਾਲੀ ਹੁੰਦੀ ਹੈ ਤੇ ਰੰਗਮੰਚ ਦੀ ਬੜ੍ਹਕ ਮਾਣਨ ਵਾਲੀ ਹੁੰਦੀ ਹੈ। ਇਹ ਸੱਚ ਸਿਰਫ ਦੇਸ਼ ਭਗਤ ਯਾਦਗਾਰ ਹਾਲ ਵਿਖੇ ਰਚਾਏ ਜਾਂਦੇ ਗਦਰੀ ਬਾਬਿਆਂ ਦੇ ਮੇਲੇ ਦਾ ਨਹੀਂ, ਲੋਕ ਪੱਖੀ ਰੰਗਮੰਚ ਦੇ ਹਰ ਮੇਲੇ ਦਾ ਸੱਚ ਹੈ।



*ਜਲੰਧਰ ਦਾ ਦੇਸ਼ਭਗਤ ਯਾਦਗਾਰ ਹਾਲ ਜਿੱਥੇ ਹਰ ਸਾਲ ਮੇਲਾ ਭਰਦਾ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਨਵੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-508



*ਗੁਲਾਬੀ ਸੁੰਡੀ ਚੱਟ ਗਈ ਨਰਮਾ, ਖਿੜਨ ਤੋਂ ਪਹਿਲਾਂ ਹੀ ਮੁਰਝਾਇਆ।*
*ਵਿੱਚ ਘਰਾਂ ਦੇ ਸੋਗ ਪੈ ਗਿਆ, ਡੁੱਬਿਆ ਸਾਰਾ, ਜੋ ਕਮਾਇਆ,*
*ਜਿਨ੍ਹਾਂ ਨੂੰ ਰਹੇ ਵੋਟਾਂ ਪਾਉਂਦੇ, ਬਾਂਹ ਫੜਨ ਨਾ ਕੋਈ ਆਇਆ।*

## ਕੈਪਸ਼ਨ ਮੁਕਾਬਲਾ-506



'ਗਰੀਬੀ ਹਟਾਓ','ਸਵੱਛ ਭਾਰਤ',
ਸ਼ਬਦ ਬੜੇ ਹੀ ਚੰਗੇ ਲਗਦੇ।
'ਸਭ ਨੂੰ ਵਿਦਿਆ','ਸਭ ਨੂੰ ਰੋਟੀ'
ਵਿੱਚ ਕਾਗਜ਼ਾਂ ਬੜੇ ਨੇ ਫ਼ਬਦੇ।
ਸੱਚ ਅੰਦਰਲਾ ਜਾ ਕੇ ਵੇਖੋ
ਦੁੱਖਾਂ ਦੇ ਦਰਿਆ ਨੇ ਵਗਦੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ*
*ਫੋਨ: 98783-37222*

---

ਕੱਚੀ ਮਿੱਟੀ ਦਾ ਘਰ ਬਣਿਆ,
ਅੰਦਰੇ ਬਣਿਆ ਚੁੱਲ੍ਹਾ,
ਘਰ ਦੇ ਭਾਗ ਪਛਾਣੇ ਜਾਵਣ,
ਤੱਕੀਏ ਜੋ ਦਰ ਖੁੱਲ੍ਹਾ।
ਮਾਪੇ ਲਾਣ ਦਿਹਾੜੀ ਤੁਰ ਗਏ,
ਬੱਚੇ ਨੂੰ ਤੋਰ ਸਕੂਲ,
ਵੇਲ ਰੋਟੀ ਤਵੇ 'ਤੇ ਖੁਦ ਪਾਈ,
ਭੁੱਖੇ ਢਿੱਡ ਉਠਦੈ ਸੂਲ।
*-ਸੇਵਾ ਸਿੰਘ ਨੂਰਪੁਰੀ*

---

ਖੇਡਣ ਮੱਲਣ ਦਾ ਵਕਤ
ਪਰ ਪਈਆਂ ਜ਼ਿੰਮੇਵਾਰੀਆਂ,
ਨਿਭ ਤਾਂ ਜਾਂਦੀਆਂ ਨੇ,
ਪਰ ਛੱਡ ਜਾਂਦੀਆਂ ਮਗਰ ਛਾਪਾਂ
ਜੋ ਫੁੱਟ-ਫੁੱਟ ਲਾਵਾ ਬਣ ਜਾਂਦੀਆਂ
ਹੌਸਲਾ ਹੋਰ ਬੁਲੰਦ ਹੋ ਜਾਂਦਾ,
ਕੀ, ਕਿਉਂ, ਕਿਸ ਤਰ੍ਹਾਂ
ਦਾ ਹੱਲ ਲੱਭਣਾ,
ਜੁਆਬ ਖੁਦ ਹੀ ਦਿਸਣ ਲੱਗ ਪੈਂਦਾ।
*-ਦਰਸ਼ ਪਾਲ ਦੁਸਾਂਝ*

---

ਮੰਮੀ ਪਾਪਾ ਕੰਮਾਂ 'ਤੇ ਗਏ,
ਮੈਂ ਪੜ੍ਹ ਸਕੂਲੋਂ ਘਰ ਨੂੰ ਆਇਆ।
ਬਸਤਾ ਰੱਖ ਪਾਸੇ,
ਕੀਤਾ ਰੋਟੀ ਦਾ ਜੁਗਾੜ,
ਭੁੱਖ ਨੇ ਸੀ ਬੜਾ ਸਤਾਇਆ।
ਨਕਾਰਾ ਸੋਚ ਤੋਂ ਪਰ੍ਹੇ, ਗਰੀਬੀ 'ਚ ਪਲੇ,
ਸੰਸਕਾਰ ਮਿਲਣ ਵਧੀਆ,
ਹਿੰਮਤ ਬੇਮਿਸਾਲ,
ਫਿਰ ਕੁਦਰਤ ਕੁਝ ਲੁਕੋ ਨਹੀਂ ਰੱਖਦੀ,
ਕਰਦੀ ਬੰਦੇ ਨੂੰ ਨਿਹਾਲ।
*-ਅਮਰਜੀਤ ਸਿੰਘ ਤੂਰ, ਪਟਿਆਲਾ*
*ਫੋਨ: 98784-69639*

---


ਭਾਂਡੇ ਮਾਂਜਦੇ-ਮਾਂਜਦੇ ਆਇਆ,
ਖਿਆਲ ਵਿਚ ਦਿਮਾਗ,
ਐਲੂਮੀਨੀਅਮ ਦਾ ਭਾਂਡਾ,
ਕਰਦਾ ਹੈ, ਜੋ ਉਪਯੋਗ,
ਸੱਦਾ ਦਿੰਦਾ ਹੈ ਸਦਾ,
ਕਈ ਤਰ੍ਹਾਂ ਦੇ ਰੋਗ।
*-ਬੱਲਾ ਲਬਾਣਾ*
*848-235-8344*

## ਗਜ਼ਲ

ਇਸ਼ਕ ਦੇ ਫੱਟ ਸਹਿਲਾਵਾਂ ਮੈਂ।
ਹਿਜਰ ਦੇ ਦਰਦ ਹੰਢਾਵਾਂ ਮੈਂ।
ਦਿਲ ਦਾ ਬੂਹਾ ਨਈਂ ਖੁੱਲ੍ਹਾ।
ਦਸਤਕ ਫਿਰ ਦੇ ਆਵਾਂ ਮੈਂ।
ਅਕਲ ਤਾਂ ਸਮਝੇ ਸਾਰਾ ਮਸਲਾ ।
ਦਿਲ ਨੂੰ ਕਿੰਝ ਸਮਝਾਵਾਂ ਮੈਂ।
ਛੱਡ ਗਿਐ ਜੋ ਕਲੱਮ-ਕੱਲੀ ,
ਤੱਕਾਂ ਉਹਦੀਆਂ ਰਾਹਵਾਂ ਮੈਂ।
ਕਿਸ-ਕਿਸ ਨੂੰ ਦੇਵਾਂ ਸਫਾਈ।
ਕਿਸ-ਕਿਸ ਨੂੰ ਸਮਝਾਵਾਂ ਮੈਂ।
ਉਹ ਮੈਥੋਂ ਬੇ-ਜ਼ਾਰ ਬਹੁਤ ਏ,
ਜਿਸ ਨੂੰ ਬੇ-ਹੱਦ ਚਾਹਵਾਂ ਮੈਂ।
ਮਾਂ ਦੇ ਨਾਲ ਜੋ ਟੁਰ ਗਈਆਂ,
ਕਿੰਝ ਉਹ ਲਿਆਵਾਂ ਛਾਵਾਂ ਮੈਂ।
ਜਿਸ ਨੇ ਦਿੱਤੇ ਦਰਦ ਅਵੱਲੇ ,
ਮੰਗਾਂ ਉਸ ਲਈ ਦੁਆਵਾਂ ਮੈਂ।
ਫਿਰ ਰੁੱਸਿਐ ਦਿਲਬਰ ਜਾਨੀ ,
ਕਿਸ ਢੰਗ ਉਹਨੂੰ ਮਨਾਵਾਂ ਮੈਂ।
ਯਾਰਾਂ ਨੇ ਜੋ ਜ਼ਖਮ ਨੇ ਦਿੱਤੇ,
ਕਿਸ ਨੂੰ ਖੋਲ੍ਹ ਵਿਖਾਵਾਂ ਮੈਂ।
ਕਿਸ ਕੋਲ ਖੋਲ੍ਹਾਂ ਦਿਲ ਅਪਣਾ,
ਕਿਸ ਨੂੰ ਦਰਦ ਸੁਣਾਵਾਂ ਮੈਂ।
ਅੱਬਾਸ ਨਾ ਕੀਤੇ ਜੁਰਮਾਂ ਦੀ,
ਭੁਗਤ ਰਿਹਾ ਹਾਂ ਸਜ਼ਾਵਾਂ ਮੈਂ।
*-ਅੱਬਾਸ ਧਾਲੀਵਾਲ,*
*ਮਲੇਰਕੋਟਲਾ*
*ਫੋਨ: 98552-59650*

# ਪੰਜਾਬੀ ਬਾਰੇ ਚਾਤ੍ਰਿਕ ਦੀ ਚਿੰਤਾ

**ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ (1876-1954) ਦੇ ਸਮਿਆਂ ਵਿਚ ਪੰਜਾਬੀ ਬੋਲੀ ਨੂੰ ਭੁਲਾਉਣ, ਮਧੋਲਣ ਅਤੇ ਇਸ ਨੂੰ ਪਛੜੀ ਹੋਈ ਬੋਲੀ ਕਹਿਣ ਦਾ ਵਰਤਾਰਾ ਸਿਖਰਾਂ 'ਤੇ ਸੀ। ਅੰਗਰੇਜ਼ਾਂ ਨੇ ਉਰਦੂ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ ਸੀ ਅਤੇ ਸਰਕਾਰੀ ਸਕੂਲਾਂ, ਕਾਲਜਾਂ ਆਦਿ ਵਿਚ ਪੜ੍ਹਾਈ-ਲਿਖਾਈ ਉਰਦੂ ਅਤੇ ਅੰਗਰੇਜ਼ੀ ਵਿਚ ਕਰਾਈ ਜਾਂਦੀ ਸੀ। ਅੰਗਰੇਜ਼ਾਂ ਨੇ ਗਿਣ-ਮਿਥ ਕੇ ਪੰਜਾਬ ਦੇ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚਕਾਰ ਪਾੜੇ ਵਧਾਉਣ ਦੇ ਯਤਨ ਕੀਤੇ।**




ਸ਼ਾਇਰ ਧਨੀ ਰਾਮ ਚਾਤ੍ਰਿਕ ਅਤੇ (ਸੱਜੇ) ਸ਼ਾਇਰ ਦਾ ਬੁੱਤ।

ਧਨੀ ਰਾਮ ਚਾਤ੍ਰਿਕ ਦੀ ਮਸ਼ਹੂਰ ਕਵਿਤਾ 'ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ' ਚੇਤਿਆਂ ਵਿਚੋਂ ਵਿਸਰ ਚੁੱਕੀ ਸੀ। 2013 ਵਿਚ ਇਹ ਕਵਿਤਾ ਮੈਂ ਦਿੱਲੀ ਵਿਚ ਭਾਈ ਵੀਰ ਸਿੰਘ ਸਦਨ ਵਿਚ ਸੁਣੀ ਤਾਂ ਬਹੁਤ ਅਜੀਬ ਤਰ੍ਹਾਂ ਦਾ ਅਨੁਭਵ ਹੋਇਆ। ਇਸ ਨੂੰ ਤਰਨਜੀਤ ਕੌਰ ਨੇ ਬਹੁਤ ਸੋਜ਼ਮਈ ਆਵਾਜ਼ ਵਿਚ ਗਾਇਆ। ਗੀਤ ਵਾਂਗ ਗਾਈ ਇਹ ਕਵਿਤਾ ਦਿਲ ਨੂੰ ਧੂਹ ਪਾਉਂਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ:

ਅਸੀਂ ਨਹੀਂ ਭੁਲਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋਂ ਨਹੀਂ ਗੁਆਉਣੀ,
ਬੋਲੀ ਹੈ ਪੰਜਾਬੀ ਸਾਡੀ।

ਤ੍ਰਿੰਞਣਾਂ ਭੰਡਾਰਾਂ ਵਿਚ,
ਵੰਝਲੀ ਤੇ ਵਾਰਾਂ ਵਿਚ,
ਮਿੱਠੀ ਤੇ ਸੁਹਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਜੋਧ ਤੇ ਕਮਾਈਆਂ ਵਿਚ,
ਜੰਗਾਂ ਤੇ ਲੜਾਈਆਂ ਵਿਚ,
ਏਹੋ ਜਿੰਦ ਪਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਫੁੱਲਾਂ ਦੀ ਕਿਆਰੀ ਸਾਡੀ,
ਸੁੱਖਾਂ ਦੀ ਅਟਾਰੀ ਸਾਡੀ,
ਭੁੱਲ ਕੇ ਨਹੀਂ ਢਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਪਹਿਲੀ ਨਜ਼ਰੇ ਕਿਹਾ ਜਾ ਸਕਦਾ ਹੈ ਕਿ ਇਹ ਬਹੁਤ ਖ਼ੂਬਸੂਰਤ ਕਵਿਤਾ ਹੈ ਜਿਹੜੀ ਧਨੀ ਰਾਮ ਚਾਤ੍ਰਿਕ ਦੇ ਪੰਜਾਬੀ ਪ੍ਰਤੀ ਪਿਆਰ ਨੂੰ ਪ੍ਰਗਟ ਕਰਦੀ ਅਤੇ ਪੰਜਾਬੀ ਪਿਆਰਿਆਂ ਦੀ ਆਪਣੀ ਭਾਸ਼ਾ ਪ੍ਰਤੀ ਨਿਸ਼ਠਾ ਅਤੇ ਪ੍ਰੇਮ ਨੂੰ ਜ਼ਬਾਨ ਦਿੰਦੀ

**ਸਵਰਾਜਬੀਰ**

ਹੈ ਪਰ ਕਿਸੇ ਨਾ ਕਿਸੇ ਪੱਧਰ 'ਤੇ ਇਹ ਕਵਿਤਾ ਪ੍ਰੇਸ਼ਾਨ ਵੀ ਕਰਦੀ ਹੈ।

ਮੈਂ ਬਹੁਤ ਵਾਰ ਆਪਣੇ ਆਪ ਨੂੰ ਧਨੀ ਰਾਮ ਚਾਤ੍ਰਿਕ ਹੋਰਾਂ ਦੇ ਸਮੇਂ ਵਿਚ ਵਾਪਸ ਲੈ ਕੇ ਜਾਣ ਦੀ ਕਲਪਨਾ ਕਰਦਿਆਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਚਾਤ੍ਰਿਕ ਹੋਰਾਂ ਦੇ ਮਨ ਵਿਚ ਇਹ ਚਿੰਤਾ ਕਿਉਂ ਉੱਭਰੀ ਕਿ ਅਸੀਂ ਪੰਜਾਬੀ ਬੋਲੀ ਨੂੰ ਭੁਲਾਉਣਾ ਨਹੀਂ; ਸਪਸ਼ਟ ਹੈ ਧਨੀ ਰਾਮ ਚਾਤ੍ਰਿਕ ਇਹ ਵਰਤਾਰਾ ਕਿ ਪੰਜਾਬੀ ਬੋਲੀ ਨੂੰ ਭੁਲਾਇਆ ਜਾ ਰਿਹਾ ਹੈ, ਆਪਣੇ ਸਾਹਮਣੇ ਦੇਖ ਰਹੇ ਸਨ; ਇਸੇ ਲਈ ਹੀ ਉਨ੍ਹਾਂ ਦੇ ਦਿਲ ਵਿਚੋਂ ਹੂਕ ਉੱਠੀ: "ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।"

ਪੁਰਾਤਨ ਸਮਿਆਂ ਬਾਰੇ ਗੱਲ ਕਰਨੀ ਇਸ ਲੇਖ ਦੀ ਸੀਮਾ ਤੋਂ ਬਾਹਰ ਹੈ। ਧਨੀ ਰਾਮ ਚਾਤ੍ਰਿਕ ਦੇ ਸਮਿਆਂ (1876-1954) ਵਿਚ ਪੰਜਾਬੀ ਬੋਲੀ ਨੂੰ ਭੁਲਾਉਣ, ਮਧੋਲਣ ਅਤੇ ਇਸ ਨੂੰ ਪਛੜੀ ਹੋਈ ਬੋਲੀ ਕਹਿਣ ਦਾ ਵਰਤਾਰਾ ਸਿਖਰਾਂ 'ਤੇ ਸੀ। ਅੰਗਰੇਜ਼ਾਂ ਨੇ ਉਰਦੂ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ ਸੀ ਅਤੇ ਸਰਕਾਰੀ ਸਕੂਲਾਂ, ਕਾਲਜਾਂ ਆਦਿ ਵਿਚ ਪੜ੍ਹਾਈ-ਲਿਖਾਈ ਉਰਦੂ ਅਤੇ ਅੰਗਰੇਜ਼ੀ ਵਿਚ ਕਰਾਈ ਜਾਂਦੀ ਸੀ।

ਬਸਤੀਵਾਦੀ ਹਾਕਮ ਗੁਲਾਮ ਹੋ ਰਹੀਆਂ ਕੌਮਾਂ ਸਾਹਮਣੇ ਕਈ ਮੁਸ਼ਕਿਲ ਸਵਾਲ ਖੜ੍ਹੇ ਕਰਦੇ ਹੋਏ ਉਨ੍ਹਾਂ ਨੂੰ ਵੰਡਣ ਦੀ ਕੋਸ਼ਿਸ਼ ਕਰਦੇ ਹਨ। ਬਸਤੀਵਾਦੀ 'ਆਧੁਨਿਕਤਾ' ਗੁਲਾਮ ਲੋਕਾਂ ਨੂੰ ਦੱਸਦੀ ਹੈ ਕਿ ਤੁਸੀਂ ਸਭਿਅਕ ਤੌਰ 'ਤੇ ਪੱਛੜੇ ਹੋਏ, ਉਜੱਡ ਅਤੇ ਆਪ ਰਾਜ ਕਰਨ ਦੇ ਕਾਬਿਲ ਨਹੀਂ ਹੋ। ਇਹ ਆਧੁਨਿਕਤਾ ਗੁਲਾਮ ਲੋਕਾਂ ਤੋਂ ਉਨ੍ਹਾਂ ਦੀ ਪਛਾਣ ਬਾਰੇ ਸਵਾਲ ਵੀ ਪੁੱਛਦੀ ਹੈ: ਤੁਸੀਂ ਕੌਣ ਹੋ; ਤੁਹਾਡਾ ਧਰਮ ਕੀ ਹੈ; ਤੁਹਾਡੀ ਬੋਲੀ ਕਿਹੜੀ ਹੈ। ਇਹ ਸਵਾਲ ਸਾਂਝਾਂ ਬਣਾਉਣ ਲਈ ਨਹੀਂ, ਭਾਈਚਾਰਕ ਸਾਂਝਾਂ ਨੂੰ ਤੋੜਨ ਲਈ ਪੁੱਛੇ ਜਾਂਦੇ ਹਨ। ਦੁਖਾਂਤ ਇਹ ਹੈ ਕਿ ਬਸਤੀਵਾਦੀ ਆਧੁਨਿਕਤਾ ਨੇ ਜਦ ਇਹ ਸਵਾਲ ਪੰਜਾਬੀਆਂ ਨੂੰ ਪਾਏ ਤਾਂ ਹੋਰ ਗੁਲਾਮ ਕੌਮਾਂ ਵਾਂਗ ਪੰਜਾਬੀਆਂ ਨੇ ਵੀ ਉਹੀ ਜਵਾਬ ਦਿੱਤਾ ਜਿਹੜਾ ਬਸਤੀਵਾਦੀ ਚਾਹੁੰਦੇ ਸਨ। ਪੰਜਾਬੀ ਹਿੰਦੂਆਂ ਨੇ ਕਿਹਾ- ਅਸੀਂ ਹਿੰਦੂ ਹਾਂ, ਸਾਡਾ ਹਜ਼ਾਰਾਂ ਸਾਲਾਂ ਦਾ ਪਿਛੋਕੜ ਬਹੁਤ ਗੌਰਵ ਵਾਲਾ ਹੈ, ਸਾਡੀ ਆਪਣੀ ਬੋਲੀ ਹੈ ਜਿਸ ਦਾ ਨਾਂ ਹੈ ਹਿੰਦੀ। ਪੰਜਾਬੀ ਮੁਸਲਮਾਨਾਂ ਨੇ ਕਿਹਾ- ਅਸੀਂ ਮੁਸਲਮਾਨ ਹਾਂ, ਅਸੀਂ ਹਜ਼ਾਰ ਸਾਲ ਇਸ ਦੇ ਦੇਸ਼ 'ਤੇ ਹਕੂਮਤ ਕਰਦੇ ਰਹੇ ਹਾਂ, ਸਾਡੀ ਬੋਲੀ ਉਰਦੂ-ਫਾਰਸੀ ਹੈ। ਸਿੱਖਾਂ ਨੇ ਕਿਹਾ- ਅਸੀਂ ਸਿੱਖ ਹਾਂ ਤੇ ਸਾਡੀ ਬੋਲੀ ਪੰਜਾਬੀ ਹੈ ਜਿਹੜੀ ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਹੈ। ਇਸ ਤਰ੍ਹਾਂ ਭਾਸ਼ਾਵਾਂ ਅਤੇ ਲਿਪੀਆਂ ਧਰਮਾਂ ਨਾਲ ਜੁੜ ਗਈਆਂ। ਧਰਮਾਂ ਦੇ ਆਧਾਰ 'ਤੇ ਭਾਸ਼ਾਵਾਂ ਦੀ ਇਸ ਪਛਾਣ ਨੇ ਫਿਰਕਾਪ੍ਰਸਤੀ ਨੂੰ ਵਧਾਇਆ ਅਤੇ ਫਿਰਕਾਪ੍ਰਸਤੀ ਨੇ ਭਾਸ਼ਾਵਾਂ ਦੀ ਵੰਡ ਨੂੰ ਹੋਰ ਡੂੰਘਾ ਕੀਤਾ।

ਉਨ੍ਹਾਂ ਹੀ ਸਮਿਆਂ ਵਿਚ ਸਭ ਧਰਮਾਂ ਵਿਚ ਆਪਣੇ ਆਪ ਨੂੰ ਸਰਬਉੱਚ ਅਤੇ ਦੂਸਰਿਆਂ ਤੋਂ ਵੱਖਰਾ ਸਿੱਧ ਕਰਨ ਵਾਲੀਆਂ ਲਹਿਰਾਂ ਜਨਮੀਆਂ ਜਿਨ੍ਹਾਂ ਨੇ ਲੋਕਾਂ ਨੂੰ ਧਰਮ ਦੇ ਨਾਲ ਨਾਲ ਭਾਸ਼ਾ ਦੇ ਆਧਾਰ 'ਤੇ ਨਿਖੇੜਿਆ। ਇਹ ਵਰਤਾਰੇ ਬਹੁਤ ਜਟਿਲ ਸਨ। ਸਿੱਖਾਂ ਨੇ ਤਾਂ ਪੰਜਾਬੀ ਬੋਲੀ ਅਪਨਾ ਲਈ ਪਰ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੇ ਕਈ ਹਿੱਸਿਆਂ ਵਿਚ ਪੰਜਾਬੀ ਤੋਂ ਦੂਰ ਹੋਣ ਦੇ ਰੁਝਾਨ ਵਧੇ। ਮੁਸਲਮਾਨ ਭਾਈਚਾਰੇ ਵਿਚ ਜਨ ਸਾਧਾਰਨ ਤਾਂ ਪੰਜਾਬੀ ਬੋਲਦਾ ਸੀ ਪਰ ਕੁਲੀਨ ਵਰਗ ਨੇ ਉਰਦੂ ਨੂੰ ਅਪਨਾਇਆ। ਹਿੰਦੂ ਭਾਈਚਾਰੇ ਦੀਆਂ ਕੁਝ ਧਾਰਮਿਕ ਲਹਿਰਾਂ ਅਤੇ ਸੰਸਥਾਵਾਂ ਇਸ ਪਾੜੇ ਨੂੰ ਗੂੜ੍ਹਾ ਕਰਨ ਦਾ ਯਤਨ ਕਰਦਿਆਂ ਭਾਈਚਾਰੇ ਦੀ ਵੱਡੀ ਗਿਣਤੀ ਨੂੰ ਇਹ ਵਿਸ਼ਵਾਸ ਦਿਵਾਉਣ ਵਿਚ ਸਫਲ ਹੋਈਆਂ ਕਿ ਉਨ੍ਹਾਂ ਦੀ ਮਾਂ-ਬੋਲੀ ਹਿੰਦੀ ਹੈ। ਧਨੀ ਰਾਮ ਚਾਤ੍ਰਿਕ ਦੀ ਇਹ ਕਵਿਤਾ ਉਸੇ ਫਿਕਰ 'ਚੋਂ ਜਨਮੀ। ਇਹ ਨਹੀਂ ਕਿ ਉਨ੍ਹਾਂ ਸਮਿਆਂ ਵਿਚ ਹਿੰਦੂ ਲਿਖਾਰੀਆਂ ਨੇ ਪੰਜਾਬੀ ਵਿਚ ਨਹੀਂ ਲਿਖਿਆ ਸਗੋਂ ਉਨ੍ਹਾਂ ਸਮਿਆਂ ਵਿਚ ਪੰਡਿਤ ਕਾਲੀਦਾਸ, ਲਾਲਾ ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ, ਬਾਂਕੇ ਦਿਆਲ, ਦੇਵੀ ਦਾਸ ਹਿੰਦੀ, ਚਕਰਧਾਰੀ ਬੇਜ਼ਰ, ਆਈ.ਸੀ. ਨੰਦਾ, ਬਰਕਤ ਰਾਮ ਯਮਨ, ਨੰਦ ਲਾਲ ਨੂਰਪੁਰੀ, ਬਲਵੰਤ ਗਾਰਗੀ, ਜਸਵੰਤ ਰਾਏ 'ਰਾਏ', ਦੇਵਿੰਦਰ ਸਤਿਆਰਥੀ, ਬਾਵਾ ਬਲਵੰਤ ਅਤੇ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹੋਰ ਬਹੁਤ ਸਾਰੇ ਲੇਖਕਾਂ ਨੇ ਪੰਜਾਬੀ ਸਾਹਿਤ ਦੇ ਭੰਡਾਰ ਵਿਚ ਵੱਡਾ ਵਾਧਾ ਕੀਤਾ ਪਰ ਧਨੀ ਰਾਮ ਚਾਤ੍ਰਿਕ ਆਪਣੀਆਂ ਅਤੇ ਹੋਰ ਲੇਖਕਾਂ ਦੀਆਂ ਨਿੱਜੀ ਪ੍ਰਾਪਤੀਆਂ ਵੱਲ ਨਹੀਂ ਸਗੋਂ ਪੰਜਾਬੀ ਸਮਾਜ ਵਿਚ ਵੱਡੇ ਪੱਧਰ 'ਤੇ ਵਾਪਰ ਰਹੇ ਵਰਤਾਰੇ ਨੂੰ ਦੇਖ ਅਤੇ ਮਹਿਸੂਸ ਕਰ ਰਹੇ ਸਨ। ਉਹ ਇਸ ਵਰਤਾਰੇ ਨੂੰ ਸਮਝ ਰਹੇ ਸਨ ਅਤੇ ਇਸ ਬਾਰੇ ਫਿਕਰਮੰਦ ਸਨ ਕਿ ਪੰਜਾਬੀ ਬੋਲੀ ਨੂੰ ਭੁਲਾਇਆ ਜਾ ਰਿਹਾ ਹੈ।

ਵੰਡ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਉਜਾੜ ਦਿੱਤਾ। ਫਿਰਕੂ ਵੰਡ ਨੇ ਆਜ਼ਾਦੀ ਤੋਂ ਬਾਅਦ ਵੀ ਪੰਜਾਬ ਅਤੇ ਪੰਜਾਬੀ ਨੂੰ ਬਹੁਤ ਨੁਕਸਾਨ ਪਹੁੰਚਾਇਆ। ਬਾਬਾ ਨਜ਼ਮੀ ਦਾ ਸ਼ਿਅਰ 'ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ' ਵੀ ਅਜਿਹੇ ਫਿਕਰਾਂ ਨੂੰ ਪੇਸ਼ ਕਰਦਾ ਹੈ। ਪੰਜਾਬੀ ਦਾ ਦੀਵਾ ਤਾਂ ਬਲ ਰਿਹਾ ਹੈ ਪਰ ਝੱਖੜ ਬੜੇ ਡਾਢੇ ਅਤੇ ਕਹਿਰਵਾਨ ਹਨ।

ਇਨ੍ਹਾਂ ਵਰਤਾਰਿਆਂ ਕਾਰਨ ਹੀ ਵੀਹਵੀਂ ਸਦੀ 'ਚ ਵੱਡੇ ਪੰਜਾਬੀ ਲੇਖਕਾਂ ਜਿਨ੍ਹਾਂ ਵਿਚ ਰਾਜਿੰਦਰ ਸਿੰਘ ਬੇਦੀ, ਸਆਦਤ ਹਸਨ ਮੰਟੋ, ਯਸ਼ਪਾਲ, ਉਪੇਂਦਰ ਨਾਥ ਅਸ਼ਕ, ਫੈਜ਼ ਅਹਿਮਦ ਫੈਜ਼, ਕ੍ਰਿਸ਼ਨ ਚੰਦਰ, ਮੋਹਨ ਰਾਕੇਸ਼, ਭੀਸ਼ਮ ਸਾਹਨੀ, ਰਵਿੰਦਰ ਕਾਲੀਆ ਅਤੇ ਕਈ ਹੋਰ ਸ਼ਾਮਿਲ ਹਨ, ਪੰਜਾਬੀ ਵਿਚ ਨਾ ਲਿਖ ਸਕੇ। ਫੈਜ਼ ਅਹਿਮਦ ਫੈਜ਼ ਜਿਹੇ ਰਚਨਾਕਾਰਾਂ ਨੇ ਇਸ ਗਲਤੀ ਨੂੰ ਬਹੁਤ ਦੇਰ ਬਾਅਦ ਮਹਿਸੂਸ ਕੀਤਾ। ਇਤਿਹਾਸਕਾਰ ਸੁਮੇਲ ਸਿੰਘ ਸਿੱਧੂ ਅਨੁਸਾਰ ਜੇ ਇਨ੍ਹਾਂ ਲੇਖਕਾਂ ਨੇ ਪੰਜਾਬੀ ਵਿਚ ਲਿਖਿਆ ਹੁੰਦਾ ਤਾਂ 20ਵੀਂ ਸਦੀ ਦੇ ਪੰਜਾਬੀ ਸਾਹਿਤ ਦੀ ਨੁਹਾਰ ਕੁਝ ਹੋਰ ਹੋਣੀ ਸੀ ਅਤੇ ਪੰਜਾਬੀ ਬੋਲੀ ਵਿਚ ਪ੍ਰਗਟਾਵੇ ਦੀ ਸਮਰੱਥਾ ਦੇ ਨਵੇਂ ਆਯਾਮ ਪੈਦਾ ਹੋਣੇ ਸਨ; ਅਜਿਹੇ ਰੁਝਾਨਾਂ ਨੇ ਇਤਿਹਾਸਕ ਮੌਕਾ ਖੁੰਝਾਇਆ।

1966 ਵਿਚ ਬੋਲੀ 'ਤੇ ਆਧਾਰਿਤ ਸੂਬਾ ਤਾਂ ਬਣ ਗਿਆ ਪਰ ਪੰਜਾਬੀਆਂ ਦੇ ਮਨ ਵਿਚ ਪੰਜਾਬੀ ਤੋਂ ਦੂਰੀ ਬਣਾਉਣ ਦਾ ਅਮਲ ਜਾਰੀ ਰਿਹਾ। ਸ਼ਹਿਰਾਂ ਵਿਚ ਇਹ ਅਮਲ ਵੱਡੇ ਪੱਧਰ 'ਤੇ ਹੈ ਅਤੇ ਬਹੁਤ ਸਾਰੇ ਹਿੰਦੂ-ਸਿੱਖ ਘਰਾਂ ਵਿਚ ਬੱਚਿਆਂ ਨਾਲ ਹਿੰਦੀ, ਅੰਗਰੇਜ਼ੀ ਬੋਲਣ ਨੂੰ ਸਹੀ ਅਤੇ ਸਭਿਆਚਾਰਕ ਸ੍ਰੇਸ਼ਠਤਾ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਪ੍ਰਾਈਵੇਟ ਖੇਤਰ ਦੇ ਵਿਦਿਅਕ ਅਦਾਰਿਆਂ ਨੇ ਇਸ ਧਾਰਨਾ ਨੂੰ ਮਜ਼ਬੂਤ ਕੀਤਾ ਹੈ ਕਿ ਪੰਜਾਬੀ ਬੋਲਣਾ ਅਤੇ ਸਿੱਖਣਾ ਬੱਚਿਆਂ ਦੇ ਭਵਿੱਖ ਦੇ ਹਿੱਤ ਵਿਚ ਨਹੀਂ।

ਲੋਕਾਂ ਦੀ ਮਾਂ ਬੋਲੀ ਪ੍ਰਤੀ ਬੇਰੁਖੀ ਸਰਕਾਰਾਂ ਨੂੰ ਬਹੁਤ ਰਾਸ ਆਉਂਦੀ ਹੈ ਕਿਉਂਕਿ ਲੋਕ-ਹੱਕਾਂ ਲਈ ਆਵਾਜ਼ ਹਮੇਸ਼ਾ ਮਾਤ-ਭਾਸ਼ਾ ਰਾਹੀਂ ਹੀ ਉਠਦੀ ਹੈ। ਸਿਆਸੀ ਜਮਾਤ ਨੇ ਪੰਜਾਬੀ ਪ੍ਰਤੀ ਪ੍ਰਤੀਬੱਧਤਾ ਕਦੇ ਵੀ ਨਹੀਂ ਦਿਖਾਈ। ਇਹ ਦੋਵੇਂ ਵਰਤਾਰੇ (ਲੋਕਾਂ ਅਤੇ ਸਰਕਾਰ ਦੀ ਪੰਜਾਬੀ ਪ੍ਰਤੀ ਬੇਰੁਖੀ) ਅਸਿੱਧੇ ਤੌਰ 'ਤੇ ਪੰਜਾਬੀ ਲੇਖਕਾਂ ਦੇ ਹੱਕ ਵਿਚ ਵੀ ਭੁਗਤੇ। ਲੇਖਕ ਸਭਾਵਾਂ ਨੇ ਸਰਕਾਰਾਂ ਵਿਰੁੱਧ ਧਰਨੇ ਮਾਰ ਕੇ ਆਪਣੇ ਜ਼ਮੀਰ ਤੋਂ ਭਾਰ ਹੌਲਾ ਕਰ ਲਿਆ। ਲੋਕਾਂ ਦੀ ਬੇਰੁਖੀ ਕਾਰਨ ਲੇਖਕਾਂ ਦੀ ਇਹ ਜਵਾਬਦੇਹੀ ਵੀ ਤੈਅ ਨਹੀਂ ਹੋ ਸਕਦੀ ਕਿ ਉਹ ਅਜਿਹਾ ਸਾਹਿਤ ਕਿਉਂ ਰਚਦੇ ਹਨ ਜਿਹੜਾ ਲੋਕ-ਮਨ ਨਾਲ ਸਾਂਝ ਨਹੀਂ ਪਾ ਸਕਦਾ। ਸਾਹਿਤਕ ਰਚਨਾਵਾਂ ਬਹੁਤ ਘੱਟ ਪਾਠਕਾਂ ਤਕ ਪਹੁੰਚਦੀਆਂ ਅਤੇ ਜ਼ਿਆਦਾ ਕਰਕੇ ਅਕਾਦਮਿਕ ਅਦਾਰਿਆਂ ਤਕ ਹੀ ਸੀਮਤ ਰਹਿੰਦੀਆਂ ਹਨ।

ਹੋਰ ਸੁਝਾਵਾਂ ਨੇ ਇਸ ਅਮਲ ਨੂੰ ਆਰਥਿਕਤਾ ਨਾਲ ਜੋੜ ਕੇ ਦੇਖਿਆ ਜਿਸ ਵਿਚ ਬੁਨਿਆਦੀ ਦਲੀਲ ਇਹ ਸੀ/ਹੈ ਕਿ ਅੰਗਰੇਜ਼ੀ ਤੇ ਹਿੰਦੀ ਨੌਜਵਾਨਾਂ ਵਾਸਤੇ ਰੁਜ਼ਗਾਰ ਦੇ ਜ਼ਿਆਦਾ ਮੌਕੇ ਮੁਹੱਈਆ ਕਰਾ ਸਕਦੀਆਂ ਹਨ ਜੋ ਪੰਜਾਬੀ ਨਹੀਂ ਕਰਾ ਸਕਦੀ ਅਤੇ ਇਸ ਲਈ ਲੋਕ ਪੰਜਾਬੀ ਭਾਸ਼ਾ ਨੂੰ ਅਲਵਿਦਾ ਕਹਿ ਰਹੇ ਹਨ। ਸੁਰਜੀਤ ਪਾਤਰ ਦੀ ਨਜ਼ਮ 'ਮਰ ਰਹੀ ਹੈ ਮੇਰੀ ਭਾਸ਼ਾ- ਇਕ ਸੰਵਾਦ' ਇਸ ਵਰਤਾਰੇ ਅਤੇ ਸਮਝ ਦੀ ਤਰਜਮਾਨੀ ਕਰਦੀ ਹੈ:

ਮਰ ਰਹੀ ਹੈ ਮੇਰੀ ਭਾਸ਼ਾ
ਕਿਉਂਕਿ ਜਿਉਂਦੇ ਰਹਿਣਾ ਚਾਹੁੰਦੇ ਨੇ
ਮੇਰੀ ਭਾਸ਼ਾ ਦੇ ਲੋਕ
ਜਿਉਂਦੇ ਰਹਿਣਾ ਚਾਹੁੰਦੇ ਨੇ
ਮੇਰੀ ਭਾਸ਼ਾ ਦੇ ਲੋਕ
ਇਸ ਸ਼ਰਤ 'ਤੇ ਵੀ
ਕਿ ਮਰਦੀ ਏ ਤਾਂ ਮਰ ਜਾਏ ਭਾਸ਼ਾ
ਕੀ ਬੰਦੇ ਦਾ ਜਿਉਂਦੇ ਰਹਿਣਾ
ਜ਼ਿਆਦਾ ਜ਼ਰੂਰੀ ਹੈ
ਕਿ ਭਾਸ਼ਾ ਦਾ?
ਹਾਂ ਜਾਣਦਾ ਹਾਂ
ਤੁਸੀਂ ਕਹੋਗੇ
ਇਸ ਸ਼ਰਤ 'ਤੇ ਜੋ ਬੰਦਾ ਜਿਉਂਦਾ ਰਹੇਗਾ
ਉਹ ਜਿਉਂਦਾ ਤਾਂ ਰਹੇਗਾ
ਪਰ ਕੀ ਉਹ ਬੰਦਾ ਰਹੇਗਾ?
ਤੁਸੀਂ ਮੈਨੂੰ
ਜਜ਼ਬਾਤੀ ਕਰਨ ਦੀ ਕੋਸ਼ਿਸ਼ ਨਾ ਕਰੋ
ਤੁਸੀਂ ਆਪ ਹੀ ਦੱਸੋ
ਹੁਣ ਜਦੋਂ
ਦਾਣੇ ਦਾਣੇ ਉੱਪਰ
ਖਾਣ ਵਾਲੇ ਦਾ ਨਾਮ ਵੀ
ਤੁਹਾਡਾ ਰੱਬ
ਅੰਗਰੇਜ਼ੀ ਵਿਚ ਹੀ ਲਿਖਦਾ ਹੈ
ਤਾਂ ਕੌਣ ਬੇਰਹਿਮ ਮਾਂ-ਬਾਪ ਚਾਹੇਗਾ
ਕਿ ਉਸ ਦੇ ਬੱਚੇ
ਡੁੱਬ ਰਹੀ ਭਾਸ਼ਾ ਦੇ
ਜਹਾਜ਼ ਵਿਚ ਬੈਠੇ ਰਹਿਣ?
ਜਿਉਂਦਾ ਰਹੇ ਮੇਰਾ ਬੱਚਾ
ਮਰਦੀ ਏ ਤਾਂ ਮਰ ਜਾਏ
ਤੁਹਾਡੀ ਬੁੱਢੜੀ ਭਾਸ਼ਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਾਂ ਦੇ ਭਾਸ਼ਾ ਨਾਲੋਂ ਟੁੱਟਣ ਦੇ ਬਹੁਤ ਸਾਰੇ ਇਤਿਹਾਸਕ, ਸਮਾਜਕ, ਸਭਿਆਚਾਰਕ, ਸਿਆਸੀ ਤੇ ਆਰਥਕ ਕਾਰਨ ਹਨ (ਇਹ ਫਿਕਰ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿਚ ਅਣਕਹੇ ਰੂਪ ਵਿਚ ਪਏ ਹਨ) ਪਰ ਇਕ ਜ਼ਿੰਮੇਵਾਰੀ ਸਾਹਿਤਕਾਰਾਂ ਦੀ ਵੀ ਹੁੰਦੀ ਹੈ ਕਿ ਉਹ ਅਜਿਹਾ ਸਾਹਿਤ ਪੈਦਾ ਕਰਨ ਜਿਹੜਾ ਅਜਿਹੇ ਭਾਸ਼ਾ-ਵਿਰੋਧੀ ਵਰਤਾਰਿਆਂ ਨੂੰ ਕਰਾਰਾ ਜਵਾਬ ਦਿੰਦਿਆਂ ਲੋਕਾਂ ਦੇ ਮਨਾਂ ਵਿਚ ਆਲ੍ਹਣੇ ਪਾ ਸਕੇ। ਇਸ ਲਈ ਵੱਡੀ ਅਸਫਲਤਾ ਸਾਡੀ ਸਾਹਿਤਕਾਰਾਂ ਦੀ ਸੀ/ਹੈ ਜੋ ਪੰਜਾਬੀ ਵਿਚ ਇਹੋ ਜਿਹਾ ਸਾਹਿਤ ਲੋਕਾਂ ਨੂੰ ਨਹੀਂ ਦੇ ਸਕੇ ਜਿਹੜਾ ਲੋਕਾਂ ਦੀਆਂ ਦੁਸ਼ਵਾਰੀਆਂ, ਪ੍ਰੇਸ਼ਾਨੀਆਂ, ਆਸਾਂ-ਉਮੀਦਾਂ, ਭਾਵਨਾਵਾਂ, ਸੰਭਾਵਨਾਵਾਂ, ਮਜਬੂਰੀਆਂ, ਵੀਰਾਨੀਆਂ, ਹਿੰਸਾ, ਅਨਿਆਂ, ਜਿੱਤਾਂ, ਹਾਰਾਂ, ਸੰਘਰਸ਼ਾਂ ਆਦਿ ਨੂੰ ਆਪਣੇ ਵਿਚ ਸਮੋ ਕੇ, ਲੋਕਾਂ ਦੇ ਦਿਲ ਵਿਚ ਘਰ ਕਰ ਜਾਣ ਵਾਲੀਆਂ ਸਾਹਿਤਕ ਕਿਰਤਾਂ ਦੇ ਰੂਪ ਵਿਚ ਪੇਸ਼ ਹੁੰਦਾ। ਅਸੀਂ ਪੇਤਲੀਆਂ ਕਿਰਤਾਂ ਰਚ ਕੇ ਲੋਕਾਂ ਸਾਹਮਣੇ ਪਰੋਸੀਆਂ ਅਤੇ ਇਕ ਦੂਸਰੇ ਦੀ ਵਾਹ-ਵਾਹ ਕਰਕੇ ਮਸ਼ਹੂਰੀ ਤੇ ਸੰਤੁਸ਼ਟੀ ਖੱਟੀ। ਪਿਛਲੇ ਕਈ ਦਹਾਕਿਆਂ ਤੋਂ ਸਾਡੀ ਭਾਸ਼ਾ ਲੋਕ-ਮਨ ਨਾਲ ਡੂੰਘੀ ਸਾਂਝ ਪਾ ਸਕਣ ਵਾਲੀਆਂ ਰਮਜ਼ਾਂ ਤੋਂ ਵਾਂਝੀ ਹੋ ਗਈ ਹੈ। ਸਾਡੇ 'ਤੇ ਸੁਲਤਾਨ ਬਾਹੂ ਦੇ ਇਹ ਸ਼ਬਦ 'ਲਾਮ ਲਿਖਣ ਸਿਖਿਓ ਤੇ ਲਿਖ ਨਾ ਜਾਣਾ ਕਿਉਂ ਕਾਗਜ਼ ਕੀਤੀਓ ਜ਼ਾਇਆ ਹੂ' ਬਹੁਤ ਢੁਕਦੇ ਹਨ।

ਲੱਗਦਾ ਹੈ ਕਿ ਇਸ ਵੇਲੇ ਅਸੀਂ, ਪੰਜਾਬੀ ਦੇ ਸਾਹਿਤਕਾਰ ਅਜਿਹਾ ਸਾਹਿਤ ਨਾ ਸਿਰਜ ਕੇ, ਜੱਸ, ਮਸ਼ਹੂਰੀ ਤੇ ਸ਼ਲਾਘਾ ਖੱਟਣ ਦੀ ਦੌੜ ਵਿਚ ਫਸੇ ਹੋਏ ਹਾਂ। ਧਨੀ ਰਾਮ ਚਾਤ੍ਰਿਕ ਦੇ ਫਿਕਰ ਦੇ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਨਜਿੱਠਣ ਦੇ ਨਾਲ-ਨਾਲ ਸਾਨੂੰ ਆਪਣੀ ਸਾਹਿਤਕਾਰੀ ਅਤੇ ਰਚਨਾਤਮਿਕਤਾ ਬਾਰੇ ਆਤਮ-ਮੰਥਨ ਕਰਨ ਦੀ ਵੀ ਸਖਤ ਜ਼ਰੂਰਤ ਹੈ।

### ਧਨੀ ਰਾਮ ਚਾਤ੍ਰਿਕ ਦੀ ਕਵਿਤਾ

## ਪੰਜਾਬੀ ਮਾਤਾ ਦੀ ਦੁਹਾਈ

ਜਾਗੋ ਵੇ ਮੇਰਿਓ ਸ਼ੇਰੋ ਵੇ!
ਕਿਉਂ ਦੇਰ ਲਗਾਈ ਵੇ?
ਮੈਂ ਲੁੱਟ ਲਈ ਦਿਨ ਦੀਵੀ ਵੇ,
ਕੋਈ ਸੁਣੋ ਦੁਹਾਈ ਵੇ!

ਮੇਰਾ ਦੋ ਕਰੋੜ ਕਬੀਲਾ,
ਕੋਈ ਝਬਦੇ ਕਰਿਓ ਹੀਲਾ,
ਮੈਂ ਘਰ ਦੀ ਮਾਲਕਿਆਣੀ
ਹੁੰਦੀ ਜਾਂ ਪਰਾਈ ਵੇ!
ਜਾਗੋ ਵੇ ਮੇਰਿਓ ਸ਼ੇਰੋ ਵੇ!...

ਕੱਖਾਂ ਤੋਂ ਹੌਲੀ ਹੋਈ,
ਮੈਨੂੰ ਕਿਤੇ ਨ ਮਿਲਦੀ ਢੋਈ,
ਮਤਰੇਈਆਂ ਨੂੰ ਕਰ ਅੱਗੇ
ਅੰਮਾਂ ਘਰੋਂ ਕਢਾਈ ਵੇ!
ਜਾਗੋ ਵੇ ਮੇਰਿਓ ਸ਼ੇਰੋ ਵੇ!...

ਬਾਬੇ ਨਾਨਕ ਦੀ ਵਡਿਆਈ,
ਬੁੱਲ੍ਹੇ ਨੇ ਮੈਥੋਂ ਪਾਈ,
ਅਵਤਾਰਾਂ ਪੀਰਾਂ ਫਕੀਰਾਂ ਦੀ
ਮੈਂ ਤਖਤ ਬਹਾਈ ਵੇ!
ਜਾਗੋ ਵੇ ਮੇਰਿਓ ਸ਼ੇਰੋ ਵੇ!...

ਸਭ ਸਈਆਂ ਅੱਗੇ ਗਈਆਂ,
ਮਨਜ਼ੂਰ ਹਜ਼ੂਰੇ ਪਈਆਂ,
ਮੈਂ ਭਰੇ ਸਰੋਂ ਤੁਰ ਚੱਲੀ
'ਚਾਤ੍ਰਿਕ' ਵਾਂਗ ਤਿਹਾਈ ਵੇ!
ਜਾਗੋ ਵੇ ਮੇਰਿਓ ਸ਼ੇਰੋ ਵੇ!...

# ਕੁਸ਼ਤੀ ਲੇਖਕ ਪਿਆਰਾ ਸਿੰਘ ਰਛੀਨ

ਪੰਜਾਬੀ ਖੇਡ ਸਾਹਿਤ 66



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪਿਆਰਾ ਸਿੰਘ ਰਛੀਨ 'ਮੱਲਾਂ ਦੀਆਂ ਗੱਲਾਂ' ਵਾਲੇ ਪ੍ਰੋ. ਕਰਮ ਸਿੰਘ ਦਾ ਮੁਰੀਦ ਸੀ। ਉਸ ਦੀਆਂ ਖੇਡ ਲਿਖਤਾਂ ਕਰਮ ਸਿੰਘ ਦੇ ਕਾਵਿ ਟੋਟਿਆਂ ਨਾਲ ਸ਼ਿੰਗਾਰੀਆਂ ਹੋਈਆਂ ਹਨ। ਉਸ ਨੇ ਪੰਜਾਬ ਦੇ 'ਕੁਸ਼ਤੀ ਅਖਾੜੇ', 'ਪਹਿਲਵਾਨ ਕਿਵੇਂ ਬਣੀਏ', 'ਭਾਰਤ ਦੇ ਰੁਸਤਮ ਪਹਿਲਵਾਨ', 'ਪੰਜਾਬ ਦੇ ਪਹਿਲਵਾਨ ਤੇ ਸਭਿਆਚਾਰ' ਭਾਗ ਪਹਿਲਾ, 'ਪੰਜਾਬ ਦੇ ਪਹਿਲਵਾਨ ਤੇ ਸਭਿਆਚਾਰ' ਭਾਗ ਦੂਜਾ ਆਦਿ ਕਈ ਖੇਡ ਪੁਸਤਕਾਂ ਲਿਖੀਆਂ ਹਨ। ਪਿਆਰਾ ਸਿੰਘ ਨੂੰ ਕੁਸ਼ਤੀ ਦੇ ਅਖਾੜਿਆਂ ਤੇ ਪਹਿਲਵਾਨਾਂ ਦਾ ਰੁਸਤਮ ਲੇਖਕ ਕਿਹਾ ਜਾ ਸਕਦਾ ਹੈ। ਉਸ ਦਾ ਜਨਮ ਆਪਣੇ ਜੱਦੀ ਪਿੰਡ ਰਛੀਨ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ ਪਰ ਵਸੇਬਾ ਸ਼ੇਰਪੁਰ ਨੇੜੇ, ਪਿੰਡ ਭਗਵਾਨਪੁਰਾ, ਜ਼ਿਲ੍ਹਾ ਸੰਗਰੂਰ ਵਿਚ ਕਰ ਲਿਆ ਸੀ। ਫਿਰ ਦੋਹਾਂ ਪੁੱਤਰਾਂ ਦੇ ਅਮਰੀਕਾ ਚਲੇ ਜਾਣ ਪਿੱਛੋਂ ਉਹ ਵੀ ਅਮਰੀਕਾ ਚਲਾ ਗਿਆ ਸੀ ਜਿਥੇ ਉਹਦਾ ਦੇਹਾਂਤ ਹੋ ਗਿਆ। ਉਹ ਆਪ ਬੇਸ਼ੱਕ ਜੱਗ 'ਤੇ ਨਹੀਂ ਰਿਹਾ ਪਰ ਉਹਦੀਆਂ ਖੇਡ ਲਿਖਤਾਂ ਲੰਮਾ ਸਮਾਂ ਅਮਰ ਰਹਿਣਗੀਆਂ। ਪਹਿਲਵਾਨਾਂ ਤੇ ਉਨ੍ਹਾਂ ਦੀਆਂ ਕੁਸ਼ਤੀਆਂ, ਅਖਾੜਿਆਂ ਤੇ ਛਿੰਝਾਂ ਦਾ ਉਹ ਏਡਾ ਸ਼ੌਕੀ ਸੀ ਕਿ ਪੱਲਿਓਂ ਖਰਚ ਖੇਚਲ ਕਰ ਕੇ, ਝੋਲਾ ਚੁੱਕ ਕੇ ਸਾਲਾਂਬੱਧੀ ਲਿਖਣ ਸਮੱਗਰੀ ਇਕੱਠੀ ਕਰਦਾ ਰਿਹਾ। ਫੱਕਰ ਲੇਖਕ ਓਮ ਪ੍ਰਕਾਸ਼ ਗਾਸੋ ਨੇ ਉਹਦੀ ਪੁਸਤਕ 'ਕੁਸ਼ਤੀ ਅਖਾੜੇ' ਨੂੰ 'ਵਡਮੁੱਲੀ ਰਚਨਾ' ਕਹਿੰਦਿਆਂ ਲਿਖਿਆ:

ਪਿਆਰਾ ਸਿੰਘ ਪੰਜਾਬ ਦੇ ਕੁਸ਼ਤੀ ਅਖਾੜਿਆਂ ਦੀ ਯਾਤਰਾ ਕਰਵਾਉਂਦਾ, ਆਪਣੇ ਪਾਠਕਾਂ ਨੂੰ ਪੰਜਾਬ ਦੀਆਂ ਉਨ੍ਹਾਂ ਅਗਿਆਤ ਨੁੱਕਰਾਂ ਤੱਕ ਲੈ ਜਾਂਦਾ ਹੈ ਜਿਹੜੀਆਂ ਪੰਜਾਬ ਦੇ ਮਾਝੇ, ਦੁਆਬੇ, ਪੁਆਧ ਤੇ ਮਾਲਵੇ ਦੀ ਧਰਤੀ ਦਾ ਛੁਪਿਆ ਹੋਇਆ ਸ਼ਿੰਗਾਰ ਹਨ। ਉਹ ਇਨ੍ਹਾਂ ਅਖਾੜਿਆਂ ਨਾਲ ਆਪਣੀ ਭਾਵੁਕ ਸਾਂਝ ਜੋੜ ਕੇ ਭਲਵਾਨੀ ਦੀ ਗੱਲ ਕਰਦਾ ਹੈ। ਇੰਝ ਲੇਖਕ ਲਈ ਹਰ ਅਖਾੜਾ, ਉਹਦਾ ਇਸ਼ਕ ਹੀ ਨਹੀਂ ਸਗੋਂ ਹੁਸਨ ਵੀ ਹੋ ਨਿਬੜਦਾ ਹੈ। ਪਹਿਲਵਾਨੀ ਦੇ ਸੁੱਚੇ ਹਕੀਕੀ ਹੁਸਨ ਤੇ ਇਸ਼ਕ ਦੀ ਤਾਸੀਰ ਨੂੰ ਬਿਆਨ ਕਰਦਾ ਹੋਇਆ ਲੇਖਕ, ਜ਼ਿੰਦਗੀ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਵੀ ਆਖ ਜਾਂਦਾ ਹੈ। ਪਹਿਲਵਾਨ ਵੀ ਜ਼ਿੰਦਗੀ ਦੇ ਸੁੱਚੇ ਮੋਤੀ ਹੁੰਦੇ ਹਨ। ਜੇਕਰ ਅਲੰਕਾਰਕ ਭਾਸ਼ਾ ਵਿਚ ਆਖਿਆ ਜਾਵੇ ਤਾਂ ਕਹਿਣਾ ਬਣਦਾ ਹੈ- 'ਪੰਜਾਬ ਦੇ ਕੁਸ਼ਤੀ ਅਖਾੜੇ' ਸੁੱਚੇ ਮੋਤੀਆਂ ਦੀ ਮਾਲਾ ਹੈ।

ਪਿਆਰਾ ਸਿੰਘ ਰਚਿਤ 'ਕੁਸ਼ਤੀ ਅਖਾੜੇ' ਪੰਜਾਬ ਦੀ ਪਹਿਲਵਾਨੀ ਦਾ ਨਾਮਕੋਸ਼ ਬਣ ਗਿਆ ਜਾਪਦਾ ਹੈ। ਇਸ ਕੋਸ਼ ਵਿਚੋਂ ਦਰਜਨਾਂ ਗਿਆਤ, ਅਗਿਆਤ, ਵਰਤਮਾਨ ਅਤੇ ਬੀਤੇ ਹੋਏ ਸਮੇਂ ਦੇ ਪਹਿਲਵਾਨਾਂ ਦੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਪਿਆਰਾ ਸਿੰਘ ਨੇ ਪੰਜਾਬ ਦੀਆਂ ਚਾਰੇ ਕੂਟਾਂ ਦੀ ਯਾਤਰਾ ਕਰ ਕੇ ਕੁਸ਼ਤੀ ਅਖਾੜਿਆਂ ਨਾਲ ਜੁੜੀ ਕਲਾ ਦੀ ਵਿਲੱਖਣ ਸ਼ੈਲੀ ਵਿਚ ਵਿਆਖਿਆ ਕੀਤੀ ਹੈ। ਇਸ ਯਾਤਰਾ ਦੌਰਾਨ ਪਿਆਰਾ ਸਿੰਘ ਦਾ ਦਿਲ ਪ੍ਰੋ. ਕਰਮ ਸਿੰਘ ਦੀ ਕੁਟੀਆ ਵਿਚ ਜਾ ਕੇ ਰਮ ਗਿਆ ਸੀ ਅਤੇ ਆਪਣੇ ਮੱਥੇ ਉਤੇ ਫੱਕਰ ਪਹਿਲਵਾਨ ਦੇ ਹੱਥਾਂ ਦੁਆਰਾ ਭਬੂਤੀ ਲਗਵਾ ਕੇ ਹੀ ਉਠਿਆ। ਇਸ ਤਰ੍ਹਾਂ ਦੀ ਮਿਹਰ ਹੀ ਉਸ ਨੇ ਪਹਿਲਵਾਨ ਮਿਹਰਦੀਨ ਪਾਸੋਂ ਪ੍ਰਾਪਤ ਕੀਤੀ। ਇਨ੍ਹਾਂ ਸਿਫਤਾਂ ਕਰਕੇ ਹੀ ਇਸ ਪੁਸਤਕ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਇਕ ਫੱਕਰ ਤੇ ਦਰਵੇਸ਼ ਲੇਖਕ ਦੀ ਰਚਨਾ ਹੈ।

ਇਸ ਰਚਨਾ ਦਾ ਲੇਖਕ, ਸ਼ਰਧਾਲੂ ਦ੍ਰਿਸ਼ਟੀ ਨਾਲ ਅਖਾੜਿਆਂ ਦੀ ਮਿੱਟੀ ਨੂੰ ਪ੍ਰਣਾਮ ਕਰਦਾ ਹੈ। ਕੁਸ਼ਤੀ ਦੀ ਲਗਨ ਦਾ ਉਪਾਸ਼ਕ ਪਿਆਰਾ ਸਿੰਘ ਆਪਣੀ ਜੇਬ 'ਚੋਂ ਪੈਸੇ ਖਰਚ ਕੇ ਸਾਲਾਂਬੱਧੀ ਪੰਜਾਬ ਦੇ ਕੁਸ਼ਤੀ ਅਖਾੜਿਆਂ ਵਿਚ ਵਿਚਰਦਾ ਰਿਹਾ। ਇੰਜ ਇਹ ਪੰਜਾਬ ਦੇ ਕੁਸ਼ਤੀ ਸਭਿਆਚਾਰ ਦੀ ਤੰਦਰੁਸਤ ਧੜਕਣ ਬਣ ਕੇ, ਪੰਜਾਬੀਅਤ ਦੇ ਹੋਣਹਾਰ ਹੁਨਰ ਦੀ ਬਾਤ ਪਾਉਂਦਾ ਹੈ। ਇਹ ਪੁਸਤਕ ਪੰਜਾਬ ਦੇ ਮਾਣਮੱਤੇ ਇਤਿਹਾਸਕ ਅਤੇ ਦਸਤਾਵੇਜ਼ੀ ਪੰਨਿਆਂ ਨੂੰ ਸੰਭਾਲ ਕੇ ਰੱਖਣ ਵਾਲੀ ਸੌਗਾਤ ਹੈ।

1990ਵਿਆਂ ਵਿਚ ਪਿਆਰਾ ਸਿੰਘ ਰਛੀਨ ਮੈਨੂੰ ਮੇਰੇ ਪਿੰਡ ਚਕਰ ਅਤੇ ਢੁੱਡੀਕੇ ਆ ਕੇ ਮਿਲਦਾ ਗਿਲਦਾ ਰਿਹਾ ਸੀ। ਖੁੱਲ੍ਹੀ ਦਾੜ੍ਹੀ, ਪੋਚਵੀਂ ਪੱਗ, ਕਣਕਵੰਨਾ ਰੰਗ, ਦਰਮਿਆਨਾ ਕੱਦ ਤੇ ਭਰਵਾਂ ਜੁੱਸਾ। ਉਹਦੀ ਬੋਲ ਚਾਲ ਸੰਗਰੂਰੀ-ਮਲਵਈ ਸੀ ਪਰ 'ਸੀ' ਨੂੰ 'ਤੀ' ਕਹਿਣੋਂ ਹਟ ਗਿਆ ਸੀ। ਸਿੱਧਾ ਸਾਦਾ ਬੰਦਾ ਸੀ ਤੇ ਸਾਦਾ ਪਹਿਨਣ ਖਾਣ ਸੀ। ਮਿਲਣ ਆਇਆ ਘਰ ਦਾ ਜੀਅ ਹੀ ਲੱਗਦਾ। ਦੋਵੇਂ ਖੇਡ ਲੇਖਕ ਹੋਣ ਕਰਕੇ ਸਾਡਾ ਕਰੂਰਾ ਰਲਦਾ ਸੀ। ਜਦ ਉਹਨੇ ਮਿਲਣ ਆਉਣਾ ਤਾਂ ਆਪਣੇ ਦੋਹਾਂ ਪੜ੍ਹਾਕੂ ਪੁੱਤਰਾਂ ਨੂੰ ਵੀ ਨਾਲ ਲਈ ਆਉਣਾ। ਉਹਦੀ ਇੱਛਾ ਸੀ ਕਿ ਉਹ ਪੜ੍ਹ ਲਿਖ ਕੇ ਆਈ.ਏ.ਐਸ. ਬਣਨ, ਅਫਸਰੀਆਂ ਕਰਨ ਪਰ ਉਹ ਡਾਕਟਰ ਬਣ ਕੇ ਅਮਰੀਕਾ ਜਾ ਵਸੇ। ਪਿਆਰਾ ਸਿੰਘ ਵਡੇਰੀ ਉਮਰੇ ਅਮਰੀਕਾ ਚਲਾ ਗਿਆ ਸੀ ਪਰ ਉਥੇ ਦੇਸੀ ਅਖਾੜਿਆਂ, ਦੰਗਲਾਂ, ਛਿੰਝਾਂ ਤੇ ਭਲਵਾਨਾਂ ਦੀ ਸੰਗਤ ਬਿਨਾ ਉਹਦਾ ਦਿਲ ਨਹੀਂ ਸੀ ਲੱਗਦਾ। ਆਖਰ ਉਹ ਦਿਲ ਛੱਡ ਗਿਆ ਤੇ ਪਰਲੋਕ ਸਿਧਾਰ ਗਿਆ। ਉਸ ਦੀ ਪੁਸਤਕ 'ਭਾਰਤ ਦੇ ਰੁਸਤਮ ਪਹਿਲਵਾਨ' ਕੁਸ਼ਤੀ ਦਾ ਵਿਸ਼ਵਕੋਸ਼ ਹੈ ਜਿਸ ਵਿਚ 1857 ਤੋਂ 2005 ਤਕ ਦੇ ਪ੍ਰਸਿੱਧ ਪਹਿਲਵਾਨਾਂ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਉਹਦੇ ਮੁਖਬੰਦ ਵਿਚ ਉਸ ਨੇ ਲਿਖਿਆ:



ਪਿਆਰਾ ਸਿੰਘ ਰਛੀਨ

ਭਾਰਤ ਦੇ ਰੁਸਤਮ ਪਹਿਲਵਾਨਾਂ ਬਾਰੇ ਲਿਖਣ ਲਈ ਮੈਨੂੰ ਪਹਿਲਵਾਨੀ ਤੇ ਕਾਫੀ ਮਿਹਨਤ ਕਰਨੀ ਪਈ। ਅਨੇਕਾਂ ਪਹਿਲਵਾਨਾਂ ਨੂੰ ਮਿਲ ਕੇ ਪੁਰਾਣੇ ਪਹਿਲਵਾਨਾਂ ਤੇ ਕਾਫੀ ਖੋਜ ਕਰੀ, ਫਿਰ ਵੀ ਮੈਂ ਮੁਸ਼ਕਿਲ ਨਾਲ 80-85 ਪਹਿਲਵਾਨਾਂ ਬਾਰੇ ਹੀ ਲਿਖ ਸਕਿਆ। ਕੁਝ ਪਹਿਲਵਾਨਾਂ ਬਾਰੇ ਚਿੱਠੀ ਪੱਤਰ ਰਾਹੀਂ ਜਾਣਕਾਰੀ ਹਾਸਲ ਕੀਤੀ ਪਰ ਬਹੁਤੇ ਪਹਿਲਵਾਨਾਂ ਬਾਰੇ ਉਨ੍ਹਾਂ ਦੇ ਕੋਲ ਜਾ ਕੇ ਪੁੱਛ-ਗਿੱਛ ਕਰ ਕੇ ਹੀ ਲਿਖ ਸਕਿਆ। ਭਾਰਤ ਦਾ ਕੁਸ਼ਤੀ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨਾ ਭਾਰਤ ਵਰਸ਼। ਮਹਾਂਭਾਰਤ ਅਤੇ ਪੁਰਾਣ ਮੱਲ ਯੁੱਧਾਂ ਦੀਆਂ ਕਥਾਵਾਂ ਨਾਲ ਭਰੇ ਪਏ ਹਨ। ਭੀਮ, ਜਰਾਸੰਧ, ਸ੍ਰੀ ਕ੍ਰਿਸ਼ਨ, ਬਲਰਾਮ ਆਦਿ ਮਹਾਂਭਾਰਤ ਦੇ ਪੰਨਿਆਂ 'ਤੇ ਲਿਖੇ ਨਜ਼ਰ ਆਉਂਦੇ ਹਨ। ਇਹਨਾਂ ਗ੍ਰੰਥਾਂ ਵਿਚ ਥਾਂ-ਥਾਂ ਮੱਲ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਭਾਰਤੀ ਕੁਸ਼ਤੀ ਮਿੱਟੀ ਦੇ ਅਖਾੜਿਆਂ ਨਾਲ ਜੁੜੀ ਹੋਈ ਹੈ। ਪਿੰਡਾਂ ਵਿਚ ਪਹਿਲਵਾਨਾਂ ਨੂੰ ਦੇਵਤਿਆਂ ਵਾਂਗ ਪੂਜਿਆ ਜਾਂਦਾ ਸੀ ਤੇ ਉਨ੍ਹਾਂ ਨੂੰ ਘਿਉ ਇਕੱਠਾ ਕਰ ਕੇ ਦਿੱਤਾ ਜਾਂਦਾ ਸੀ। ਪਹਿਲਵਾਨ ਸਾਰਾ ਸਾਲ ਮੇਲਿਆਂ ਵਿਚ ਦੰਗਲਾਂ ਦੀ ਹਾਜ਼ਰੀ ਭਰਦੇ ਸਨ। ਉਦੋਂ ਸ਼ਹਿਰ-ਸ਼ਹਿਰ, ਪਿੰਡ-ਪਿੰਡ ਕੁਸ਼ਤੀ ਦੇ ਅਖਾੜੇ ਹੁੰਦੇ। ਅਖਾੜੇ ਵਿਚ ਉਸਤਾਦ ਨੂੰ ਗੁਰੂ ਜੀ ਕਹਿ ਕੇ ਸਤਿਕਾਰ ਦਿੱਤਾ ਜਾਂਦਾ। ਠੰਢੇ ਦੇਸ਼ਾਂ ਵਿਚ ਗੱਦੇ 'ਤੇ ਕੁਸ਼ਤੀ ਦਾ ਅਭਿਆਸ ਕਰਾਇਆ ਜਾਂਦਾ ਹੈ। ਉਹ ਉਨ੍ਹਾਂ ਦੀ ਮਜਬੂਰੀ ਹੈ। ਮਿੱਟੀ ਦੇ ਅਖਾੜੇ ਵਿਚ ਜ਼ੋਰ ਕਰਨ ਨਾਲ ਫੋੜੇ ਫਿਨਸੀਆਂ ਨਹੀਂ ਹੁੰਦੇ ਅਤੇ ਚਿਹਰੇ 'ਤੇ ਨਿਖਾਰ ਆ ਜਾਂਦਾ ਹੈ। ਇਸ ਲਈ ਭਾਰਤੀ ਪਹਿਲਵਾਨਾਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਮਿੱਟੀ ਦੇ ਅਖਾੜੇ ਦੀ ਕੁਸ਼ਤੀ ਕਰਨ ਤੇ ਫੇਰ ਗੱਦੇ ਦੀ ਕੁਸ਼ਤੀ ਦਾ ਅਭਿਆਸ ਕਰਨ।

ਪਿਆਰਾ ਸਿੰਘ ਨੇ ਮੁੱਖਬੰਦ ਵਿਚ ਵਿਸ਼ੇਸ਼ ਨੋਟ ਵੀ ਲਿਖਿਆ: ਇਸ ਪੁਸਤਕ ਵਿਚ ਜਿਨ੍ਹਾਂ ਭਲਵਾਨਾਂ ਤੇ ਕੁਸ਼ਤੀਆਂ ਦਾ ਵੇਰਵਾ ਦਿੱਤਾ ਗਿਆ ਹੈ ਉਹ ਲੇਖਕ ਨੇ ਭਲਵਾਨਾਂ ਪਾਸੋਂ ਜੋ ਸੁਣਿਆ, ਉਹੋ ਹੀ ਲਿਖਿਆ ਹੈ। ਸੱਚ ਝੂਠ ਦਾ ਪਤਾ ਕਰਨ ਲਈ ਪਾਠਕ ਉਸ ਪਹਿਲਵਾਨ ਨਾਲ ਸੰਪਰਕ ਕਰ ਸਕਦੇ ਹਨ ਜਿਸ ਨੇ ਆਪਣੀ ਜੀਵਨੀ ਲਿਖਵਾਈ। ਲੇਖਕ ਖਿਮਾਂ ਦਾ ਜਾਚਕ ਹੈ।

ਪੇਸ਼ ਹੈ ਪਿਆਰਾ ਸਿੰਘ ਰਛੀਨ ਦੇ ਅਨੇਕਾਂ ਪਹਿਲਵਾਨਾਂ ਬਾਰੇ ਲਿਖੇ ਸ਼ਬਦ ਚਿੱਤਰਾਂ ਵਿਚੋਂ ਦੋ ਦਾ ਸੰਖੇਪ ਸਾਰ:

**ਪਹਿਲਵਾਨ ਕਿੱਕਰ ਸਿੰਘ**

ਜਿਹੜੇ ਹਿੰਮਤ ਵਾਲੇ ਬੰਦੇ ਨੇ,
ਤਕਦੀਰ ਉਨ੍ਹਾਂ ਦੀ ਦਾਸੀ ਹੈ।

ਪਹਿਲਵਾਨ ਕਿੱਕਰ ਸਿੰਘ ਨੂੰ ਹੋਇਆਂ ਸਦੀ ਤੋਂ ਵੱਧ ਸਮਾਂ ਹੋ ਗਿਐ ਪਰ ਉਸ ਦੀ ਪ੍ਰਸਿੱਧੀ ਹੁਣ ਵੀ ਓਨੀ ਹੀ ਹੈ। ਉਸ ਦਾ ਪਿੰਡ ਘਣੀਏਕੇ, ਜ਼ਿਲ੍ਹਾ ਲਾਹੌਰ ਵਿਚ ਹੈ ਜਿਥੇ ਅੱਜ ਵੀ ਉਹਦੀ ਸਮਾਧ ਦੀ ਨਿਸ਼ਾਨੀ ਮੌਜੂਦ ਹੈ। ਉਸ ਦੇ ਵਡ-ਵਡੇਰਿਆਂ ਦਾ ਸੰਬੰਧ ਤਰਨਤਾਰਨ ਲਾਗੇ ਬਸਤੀ ਦੁਧੀਰ ਨਾਲ ਸੀ। ਇਸ ਬਸਤੀ ਵਿਚ ਜੱਬੂ ਨਾਂ ਦਾ ਸੰਧੂ ਜੱਟ ਰਹਿੰਦਾ ਸੀ ਜਿਸ ਦੇ ਤਿੰਨ ਪੁੱਤਰ ਸਨ, ਘਣੀਆ, ਡਾਂਗਾ ਤੇ ਗੌਣੀਆਂ। ਜੱਬੂ ਨੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਲਾਹੌਰ ਵੱਲ ਬੇਆਬਾਦ ਇਲਾਕਾ ਵਸਾ ਲਿਆ ਤੇ ਪਿੰਡ ਦਾ ਨਾਂ ਪਫਾਣਾ ਰੱਖ ਲਿਆ। ਜੱਬੂ ਦੀ ਮੌਤ ਹੋਈ ਤਾਂ ਘਣੀਏ ਨੇ ਘਣੀਏਕੇ ਵਸਾ ਲਿਆ। ਉਹਦੀ ਅੱਠਵੀਂ ਪੀੜ੍ਹੀ 'ਚ ਕਹਿਮਾ ਬੜਾ ਮਸ਼ਹੂਰ ਹੋਇਆ। ਕਹਿਮੇ ਦੀ ਚੌਥੀ ਪੀੜ੍ਹੀ 'ਚ ਅਲੋਪ ਸਿੰਘ ਹੋਇਆ ਜੋ ਕਿੱਕਰ ਸਿੰਘ ਦਾ ਬਾਬਾ ਸੀ। ਕਿੱਕਰ ਸਿੰਘ ਦਾ ਬਾਪ ਜੁਆਲਾ ਸਿੰਘ ਲਾਹੌਰ ਤੇ ਅੰਮ੍ਰਿਤਸਰ ਵਿਚਕਾਰ ਊਠਾਂ 'ਤੇ ਭਾੜਾ ਢੋਇਆ ਕਰਦਾ ਸੀ। ਉਹਦੇ 'ਤੇ ਐਵੇਂ ਹੀ ਝੂਠਾ ਕਤਲ ਪੈ ਗਿਆ ਜਿਸ ਕਰਕੇ ਉਮਰ ਕੈਦ ਬੋਲ ਗਈ। ਜਦੋਂ ਉਹ ਸਜ਼ਾ ਭੁਗਤ ਰਿਹਾ ਸੀ ਤਾਂ ਜੇਲ੍ਹ ਦੇ ਨਾਲ ਲੱਗਵੇਂ ਅੰਗਰੇਜ਼ ਅਫਸਰ ਦੇ ਬੰਗਲੇ ਨੂੰ ਅੱਗ ਲੱਗ ਗਈ। ਉਸ ਨੇ ਕੰਧ ਟੱਪ ਕੇ ਮੇਮ ਤੇ ਬੱਚਿਆਂ ਨੂੰ ਅੱਗ ਦੀਆਂ ਲਾਟਾਂ 'ਚੋਂ ਬਾਹਰ ਕੱਢ ਲਿਆਂਦਾ। ਸਾਹਿਬ ਨੇ ਉਸ ਨੂੰ ਬਰੀ ਕਰਨ ਨਾਲ ਚਾਰ ਸੌ ਰੁਪਏ ਦਾ ਇਨਾਮ ਦਿੱਤਾ। ਉਸ ਇਨਾਮ ਨਾਲ ਕਿੱਕਰ ਸਿੰਘ ਲਈ ਮੱਝ ਖਰੀਦੀ ਗਈ ਤੇ ਪਹਿਲਵਾਨੀ ਲਈ ਉਸਤਾਦ ਦੇ ਲੜ ਲਾਇਆ ਗਿਆ। ਉਹਦਾ ਅਸਲੀ ਨਾਂ ਪ੍ਰੇਮ ਸਿੰਘ ਸੀ ਪਰ ਹੱਥਾਂ ਨਾਲ ਕਿੱਕਰ ਪੁੱਟ ਦੇਣ 'ਤੇ ਉਸ ਨੂੰ ਕਿੱਕਰ ਸਿੰਘ ਕਿਹਾ ਜਾਣ ਲੱਗਾ। ਜੰਮਿਆ ਉਹ ਸਤਮਾਹਾਂ ਬੱਚਾ ਸੀ ਜਿਸ ਦੇ ਬਚਣ ਦੀ ਬਹੁਤੀ ਆਸ ਨਹੀਂ ਸੀ ਪਰ ਉਹਦਾ ਕੱਦ ਸੱਤ ਫੁੱਟ ਤੇ ਵਜ਼ਨ ਸੱਤ ਮਣ ਹੋ ਗਿਆ। ਕਹਿੰਦੇ ਹਨ ਕਿ ਉਹ ਸਾਬਤਾ ਬੱਕਰਾ ਖਾ ਜਾਂਦਾ ਸੀ ਤੇ ਖੂਹ ਉਤੇ ਜੁੜ ਕੇ ਘੁਮਾਂ ਘੁਮਾਂ ਪੈਲੀ ਸਿੰਜ ਛੱਡਦਾ ਸੀ। ਉਸ ਦੀਆਂ ਯਾਦਗਾਰੀ ਕੁਸ਼ਤੀਆਂ ਗੁਲਾਮ ਤੇ ਕੱਲੂ ਨਾਲ ਹੋਈਆਂ:

ਕੁਸ਼ਤੀ ਵੇਖਣੇ ਦੀ ਜੇਕਰ ਲੋੜ ਹੋਵੇ,
ਕਿੱਕਰ ਸਿੰਘ ਗੁਲਾਮ ਦਾ ਜੋੜ ਵੇਖੋ।
ਐਸਾ ਕਿਹੜਾ ਜਹਾਨ 'ਤੇ ਜੰਮਿਆ ਹੈ,
ਕਿੱਕਰ ਸਿੰਘ ਜਿਹਾ ਮੱਲ ਹੋਰ ਵੇਖੋ।

ਪਹਿਲਵਾਨ ਕਿੱਕਰ ਸਿੰਘ ਨੇ ਆਪਣੇ ਪਿੰਡ ਘਣੀਏਕੇ ਵਿਚ ਬਹੁਤ ਵੱਡੀ ਹਵੇਲੀ ਬਣਾਈ ਸੀ ਜੋ ਕਿਲ੍ਹੇ ਵਰਗੀ ਸੀ। ਉਹਦੇ ਤਿੰਨ ਮਾਲਸ਼ੀਏ ਸਨ। ਭਗਤੂ, ਕਮਾਲੀ ਤੇ ਮੌਲਾ ਬਖਸ਼। ਉਹਦੇ ਮਿੱਤਰ ਸਾਈਂ ਮੀਆਂ ਸ਼ਾਹ ਵੱਡੇ ਦਰਵੇਸ਼ ਸਨ ਤੇ ਉਹ ਘਣੀਏਕੇ ਦੇ ਗੁਆਂਢੀ ਪਿੰਡ ਉੱਪਲ 'ਚ ਰਹਿੰਦੇ ਸਨ। ਜਦੋਂ ਕਿੱਕਰ ਸਿੰਘ ਕਿਤੇ ਘੋਲ ਘੁਲਣ ਜਾਂਦਾ ਤਾਂ ਉਹ ਸਾਰੀ ਸਾਰੀ ਰਾਤ ਮਸੀਤ ਅੰਦਰ ਕਿੱਕਰ ਸਿੰਘ ਦੀ ਜਿੱਤ ਲਈ ਦੁਆ ਕਰਦੇ ਰਹਿੰਦੇ। ਕਿੱਕਰ ਸਿੰਘ ਦੀ ਰੋਜ਼ਾਨਾ ਖੁਰਾਕ ਵਿਚ ਇਕ ਸੇਰ ਬਦਾਮਾਂ ਦੀਆਂ ਗਿਰੀਆਂ, ਪੰਜ ਸੇਰ ਮੀਟ ਦੀ ਯਖਣੀ, ਇਕ ਸੇਰ ਭੁੰਨਿਆ ਮਾਸ, ਕੁਝ ਮੁਰੱਬੇ ਤੇ ਫਲ ਬਗੈਰਾ ਹੁੰਦੇ ਸਨ। ਉਹ ਗਲ 'ਚ ਖਰਾਸ ਦਾ ਪੱਥਰ ਪਾ ਕੇ ਘਣੀਏਕੇ ਤੋਂ ਕਰਬਾਠ ਪਿੰਡ ਤਕ ਦੌੜਿਆ ਕਰਦਾ ਸੀ ਜਿਸ ਨਾਲ ਧੌਣ ਉਤੇ ਕੰਨ੍ਹਾ ਪੈ ਗਿਆ ਸੀ। ਉਹ ਬਹੁਤ ਭਾਰੀ ਕਹੀ ਨਾਲ ਖਾੜਾ ਗੋਡਦਾ ਸੀ। ਇਨਾਮ 'ਚ ਮਿਲਦੇ ਰੁਪਏ ਬੈਂਕ ਵਿਚ ਰੱਖਣ ਦੀ ਥਾਂ ਘਰੇ ਟਰੰਕ ਵਿਚ ਰੱਖਦਾ ਸੀ। ਉਹਦਾ ਵਿਸ਼ਵਾਸ ਸੀ, ਪੈਸਾ ਉਹੀ ਆਪਣਾ ਹੁੰਦੈ ਜਿਹੜਾ ਡੱਬ ਵਿਚ ਹੋਵੇ। ਉਸ ਨੇ ਪਹਿਲਵਾਨੀ ਕਰਦਿਆਂ ਜ਼ਮੀਨ ਖਰੀਦੀ ਤੇ ਬਾਗ ਲਾਇਆ।

ਪਿਛਲੀ ਉਮਰੇ ਉਹਦਾਨੀ ਸੁਭਾਅ ਦਾ ਵਿਅਕਤੀ ਬਣ ਗਿਆ ਸੀ। ਉਸ ਨੂੰ ਰਾਤਾਂ ਨੂੰ ਭੈੜੇ ਭੈੜੇ ਸੁਪਨੇ ਆਉਂਦੇ। ਉਹ ਕਹਿਣ ਲੱਗ ਪਿਆ ਸੀ ਕਿ ਆਹ ਸਾਲ ਮੇਰੀ ਉਮਰ ਦਾ ਆਖਰੀ ਸਾਲ ਹੈ ਪਰ ਲੋਕ ਉਹਦੀਆਂ ਗੱਲਾਂ ਤੇ ਇਤਬਾਰ ਨਾ ਕਰਦੇ ਤੇ ਆਖਦੇ, ਭਲਵਾਨ ਨੂੰ ਵਹਿਮ ਹੋ ਗਿਆ ਹੈ। ਦੇਹਾਂਤ ਤੋਂ ਦਸ ਦਿਨ ਪਹਿਲਾਂ ਕਿੱਕਰ ਸਿੰਘ ਜਿਸ ਨੂੰ ਵੀ ਮਿਲਦਾ, ਹੱਥ ਜੋੜ ਕੇ ਖੜ੍ਹ ਜਾਂਦਾ ਤੇ ਭੁੱਲ ਚੁੱਕ ਦੀ ਮੁਆਫੀ ਮੰਗਦਾ। ਉਸ ਦਾ ਜਨਮ 8 ਨਵੰਬਰ 1857 ਨੂੰ ਹੋਇਆ ਸੀ। 18 ਫਰਵਰੀ 1914 ਮੰਗਲਵਾਰ ਉਹਦੀ ਹਯਾਤੀ ਦਾ ਆਖਰੀ ਦਿਨ ਸੀ। ਆਖਰੀ ਦਿਨ ਉਸ ਨੇ ਸਾਈਂ ਮੀਆਂ ਸ਼ਾਹ ਨੂੰ ਦੱਸ ਦਿੱਤਾ ਸੀ ਕਿ ਅੱਜ ਆਪਣੇ ਆਖਰੀ ਮੇਲੇ ਹਨ। ਉਸੇ ਦਿਨ ਉਹਦੇ ਸੁਆਸ ਪੂਰੇ ਹੋ ਗਏ। ਉਹਦੀ ਮੌਤ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ।

ਘਣੀਏਕੇ ਤੇ ਇਲਾਕੇ ਦੇ ਲੋਕ ਉਹਦੀ ਹਵੇਲੀ ਆਉਣੇ ਸ਼ੁਰੂ ਹੋ ਗਏ। ਹਰ ਪਾਸਿਓਂ ਰੋਣ ਕੁਰਲਾਣ ਦੀਆਂ ਆਵਾਜ਼ਾਂ ਆਉਣ ਲੱਗੀਆਂ ਪਰ ਮੌਤ ਅੱਗੇ ਕਿਸੇ ਦਾ ਕੀ ਵੱਸ ਚੱਲ ਸਕਦਾ ਸੀ।

ਪਹਿਲਵਾਨ ਦੀ ਮੌਤ ਹਵੇਲੀ ਦੇ ਚੁਬਾਰੇ ਵਿਚ ਹੋਈ। ਉਸ ਦੀ ਦੇਹ ਨੂੰ ਉਹਦੇ ਅੱਠ ਪੱਠਿਆਂ ਨੇ ਥੱਲੇ ਲਾਹਿਆ। ਲੋਕਾਂ ਨੇ ਪੂਰੇ ਸਤਿਕਾਰ ਨਾਲ ਪਹਿਲਵਾਨ ਦੇ ਸਰੀਰ ਦਾ ਇਸ਼ਨਾਨ ਕਰਵਾਇਆ। ਬਬਾਨ ਨੂੰ ਬੜੀ ਸ਼ਾਨ ਨਾਲ ਸਿਵਿਆਂ ਵਿਚ ਲਿਜਾਇਆ ਗਿਆ। ਉਸ ਵਕਤ ਲੋਕਾਂ ਦੀਆਂ ਭੁੱਬਾਂ ਨਿਕਲ ਗਈਆਂ ਜਦੋਂ ਪਹਿਲਵਾਨ ਦੀ ਘਿਉ ਡੁੱਬੀ ਦੇਹ ਨੂੰ ਅਗਨੀ ਦੇ ਹਵਾਲੇ ਕੀਤਾ ਗਿਆ। ਉੱਦਣ ਆਲੇ ਦੁਆਲੇ ਦੇ ਪਿੰਡਾਂ ਵਿਚ ਚੁੱਲ੍ਹਿਆਂ 'ਚ ਅੱਗ ਨਾ ਬਾਲੀ ਗਈ। ਸਾਰੇ ਇਲਾਕੇ ਵਿਚ ਸੋਗ ਮਨਾਇਆ ਗਿਆ। ਘਣੀਏਕੇ ਦੇ ਇਕ ਕਿੱਸਾਕਾਰ ਨੇ ਕਿੱਕਰ ਸਿੰਘ ਦੀ ਮੌਤ 'ਤੇ ਇਹ ਸਤਰਾਂ ਲਿਖੀਆਂ:


ਕਿੱਕਰ ਸਿੰਘ ਦੇ ਪਿੰਡ ਦਾ ਰਹਿਣ ਵਾਲਾ,
ਕਰਾਂ ਉਸ ਦੀ ਕੀ ਤਾਰੀਫ ਭਾਈ।
ਗੁੱਸਾ ਓਸ ਨੂੰ ਕਦੇ ਨਾ ਆਂਵਦਾ ਸੀ,
ਐਸੀ ਉਹਦੀ ਸੀ ਠੰਢੀ ਤਾਸੀਰ ਭਾਈ।
ਮਾੜਾ ਵੇਖ ਗਰੀਬ ਦੀ ਮਦਦ ਕੀਤੀ,
ਦਿੱਤੀ ਕਿਸੇ ਨੂੰ ਨਹੀਂ ਤਕਲੀਫ ਭਾਈ।
ਪਹਿਲਵਾਨ ਸੀ ਪਿੰਡ ਵਿਚ ਇਉਂ ਬਹਿੰਦਾ,
ਜਿਵੇਂ ਬਾਦਸ਼ਾਹ ਵਿਚ ਵਜ਼ੀਰ ਭਾਈ।
ਭਾਈਆਂ ਵਿਚ ਸੀ ਅਦਬ ਅਦਾਬ ਉਹਦਾ,
ਲੋਕ ਮੰਨਦੇ ਵਾਂਗਰਾਂ ਪੀਰ ਭਾਈ।
ਕਿੱਕਰ ਸਿੰਘ ਦੀ ਜਦੋਂ ਸੀ ਮੌਤ ਹੋਈ,
ਢੁੱਕੀ ਪਿੰਡਾਂ ਦੇ ਵਿਚੋਂ ਵਹੀਰ ਭਾਈ।
ਭੈਣ ਰੋਂਦੜੀ ਦਾ ਬੁਰਾ ਹਾਲ ਹੋਇਆ,
ਮਰ ਗਿਆ ਜਿਸ ਦਾ ਇਕੋ ਵੀਰ ਭਾਈ।
ਐਸਾ ਕੌਣ ਜਹਾਨ 'ਤੇ ਜੰਮਿਆ ਹੈ,
ਕਿੱਕਰ ਸਿੰਘ ਜਿਹਾ ਮੱਲ ਵੀਰ ਭਾਈ...।

ਕਿੱਕਰ ਸਿੰਘ ਦੀਆਂ ਦੋ ਸ਼ਾਦੀਆਂ ਹੋਈਆਂ। ਪਹਿਲੀ ਸ਼ਾਦੀ ਪਿੰਡ ਘੁਰਕਵਿੰਡ ਜ਼ਿਲ੍ਹਾ ਲਾਹੌਰ 'ਚ ਰੂਪ ਕੌਰ ਨਾਲ ਹੋਈ ਤੇ ਦੂਜੀ ਪਿੰਡ ਮਰੂੜ ਜ਼ਿਲ੍ਹਾ ਲਾਹੌਰ ਦੀ ਅਤਰ ਕੌਰ ਨਾਲ ਹੋਈ। ਰੂਪ ਕੌਰ ਦੀ ਕੁੱਖੋਂ ਅਰਜਨ ਸਿੰਘ ਤੇ ਊਧਮ ਸਿੰਘ ਪੈਦਾ ਹੋਏ ਤੇ ਅਤਰ ਕੌਰ ਦੀ ਕੁੱਖੋਂ ਸੂਰਤ ਸਿੰਘ। ਅਰਜਨ ਸਿੰਘ ਨੇ ਪਹਿਲਵਾਨੀ ਕਰੀ ਤੇ ਕੁਛ ਕੁਸ਼ਤੀਆਂ ਜਿੱਤੀਆਂ। ਊਧਮ ਸਿੰਘ ਦੇ ਤਿੰਨ ਲੜਕੇ ਪੈਦਾ ਹੋਏ, ਅੱਛਰ ਸਿੰਘ, ਦਰਸ਼ਨ ਸਿੰਘ ਤੇ ਗੁਰਚਰਨ ਸਿੰਘ। ਉਹਨਾਂ ਚੋਂ ਗੁਰਚਰਨ ਸਿੰਘ ਨੇ ਕੁਸ਼ਤੀ ਕੀਤੀ। ਕਿੱਕਰ ਸਿੰਘ ਦੀ ਇਕੋ ਇਕ ਭੈਣ ਪ੍ਰੇਮ ਕੌਰ ਸੀ ਜੋ ਸੁਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਆਹੀ ਸੀ। ਇਸੇ ਪਿੰਡ ਦਾ ਜੰਮਪਲ ਪਹਿਲਵਾਨ ਕਰਤਾਰ ਸਿੰਘ ਹੈ ਜਿਸ ਦੀ ਜੀਵਨੀ 'ਕੁਸ਼ਤੀ ਦਾ ਧਰੂ ਤਾਰਾ ਕਰਤਾਰ ਸਿੰਘ' ਸੁਰ ਸਿੰਘ ਦੇ ਹੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਲਿਖੀ। ਕਿੱਕਰ ਸਿੰਘ ਦਾ ਖਾਨਦਾਨ ਸੰਤਾਲੀ ਦੇ ਉਜਾੜੇ ਪਿੱਛੋਂ ਪਿੰਡ ਘੱਗਾ ਜ਼ਿਲ੍ਹਾ ਫਿਰੋਜ਼ਪੁਰ ਵਿਚ ਵਸ ਗਿਆ ਸੀ। ਫਿਰ ਅਗਲੀਆਂ ਪੀੜ੍ਹੀਆਂ 'ਚੋਂ ਕੋਈ ਪਟਿਆਲੇ ਤੇ ਕੋਈ ਵਲੈਤੀਂ ਜਾ ਵਸਿਆ। ਕੋਈ ਘੱਗੇ ਤੇ ਕੋਈ ਮੁਕਤਸਰ

*(ਬਾਕੀ ਅਗਲੇ ਸਫੇ 'ਤੇ)*

*ਪਿਆਰਾ ਸਿੰਘ ਕੁਸ਼ਤੀ ਅਖਾੜਿਆਂ ਦੀ ਯਾਤਰਾ ਕਰਵਾਉਂਦਾ, ਆਪਣੇ ਪਾਠਕਾਂ ਨੂੰ ਪੰਜਾਬ ਦੀਆਂ ਉਨ੍ਹਾਂ ਅਗਿਆਤ ਨੁੱਕਰਾਂ ਤੱਕ ਲੈ ਜਾਂਦਾ ਹੈ ਜਿਹੜੀਆਂ ਪੰਜਾਬ ਦੇ ਮਾਝੇ, ਦੁਆਬੇ, ਪੁਆਧ ਤੇ ਮਾਲਵੇ ਦੀ ਧਰਤੀ ਦਾ ਛੁਪਿਆ ਹੋਇਆ ਸ਼ਿੰਗਾਰ ਹਨ। ਉਹ ਇਨ੍ਹਾਂ ਅਖਾੜਿਆਂ ਨਾਲ ਆਪਣੀ ਭਾਵੁਕ ਸਾਂਝ ਜੋੜ ਕੇ ਭਲਵਾਨੀ ਦੀ ਗੱਲ ਕਰਦਾ ਹੈ। ਇੰਝ ਲੇਖਕ ਲਈ ਹਰ ਅਖਾੜਾ, ਉਹਦਾ ਇਸ਼ਕ ਹੀ ਨਹੀਂ ਸਗੋਂ ਹੁਸਨ ਵੀ ਹੋ ਨਿਬੜਦਾ ਹੈ। ਪਹਿਲਵਾਨੀ ਦੇ ਸੁੱਚੇ ਹਕੀਕੀ ਹੁਸਨ ਤੇ ਇਸ਼ਕ ਦੀ ਤਾਸੀਰ ਨੂੰ ਬਿਆਨ ਕਰਦਾ ਹੋਇਆ ਲੇਖਕ, ਜ਼ਿੰਦਗੀ ਦੀਆਂ ਸੱਚੀਆਂ ਸੁੱਚੀਆਂ ਗੱਲਾਂ ਵੀ ਆਖ ਜਾਂਦਾ ਹੈ।*

*-ਓਮ ਪ੍ਰਕਾਸ਼ ਗਾਸੋ*




*ਪਿਆਰਾ ਸਿੰਘ ਰਛੀਨ ਦੀ ਲਿਖੀ ਇਕ ਕਿਤਾਬ ਦਾ ਮੁਖੜਾ।*

# ਪੰਜਾਬ ਦੇ ਪਾਣੀਆਂ ਦਾ ਹਿਸਾਬ ਕੌਣ ਲਵੇਗਾ?

**ਪ੍ਰੋ. ਧਰਮਜੀਤ ਸਿੰਘ ਮਾਨ**
ਫੋਨ: +91-94784-60084



ਭਾਰਤ ਦੀ ਧਰਤੀ ਕੁਦਰਤੀ ਸਰੋਤਾਂ ਦਾ ਜ਼ਖੀਰਾ ਹੈ। ਭਾਰਤ ਦੇ ਤਕਰੀਬਨ ਹਰ ਸੂਬੇ ਵਿਚ ਕੁਦਰਤ ਦਾ ਬਖਸ਼ਿਆ ਕੋਈ ਨਾ ਕੋਈ ਸਰੋਤ ਮੌਜੂਦ ਹੈ। ਰਾਜਸਥਾਨ ਵਿਚ ਬੇਸ਼ੱਕ ਖੇਤੀ ਯੋਗ ਜ਼ਮੀਨ ਘੱਟ ਹੈ ਪਰ ਉਥੋਂ ਦੀ ਧਰਤੀ ਵਿਚੋਂ ਨਿਕਲਦੇ ਸੰਗਮਰਮਰ ਦੀਆਂ ਗੱਲਾਂ ਦੁਨੀਆ ਭਰ ਵਿਚ ਹੁੰਦੀਆਂ ਨੇ। ਬਿਹਾਰ, ਝਾਰਖੰਡ ਅਤੇ ਛਤੀਸਗੜ੍ਹ ਵਰਗੇ ਸੂਬਿਆਂ ਦੀ ਧਰਤੀ ਥੱਲੇ ਕੋਲੇ ਦੇ ਭੰਡਾਰ ਹਨ ਜਿਸ ਨਾਲ ਭਾਰਤ ਦੇ ਸੈਂਕੜੇ ਥਰਮਲਾਂ ਵਿਚ ਬਿਜਲੀ ਬਣਦੀ ਹੈ। ਇਹ ਕੁਦਰਤ ਵੱਲੋਂ ਧਰਤੀ ਅੰਦਰ ਪ੍ਰਗਟ ਕੀਤੇ ਸਰੋਤ ਹਨ ਜਿਨ੍ਹਾਂ ਨੂੰ ਤਕਨੀਕੀ ਯੁੱਗ ਵਿਚ ਮਨੁੱਖ ਨੇ ਲੱਭ ਲਿਆ ਅਤੇ ਵਰਤਣ ਲੱਗਿਆ।

ਭਾਰਤ ਦਾ ਖੇਤੀ ਪ੍ਰਧਾਨ ਸੂਬਾ ਪੰਜਾਬ ਆਪਣੇ ਅੰਦਰ ਪਾਣੀ ਦੇ ਦਰਿਆ ਸਾਂਭੀ ਬੈਠਾ ਹੈ ਜਿਸ ਤੋਂ ਇਸ ਦਾ ਨਾਂ ਪੰਜਾਬ ਪਿਆ, ਭਾਵ ਪੰਜ ਦਰਿਆਵਾਂ ਦੀ ਧਰਤੀ। ਦੇਸ਼ ਦੀ ਵੰਡ ਦੌਰਾਨ ਇਨ੍ਹਾਂ ਪੰਜ ਦਰਿਆਵਾਂ ਦੀ ਚੀਰ-ਫਾੜ ਹੋਈ ਜਿਸ ਦਾ ਇਸ ਸੂਬੇ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਦਰਿਆ ਧਰਤੀ ਨੂੰ ਕੁਦਰਤ ਦੀ ਦੇਣ ਹਨ ਜਦਕਿ ਨਹਿਰਾਂ ਇਨਸਾਨ ਆਪਣੀ ਲੋੜ ਅਨੁਸਾਰ ਆਪ ਬਣਾਉਂਦਾ ਹੈ। ਪਾਣੀ ਦੀ ਹੋਂਦ ਬਿਨਾ ਜੀਵਨ ਖਤਮ ਹੈ।

ਪੰਜਾਬ ਪਾਣੀ ਰੂਪੀ ਕੁਦਰਤੀ ਸੋਮੇ ਦਾ ਅਲੰਬਰਦਾਰ ਹੈ ਪਰ ਉਸ ਦੇ ਇਸ ਬੇਹੱਦ ਕੀਮਤੀ ਸਰੋਤ ਨੂੰ ਨਹਿਰਾਂ ਰਾਹੀਂ ਵਰਤਣ ਵਾਲੇ ਗੁਆਂਢੀ ਸੂਬਿਆਂ ਨੇ ਅੱਜ ਤੱਕ ਮਾਲਕਾਨੇ ਵਜੋਂ ਦੁਆਨੀ ਨਹੀਂ ਦਿੱਤੀ। ਭਾਰਤ ਵਿਚ ਜਿਸ ਸੂਬੇ ਦੀ ਧਰਤੀ ਅੰਦਰ ਕੋਈ ਕੁਦਰਤੀ ਸਰੋਤ ਮੌਜੂਦ ਹੈ, ਉਹ ਬਿਨਾ ਪੈਸਾ ਲਏ ਆਪਣੇ ਸਰੋਤ ਨਹੀਂ ਵੇਚਦਾ ਪਰ ਪੰਜਾਬ ਦੇ ਦਰਿਆਵਾਂ ਦਾ ਪਾਣੀ ਵੰਡ ਤੋਂ ਬਾਅਦ ਟੇਢੇ-ਮੇਢੇ ਤਰੀਕਿਆਂ ਰਾਹੀਂ ਗੁਆਂਢੀ ਸੂਬਿਆਂ ਵੱਲੋਂ ਖੇਤੀ, ਪੀਣ ਜਾਂ ਹੋਰ ਕੰਮਾਂ ਲਈ ਮੁਫਤ ਵਰਤਿਆ ਜਾ ਰਿਹਾ ਹੈ। ਬਿਹਾਰ, ਝਾਰਖੰਡ ਅਤੇ ਛੱਤੀਸਗੜ੍ਹ ਸੂਬਿਆਂ ਵਿਚੋਂ ਕੋਲੇ ਦੀਆਂ ਭਰ ਕੇ ਨਿਕਲਦੀਆਂ ਰੇਲ ਗੱਡੀਆਂ ਅਤੇ ਟਰੱਕ ਬਿਨਾ ਪੈਸਾ ਦਿੱਤੇ ਉਸ ਸੂਬੇ ਦੀ ਹਦੂਦ ਨਹੀ ਟੱਪ ਸਕਦੇ, ਸਬੰਧਤ ਸੂਬੇ ਜਿੱਥੇ ਇਹ ਕੋਲਾ ਜਾਣਾ ਹੁੰਦਾ ਹੈ, ਪਹਿਲਾਂ ਭੁਗਤਾਨ ਕਰਦੇ ਹਨ ਪਰ ਪੰਜਾਬ ਦੇ ਪਾਣੀਆਂ ਨੂੰ ਕਈ ਦਹਾਕਿਆਂ ਤੋਂ ਬੇਰੋਕ ਵਰਤਣ ਵਾਲਿਆਂ ਨੇ ਅੱਜ ਤੱਕ ਕੋਈ ਹਿਸਾਬ ਨਹੀਂ ਦਿੱਤਾ, ਜਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਨ੍ਹਾਂ ਸੂਬਿਆਂ ਤੋਂ ਪਾਣੀ ਦੀ ਬਣਦੀ ਕੀਮਤ ਲੈਣ ਦੀ ਹਿੰਮਤ ਨਹੀਂ ਕੀਤੀ।

ਰਾਜਸਥਾਨ ਦਾ ਮਾਰਬਲ ਦੁਨੀਆ ਵਿਚ ਮਸ਼ਹੂਰ ਹੈ ਪਰ ਬਿਨਾ ਪੈਸਾ ਦਿੱਤੇ ਉਹ ਪੱਥਰ ਦੀ ਟੁਕੜੀ ਵੀ ਨਹੀਂ ਚੁੱਕਣ ਦਿੰਦੇ। ਅਸਲ ਵਿਚ ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਹਮੇਸ਼ਾ ਆਪਣੇ ਸੂਬੇ ਦੇ ਖਜ਼ਾਨੇ ਅਤੇ ਸਰੋਤਾਂ ਦੇ ਬਚਾਅ ਲਈ ਗੰਭੀਰ ਰਹੀਆਂ ਹਨ। ਉਨ੍ਹਾਂ ਨੇ ਸਿਆਸੀ ਸਮਝੌਤੇ ਜਾਂ ਸਿਆਸੀ ਦਬਾਅ ਥੱਲੇ ਆਪਣੇ ਸੂਬੇ ਦੇ ਖਜ਼ਾਨੇ ਅਤੇ ਸਰੋਤਾਂ ਨੂੰ ਉਜੜਨ ਨਹੀ ਦਿੱਤਾ ਜਦਕਿ ਪੰਜਾਬ ਦੇ ਸੱਤਾਧਾਰੀ ਸਿਆਸਤਦਾਨ ਗੁਆਂਢੀ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਯਾਰੀ ਪੁਗਾਉਣ ਜਾਂ ਫਿਰ ਕੇਂਦਰ ਦੇ ਦਬਾਅ ਥੱਲੇ ਆਪਣੀ ਕੁਰਸੀ ਨੂੰ ਬਚਾਉਣ ਲਈ ਪੰਜਾਬ ਦੇ ਪਾਣੀਆਂ ਦੇ ਮਾਲਕਾਨੇ ਦੀ ਗੱਲ ਕਰਨ ਦਾ ਹੌਸਲਾ ਨਹੀਂ ਕਰ ਸਕੇ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਸੂਬੇ ਜਾਂ ਰਾਜ ਨੇ ਪੰਜਾਬ ਦੇ ਪਾਣੀ ਵਰਤੇ ਤਾਂ ਉਸ ਨੂੰ ਵਰਤੇ ਪਾਣੀ ਦੀ ਕੀਮਤ ਦੇਣੀ ਪਈ ਹੈ। ਆਜ਼ਾਦੀ ਤੋਂ ਪਹਿਲਾਂ ਵੀ ਜਦੋਂ ਕਿਸੇ ਗੁਆਂਢੀ ਸੂਬੇ ਜਾਂ ਰਿਆਸਤ ਨੇ ਪੰਜਾਬ ਦੇ ਦਰਿਆਈ ਪਾਣੀ ਵਰਤਣ ਦੀ ਅਪੀਲ ਕੀਤੀ ਤਾਂ ਉਸ ਸੂਬੇ ਜਾਂ ਰਿਆਸਤ ਵੱਲੋਂ ਪੰਜਾਬ ਨੂੰ ਵਰਤੇ ਪਾਣੀ ਦੀ ਕੀਮਤ ਦਿੱਤੀ ਗਈ। ਬਰਤਾਨਵੀ ਰਾਜ ਦੌਰਾਨ ਦੋ ਵਾਰੀ ਪੰਜਾਬ ਦੇ ਦਰਿਆਵਾਂ ਦਾ ਪਾਣੀ ਦੂਜੇ ਸੂਬਿਆਂ ਨੂੰ ਦਿੱਤਾ ਗਿਆ, 1873 ਵਿਚ ਸਤਲੁਜ ਦਰਿਆ ਦਾ ਪਾਣੀ ਪਟਿਆਲਾ, ਨਾਭਾ ਤੇ ਜੀਂਦ ਰਿਆਸਤ ਨੂੰ ਦਿੱਤਾ ਗਿਆ ਅਤੇ ਇਹ ਸਪਸ਼ਟ ਕੀਤਾ ਗਿਆ ਕਿ ਪੰਜਾਬ ਰੀਪੇਰੀਅਨ ਸੂਬਾ ਹੋਣ ਕਰਕੇ ਇਨ੍ਹਾਂ ਪਾਣੀਆਂ ਤੇ ਹੱਕ ਸਿਰਫ ਪੰਜਾਬ ਦਾ ਹੀ ਬਣਦਾ ਹੈ, ਇਸ ਲਈ ਪਾਣੀ ਲੈ ਰਹੇ ਸੂਬੇ ਜਾਂ ਰਿਆਸਤਾਂ ਵੱਲੋਂ ਪੰਜਾਬ ਨੂੰ ਪੈਸੇ ਦੇ ਰੂਪ ਵਿਚ 1945-46 ਤਕ ਮਾਲਕਾਨਾ ਦਿੱਤਾ ਜਾਂਦਾ ਰਿਹਾ। ਦੂਜਾ 1873 ਵਿਚ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਦੀ ਬੇਨਤੀ ਤੇ ਬੀਕਾਨੇਰ ਰਿਆਸਤ ਨੂੰ ਗੰਗ ਕਨਾਲ ਰਾਹੀਂ ਪਾਣੀ ਦਿੱਤਾ ਅਤੇ ਇਸ ਦੇ ਬਦਲੇ ਬੀਕਾਨੇਰ ਸਟੇਟ ਵੱਲੋਂ ਪੰਜਾਬ ਨੂੰ ਮਾਲਕਾਨਾ ਅਦਾ ਕੀਤਾ ਗਿਆ। ਇਤਿਹਾਸ ਇਸ ਗੱਲ ਦੀ ਪੁਖਤਾ ਗਵਾਹੀ ਭਰਦਾ ਹੈ ਕਿ ਪੰਜਾਬ ਦੇ ਕੁਦਰਤੀ ਸਰੋਤ ਪਾਣੀ ਨੂੰ ਵਰਤਣ ਵਾਲੇ ਸੂਬੇ ਜਾਂ ਰਿਆਸਤਾਂ ਉਸ ਦੀ ਕੀਮਤ ਦਿੰਦੀਆਂ ਰਹੀਆਂ ਹਨ। ਅਫਸੋਸ ਇਸ ਗੱਲ ਦਾ ਹੈ ਕਿ ਗੁਲਾਮੀ ਸਮੇਂ ਤਾਂ ਪੰਜਾਬ ਨੂੰ ਉਸ ਦੇ ਵਰਤੇ ਪਾਣੀਆਂ ਦੀ ਕੀਮਤ ਮਿਲਦੀ ਰਹੀ ਪਰ ਆਜ਼ਾਦੀ ਤੋਂ ਬਾਅਦ ਜਦੋਂ ਇਸ ਸੂਬੇ ਨੂੰ ਆਪਣੀਆਂ ਸਰਕਾਰਾਂ ਮਿਲੀਆਂ ਤਾਂ ਕਿਸੇ ਨੇ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ।

*2017 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੌਰੇ ਤੇ ਆਏ ਦਿੱਲੀ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਪਾਣੀਆਂ ਦੀ ਕੀਮਤ ਅਦਾ ਕਰਨ ਦਾ ਭਰੋਸਾ ਦਿੱਤਾ ਸੀ ਪਰ ਉਹ ਵੀ ਆਪਣੇ ਕੀਤੇ ਵਾਅਦੇ ਤੋਂ ਮੁੱਕਰ ਗਏ। ਕੇਂਦਰ ਸਰਕਾਰ ਦਾ ਵੀ ਇਸ ਮੁੱਦੇ ਤੇ ਪੰਜਾਬ ਨਾਲ ਅੱਖੜ ਰਵਈਆ ਰਿਹਾ ਹੈ। ਸੂਬੇ ਅੰਦਰ ਸੱਤਾ ਦੀ ਕੁਰਸੀ ਤੇ ਬੈਠੇ ਹੁਕਮਰਾਨਾਂ ਨੂੰ ਚਾਹੀਦਾ ਹੈ ਕਿ ਉਹ ਹੰਭਲਾ ਮਾਰ ਕੇ ਪੰਜਾਬ ਦੇ ਕੀਮਤੀ ਸਰੋਤ ਦੀ ਹੋ ਰਹੀ ਲੁੱਟ ਦਾ ਹਿਸਾਬ ਗੁਆਂਢੀ ਸੂਬਿਆਂ ਤੋਂ ਜ਼ਰੂਰ ਲੈਣ।*

ਪੰਜਾਬ ਦੇ ਲੁੱਟੇ ਅਤੇ ਉਜਾੜੇ ਜਾ ਰਹੇ ਪਾਣੀ ਨੂੰ ਬਚਾਉਣ ਅਤੇ ਇਸ ਦੀ ਹੁਣ ਤੱਕ ਦੀ ਬਣਦੀ ਕੀਮਤ ਗੁਆਂਢੀ ਸੂਬਿਆਂ ਤੋਂ ਵਸੂਲਣ ਲਈ ਪੰਜਾਬ ਦੇ ਸਿਆਸਤਦਾਨਾਂ ਵਿਚੋਂ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ 16 ਨਵੰਬਰ 2016 ਨੂੰ ਇਹ ਮੁੱਦਾ ਪੰਜਾਬ ਵਿਧਾਨ ਸਭਾ ਵਿਚ ਉਠਾ ਕੇ ਜ਼ੋਰਦਾਰ ਹੰਭਲਾ ਮਾਰਿਆ ਅਤੇ ਲੰਮਾ ਭਾਸ਼ਣ ਦੇ ਕੇ ਇਸ ਅੰਦਰਲੀ ਸਾਰੀ ਸਚਾਈ ਬਿਆਨਦਿਆਂ ਦੱਸਿਆ ਕਿ ਕਿਵੇਂ ਪਾਣੀਆਂ ਦੀ ਕੀਮਤ ਗੁਆਂਢੀ ਸੂਬੇ ਹਰਿਆਣਾ, ਰਾਜਸਥਾਨ ਅਤੇ ਦਿੱਲੀ ਤੋਂ ਵਸੂਲਣ ਨਾਲ ਪੰਜਾਬ ਸਿਰ ਚੜ੍ਹਿਆ ਅਰਬਾਂ ਦਾ ਕਰਜ਼ਾ ਉਤਰਨ ਦੇ ਨਾਲ ਨਾਲ ਖਾਲੀ ਖਜ਼ਾਨਾ ਵੀ ਭਰ ਜਾਵੇਗਾ। ਉਨ੍ਹਾਂ ਵੱਲੋਂ ਉਠਾਏ ਇਸ ਮੁੱਦੇ ਦੀ ਕਾਫੀ ਚਰਚਾ ਹੋਈ ਪਰ ਪੰਜ ਸਾਲ ਬੀਤ ਜਾਣ ਤੋਂ ਬਾਅਦ ਵੀ ਪਾਣੀਆਂ ਦੀ ਕੀਮਤ ਸਬੰਧੀ ਸਮੇਂ ਦੀਆਂ ਸਰਕਾਰਾਂ ਨੇ ਕੋਈ ਠੋਸ ਕਦਮ ਨਹੀਂ ਚੁੱਕਿਆ।

ਪਾਣੀ ਦੀ ਘਾਟ ਕਾਰਨ ਪੰਜਾਬ ਦੀ ਬੰਜਰ ਬਣਦੀ ਜਾ ਰਹੀ ਜ਼ਰਖੇਜ਼ ਜ਼ਮੀਨ ਨੂੰ ਬਚਾਉਣ ਲਈ ਪਾਣੀ ਦੀ ਲੋੜ ਹੈ, ਲੱਖਾਂ ਟਿਊਬਵੈਲਾਂ ਰਾਹੀਂ ਧਰਤੀ ਵਿਚੋਂ ਖਿੱਚੇ ਜਾ ਰਹੇ ਪਾਣੀ ਕਾਰਨ ਪੰਜਾਬ ਦੇ 105 ਬਲਾਕਾਂ ਨੂੰ ਡਾਰਕ ਜ਼ੋਨ ਐਲਾਨਿਆ ਜਾ ਚੁੱਕਿਆ ਹੈ। ਇਨ੍ਹਾਂ ਬਲਾਕਾਂ ਵਿਚ ਖੇਤੀ ਕਰਨੀ ਆਉਣ ਵਾਲ਼ੇ ਸਮੇਂ ਵਿਚ ਸਿਰਫ ਸੁਪਨਾ ਬਣ ਜਾਵੇਗੀ। ਪੰਜਾਬ ਸੂਬੇ ਨੂੰ ਖੇਤੀਬਾੜੀ ਲਈ 52 ਐਮ.ਏ.ਐਫ. ਪਾਣੀ ਦੀ ਲੋੜ ਹੈ ਅਤੇ ਇਸ ਦਾ ਸਿਰਫ 27 ਫੀਸਦੀ ਹਿੱਸਾ ਹੀ ਦਰਿਆਈ ਪਾਣੀਆ ਨਾਲ ਪੂਰਾ ਹੁੰਦਾ ਹੈ ਜੋ ਲੋੜ ਨਾਲੋਂ ਕੀਤੇ ਘੱਟ ਹੈ। ਪੰਜਾਬ ਦਾ ਪਾਣੀ ਬਿਨਾ ਕੀਮਤ ਦਿੱਤੀਆਂ ਗੁਆਂਢੀ ਸੂਬਿਆਂ ਵੱਲੋਂ ਵਰਤਿਆ ਜਾ ਰਿਹਾ ਹੈ ਪਰ ਇਸ ਸੂਬੇ ਦੇ ਆਪਣੇ ਕਿਸਾਨ ਖੇਤੀ ਲਈ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ।

ਇਸ ਦਾ ਮੁੱਖ ਕਾਰਨ ਸਮੇਂ ਸਮੇਂ ਤੇ ਸੱਤਾ ਵਿਚ ਆਈਆਂ ਸਰਕਾਰਾਂ ਵੱਲੋਂ ਇਸ ਮੁੱਦੇ ਤੋਂ ਮੂੰਹ ਫੇਰਨਾ ਹੈ। ਇੱਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਹਰਿਆਣਾ ਸਰਕਾਰ ਵੱਲੋਂ ਦਿੱਲੀ ਨੂੰ ਦਿੱਤੇ ਜਾ ਰਹੇ ਪਾਣੀ ਦੀ ਕੀਮਤ ਵਸੂਲ ਕਰਨੀ ਸ਼ੁਰੂ ਕਰ ਦਿੱਤੀ ਹੈ, ਪੰਜਾਬ ਸਰਕਾਰ ਦਾ ਇਸ ਮੁੱਦੇ ਤੇ ਖਾਮੋਸ਼ ਹੋਣਾ ਕਈ ਪ੍ਰਕਾਰ ਦੇ ਪ੍ਰਸ਼ਨ ਖੜ੍ਹੇ ਕਰਦਾ ਹੈ।

2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੌਰੇ ਤੇ ਆਏ ਦਿੱਲੀ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਪਾਣੀਆਂ ਦੀ ਕੀਮਤ ਅਦਾ ਕਰਨ ਦਾ ਭਰੋਸਾ ਦਿੱਤਾ ਸੀ ਪਰ ਉਹ ਵੀ ਆਪਣੇ ਕੀਤੇ ਵਾਅਦੇ ਤੋਂ ਮੁੱਕਰ ਗਏ। ਕੇਂਦਰ ਸਰਕਾਰ ਦਾ ਵੀ ਇਸ ਮੁੱਦੇ ਤੇ ਪੰਜਾਬ ਨਾਲ ਅੱਖੜ ਰਵਈਆ ਰਿਹਾ ਹੈ। ਸੂਬੇ ਅੰਦਰ ਸੱਤਾ ਦੀ ਕੁਰਸੀ ਤੇ ਬੈਠੇ ਹੁਕਮਰਾਨਾਂ ਨੂੰ ਚਾਹੀਦਾ ਹੈ ਕਿ ਉਹ ਹੰਭਲਾ ਮਾਰ ਕੇ ਪੰਜਾਬ ਦੇ ਕੀਮਤੀ ਸਰੋਤ ਦੀ ਹੋ ਰਹੀ ਲੁੱਟ ਦਾ ਹਿਸਾਬ ਗੁਆਂਢੀ ਸੂਬਿਆਂ ਤੋਂ ਜ਼ਰੂਰ ਲੈਣ।

---

ਰਹਿੰਦਾ ਹੈ। ਕਰਮ ਸਦਾ ਹੀ ਜੀਂਵਦੇ ਉਹ ਬੰਦੇ, ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ...।

### ਮਿਹਰ ਦੀਨ ਰੁਸਤਮੇ ਹਿੰਦ

ਪਹਿਲਵਾਨ ਮਿਹਰ ਦੀਨ ਦੀ ਵਧੇਰੇ ਚੜ੍ਹਤ 1960 ਤੋਂ 70 ਵਿਚਕਾਰ ਰਹੀ। ਉਸ ਨੇ ਰੁਸਤਮੇ-ਹਿੰਦ, ਹਿੰਦ ਕੇਸਰੀ, ਭਾਰਤ ਕੇਸਰੀ, ਭਾਰਤ ਭੀਮ ਆਦਿ ਦੇ ਖਿਤਾਬ ਜਿੱਤਣ ਨਾਲ 33 ਗੁਰਜਾਂ ਜਿੱਤੀਆਂ ਤੇ ਇਰਾਨ ਤੋਂ ਗੋਲਡ ਮੈਡਲ ਜਿੱਤਿਆ। ਉਸ ਦੀ ਗੁੱਡੀ ਬੜੀ ਉੱਚੀ ਚੜ੍ਹੀ ਪਰ ਅਖੀਰ ਉਮਰੇ ਉਹ ਕੈਂਸਰ ਦਾ ਰੋਗੀ ਬਣ ਕੇ ਆਰਥਿਕ ਤੰਗੀ ਦੀ ਹਾਲਤ ਵਿਚ ਗੁਜ਼ਰਿਆ। ਅੰਤ ਵੇਲੇ ਸਰਕਾਰ ਨੇ ਉਹਦੀ ਕੋਈ ਸਾਰ ਨਾ ਲਈ। ਉਸ ਨੇ ਵਾਰ-ਵਾਰ ਦਾਰੇ ਨਾਲ ਘੁਲਣ ਦਾ ਚੈਲੰਜ ਕੀਤਾ ਪਰ ਕਿਤੇ ਵੀ ਉਨ੍ਹਾਂ ਦਾ ਘੋਲ ਹੋ ਨਾ ਸਕਿਆ। ਇਸ ਪ੍ਰਸੰਗ ਵਿਚ ਸ਼ਮਸ਼ੇਰ ਸਿੰਘ ਸੰਧੂ ਨੇ ਕਹਾਣੀ 'ਚੈਂਪੀਅਨ' ਲਿਖੀ ਜੋ ਮੇਰੀ ਪੁਸਤਕ 'ਸ਼ਬਦਾਂ ਦੇ ਖਿਡਾਰੀ' ਵਿਚ ਸ਼ਾਮਲ ਹੈ।

ਮਿਹਰ ਦੀਨ ਦਾ ਜੱਦੀ ਪੁਸ਼ਤੀ ਪਿੰਡ ਭੁੱਟੀ ਵਾਲਾ ਖਿੜਕੀਆਂ, ਜ਼ਿਲ੍ਹਾ ਮੁਕਤਸਰ ਵਿਚ ਹੈ। ਇਸੇ ਪਿੰਡ ਚ ਮਿਹਰ ਦੀਨ ਦੇ ਪਿਤਾ ਜਲਾਲ ਦੀਨ ਦਾ 1883 ਵਿਚ ਜਨਮ ਹੋਇਆ ਸੀ। ਉਹ ਲੁਹਾਰਾ ਕੰਮ ਕਰਨ ਦੇ ਨਾਲ ਪਹਿਲਵਾਨੀ ਤੇ ਸੌਂਚੀ ਪੱਕੀ ਦਾ ਸ਼ੌਂਕੀ ਸੀ। ਉਸ ਦੇ ਦੋ ਵਿਆਹ ਸਨ। ਪਹਿਲੇ ਵਿਆਹ ਦੇ ਤਿੰਨ ਮੁੰਡੇ, ਸ਼ੇਰ ਮੁਹੰਮਦ, ਸਰਦਾਰ ਮੁਹੰਮਦ, ਮਿਹਰ ਦੀਨ ਤੇ ਇਕ ਲੜਕੀ ਸੀ। ਦੂਜੇ ਵਿਆਹ ਦੇ ਛੇ ਮੁੰਡੇ ਤੇ ਦੋ ਲੜਕੀਆਂ ਸਨ। ਮਿਹਰ ਦੀਨ ਦੇ ਦੋ ਪੁੱਤਰ ਮੁਹੰਮਦ ਰਸ਼ੀਦ ਤੇ ਅਬਦੁੱਲ ਮਜ਼ੀਦ ਹਨ ਅਤੇ ਇਕ ਧੀ ਹੈ। ਵੱਡਾ ਪੁੱਤਰ ਅਮਰੀਕਾ ਦਾ ਵਸਨੀਕ ਹੈ।

ਮਿਹਰ ਦੀਨ ਬੇਸ਼ਕ ਲੁਹਾਰ ਮੁਸਲਮਾਨ ਸੀ ਪਰ ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ। ਦਿਨ ਸੁਦ ਤੇ ਉਹ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਵੀ ਕਰਾਉਂਦਾ ਤੇ ਗੁਰੂ ਘਰ ਮੱਥਾ ਟੇਕਣ ਜਾਂਦਾ। ਉਹਦਾ ਜਨਮ 20 ਅਗੱਸਤ 1937 ਨੂੰ ਪਿੰਡ ਤਾਮਕੋਟ, ਤਸੀਲ ਪਦਮਪੁਰ, ਜ਼ਿਲ੍ਹਾ ਗੰਗਾ ਨਗਰ ਵਿਚ ਹੋਇਆ ਸੀ। ਪਹਿਲਾਂ ਪਹਿਲ ਉਸ ਨੇ ਪਿੰਡ ਦੇ ਹੀ ਪਹਿਲਵਾਨ ਬੁੱਗਰ ਸਿੰਘ ਨਾਲ ਜ਼ੋਰ ਕਰਿਆ।

ਫਿਰ ਜੀਂਦ ਦੇ ਬਖਸ਼ੀਸ਼ ਸਿੰਘ ਨੂੰ ਗੁਰੂ ਧਾਰਨ ਕੀਤਾ। ਕੁਝ ਸਮਾਂ ਧੂਰੀ ਖੜਕ ਸਿੰਘ ਬਾਲੀਆਂ ਪਾਸ ਜ਼ੋਰ ਕਰਿਆ। 21 ਸਾਲ ਦੀ ਉਮਰ ਵਿਚ ਬਿਲਾਸਪੁਰ (ਹਿਮਾਚਲ) ਨਿਲਵਾੜੀ ਮੇਲੇ ਵਿਚ ਮਾਝੇ ਦੇ ਪਹਿਲਵਾਨ ਚੈਨ ਸਿੰਘ ਨੂੰ ਹਰਾ ਕੇ ਪਹਿਲੀ ਗੁਰਜ ਜਿੱਤੀ। ਫੇਰ ਤਾਂ ਗੁਰਜਾਂ ਜਿੱਤਣ ਦੀ ਚੱਲ ਸੋ ਚੱਲ ਹੋ ਗਈ।

ਉਹਦਾ ਕੱਦ ਛੇ ਫੁੱਟ ਤਿੰਨ ਇੰਚ ਸੀ ਤੇ ਵਜ਼ਨ ਤਿੰਨ ਮਣ ਤੋਂ ਉਤੇ। ਮੁੱਛਾਂ ਰੋਹਬਦਾਰ ਸਨ ਤੇ ਸਰੀਰ ਸਡੌਲ ਸੀ। ਉਸ ਨੇ ਬੰਤੇ ਵਲਟੋਹੇ, ਵੱਸਣ ਸੇਰੋਂ, ਜੋਗਿੰਦਰ ਕਕਰਾਲਾ, ਸੰਤੋਖਾ ਬਹਾਦਰ ਨਗਰੀਆ, ਫੱਤਾ ਆਲਮਗੀਰੀਆ ਤੇ ਸੈਫ ਜੱਟ ਕਸਾਈ ਮੰਡੀ ਲੌਧਰਾ ਨੂੰ ਮੁਲਤਾਨ ਵਿਚ ਹਰਾਇਆ। ਫੇਰ ਤਾਂ ਉਹਦੀਆਂ ਸਾਰੇ ਭਾਰਤ ਵਿਚ ਚੜ੍ਹ ਮੱਚੀਆਂ। ਸੁਖਵੰਤ ਸਿੱਧੂ, ਦਾਦੂ ਚੌਗਲੇ, ਚੰਦਗੀ ਰਾਮ, ਮਾਰੂਤੀ ਮਾਨੇ, ਭੀਮ ਤੇ ਵਿਸ਼ਵਨਾਥ ਸਿੰਘ ਨੂੰ ਹਰਾਉਂਦਾ ਗਿਆ ਅਤੇ ਇਰਾਨ ਤੋਂ ਇੰਟਰਨੈਸ਼ਨਲ ਗੋਲਡ ਮੈਡਲ ਜਿੱਤਿਆ।

ਮਿਹਰ ਦੀਨ ਨੇ ਦਾਰੇ ਪਹਿਲਵਾਨ ਦੀ ਰੀਸ ਨਾਲ ਕੁਝ ਫਿਲਮਾਂ ਵਿਚ ਵੀ ਰੋਲ ਅਦਾ ਕੀਤਾ ਜਿਨ੍ਹਾਂ ਵਿਚ 'ਅੰਗਰੇਜ਼ਣ' ਤੇ 'ਚਾਂਦ ਕੀ ਸੈਰ' ਸ਼ਾਮਲ ਹਨ। ਉਹ ਜਿਥੇ ਰੁਸਤਮ ਪਹਿਲਵਾਨ ਸੀ, ਉਥੇ ਰੁਮਾਂਟਿਕ ਤੇ ਆਦਰਸ਼ਵਾਦੀ ਕਵੀ ਵੀ ਸੀ:

ਮਸਤ ਰੁੱਤ ਹੋਵੇ ਦਿਲਬਰ ਪਾਸ ਹੋਵੇ,
ਬਸੰਤ ਬਹਾਰ ਤੇ ਉਪਰੋਂ ਸ਼ਾਮ ਹੋਵੇ।
ਮੱਠਾ ਮੱਠਾ ਸਰੂਰ ਵਿਚ ਅੱਖੀਆਂ ਦੇ,
ਯਾਰ ਮਿਲਣ ਆਇਆ ਸ਼ਰੇਆਮ ਹੋਵੇ।
ਦੇਸੀ ਘਿਉ ਚ ਭੁੰਨਿਆ ਹੋਵੇ ਮੁਰਗਾ,
ਪਾਇਆ ਵਿਚ ਗਲਾਸ ਦੇ ਜਾਮ ਹੋਵੇ।
ਹੋਰ ਕੁਝ ਨਹੀਂ ਚਾਹੀਦਾ ਮਿਹਰ ਤੇਰੀ,
ਸਿਰਫ ਤੂੰ ਹੋਵੇਂ ਤੇ ਪੱਲੇ ਦਾਮ ਹੋਵੇ।
ਲਾਜ ਲੱਗੀਆਂ ਦੀ ਰੱਖੀਂ ਸੱਜਣਾਂ ਉਏ,
ਕਿਤੇ ਐਵੇਂ ਨਾ 'ਮਿਹਰ' ਬਦਨਾਮ ਹੋਵੇ।
ਮਾਪੇ ਜਨਮ ਦਿੰਦੇ, ਰੱਬ ਕਰਮ ਦਿੰਦਾ,
ਉਥੇ ਗੁਰੂ ਦਾ ਤੀਜਾ ਅਸਥਾਨ ਬਣਦਾ।
ਰੱਖੀ ਸ਼ੁਰੂ ਤੋਂ ਹੀ ਚੰਗੀ ਨੀਂਹ ਹੋਵੇ,
ਚੰਗਾ ਓਸ ਦੇ ਉਤੇ ਮਕਾਨ ਬਣਦਾ।
ਜੇਕਰ ਰੱਬ ਦੇਵੇ ਹੱਥ ਘੁੱਟੀਏ ਨਾ,
ਕਰਨਾ ਸਦਾ ਗਰੀਬ ਨੂੰ ਦਾਨ ਬਣਦਾ।
ਧੜਕਣ ਲੋਕਾਂ ਦੇ ਦਿਲਾਂ ਦੀ ਬਣ ਜਾਂਦਾ,
ਹਰ ਬੰਦੇ ਦੀ ਜਾਣ ਪਹਿਚਾਣ ਬਣਦਾ।
ਮਿਹਰ ਰੱਬ ਦੀ ਹੋਵੇ ਜੇ ਮਿਹਰ ਦੀਨਾ,
ਫੇਰ ਆਣ ਕੇ ਬੰਦਾ ਬਲਵਾਨ ਬਣਦਾ।

*ਮਿਹਰ ਦੀਨ ਬੇਸ਼ਕ ਲੁਹਾਰ ਮੁਸਲਮਾਨ ਸੀ ਪਰ ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ। ਦਿਨ ਸੁਦ ਤੇ ਉਹ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਵੀ ਕਰਾਉਂਦਾ ਤੇ ਗੁਰੂ ਘਰ ਮੱਥਾ ਟੇਕਣ ਜਾਂਦਾ। ਉਹਦਾ ਜਨਮ 20 ਅਗਸਤ 1937 ਨੂੰ ਪਿੰਡ ਤਾਮਕੋਟ, ਤਸੀਲ ਪਦਮਪੁਰ, ਜ਼ਿਲ੍ਹਾ ਗੰਗਾ ਨਗਰ ਵਿਚ ਹੋਇਆ ਸੀ। ਪਹਿਲਾਂ ਪਹਿਲ ਉਸ ਨੇ ਪਿੰਡ ਦੇ ਹੀ ਪਹਿਲਵਾਨ ਬੁੱਗਰ ਸਿੰਘ ਨਾਲ ਜ਼ੋਰ ਕਰਿਆ।*

ਮਿਹਰ ਦੀਨ ਪੂੰਜੀਪਤੀਆਂ ਤੇ ਟਕੋਰ ਕਰਦਾ ਕਹਿੰਦਾ ਰਿਹਾ, ਜਿਨ੍ਹਾਂ ਨੇ ਜਹਾਨ ਤੇ ਠੱਗੀਆਂ ਮਾਰ ਕੇ ਮਾਇਆ ਇਕੱਠੀ ਕੀਤੀ ਹੈ, ਉਹਨਾਂ ਦੀ ਅਗਲੇ ਜਹਾਨ ਵਿਚ ਕੀਮਤ ਧੇਲਾ ਵੀ ਨਹੀਂ ਪੈਣੀ। ਉਹ ਇਹ ਗੱਲ ਮਾਣ ਨਾਲ ਕਹਿੰਦਾ ਰਿਹਾ- 'ਅਸੀਂ ਕੁਸ਼ਤੀ ਕਲਾ ਵਿਚ ਮਿਹਨਤ ਕੀਤੀ, ਤਾਂ ਜਾ ਕੇ ਰੱਬ ਦੀ ਮਿਹਰ ਹੋਈ ਤੇ ਅਸੀਂ ਪਹਿਲਵਾਨ ਬਣਨ ਜੋਗੇ ਹੋਏ। ਮਿਹਰ ਦੀਨ ਨੇ ਪਹਿਲਵਾਨੀ ਕਰਦਿਆਂ ਕਈ ਮੁਲਕ ਗਾਹੇ ਤੇ ਨਾਮਣਾ ਖੱਟਿਆ। ਪਹਿਲੀ ਉਮਰ ਦਾ ਵਧੇਰੇ ਸਮਾਂ ਤਾਮ ਕੋਟ ਵਿਚ ਰਹਿਣ ਪਿੱਛੋਂ ਉਹ ਪਿਛਲੀ ਉਮਰੇ ਨਕੋਦਰ ਨੇੜੇ ਸ਼ਾਹਕੋਟ ਵਸ ਗਿਆ ਸੀ ਜਿਸ ਕਰਕੇ ਉਸ ਨੂੰ ਸ਼ਾਹਕੋਟੀਆਂ ਮਿਹਰ ਦੀਨ ਕਿਹਾ ਜਾਣ ਲੱਗਾ ਸੀ। ਮਿਹਰ ਦੀਨ ਦਾ ਪਰਿਵਾਰ ਕਾਫੀ ਵੱਡਾ ਸੀ ਜਿਸ ਕਰਕੇ ਘਰ ਚ ਰੌਣਕ ਲੱਗੀ ਰਹਿੰਦੀ ਤੇ ਮਿੱਤਰਾਂ ਦੀ ਮਹਿਫਲ ਸਜਦੀ ਰਹਿੰਦੀ ਸੀ। ਅਖੀਰ ਉਮਰੇ ਉਸ ਨੇ ਲਿਖਿਆ:

ਕਿਸ ਤਰ੍ਹਾਂ ਹੁੰਦੀ ਸੀ
ਮਹਿਫਲ ਹਰ ਸ਼ਾਮ ਸਵੇਰੇ,
ਉਹ ਸ਼ਾਮਾਂ ਨਾ ਰਹੀਆਂ
ਉਹ ਸਵੇਰੇ ਨਾ ਰਹੇ।
ਕਿਸ ਤਰ੍ਹਾਂ ਹੁੰਦੀ ਸੀ
ਬਹਾਰ ਹਮਸਾਇਆਂ ਦੀ ਛੱਤ ਤੇ,
ਨਾ ਉਹ ਛੱਤਾਂ ਰਹੀਆਂ
ਨਾ ਉਹ ਬਨੇਰੇ ਰਹੇ।
ਧਾਰ ਕੱਢਣ ਵੇਲੇ ਆਉਂਦਾ ਸੀ
ਕੱਚੇ ਦੁੱਧ ਤੇ ਮੱਖਣ,
ਨਾ ਉਹ ਮੱਝਾਂ ਰਹੀਆਂ
ਨਾ ਉਹ ਲਵੇਰੇ ਰਹੇ।

ਭਲਵਾਨੀ ਦਾਅ ਪੇਚਾਂ ਬਾਰੇ ਮਿਹਰ ਦੀਨ ਲਿਖਦਾ ਹੈ:

ਭਲਵਾਨ ਵੇਖਣੇ ਨੂੰ ਸੋਹਣੇ ਲੱਗਦੇ ਨੇ,
ਹੁੰਦਾ ਕੰਮ ਨਹੀਂ ਇਹ ਆਸਾਨੀਆਂ ਦਾ।
ਸਦਾ ਉਸਤਾਦਾਂ ਦੇ ਤਾਬਿਆਦਾਰ ਰਹਿਣਾ,
ਨਹੀਂ ਕੰਮ ਇਹ ਮਨਮਾਨੀਆਂ ਦਾ।
ਧੋਬੀ, ਢਾਕ, ਕਲਾਜੰਗ, ਉਸਤਾਦ ਦੱਸਣ,
ਛੁੱਟਾ ਤੀਰ ਨਾ ਮੁੜੇ ਮੁਲਤਾਨੀਆਂ ਦਾ।
ਵੱਡਾ ਸਭਨਾਂ ਤੋਂ ਦਾਅ ਹੈ ਮਿਹਰ ਦੀਨਾਂ,
ਓਸ ਖੁਦਾ ਦੀਆਂ ਮਿਹਰਬਾਨੀਆਂ ਦਾ।

ਅਖੀਰ ਵਿਚ ਪਿਆਰਾ ਸਿੰਘ ਉਸ ਚਿੱਠੀ ਦਾ ਹਵਾਲਾ ਦਿੰਦਾ ਹੈ ਜੋ ਮਿਹਰ ਦੀਨ ਨੇ ਉਸ ਨੂੰ ਲਿਖੀ ਸੀ:

ਮਿਹਰ ਦੀਨ ਸਰਕਾਰ ਤੇ ਗਿਲਾ ਕਰਦਾ ਹੈ ਕਿ ਦੇਸ਼ ਦੀ ਗੰਦੀ ਰਾਜਨੀਤੀ ਨੇ ਮੇਰਾ ਪਹਿਲਵਾਨੀ ਤੇ ਆਰਥਿਕ ਖੇਤਰ ਪਿਛਾੜ ਕੇ ਰੱਖ ਦਿੱਤਾ। ਉਸ ਨੂੰ ਕਈ ਵਾਰ ਏਸ਼ਿਆਈ ਖੇਡਾਂ ਚ ਭਾਗ ਲੈਣੋਂ ਲਾਂਭੇ ਰੱਖਿਆ ਗਿਆ। ਨਾ ਸਰਕਾਰ ਨੇ ਨੌਕਰੀ ਦਿੱਤੀ ਤੇ ਨਾ ਕੋਈ ਪੈਨਸ਼ਨ ਲਾਈ। ਆਖਰੀ ਉਮਰੇ ਉਹ ਸ਼ਾਹਕੋਟ ਵਿਚ ਨਾਮੁਰਾਦ ਬਿਮਾਰੀ ਕੈਂਸਰ ਨਾਲ ਜੂਝਦਾ ਫੌਤ ਹੋਇਆ। ਤਾਮਕੋਟ ਦੇ ਜੰਮੇ ਨੂੰ ਸ਼ਾਹਕੋਟ ਵਿਚ ਦਫਨਾਇਆ ਗਿਆ। ਉਸ ਨੇ ਲਿਖਿਆ ਸੀ:

ਸੁੰਨੇ ਪਿਆਰ ਤੇ ਸੱਖਣੇ ਹਾਸਿਆਂ ਨੂੰ,
ਮੇਰਾ ਰੱਜ ਕੇ ਰੋਣ ਨੂੰ ਜੀ ਕਰਦਾ।
ਜਿਹੜੇ ਰੱਬ ਨੂੰ ਮਜ਼੍ਹਬਾਂ ਨੇ ਕੈਦ ਕੀਤਾ,
ਕਾਫਰ ਓਸ ਤੋਂ ਹੋਣ ਨੂੰ ਜੀਅ ਕਰਦਾ।
ਇਕੋ ਨੂਰ ਤੇ ਬੰਦੇ ਦੀ ਜਾਤ ਬੰਦਾ,
ਜੁਦਾ ਫੇਰ ਕਿਉਂ ਹੋਣ ਨੂੰ ਜੀਅ ਕਰਦਾ।
ਮਿਹਰ ਮਣਕੇ ਨੇ ਮੌਲਾ ਦੀ ਤਸਬੀ ਦੇ,
ਧਾਗੇ ਵਿਚ ਪਰੋਣ ਨੂੰ ਜੀਅ ਕਰਦਾ।

# ਜਿਊਣ ਦੀ ਜਾਚ ਸਿਖਾਊਂਦੇ ਜਿਊੜੇ

**ਮਾਓਵਾਦੀ ਪਾਰਟੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਆਰ.ਕੇ. (ਅੱਕੀਰਾਜੂ ਹਰਗੋਪਾਲ) ਪਿਛਲੇ ਦਿਨੀਂ ਗੰਭੀਰ ਬਿਮਾਰ ਰਹਿਣ ਤੋਂ ਬਾਅਦ ਬਸਤਰ ਦੇ ਜੰਗਲਾਂ ਵਿਚ ਸਦੀਵੀ ਵਿਛੋੜਾ ਦੇ ਗਏ। ਉਹ 70ਵਿਆਂ ਦੇ ਅਖੀਰ ਵਿਚ ਪੀਪਲਜ਼ ਵਾਰ ਗਰੁੱਪ ਵਿਚ ਸ਼ਾਮਿਲ ਹੋਏ ਸਨ। ਸੀਨੀਅਰ ਮਾਓਵਾਦੀ ਆਗੂ ਆਰ.ਕੇ. ਨੇ ਸਤੰਬਰ 2004 ਵਿਚ ਜੰਗਲਾਂ ਵਿਚੋਂ ਬਾਹਰ ਆ ਕੇ ਆਂਧਰਾ ਸਰਕਾਰ ਨਾਲ ਗੱਲਬਾਤ ਕਰਨ ਵਾਲੇ ਮਾਓਵਾਦੀ ਵਫਦ ਦੀ ਅਗਵਾਈ ਕੀਤੀ ਸੀ। ਗੱਲਬਾਤ ਨਾਕਾਮ ਰਹੀ ਅਤੇ ਮਾਓਵਾਦੀ ਛਾਪਾਮਾਰ ਜੰਗਲਾਂ ਵਿਚ ਪਰਤ ਗਏ ਪਰ ਉਨ੍ਹਾਂ ਦੀ ਸ਼ਨਾਖਤ ਕਰਨ ਤੋਂ ਬਾਅਦ ਪੁਲਿਸ ਨੇ ਵਾਅਦਾ-ਖਿਲਾਫੀ ਕਰਦਿਆਂ ਉਨ੍ਹਾਂ ਨੂੰ ਘੇਰ-ਘੇਰ ਕੇ ਕਥਿਤ ਮੁਕਾਬਲਿਆਂ ਵਿਚ ਕਤਲ ਕਰਨਾ ਸ਼ੁਰੂ ਕਰ ਦਿੱਤਾ। ਨਕਸਲੀਆਂ ਨਾਲ ਨਜਿੱਠਣ ਦੇ ਨਾਂ 'ਤੇ ਬਣਾਏ ਵਿਸ਼ੇਸ਼ ਕਮਾਂਡੋਜ਼ 'ਗਰੇਅ ਹਾਊਂਡਜ਼' ਨੇ ਉਨ੍ਹਾਂ ਨੂੰ ਕਈ ਵਾਰ ਘੇਰਾ ਪਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਕੇ ਨਿਕਲਦੇ ਰਹੇ। ਅਕਤੂਬਰ 2016 ਵਿਚ ਉਨ੍ਹਾਂ ਦਾ 17 ਸਾਲ ਦਾ ਪੁੱਤਰ ਮੁੰਨਾ ਮਲਕਾਨਗਿਰੀ ਜ਼ਿਲ੍ਹੇ ਦੇ ਜੰਗਲਾਂ ਵਿਚ 23 ਹੋਰ ਮਾਓਵਾਦੀਆਂ ਸਮੇਤ ਇਕ ਮੁਕਾਬਲੇ ਵਿਚ ਮਾਰਿਆ ਗਿਆ। ਇਹ ਉਨ੍ਹਾਂ ਲਈ ਅਸਹਿ ਸਦਮਾ ਸੀ ਪਰ ਉਨ੍ਹਾਂ ਨੇ ਆਪਣੀ ਇਨਕਲਾਬੀ ਲੜਾਈ ਜਾਰੀ ਰੱਖੀ। ਉਨ੍ਹਾਂ ਦੀ ਪਤਨੀ ਕੰਦੁਲਾ ਸਿਰੀਸ਼ਾ ਨੇ ਆਰ.ਕੇ. ਅਤੇ ਆਪਣੇ ਪੁੱਤਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਯਾਦਾਂ ਦਾ ਤੇਲਗੂ ਤੋਂ ਹਿੰਦੀ ਅਨੁਵਾਦ ਮਰਹੂਮ ਆਗੂ ਚੇਰੀਕੁਰੀ ਰਾਜ ਕੁਮਾਰ ਉਰਫ ਆਜ਼ਾਦ ਦੀ ਜੀਵਨ ਸਾਥਣ ਐਡਵੋਕੇਟ ਪਦਮਾ ਨੇ ਕੀਤਾ ਜੋ ਖੁਦ ਉੱਘੀ ਔਰਤ ਕਾਰਕੁਨ ਰਹੀ ਹੈ।**





*ਅੱਕੀਰਾਜੂ ਹਰਗੋਪਾਲ ਦੀ ਇਕ ਤਸਵੀਰ ਅਤੇ (ਸੱਜੇ) ਆਪਣੇ ਸਾਥੀਆਂ ਨਾਲ ਅੱਕੀਰਾਜੂ ਹਰਗੋਪਾਲ।*

ਮੈਂ ਜਾਣਦੀ ਸੀ ਕਿ ਆਰ.ਕੇ. (ਰਾਮਾਕ੍ਰਿਸ਼ਨਾ) ਦੀ ਸਿਹਤ ਠੀਕ ਨਹੀਂ ਹੈ ਪਰ ਇਹ ਨਹੀਂ ਸੋਚਿਆ ਸੀ ਕਿ ਇਹ ਇੰਨਾ ਗੰਭੀਰ ਮਾਮਲਾ ਹੋਵੇਗਾ। ਔਖੇ ਵੇਲੇ ਉਸ ਦੇ ਨਾਲ ਹੋਣ ਦੀ ਪੀੜਾ ਮੈਨੂੰ ਦੁਖੀ ਕਰਦੀ ਹੈ। ਮੈਂ ਆਰ.ਕੇ. ਤੋਂ ਬਹੁਤ ਕੁਝ ਸਿੱਖਿਆ ਹੈ। ਉਸ ਲਈ ਇਨਕਲਾਬੀ ਲਹਿਰ ਦਾ ਹਿਤ ਹੀ ਸਭ ਤੋਂ ਉੱਪਰ ਅਤੇ ਮਹੱਤਵਪੂਰਨ ਸੀ। ਉਹ ਚਾਹੁੰਦੇ ਸਨ ਕਿ ਮੇਰਾ ਵੱਧ ਤੋਂ ਵੱਧ ਸਿਆਸੀ ਵਿਕਾਸ ਹੋਵੇ ਪਰ ਜ਼ਿੰਮੇਵਾਰੀਆਂ ਕਾਰਨ ਮੈਨੂੰ ਵਕਤ ਨਹੀਂ ਦੇ ਸਕੇ।



ਸ਼ੁਰੂ ਵਿਚ ਮੈਂ ਰਾਮਾਕ੍ਰਿਸ਼ਨਾ ਨੂੰ ਥੋੜ੍ਹਾ ਪਰੇਸ਼ਾਨ ਕਰਦੀ ਸੀ- "ਆਪਣੀ ਨਿਸ਼ਾਨੀ ਵਜੋਂ ਮੈਨੂੰ ਇਕ ਸਾੜ੍ਹੀ ਲੈ ਦਿਓ" ਪਰ ਉਹ ਕਹਿੰਦੇ, "ਕਾਮਰੇਡ, ਤੈਨੂੰ ਜੋ ਪਸੰਦ ਹੈ, ਖਰੀਦ ਲੈ।" ਉਸ

**ਕੰਦੁਲਾ ਸਿਰੀਸ਼ਾ**
**ਪੇਸ਼ਕਸ਼: ਬੂਟਾ ਸਿੰਘ**

ਵਕਤ ਸਾਡੇ ਦਰਮਿਆਨ ਛੋਟੇ-ਮੋਟੇ ਝਗੜੇ ਹੁੰਦੇ ਰਹਿੰਦੇ ਸਨ। ਮੈਂ ਕਹਿੰਦੀ- "ਤੁਹਾਨੂੰ ਬਾਬੂ ਦੇ ਜਨਮ ਦਿਨ 'ਤੇ ਸਾਡੇ ਕੋਲ ਰਹਿਣਾ ਪੈਣਾ ਹੈ।" ਉਹ ਕਹਿੰਦੇ- "ਮੈਨੂੰ ਜਾਣਾ ਪੈਣਾ ਹੈ।" ਮੈਂ ਕਹਿੰਦੀ- "ਥੋੜ੍ਹਾ ਵਕਤ ਮੈਨੂੰ ਵੀ ਦਿਓ।" ਉਹ ਹਮੇਸ਼ਾ ਲਿਖਣ-ਪੜ੍ਹਨ ਲਈ ਬੈਠ ਜਾਂਦੇ ਅਤੇ ਫਿਰ ਕਹਿੰਦੇ- "ਮੁਆਫੀ ਚਾਹੁੰਦਾ ਹਾਂ ਕਾਮਰੇਡ! ਕਿਸੇ ਕੰਮ 'ਚ ਜੁੱਟ ਗਿਆ ਅਤੇ ਭੁੱਲ ਗਿਆ।"

ਉਨ੍ਹਾਂ ਦਾ ਅਨੁਸ਼ਾਸਨ ਅਤੇ ਵਚਨਬੱਧਤਾ ਮੈਨੂੰ ਹਮੇਸ਼ਾ ਹੈਰਾਨ ਕਰਦੀ ਸੀ। ਆਪਣੇ ਪਿਆਰ ਦੀ ਨਿਸ਼ਾਨੀ ਵਜੋਂ ਮੈਂ ਉਸ ਨੂੰ ਸ਼ਾਲ, ਸਵੈਟਰ, ਕਮੀਜ਼ ਭੇਜਦੀ ਜੋ ਉਹ ਲੋੜਵੰਦਾਂ ਨੂੰ ਦੇ ਦਿੰਦੇ। ਪਤਾ ਲੱਗਣ 'ਤੇ ਮੈਂ ਪੁੱਛਿਆ- "ਮੇਰੇ ਭਾਗ ਕਾਮਰੇਡ।" ਉਹ ਹੱਸ ਕੇ ਬੋਲੇ- "ਤੇਰੀਆਂ ਯਾਦਾਂ ਮੇਰੇ ਦਿਲ 'ਚ ਹਨ, ਉਨ੍ਹਾਂ ਚੀਜ਼ਾਂ 'ਚ ਨਹੀਂ ਹਨ ਕਾਮਰੇਡ।" ਐਸੇ ਕਈ ਮੌਕਿਆਂ 'ਤੇ ਮੈਂ ਨਿੱਜੀ ਹਿੱਤਾਂ ਨੂੰ ਪਹਿਲ ਦੇ ਕੇ ਨਜਿੱਠਿਆ ਪਰ ਉਨ੍ਹਾਂ ਨੇ ਜਿਸ ਤਰ੍ਹਾਂ ਮੇਰੇ ਨਾਲ ਵਰਤਾਓ ਕੀਤਾ, ਉਸ ਨੇ ਮੈਨੂੰ ਇਨਕਲਾਬੀ ਜ਼ਿੰਮੇਵਾਰੀ ਚੇਤੇ ਕਰਾ ਦਿੱਤੀ। ਇਹ ਸਭ ਮੇਰੇ ਕੋਲ ਮਹਿਫੂਜ਼ ਮਿੱਠੀਆਂ ਯਾਦਾਂ ਹਨ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਨਕਲਾਬੀ ਲੋਕ ਬੜੇ ਪੇਚੀਦਾ ਹੁੰਦੇ ਹਨ ਪਰ ਅਸਲ ਵਿਚ ਉਨ੍ਹਾਂ ਵਰਗੇ ਕੋਮਲ ਅਤੇ ਪਿਆਰ ਭਰੇ ਸੁਭਾਅ ਦੇ ਲੋਕ ਆਮ ਸਾਧਾਰਨ ਸਮਾਜ ਵਿਚ ਘੱਟ ਹੀ ਨਜ਼ਰ ਆਉਂਦੇ ਹਨ। ਆਰ.ਕੇ. ਦੀ ਸ਼ਖਸੀਅਤ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦਾ ਦਿਲ ਬਹੁਤ ਬੜਾ ਹੈ ਜੋ ਮੇਰੀ ਨੁਕਤਾਚੀਨੀ ਨੂੰ ਵੀ ਸਵੀਕਾਰ ਕਰ ਸਕਦਾ ਹੈ।

### ਲਹਿਰ ਅੰਦਰ ਮੇਰੀ ਜ਼ਿੰਦਗੀ

ਅਲਕੁਰਾਪਾਡੂ ਪ੍ਰਕਾਸ਼ਮ ਜ਼ਿਲ੍ਹੇ ਦਾ ਇਕ ਪਿੰਡ ਹੈ। ਸਾਡੇ ਮਾਤਾ-ਪਿਤਾ ਖੇਤ ਮਜ਼ਦੂਰ ਸਨ। ਅਸੀਂ ਪੰਜ ਭੈਣਾਂ ਹਾਂ। ਮੈਂ ਉਨ੍ਹਾਂ ਸਾਰਿਆਂ ਵਿਚੋਂ ਸਭ ਤੋਂ ਛੋਟੀ ਸੀ। ਸਾਨੂੰ ਸਕੂਲ ਦੇ ਪਿਛਲੇ ਬੈਂਚ 'ਤੇ ਬੈਠਣ ਲਈ ਮਜਬੂਰ ਕਰਨਾ ਅਤੇ ਭੂਮੀਪਤੀਆਂ ਦੇ ਪਿੰਡ ਆਉਣ 'ਤੇ ਮੇਰੇ ਮਾਤਾ-ਪਿਤਾ ਦਾ ਉੱਠ ਕੇ ਖੜ੍ਹੇ ਹੋ ਜਾਣਾ, ਇਸ ਸਭ ਮੈਨੂੰ ਬਹੁਤ ਪਰੇਸ਼ਾਨ ਕਰਦਾ ਸੀ। ਉਸ ਸਮੇਂ ਮੈਂ ਆਪਣੇ ਜੀਜਾ ਜੀ ਕਲਿਆਣ ਰਾਓ (ਉਘੇ ਤੇਲਗ ਸਾਹਿਤਕ ਕਾਰਕੁਨ) ਰਾਹੀਂ ਘਰ 'ਚ ਆਉਂਦੇ ਸਾਹਿਤਕ ਰਸਾਲੇ 'ਸ੍ਰਿਜਨਾ' ਅਤੇ 'ਕ੍ਰਾਂਤੀ' ਪੜ੍ਹਦੀ ਹੁੰਦੀ ਸੀ। ਮੈਂ ਕਹਿ ਸਕਦੀ ਹਾਂ ਕਿ ਇਨ੍ਹਾਂ ਰਸਾਲਿਆਂ ਨੇ ਮੇਰੀ ਸੋਚ ਦਾ ਵਿਸਤਾਰ ਕੀਤਾ। ਆਪਣੀ ਭਾਬੀ ਦੇ ਜ਼ਰੀਏ ਮੇਰੀ ਜਾਣ-ਪਛਾਣ ਜਨ ਨਾਟਯ ਮੰਡਲੀ ਵਾਲਿਆਂ ਨਾਲ ਹੋਈ।

ਮੈਂ ਉਨ੍ਹਾਂ ਨਾਲ ਸਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜਿਸ ਤਰ੍ਹਾਂ ਪਰਿਵਾਰਾਂ ਵਿਚ ਮਰਦਾਵਾਂ ਜ਼ੁਲਮ ਹੁੰਦਾ ਹੈ ਅਤੇ ਸਮਾਜ ਵਿਚ ਜਾਤੀ ਵਿਤਕਰਾ ਹੁੰਦਾ ਹੈ, ਮੈਂ ਇਨਕਲਾਬੀ ਲਹਿਰ ਅਤੇ ਪਾਰਟੀ ਵਿਚ ਉਸ ਤਰ੍ਹਾਂ ਦਾ ਨਹੀਂ ਦੇਖਿਆ। ਇਸ ਤੋਂ ਇਲਾਵਾ, ਮੈਂ ਦੇਖਿਆ ਕਿ ਉੱਥੇ ਹਰ ਕੋਈ ਪਿਆਰ ਨਾਲ ਪੇਸ਼ ਆਉਂਦਾ ਹੈ। ਮੈਂ ਮਹਿਸੂਸ ਕੀਤਾ ਕਿ ਜਮਾਤੀ ਸੰਘਰਸ਼ ਹੀ ਸ਼ੋਸ਼ਣ ਅਤੇ ਦਾਬੇ ਨੂੰ ਖਤਮ ਕਰਨ ਦਾ ਅੰਤਿਮ ਹੱਲ ਹੈ। ਮੈਂ ਵੀ ਅੰਦੋਲਨ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ।

ਫਿਰ ਮੈਂ ਇਹ ਗੱਲ ਜਨ ਨਾਟਯ ਮੰਡਲੀ ਦੇ ਆਗੂਆਂ ਨੂੰ ਕਹੀ, 'ਮੈਂ ਕਿਸੇ ਪਾਰਟੀ ਕਾਰਕੁਨ ਨਾਲ ਵਿਆਹ ਕਰਨਾ ਚਾਹੁੰਦੀ ਹਾਂ।'

### ਸਾਡੀ ਪਹਿਲੀ ਜਾਣ-ਪਛਾਣ

ਇਕ ਦਿਨ ਓਂਗੋਲ 'ਚ ਕਾਮਰੇਡ ਸੂਰਿਅਮ ਨਾਲ ਆਰ.ਕੇ. ਵੀ ਜੀਜਾ ਜੀ ਦੇ ਘਰ ਆਏ। ਉਦੋਂ ਉਨ੍ਹਾਂ ਦੇ ਗੁਪਤ ਜੀਵਨ ਦਾ ਨਾਮ ਸ੍ਰੀਨਿਵਾਸ ਸੀ। ਮੈਂ ਉਸੇ ਘਰ ਵਿਚ ਰਹਿੰਦੀ ਸੀ ਅਤੇ 12ਵੀਂ ਜਮਾਤ ਵਿਚ ਪੜ੍ਹਦੀ ਸੀ। ਜਦੋਂ ਮੈਂ ਪਾਣੀ ਦਾ ਘੜਾ ਭਰ ਕੇ ਲਿਆ ਰਹੀ ਸੀ ਤਾਂ ਉਸ ਨੇ ਮੇਰੇ ਵੱਲ ਦੇਖਿਆ ਅਤੇ ਸੋਚਿਆ- "ਇਹ ਕੁੜੀ ਤਾਂ ਬਹੁਤ ਤਕੜੀ ਹੈ।" ਇਹ ਸਾਡੀ ਪਹਿਲੀ ਜਾਣ-ਪਛਾਣ ਸੀ। ਅਗਲੇ ਸਾਲ ਸੂਰਿਅਮ ਨੇ ਮੈਨੂੰ ਕਿਹਾ- "ਆਰ.ਕੇ. ਨਾਲ ਵਿਆਹ ਕਰਨਾ ਠੀਕ ਰਹੇਗਾ। ਇਸ ਬਾਰੇ ਸੋਚੋ।" ਪਹਿਲਾਂ-ਪਹਿਲ ਮੇਰੇ ਮਾਤਾ-ਪਿਤਾ ਨੂੰ ਇਹ ਵਿਚਾਰ ਪਸੰਦ ਨਹੀਂ ਆਇਆ ਕਿ ਮੈਂ ਕਿਸੇ ਪਾਰਟੀ ਵਾਲੇ ਨਾਲ ਵਿਆਹ ਕਰਾਂ ਪਰ ਮੈਂ ਸਹਿਮਤੀ ਜ਼ਾਹਿਰ ਕਰ ਦਿੱਤੀ; ਤੇ ਅਸੀਂ 11 ਅਕਤੂਬਰ 1988 ਨੂੰ ਤਰੋਵਾਗੁੰਟਾ ਵਿਚ ਕਲਿਆਣ ਰਾਓ ਦੇ ਘਰ 20 ਲੋਕਾਂ ਦੀ ਮੌਜੂਦਗੀ ਵਿਚ ਵਿਆਹ ਕਰਵਾ ਲਿਆ। ਅਸੀਂ ਤਿੰਨ ਸਾਲ ਇਕ ਘਰ ਵਿਚ ਇਕੱਠੇ ਰਹੇ। ਮੁੰਨਾ ਦੇ ਜਨਮ ਤੋਂ 6 ਮਹੀਨੇ ਬਾਅਦ ਹੀ ਉਹ ਇਨਕਲਾਬੀ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਏ। ਉਸ ਨੇ ਮੈਨੂੰ ਬੱਚੇ ਨੂੰ ਕਿਸੇ ਕੋਲ ਛੱਡ ਕੇ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ ਲਈ ਕਿਹਾ। ਮੈਂ ਕਿਹਾ- "ਮੈਂ ਬੱਚੇ ਨੂੰ ਨਹੀਂ ਛੱਡ ਸਕਦੀ।" ਉਸ ਨੇ ਕਿਹਾ- "ਜਿਵੇਂ ਤੇਰੀ ਮਰਜ਼ੀ।" ਮੈਂ ਬੱਚੇ ਨੂੰ ਲੈ ਕੇ ਮਾਂ ਦੇ ਘਰ ਆ ਗਈ। ਉਥੇ ਰਹਿੰਦਿਆਂ ਮੈਂ ਸਿਲਾਈ ਦਾ ਕੰਮ ਕਰਦੀ ਰਹੀ, ਤੇ ਬੱਚੇ ਦੀ ਪਰਵਰਿਸ਼ ਕੀਤੀ; ਹਾਲਾਂਕਿ ਮੈਂ ਕਦੇ-ਕਦੇ ਉਨ੍ਹਾਂ ਨੂੰ ਮਿਲਣ ਜਾਂਦੀ ਸੀ। ਇਕ ਵਾਰ ਮੈਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ, ਕੁਝ ਸਮਾਂ ਜੇਲ੍ਹ ਵਿਚ ਵੀ ਗੁਜ਼ਾਰਿਆ। ਉਸ ਤੋਂ ਬਾਅਦ ਮੈਂ ਉਨ੍ਹਾਂ ਨੂੰ ਕਦੇ ਨਹੀਂ ਮਿਲ ਸਕੀ।

### ਮੁੰਨਾ ਦੀ ਮਾਂ ਹੋਣ 'ਤੇ ਮਾਣ ਹੈ

ਇਕ ਦਿਨ ਟੀ.ਵੀ. ਉਪਰ ਰਾਮਾਕ੍ਰਿਸ਼ਨਾ ਦਾ ਇੰਟਰਵਿਊ ਦੇਖਦੇ ਹੋਏ ਮੁੰਨਾ ਨੇ ਪੁੱਛਿਆ, "ਉਹੀ ਮੇਰੇ ਪਿਤਾ ਨੇ, ਹੈ ਨਾ?"

"ਤੈਨੂੰ ਕਿਸ ਨੇ ਦੱਸਿਆ?"

"ਮੈਂ ਜਾਣਦਾ ਹਾਂ ਮਾਂ।"

ਜਦੋਂ ਮੈਂ ਇਹ ਗੱਲ ਆਰ.ਕੇ. ਨੂੰ ਦੱਸੀ ਤਾਂ ਉਨ੍ਹਾਂ ਨੇ ਪੁੱਛਿਆ- "ਉਸ ਦੀ ਪੜ੍ਹਾਈ ਤਾਂ ਬਥੇਰੀ ਹੋ ਗਈ, ਕੀ ਉਹ ਇਨਕਲਾਬੀ ਲਹਿਰ ਵਿਚ ਟਿਕ ਸਕੇਗਾ?"

ਮੈਂ ਗੁੱਸੇ ਵਿਚ ਕਿਹਾ- "ਮੁੰਨਾ ਉੱਥੇ ਨਹੀਂ ਰਹਿ ਸਕੇਗਾ... ਤੁਸੀਂ ਤਾਂ ਇਹ ਕਰ ਹੀ ਰਹੇ ਹੋ, ਤੁਸੀਂ ਉਸ ਨੂੰ ਵੀ ਲੈ ਜਾਣਾ ਚਾਹੁੰਦੇ ਹੋ?"

ਉਹ ਬੋਲੇ- "ਇਹ ਕੀ ਗੱਲ ਹੋਈ ਕਾਮਰੇਡ! ਅਸੀਂ ਦੂਜਿਆਂ ਨੂੰ ਇਹੀ ਤਾਂ ਕਹਿੰਦੇ ਹਾਂ ਨਾ?"

ਮੈਂ ਕਿਹਾ, "ਮੁੰਨਾ ਆਪ ਫੈਸਲਾ ਕਰੇਗਾ।"

ਪਿਉ ਅਤੇ ਪੁੱਤ ਦੋਵਾਂ ਦਾ ਸੁਭਾਅ ਇਕੋ ਜਿਹਾ ਸੀ। ਸਮਾਜ ਦੋਹਾਂ ਨੂੰ ਬਹੁਤ ਪਿਆਰਾ ਸੀ। 'ਮੁੰਨਾ ਜੋ ਮੇਰੇ ਬਿਨਾ ਇਕ ਦਿਨ ਵੀ ਨਹੀਂ ਰਹਿ ਸਕਦਾ ਸੀ, ਮੈਨੂੰ ਦੱਸੇ ਬਿਨਾ ਇਨਕਲਾਬ ਵਿਚ ਕੁੱਦ ਪਿਆ' ... ਮੈਨੂੰ ਇਹ ਸੁਣ ਕੇ ਬਹੁਤ ਅਚੰਭਾ ਹੋਇਆ ਕਿ ਉਹ ਕਿੰਨਾ ਵੱਡਾ ਹੋ ਗਿਆ ਸੀ। ਇਕ ਮੌਕੇ ਆਰ.ਕੇ. ਨੇ ਕਿਹਾ, "ਮੇਰੇ ਲਈ ਮੁੰਨਾ ਤੋਂ ਬਹੁਤ ਕੁਝ ਸਿੱਖਣ ਵਾਲਾ ਹੈ।" ਮੈਨੂੰ ਇਹੋ ਜਿਹੇ ਪੁੱਤਰ ਦੀ ਮਾਂ ਹੋਣ 'ਤੇ ਮਾਣ ਹੈ ਜਿਸ ਦੇ ਪੁੱਤਰ ਨੇ ਸਮਾਜ ਨੂੰ ਐਨਾ ਪਿਆਰ ਕੀਤਾ ਅਤੇ ਇੰਨੀ ਛੋਟੀ ਉਮਰ 'ਚ ਆਪਣੀ ਜਾਨ ਆਪਣੀ ਸੋਚ ਲਈ ਕੁਰਬਾਨ ਕਰ ਦਿੱਤੀ।

### ਹੱਥਾਂ 'ਚ ਹੱਥ ਪਾ ਕੇ

ਸ਼ਾਇਦ 25 ਸਾਲ ਪਹਿਲਾਂ ਹਰ ਰੋਜ਼ ਅਖਬਾਰਾਂ ਵਿਚ ਛਪਦੀਆਂ ਐਨਕਾਊਂਟਰਾਂ ਦੀਆਂ ਖਬਰਾਂ ਦੇਖ ਕੇ ਮੈਨੂੰ ਡਰ ਲੱਗਦਾ ਰਹਿੰਦਾ ਸੀ ਕਿ ਕਿਤੇ ਉਨ੍ਹਾਂ ਨੂੰ ਕੁਝ ਹੋ ਨਾ ਜਾਵੇ। ਮੈਂ ਆਰ.ਕੇ. ਨੂੰ ਮਿਲਣ 'ਤੇ ਇਹ ਕਿਹਾ ਅਤੇ ਫੁੱਟ-ਫੁੱਟ ਕੇ ਰੋਈ। ਉਸ ਨੇ ਮੇਰਾ ਹੱਥ ਆਪਣੇ ਹੱਥ ਵਿਚ ਲਿਆ ਅਤੇ ਕਿਹਾ- "ਮੈਨੂੰ 60 ਸਾਲ ਦਾ ਹੋਣ ਤੱਕ ਕੁਝ ਨਹੀਂ ਹੋ ਸਕਦਾ, ਮੈਂ ਇਸ ਤੋਂ ਅੱਗੇ ਕੁਝ ਨਹੀਂ ਕਹਿ ਸਕਦਾ।" ਉਸ ਨੇ ਮੈਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ- "ਤੂੰ ਨਿਰਾਸ਼ ਕਿਉਂ ਹੁੰਦੀ ਏਂ, ਡਰਨਾ ਇਨਕਲਾਬੀਆਂ ਦੀ ਖਾਸੀਅਤ ਨਹੀਂ ਹੈ।"

### ਵਿਆਹ ਦਾ ਕੇਕ

ਸਾਡੇ ਵਿਆਹ ਤੋਂ ਠੀਕ 10 ਸਾਲ ਬਾਅਦ 11 ਅਕਤੂਬਰ ਨੂੰ ਮੈਂ ਉਸ ਦੇ ਨਾਲ ਸੀ। ਉਹ ਕੋਈ ਖੁਫੀਆ ਮੀਟਿੰਗ ਕਰ ਰਹੇ ਸਨ। ਸਾਡੀ ਵਰ੍ਹੇਗੰਢ ਬਾਰੇ ਪਤਾ ਲੱਗਣ ਤੋਂ ਬਾਅਦ ਕੁਝ ਔਰਤ ਸਾਥੀਆਂ ਨੇ ਸੇਮੀਆਂ ਦੀ ਖੀਰ ਬਣਾ ਕੇ ਸਾਰਿਆਂ ਨੂੰ ਖਵਾਈ। ਪਤਾ ਲੱਗਦਿਆਂ ਹੀ ਆਰ.ਕੇ. ਫੁਸਫੁਸਾਏ- "ਇਹ ਤਾਂ ਬੁਰਜੂਆ ਕਲਚਰ ਏ ਸਾਥੀਓ।" ਇਕ ਸਾਥੀ ਨੇ ਕਿਹਾ, "ਕੀ ਇਨਕਲਾਬੀ ਇਨਸਾਨ ਨਹੀਂ ਹਨ? ਕੀ ਉਨ੍ਹਾਂ ਨੂੰ ਐਨੀ ਨਿੱਕੀ ਜਿਹੀ ਖੁਸ਼ੀ ਵੀ ਨਹੀਂ ਮਿਲਣੀ ਚਾਹੀਦੀ?"

ਆਰ.ਕੇ. ਨੇ ਮੇਰੇ ਨਾਲ ਜਿਸ ਤਰ੍ਹਾਂ ਦਾ ਸਲੂਕ ਕੀਤਾ, ਉਸ ਲਈ ਸਾਰਿਆਂ ਨੇ ਉਨ੍ਹਾਂ ਦੀ ਤਾਰੀਫ ਕੀਤੀ। ਉਹ ਇੰਨਾ ਸੰਜਮੀ ਸੀ, ਇੰਨਾ ਮਿੱਠ ਬੋਲੜਾ ਅਤੇ ਇਸ ਤੋਂ ਜ਼ਿਆਦਾ ਪ੍ਰੇਮ ਦੀ ਮੂਰਤ ਸੀ। ਅਜਿਹੇ ਮਹਾਨ ਇਨਸਾਨ ਦੀ ਜੀਵਨ ਸਾਥੀ ਬਣ ਕੇ ਮੈਨੂੰ ਖੁਸ਼ੀ ਹੋਈ।

### ਸੁਪਨਾ ਨਹੀਂ... ਜ਼ਿੰਦਗੀ ਕੀਮਤੀ ਹੈ

ਆਰ.ਕੇ. ਨੂੰ ਚਾਰਲੀ ਚੈਪਲਿਨ ਦੀਆਂ ਫਿਲਮਾਂ ਬਹੁਤ ਪਸੰਦ ਸਨ। ਉਹ ਗੀਤਾਂ ਵਿਚ ਅਕਸਰ ਤੈਲਗੂ ਅਤੇ ਹਿੰਦੀ ਫਿਲਮਾਂ ਦੇ ਪੁਰਾਣੇ ਗੀਤ ਸੁਣਦੇ ਸਨ। ਉਨ੍ਹਾਂ ਵਿਚੋਂ ਸ੍ਰੀ ਸ੍ਰੀ ਦਾ ਫਿਲਮ 'ਵੇਲੁਗੂ ਨੀਦਾਲੂ' ਵਿਚ ਲਿਖਿਆ ਗੀਤ 'ਕਾਲਾ ਕਨਿਡੀ ਵਿਵਾਲੂਯਾਨਾਦੀ ਬਗਤੁਕੂ... ਕਨਿਤੀ ਧਰਤਾਲੋ ਬਲਿਚੇਯਾਕੂ (ਸੁਪਨਾ ਨਹੀਂ ਜ਼ਿੰਦਗੀ ਅਨਮੋਲ ਹੈ... ਹੰਝੂਆਂ ਵਹਾ ਕੇ ਕੁਰਬਾਨੀ ਨਾ ਦਿਓ)' ਗੀਤ ਸਭ ਤੋਂ ਵੱਧ ਸੁਣਦੇ ਹੁੰਦੇ ਸਨ। ਅਸੀਂ ਵਿਆਹ ਦੇ ਸ਼ੁਰੂਆਤੀ ਦਿਨਾਂ 'ਚ ਕੁਝ ਫਿਲਮਾਂ ਇਕੱਠੀਆਂ ਦੇਖੀਆਂ ਸਨ। ਸ਼ਾਇਦ ਜਦੋਂ ਮੁੰਨਾ 5 ਸਾਲਾਂ ਦਾ ਸੀ, ਅਸੀਂ ਤਿੰਨਾਂ ਨੇ ਥੀਏਟਰ ਵਿਚ ਫਿਲਮ 'ਬਾਂਬੇ' ਦੇਖੀ ਸੀ। ਆਰ.ਕੇ ਖਾਣ-ਪੀਣ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਸਨ। ਜੋ ਮਿਲ ਗਿਆ, ਖਾ ਲੈਂਦੇ ਸਨ। ਉਸ ਵਿਚੋਂ ਵੀ ਬਹੁਤ ਘੱਟ ਮਾਤਰਾ ਵਿਚ ਖਾਂਦੇ ਸਨ। ਉਨ੍ਹਾਂ ਨੂੰ ਦਾਲ, ਅੰਬ ਦੀ ਚਟਨੀ ਅਤੇ ਘਿਓ ਵਾਲੇ ਚੌਲ ਬਹੁਤ ਪਸੰਦ ਸਨ।

### ਅੰਤ ਤੱਕ ਇਕੱਠੇ ਰਹਿਣ ਦੀ ਖਵਾਹਿਸ਼

ਆਰ.ਕੇ ਨਾਲ ਇਨਕਲਾਬ ਵਿਚ ਅੰਤ ਤੱਕ ਨਿਭਣ ਦੀ ਸੱਧਰ ਦਿਲ ਵਿਚ ਰਹਿ ਗਈ। ਇਕ ਵਾਰ ਮੈਂ ਪੁੱਛਿਆ- "ਕੀ ਅਸੀਂ ਅੰਤਲੇ ਦਿਨਾਂ ਵਿਚ ਇਕੱਠੇ ਰਹਿ ਸਕਾਂਗੇ?"

ਉਨ੍ਹਾਂ ਨੇ ਕਿਹਾ, "ਦੇਖਦੇ ਹਾਂ, ਉਦੋਂ ਕੀ ਸਥਿਤੀ ਹੋਵੇਗੀ।" ਮੈਂ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦੀ ਸੀ। ਇੱਛਾ ਸੀ ਕਿ ਅਸੀਂ ਦੋਵੇਂ ਇਕੱਠੇ ਰਹਿੰਦੇ ਹੋਏ ਮੁੰਨਾ ਦੀਆਂ ਯਾਦਾਂ ਸਾਂਝੀਆਂ ਕਰਾਂਗੇ, ਪਰ ਇੰਜ ਨਹੀਂ ਹੋ ਸਕਿਆ। ਉਨ੍ਹਾਂ ਦੋਵਾਂ ਨੇ ਮੈਨੂੰ ਅਸਲੀਅਤ ਨੂੰ ਸਵੀਕਾਰ ਕਰਨਾ ਸਿਖਾਇਆ।

ਇਸ ਸਮੇਂ ਮੇਰੀ ਅਲਕੁਰਾਪਾਡੂ ਵਿਚ ਛੋਟੀ ਜਿਹੀ ਦੁਕਾਨ ਹੈ। ਉਸੇ ਨਾਲ ਮੇਰੀ ਰੋਜ਼ੀ-ਰੋਟੀ ਚਲਦੀ ਹੈ। ਕੁਝ ਲੋਕ ਮੈਨੂੰ ਪੁੱਤਰ ਖੋਹ ਲੈਣ ਲਈ ਹਮਦਰਦੀ ਦਿਖਾਉਂਦੇ ਹਨ। ਐਸੇ ਲੋਕਾਂ ਨੂੰ ਮੈਂ ਬਸ ਇਹੀ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਪਤੀ ਅਤੇ ਬੱਚੇ ਨੇ ਇਕ ਮਹਾਨ ਅੰਦੋਲਨ ਵਿਚ ਆਪਣੀ ਜਾਨ ਕੁਰਬਾਨ ਕੀਤੀ ਹੈ, ਇਹ ਉਨ੍ਹਾਂ ਦੀ ਜ਼ਿੰਦਗੀ ਦੀ ਕੁਰਬਾਨੀ ਹੈ, ਇਸ ਲਈ ਮੈਨੂੰ ਤੁਹਾਡਾ ਰਹਿਮ ਅਤੇ ਹਮਦਰਦੀ ਨਹੀਂ ਚਾਹੀਦੀ।

## ਸਿਆਣਪਾਂ ਦੀ ਸਾਂਝ ਬਨਾਮ ਮੂਰਖਤਾਵਾਂ ਦੀ ਸਾਂਝ

ਜੀ ਐਨ ਈ ਕਾਲਜ ਲੁਧਿਆਣਾ ਦੇ ਸਾਡੇ 92-96 ਬੈਚ ਦੀ ਇਸ ਸਾਲ ਹੋ ਰਹੀ ਸਿਲਵਰ ਜੁਬਲੀ ਰੀਯੂਨੀਅਨ ਬਾਰੇ ਕੱਲ੍ਹ ਕੁਝ ਨਾਲ ਦੇ ਸੱਜਣਾਂ ਨਾਲ ਜੂਮ ਮੀਟਿੰਗ ਚੱਲ ਰਹੀ ਸੀ। ਕੁਦਰਤੀ ਮੈਂ ਡਰਾਈਵ ਕਰ ਰਿਹਾ ਹੋਣ ਕਰਕੇ ਗੱਡੀ ਵਿਚ ਹੀ ਮੀਟਿੰਗ ਜੁਆਇਨ ਕਰ ਲਈ।

ਕੋਈ ਦਸ ਕੁ ਜਮਾਤੀ ਸਨ। ਮੀਟਿੰਗ ਵਿਚ ਹਾਸਾ-ਠੱਠਾ ਵੀ ਹੋ ਰਿਹਾ ਸੀ, ਮੀਟਿੰਗ ਖਤਮ ਹੋਣ ਤੋਂ ਬਾਅਦ, ਮੈਂ ਐਵੇਂ ਨਾਲ ਬੈਠੀ 'ਬੀਬੀ' ਨੂੰ ਸਫਾਈ ਦਿੰਦਿਆਂ ਆਖਿਆ, ਕਿ ਫਲਾਣੇ ਦੇ ਦੋ ਕੁ ਪੈੱਗ ਲੱਗੇ ਲੱਗਦੇ ਸੀ, ਤਾਂ ਐਵੇਂ ਯਭਲੀਆਂ ਮਾਰਦਾ ਸੀ। ਉਹ ਹੱਸਦਿਆਂ ਹੋਇਆਂ ਕਹਿਣ ਲੱਗੀ, 'ਤੁਹਾਡੇ ਸਾਰਿਆਂ ਵਿਚੋਂ ਕੌਣ ਨਹੀਂ ਸੀ ਮਾਰਦਾ ਯਭਲੀਆਂ।'

ਮੈਂ ਸੋਚੀਂ ਪੈ ਗਿਆ ਕਿ 'ਕਿ ਇਹ ਯਭਲੀਆਂ, ਕਿੰਨੀਆਂ ਕੁ ਕੀਮਤੀ ਨੇ, ਕਿ ਇਨ੍ਹਾਂ ਯਭਲੀਆਂ ਦੀ ਸਾਂਝ/ਸੱਜਣਤਾਈ 29 ਸਾਲਾਂ ਦੀ ਨਿਭੀ ਜਾਂਦੀ ਹੈ, ਜੇ ਕਿਤੇ ਸਿਆਣਪ ਦੀ ਸਾਂਝ ਹੁੰਦੀ ਤਾਂ ਢਾਈ ਸਾਲ ਨਾ ਕੱਟਦੀ।'

ਕਾਲਜ ਵਾਲੇ ਸੱਜਣਾਂ ਵਿੱਚੋਂ, ਕਈ ਮਿਹਨਤ ਕਰਕੇ ਰੱਜ ਕੇ ਮਾਇਕ ਪੱਖੋਂ ਮਜ਼ਬੂਤ ਹੋ ਚੁੱਕੇ ਨੇ, ਕੁਝ ਪੜ੍ਹਾਈ ਪੱਖੋਂ ਕਮਾਲ, ਕੁਝ ਵੱਡੇ ਵਪਾਰੀ ਨੇ, ਕੁਝ ਪੀ ਸੀ ਐੱਸ/ਆਈ ਏ ਐੱਸ ਕਲੀਅਰ ਕਰ ਕੇ ਸੈਕਟਰੀ, ਡਾਇਰੈਕਟਰ ਬਣ ਚੁੱਕੇ ਹਨ, ਕੁਝ ਐਕਸੀਅਨ, ਐਸ ਈ ਵੱਡੇ ਅਫਸਰ ਬਣ ਗਏ, ਕੁਝ ਅਮਰੀਕਾ ਦੀਆਂ ਵੱਡੀਆਂ ਕੰਪਨੀਆਂ ਵਿਚ ਉੱਚੇ ਅਹੁਦਿਆਂ ਉਤੇ ਪਹੁੰਚ ਚੁੱਕੇ ਨੇ, ਤੇ ਥੋੜ੍ਹੇ-ਬਹੁਤੇ ਮੇਰੇ ਵਰਗੇ ਹਮਾਤੜ ਵੀ ਹਨ।

ਪਰ ਜਦੋਂ ਸਾਲ-ਦੋ-ਸਾਲ ਬਾਅਦ ਮਿਲੀਦਾ ਹੈ ਤਾਂ ਸਾਰੇ ਆਪਣੀਆਂ ਸਿਆਣਪਾਂ, ਅਕਲਾਂ, ਵਪਾਰ, ਅਹੁਦੇ, ਤਾਕਤ ਆਦਿ ਦਰਵਾਜ਼ੇ ਦੇ ਬਾਹਰ ਵਾਲੀ ਕਿੱਲੀ ਉਤੇ ਟੰਗ ਕੇ, ਫਿਰ ਅੰਦਰ ਵੜਦੇ ਹਨ। ਜਦੋਂ ਮਿਲਦੇ ਨੇ ਤੇ ਫਿਰ ਹਮੇਸ਼ਾਂ ਹੀ 1992 ਤੋਂ '96 ਵਾਲੀਆਂ ਯਬਲੀਆਂ, ਕਮਲਪੁਣੇ, ਮੂਰਖਤਾਵਾਂ ਦਾ ਦੌਰ ਚੱਲਦੈ।

ਉਮਰ ਦੇ ਇਸ ਦੌਰ ਵਿਚ ਆ ਕੇ ਪਤਾ ਨਹੀਂ ਕਿਉਂ, ਹੁਣ ਮਹਿਸੂਸ ਹੁੰਦਾ ਕਿ 'ਸਿਆਣਪਾਂ ਦੀ ਸਾਂਝ' ਕਦੇ ਪੀਡੀ ਨਹੀਂ ਹੋ ਸਕਦੀ, 'ਮੂਰਖਤਾਵਾਂ ਦੀ, ਕਮਲਪੁਣੇ ਦੀ ਸਾਂਝ' ਹੀ ਅਸਲ ਵਿੱਚ ਪੀਡੀ ਹੁੰਦੀ ਹੈ। ਸਿਆਣਪਾਂ ਦੀ ਸਾਂਝ ਦਿਮਾਗ ਵਿਚੋਂ ਉਪਜਦੀ ਹੈ ਤੇ ਦਿਮਾਗ ਹਮੇਸ਼ਾ ਵਪਾਰ ਕਰਦਾ, ਨਫ਼ੇ ਨੁਕਸਾਨ ਸੋਚਦਾ, ਜਦਕਿ ਮੂਰਖਤਾਵਾਂ ਦੀ, ਕਮਲਪੁਣੇ ਦੀ ਸਾਂਝ ਦਿੱਲ ਵਿਚੋਂ ਨਿਕਲਦੀ ਹੈ ਤੇ ਦਿਲ ਕਦੇ ਵਪਾਰੀ ਨਹੀਂ ਹੁੰਦਾ। ਇਸ ਲਈ ਇਹ ਸਾਂਝ ਸਦੀਵੀ ਤੇ ਪੀਡੀ ਹੁੰਦੀ ਹੈ।

***-ਰਜਿੰਦਰ ਟਾਂਡਾ, ਕੈਲੀਫੋਰਨੀਆ***

# ਸਿਕਲੀਗਰੀ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਬੰਦੇ ਦੇ ਪੈਰੀਂ ਪਏ ਸਫਰ ਦੀਆਂ ਤਹਿਆਂ ਫਰੋਲੀਆਂ ਹਨ ਅਤੇ ਉਸ ਪਰਵਾਜ਼ ਦੀ ਗੱਲ ਕੀਤੀ ਹੈ ਜਿਸ ਦੀ ਲੋਚਾ ਹਰ ਦਿਲ ਅੰਦਰ ਸੁਪਨੇ ਬਣ ਕੇ ਪਲਦੀ ਹੈ।*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਿਕਲੀਗਰ ਹੋਣਾ ਤੇ ਬਣਨਾ, ਜੀਵਨ ਦਾ ਸੱਚ। ਜੀਵਨ ਦਾ ਧੁਰਾ। ਇਸ ਦੁਆਲੇ ਘੁੰਮਦਾ ਹੈ, ਮਨੁੱਖੀ ਜੀਵਨ ਦਾ ਆਦਿ ਤੇ ਅੰਤ। ਸਿਖਰ ਤੇ ਢਲਾਣ। ਸਵੇਰ ਤੇ ਸ਼ਾਮ ਅਤੇ ਦੁਪਹਿਰ ਤੇ ਲੌਢਾ ਵੇਲਾ ਵੀ। ਅਸੀਂ ਸਾਰੇ ਸਿਕਲੀਗਰ ਹਾਂ। ਕੁਝ ਘੱਟ, ਕੁਝ ਵੱਧ। ਕੁਝ ਖੁਦ ਤੋਂ ਖੁਦ ਦੇ ਯਾਤਰੀ। ਕੁਝ ਅੰਦਰ ਤੋਂ ਬਾਹਰ ਦੀ ਯਾਤਰਾ ਕਰਦੇ ਅਤੇ ਕੁਝ ਅੰਦਰ ਤੋਂ ਬਾਹਰ ਦੇ ਯਾਤਰੂ।

ਸਿਕਲੀਗਰੀ ਹੰਢਾਉਂਦਿਆਂ ਹੀ ਬੰਦਾ ਪੇਂਡੂ ਤੋਂ ਸ਼ਹਿਰੀ, ਵਾਸੀ ਤੋਂ ਪਰਵਾਸੀ, ਆਪਣੇ ਤੋਂ ਬੇਗਾਨਾ ਅਤੇ ਦੇਸੀ ਤੋਂ ਵਿਦੇਸ਼ੀ ਹੁੰਦਾ। ਸਿਕਲੀਗਰੀ ਸਾਡਾ ਮੂਲ। ਕਦੇ ਯੂਰਪ ਤੋਂ ਉੱਠ ਪੰਜਾਬ ਵਿਚ ਆ ਕੇ ਅਸੀਂ ਆਰੀਆ ਲੋਕ ਬਣੇ। ਸਮੇਂ ਦੇ ਬਦਲਣ ਨਾਲ ਆਪਣੇ ਮੂਲ ਵੱਲ ਪਰਤਣ ਲਈ ਯੂਰਪ ਵੱਲ ਚਾਲੇ ਪਾ ਦਿੱਤੇ। ਪੰਜਾਬ ਤੋਂ ਕੈਨੇਡਾ, ਅਮਰੀਕਾ ਅਤੇ ਸਾਰੇ ਦੇਸ਼ਾਂ ਨੂੰ ਆ/ਜਾ ਰਹੇ ਲੋਕ ਸਿਕਲੀਗਰ। ਸਿਕਲੀਗਰੀ ਕਦੇ ਥੋੜ੍ਹੇ ਸਮੇਂ ਲਈ, ਕਈ ਵਾਰ ਉਮਰ ਭਰ ਦੀ। ਕਦੇ ਦਿਨਾਂ ਦੀ ਅਤੇ ਕਦੇ ਪਲਾਂ ਦੀ। ਕਦੇ ਅੱਖ ਝਪਕਦਿਆਂ ਅਤੇ ਕਦੇ ਖੁੱਲ੍ਹੀਆਂ ਅੱਖਾਂ ਨਾਲ। ਸਿਕਲੀਗਰੀ, ਅਗਿਆਨਤਾ ਤੋਂ ਗਿਆਨ ਦੀ ਅਸੀਮਤ ਤੇ ਅਮੁੱਕ। ਖੁਦ ਨੂੰ ਜਾਣਨ ਦੀ ਜਗਿਆਸਾ, ਸਮਾਜਕ ਕਦਰਾਂ-ਕੀਮਤਾਂ ਨੂੰ ਪਛਾਣਨ ਅਤੇ ਵਿਰਾਸਤੀ ਸਰੋਕਾਰਾਂ ਨੂੰ ਅਗਲੀ ਪੀੜ੍ਹੀ ਦੇ ਨਾਮ ਕਰਨ ਦਾ ਹੁਨਰ ਤੇ ਹਾਸਲ। ਸਿਕਲੀਗਰੀ, ਮਨ ਦੀ, ਸੋਚਾਂ ਦੀ, ਸੁਪਨਿਆਂ ਦੀ, ਸੰਭਾਵਨਾਵਾਂ ਦੀ, ਸਾਧਨਾਂ ਦੀ ਅਤੇ ਸਮਰੱਥਾਵਾਂ ਦੀ। ਸਿਕਲੀਗਰੀ ਬੋਲ ਵਿਚ ਵੀ ਤੇ ਚੁੱਪ ਵਿਚ ਵੀ, ਤੁਰਦਿਆਂ ਵੀ ਅਤੇ ਬੈਠਿਆਂ ਵੀ। ਹਰ ਵੇਲੇ ਨਵੀਂ ਤਲਾਸ਼, ਨਵੀਂ ਭਟਕਣ, ਨਵੇਂ ਵਿਚਾਰ, ਨਵੀਂ ਧੁਖਧੁਖੀ, ਵੱਖਰਾ ਹੀ ਚਿੰਤਨ ਤੇ ਚੇਤਨਾ।

ਸਿਕਲੀਗਰੀ, ਦੁੱਖ ਤੋਂ ਸੁੱਖ, ਨਿਰਾਸ਼ਾ ਤੋਂ ਆਸ, ਉਦਾਸੀ ਤੋਂ ਉਤਸ਼ਾਹ, ਹਾਰ ਤੋਂ ਜਿੱਤ, ਹੰਭਲੇ ਤੋਂ ਹੰਭਣਾ, ਤੁਰਨ ਤੋਂ ਰੁਕਣਾ, ਲੈਣ ਤੋਂ ਦੇਣ, ਅਰਪਣ ਤੋਂ ਪ੍ਰਾਪਤੀ, ਹਾਕ ਤੋਂ ਹੁੰਗਾਰਾ, ਹੂਕ ਤੋਂ ਹਾਸਲ ਅਤੇ ਆਪਣੇਪਣ ਤੋਂ ਪਰਾਏਪਣ ਦੀ ਵੀ। ਸਿਕਲੀਗਰੀ, ਸਭ ਤੋਂ ਅਹਿਮ ਹੈ ਰੂਹ ਦੀ। ਸੁਖਨ ਤੇ ਸਕੂਨ ਲਈ ਨਵੀਆਂ ਪਰਤਾਂ ਫਰੋਲਣ ਅਤੇ ਨਵੀਨਤਮ ਤਹਿਆਂ ਵਿਚ ਛੁਪੇ ਰਤਨਾਂ ਦੀ ਤਲਾਸ਼। ਸਿਕਲੀਗਰੀ, ਖੁਸ਼ੀਆਂ, ਬਾਦਸ਼ਾਹੀਆਂ ਦੀ ਤਲਾਸ਼, ਅਧੂਰੇ ਸੁਪਨਿਆਂ ਦੀ ਪੂਰਤੀ ਲਈ ਭਟਕਣਾ, ਤੜਫਦੀਆਂ ਤਾਂਘਾਂ ਦੇ ਠਹਿਰਾਅ ਲਈ ਭਾਲ, ਸੱਖਣੀਆਂ ਖਾਹਸ਼ਾਂ ਦੀ ਭਰਪਾਈ ਲਈ ਖੋਜ 'ਤੇ ਨਿਕਲਣਾ ਅਤੇ ਨਵੇਂ ਅੰਬਰਾਂ ਦੀ ਤਲਾਸ਼ ਵਿਚ ਮਨ ਦੀਆਂ ਧਰਤੀਆਂ ਨੂੰ ਗਾਹੁਣਾ।

ਗੁਰੂ ਨਾਨਕ ਜੀ ਦੀਆਂ ਉਦਾਸੀਆਂ ਵੀ ਸਿਕਲੀਗਰੀ ਹੀ ਸੀ ਜੋ ਚਾਰੇ ਦਿਸ਼ਾਵਾਂ ਵਿਚ ਮਾਨਵਵਾਦੀ ਸੁਨੇਹਾ ਦਿੰਦੇ ਰਹੇ। ਫ਼ਕੀਰ, ਯੋਗੀ, ਭਗਤ, ਪੀਰ, ਸਾਧੂ ਤੇ ਧਰਮੀ ਲੋਕ ਹਮੇਸ਼ਾ ਹੀ ਸਿਕਲੀਗਰੀ ਹੰਢਾਉਂਦੇ। ਕੁਝ ਨਹੀਂ ਜੋੜਦੇ, ਨਾ ਹੀ ਕੋਈ ਟਿਕਾਣਾ ਅਤੇ ਨਾ ਹੀ ਆਪਣੇ ਪੈਰਾਂ ਵਿਚ ਕਿਸੇ ਧਰਤੀ, ਧਾਮ ਜਾਂ ਧਰਮ ਦੀ ਜ਼ੰਜੀਰ ਪਾਉਂਦੇ। ਉਹ ਅਜਿਹੇ ਪਰਿੰਦੇ ਜੋ ਹਰ ਰੋਜ਼ ਨਵੀਂ ਪਰਵਾਜ਼ ਭਰਦੇ, ਅੱਡਰਾ ਅੰਦਾਜ਼ ਅਤੇ ਆਪਣੇ ਹਿੱਸੇ ਦਾ ਅੰਬਰ ਗਾਹੁੰਦੇ। ਸਿਕਲੀਗਰੀ, ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ, ਨਵੇਂ ਲੋਕ, ਨਵੀਂ ਰਹਿਤਲ, ਨਵੇਂ ਗਰਾਂ ਤੇ ਦਰਾਂ 'ਤੇ ਦਸਤਕ। ਕੁਝ ਦਿਨ ਠਹਿਰਦੇ ਤੇ ਅਗਲੀ ਯਾਤਰਾ ਦਾ ਅਰੰਭ।

ਸਿਕਲੀਗਰੀ ਦੌਰਾਨ ਮਰਨਾ, ਜੰਮਣਾ, ਹੱਸਣਾ, ਰੋਣਾ, ਵਿਆਹ, ਸ਼ਗਨ, ਅਪਸ਼ਗਨ, ਤਿੱਥ, ਤਿਓਹਾਰ ਬਿਨ-ਉਚੇਚ। ਸਿਕਲੀਗਰੀ ਹੀ ਮਾਣ ਤੇ ਮਰਿਆਦਾ। ਰਸਮਾਂ, ਰਿਵਾਜਾਂ ਅਤੇ ਬੰਦਨਾਂ ਤੋਂ ਮੁਕਤ। ਸਿਕਲੀਗਰੀ ਤੋਂ ਬਗੈਰ ਮਨੁੱਖ ਊਣਾ। ਸੀਮਤ ਦਾਇਰੇ ਵਿਚ ਕੈਦੀ। ਪਿੰਜਰੇ ਵਿਚ ਪਾਇਆ ਪੰਛੀ। ਸੋਚ ਦੇ ਸੀਮਤ ਦਾਇਰੇ ਅਤੇ ਆਪਣੇ ਸੁਪਨਿਆਂ, ਸੰਭਾਵਨਾਵਾਂ ਤੇ ਸਮਰੱਥਾਵਾਂ ਤੋਂ ਅਣਜਾਣ। ਵਸੀਹ ਸਾਧਨਾਂ ਤੋਂ ਅਗਿਆਤ। ਸੀਮਤ ਜਿਹੇ ਗਿਆਨ ਤੇ ਸਾਧਨਾਂ ਵਿਚੋਂ ਵਿਸਥਾਰ ਤੇ ਵਿਕਾਸ ਕਿਵੇਂ ਹੋ ਸਕਦਾ? ਸਿਕਲੀਗਰ ਲੋਕ ਸੁਖਨ, ਸਕੂਨ ਅਤੇ ਸੰਤੁਸ਼ਟੀ ਦਾ ਅਹਿਦਨਾਮਾ। ਦੁਨੀਆ ਗਾਹੁੰਦੇ, ਰੰਗ-ਤਮਾਸ਼ਾ ਦੇਖਦੇ। ਖੁੱਲ੍ਹੇ ਅੰਬਰ ਹੇਠ ਚਾਨਣੀ 'ਚ ਨਹਾਉਂਦੇ। ਤਾਰਿਆਂ ਵਰਗੇ ਲੋਕ, ਤਾਰਿਆਂ ਦੀਆਂ ਬਾਤਾਂ ਪਾਉਂਦੇ। ਫ਼ਿਜ਼ਾ ਦੇ ਨਾਮ ਅਵਾਰਗੀ ਲਾਉਂਦੇ ਅਤੇ ਆਲੇ-ਦੁਆਲੇ ਨੂੰ ਮਹਿਕਾਉਂਦੇ।

ਸਿਕਲੀਗਰੀ ਜੀਵਨ ਦਾ ਸੁੱਚਮ ਤੇ ਉਚਮ। ਆਪਣੇ ਮੂਲ ਨੂੰ ਪਛਾਣ, ਸਮੁੱਚੀ ਕਾਇਨਾਤ ਦਾ ਕਿਣਕਾ ਹੋ, ਇਸ ਦੀ ਅਸੀਮਤਾ ਦਾ ਹਿੱਸਾ ਬਣਨਾ। ਰੂਹ-ਰੇਜ਼ਤਾ ਨੂੰ ਹੰਢਾਉਣਾ, ਸਿਰਫ਼





*ਖੱਬੇ: ਜੈਕਬ ਲਾਰੈਂਸ ਦੀ 'ਗ੍ਰੇਟ ਮਾਈਗ੍ਰੇਸ਼ਨ' ਸੀਰੀਜ਼ ਵਿਚੋਂ ਇਕ ਚਿੱਤਰ ਅਤੇ ਸੰਸਾਰ ਪਰਵਾਸ ਬਾਰੇ ਇਕ ਹੋਰ ਚਿੱਤਰ।*

ਸਿਕਲੀਗਰੀ ਦੇ ਹਿੱਸੇ ਆਇਆ। ਸਿਕਲੀਗਰੀ ਨੂੰ ਕਿਵੇਂ ਹੰਢਾਉਣਾ, ਇਸ ਦੀਆਂ ਰਹਿਮਤਾਂ ਨੂੰ ਕਿਵੇਂ ਮਾਨਣਾ ਅਤੇ ਅਨਾਇਤਾਂ ਨੂੰ ਚੌਗਿਰਦੇ ਦੇ ਕਿਵੇਂ ਨਾਮ ਲਾਉਣਾ, ਇਹ ਜੇ ਮਨੁੱਖ ਦੀ ਜੀਵਨ-ਜਾਚ ਬਣ ਜਾਵੇ ਤਾਂ ਮਨੁੱਖ ਇਨਸਾਨ ਬਣਨ ਦੇ ਰਾਹ ਦਾ ਪਾਂਧੀ ਬਣਦਾ। ਸਿਕਲੀਗਰੀ, ਪੰਜਾਬੀਆਂ ਦਾ ਸਭ ਤੋਂ ਪ੍ਰਮੁੱਖ ਹਾਸਲ ਪਰ ਅਸੀਂ ਇਸ ਨੂੰ ਮਾਨਣ ਤੋਂ ਵਿਰਵੇ। ਅਸੀਂ ਸਿਰਫ਼ ਸੱਤ ਪੀੜ੍ਹੀਆਂ ਲਈ ਧਨ ਜੋੜਨ, ਵੱਡੇ-ਵੱਡੇ ਬੰਗਲੇ, ਸੁੱਖ-ਸਹੂਲਤਾਂ ਦੀ ਪ੍ਰਾਪਤੀ ਅਤੇ ਅਮੀਰ ਹੋਣ ਦੀ ਦੌੜ ਵਿਚ ਇੰਨਾ ਗਵਾਚ ਗਏ ਕਿ ਸਾਨੂੰ ਸਿਕਲੀਗਰਾਂ ਵਾਂਗ ਜਿਊਣਾ ਹੀ ਭੁੱਲ ਗਿਆ। ਸਿਕਲੀਗਰਾਂ ਵਾਂਗ ਜਿਊਣ ਦੀ ਜਾਚ ਸਿੱਖਣੀ ਹੋਵੇ ਤਾਂ ਗੋਰਿਆਂ ਦੇ ਜੀਵਨ-ਜਾਚ 'ਤੇ ਝਾਤ ਪਾਉਣਾ। ਉਹ ਭਰਪੂਰ ਜ਼ਿੰਦਗੀ ਜਿਊਂਦੇ ਅਤੇ ਸਿਕਲੀਗਰੀ ਦੀ ਫਕੀਰੀ ਮਾਣਦੇ।

ਬੰਦੇ ਦਾ ਜੀਵਨ-ਚੱਕਰ ਹੀ ਸਿਕਲੀਗਰੀ। ਹਰ ਵਿਅਕਤੀ ਹੀ ਸਿਕਲੀਗਰੀ ਹੰਢਾਉਂਦਾ ਜਾਂ ਮਾਣਦਾ। ਕੋਈ ਜੀਵਨ ਵਿਚ ਇਕ ਵਾਰ, ਕੋਈ ਦੋ ਵਾਰ, ਕੋਈ ਤਿੰਨ ਵਾਰ ਤੇ ਕੋਈ ਵਾਰ-ਵਾਰ। ਵੱਧ ਤੋਂ ਵੱਧ ਸਿਕਲੀਗਰੀ ਮਨੁੱਖ ਨੂੰ ਪੂਰਨ ਹੋਣ ਦੇ ਰਾਹ ਤੋਰਦੀ ਕਿਉਂਕਿ ਸਿਕਲੀਗਰੀ ਹਿੰਮਤ, ਹੱਠ, ਹੌਸਲੇ ਦੀ ਪਰਖ। ਸਿਕਲੀਗਰੀ ਨੂੰ ਸੀਮਤ ਜਿਹੇ ਅਰਥਾਂ ਤੀਕ ਰੱਖਣਾ, ਇਸ ਦਾ ਨਿਰਾਦਰ।

ਖੁਦ ਦੀ ਸਿਕਲੀਗਰੀ ਨੂੰ ਕਿਆਸਦਾ ਹਾਂ ਤਾਂ ਚੇਤੇ ਆਉਂਦਾ ਏ ਸਿਕਲੀਗਰੀ ਦਾ ਪਹਿਲਾ ਪੜਾਅ, ਕੱਚੀ ਪੱਕੀ ਦੇ ਸਕੂਲ ਤੋਂ ਹਾਈ ਸਕੂਲ ਤੇ ਫਿਰ ਕਾਲਜ ਵਿਚ ਜਾਣਾ। ਵੱਖਰਾ ਮਾਹੌਲ, ਨਵੀਆਂ ਸੰਭਾਵਨਾਵਾਂ, ਨਵਾਂ ਚੌਗਿਰਦਾ, ਨਵੇਂ ਸਾਥੀ। ਨਵੇਂ ਤਰੀਕੇ ਨਾਲ ਗਿਆਨ ਹਾਸਲ ਕਰਨਾ। ਵੱਡੇ ਦਾਇਰੇ ਵਿਚ ਖੁਦ ਦਾ ਸਥਾਨ ਨਿਸ਼ਚਿਤ ਕਰਨ ਦਾ ਅਹਿਦ। ਸਾਈਕਲ 'ਤੇ ਸ਼ੁਰੂ ਕੀਤੀ ਸੁਪਨਿਆਂ ਦੀ ਸਿਕਲੀਗਰੀ ਹੀ ਸੀ ਕਿ ਪਿੰਡ ਦਾ ਜੁਆਕ ਬੀਐਸ.ਸੀ. ਵਿਚ ਸਕਲਾਰਸ਼ਿਪ ਲੈਣ ਦੇ ਯੋਗ ਹੋਇਆ। ਉਸ ਸਮੇਂ ਦੀਆਂ ਤੰਗੀਆਂ-ਤੁਰਸ਼ੀਆਂ ਤੇ ਪੜ੍ਹਾਈ ਦੇ ਜਨੂਨ ਕਾਰਨ ਹੀ, ਸਿਕਲੀਗਰੀ ਦਾ ਪਹਿਲਾ ਪੜਾਅ ਜੀਵਨ-ਯਾਦਾਂ ਵਿਚ ਮਹਿਕਦਾ ਏ। ਦੂਸਰੀ ਸਿਕਲੀਗਰੀ ਸੀ ਕਾਲਜ ਵਿਚੋਂ ਯੂਨੀਵਰਸਿਟੀ ਦਾ ਖੁੱਲ੍ਹਾ-ਡੁੱਲ੍ਹਾ ਵਾਤਾਵਰਨ ਅਤੇ ਵਿਦਿਅਕ ਮਾਹੌਲ। ਹੋਸਟਲ ਦੀ ਜ਼ਿੰਦਗੀ ਦੇ ਅਵੱਲੇ ਸ਼ੌਕਾਂ ਤੋਂ ਖੁਦ ਨੂੰ ਪਾਕੀਜ਼ ਰੱਖਦਿਆਂ ਅਤੇ ਅਲਾਮਤਾਂ 'ਚੋਂ ਅਲੂਫ ਰਹਿੰਦਿਆਂ, ਖੁਦ ਨੂੰ ਉਸ ਸੁਪਨੇ ਦੀ ਪ੍ਰਾਪਤੀ ਵੱਲ ਸੇਧਤ ਰੱਖਿਆ, ਜਿਹੜਾ ਮੈਂ ਬਾਪ ਦੀਆਂ ਅੱਖਾਂ ਵਿਚ ਤਿੜਕਦਾ ਦੇਖਿਆ ਸੀ ਤੇ ਜਿਸ ਦੀ ਚੀਸ ਮੇਰੇ ਰੋਮ ਰੋਮ ਵਿਚ ਸਮਾਈ ਹੋਈ ਸੀ। ਇਸ ਸਿਕਲੀਗਰੀ ਨੇ ਦਰਸਾਇਆ ਕਿ ਕਿਵੇਂ ਨਵੇਂ ਸਰੋਕਾਰਾਂ, ਸਾਥੀਆਂ ਅਤੇ ਸਥਾਨ 'ਤੇ ਖੁਦ ਦੀਆਂ ਖੂਬੀਆਂ ਅਤੇ ਖਾਮੀਆਂ ਵਿਚੋਂ ਖੁਦ ਨੂੰ ਵਿਸਥਾਰ ਤੇ ਵਿਲੱਖਣਤਾ ਦੇਣੀ ਏ। ਇਹ ਸਿਕਲੀਗਰੀ ਦਾ ਕੇਹਾ ਵਿਸਮਾਦ ਏ ਕਿ ਹੁਣ ਵੀ ਕਦੇ-ਕਦਾਈਂ ਇਸ ਦੀਆਂ ਪੈੜਾਂ ਦੇ ਨਿਸ਼ਾਨ ਦੇਖਣ ਲਈ ਯੂਨੀਵਰਸਿਟੀ ਦਾ ਗੇੜਾ ਮਾਰਦਾ ਹਾਂ। ਉਹ ਰਾਹਾਂ-ਰਸਤਿਆਂ, ਕਲਾਸ ਰੂਮਾਂ ਅਤੇ ਲੈਬ ਦੀ ਪਰਿਕਰਮਾ ਕਰਦਾ ਹਾਂ ਜਿਸ ਨੇ ਜ਼ਿੰਦਗੀ ਨੂੰ ਨਵੀਆਂ ਸੰਭਾਵਨਾਵਾਂ ਦਾ ਹਾਣੀ ਬਣਾਇਆ।

ਸਿਕਲੀਗਰੀ ਕਦੇ ਵੀ ਖਤਮ ਨਹੀਂ ਹੁੰਦੀ। ਇਹ ਤਾਂ ਸਦਾ ਪੜਾਵਾਂ ਵਿਚ ਵੰਡੀ, ਹਰ ਪੜਾਅ 'ਤੇ ਹੋਰ ਨਵੇਂ ਪੜਾਅ ਦਾ ਸਿਰਨਾਵਾਂ ਬਣਦੀ। ਸਿਕਲੀਗਰੀ ਦਾ ਉਹ ਪੜਾਅ ਵੀ ਕੇਹਾ ਹੁਸੀਨ ਅਤੇ ਹੰਢਣਸਾਰ ਸੀ, ਜਦ ਇਕ ਬੈਗ ਲੈ ਕੇ ਘਰੋਂ ਰੁਜ਼ਗਾਰ ਦੀ ਭਾਲ ਵਿਚ ਪਿੰਡ ਵਿਚੋਂ ਅਜਿਹਾ ਨਿਕਲਿਆ ਕਿ ਫਿਰ ਵਾਪਸ ਨਾ ਪਰਤ ਸਕਿਆ। ਰੁਜ਼ਗਾਰ ਦੇ ਨਾਲ ਨਾਲ, ਖੁਦ ਨੂੰ ਸਮੇਂ ਦਾ ਹਾਣੀ ਤੇ ਸਮਰੱਥ ਬਣਾਉਣ ਲਈ ਗਿਆਨ ਦਾ ਸਫ਼ਰ ਜਾਰੀ ਰੱਖਦਿਆਂ, ਸਾਹਿਤਕ ਸਫ਼ਰ ਦਾ ਆਗਾਜ਼, ਸਿਰ ਦੀ ਛੱਤ ਬਣਾਉਣੀ ਅਤੇ ਪਰਿਵਾਰਕ ਲੋੜਾਂ ਦੀ ਪੂਰਤੀ ਵਿਚੋਂ ਸੁਖਨ ਅਤੇ ਸੰਤੁਸ਼ਟੀ ਦੀ ਤਾਂਘ ਪਾਲਣਾ।

ਦਰਅਸਲ ਜਦ ਮਨੁੱਖ ਧਨ ਦੀ ਹੋੜ ਤੋਂ ਹਟ ਕੇ ਮਨੁੱਖੀ ਭਾਵਨਾਵਾਂ ਨੂੰ ਤਵੱਜੋ ਦਿੰਦਾ ਤਾਂ ਉਹ ਸੱਚਮੁੱਚ ਸਿਕਲੀਗਰੀ ਮਾਣਦਾ। ਇਹ ਸਿਕਲੀਗਰੀ ਦਾ ਕੇਹਾ ਰੰਗ ਸੀ ਕਿ ਸੰਤੁਲਿਤ ਰਾਹਾਂ 'ਤੇ ਤੁਰਦਿਆਂ, ਹਰ ਪੈੜ, ਮਾਰਗ ਅਤੇ ਰੂਪ ਵਿਚ ਇਸ ਦੀਆਂ ਨਿਆਮਤਾਂ ਨੂੰ ਜ਼ਿੰਦਗੀ ਦੀ ਬਿਹਤਰੀ ਲਈ ਵਰਤਿਆ। ਸਵੈ ਤੋਂ ਸਮੂਹ ਤੀਕ ਦੀ ਸਿਕਲੀਗਰੀ ਹਮੇਸ਼ਾ ਹੀ ਮੇਰੀ ਪ੍ਰਮੁੱਖਤਾ। ਇਸ ਨਾਲ ਹੀ ਜ਼ਿੰਦਗੀ ਨੂੰ ਰੰਗ-ਬਿਰੰਗੇ ਰੰਗ ਨਾਲ ਰੰਗਿਆ।

ਪਰ ਇਹ ਸਿਕਲੀਗਰੀ ਵੀ ਸੀਮਤ ਨਾ ਰਹੀ ਤੇ ਫਿਰ ਤੁਰ ਪਿਆ ਦੇਸ ਤੋਂ ਪਰਦੇਸ ਵੱਲ। ਨਵੀਂ ਸਿਕਲੀਗਰੀ ਦੀ ਜੂਹ ਵਿਚ ਪੈਰ ਧਰਨ। ਜਵਾਨੀ ਵਿਚ ਲਏ ਸੁਪਨਿਆਂ ਦੀ ਖੁੱਲ੍ਹੀ ਜਾਗ ਨੂੰ ਸਮਰਪਿਤ ਹੋਣ। ਉਨ੍ਹਾਂ ਸੁਪਨਿਆਂ ਦਾ ਪਿੱਛਾ ਕਰਦਿਆਂ, ਕੈਨੇਡਾ ਨੂੰ ਉਡਾਣ ਭਰੀ। ਫਿਰ ਇਕ ਅਟੈਚੀ ਅਤੇ ਬੋਝੇ ਵਿਚ ਕੁਝ ਡਾਲਰ ਪਾ, ਆਪਣੀ ਨਵੀਂ ਤਲਾਸ਼ ਖਾਤਰ, ਰੁਜ਼ਗਾਰ ਦੀ ਭਾਲ ਅਤੇ ਸਿਰ ਦੀ ਛੱਤ ਲਈ ਵੀ ਅਹੁਲਣਾ। ਖੁਦ ਨੂੰ ਉਨ੍ਹਾਂ ਮੁਸ਼ਕਿਲਾਂ ਦੇ ਰੂਬਰੂ ਕਰਨਾ ਸੀ ਜਿਨ੍ਹਾਂ ਨੂੰ ਕਦੇ ਚਿਤਵਿਆ ਨਹੀਂ ਸੀ। ਸਿਰਫ਼ ਉਹੀ ਕਿਆਸ ਸਕਦਾ ਜਿਹੜਾ ਇਨ੍ਹਾਂ ਨੂੰ ਹੰਢਾਉਂਦਾ। ਵੱਡੇ ਘਰ ਤੋਂ ਨਿੱਕੀ ਜਿਹੀ ਬੇਸਮੈਂਟ ਤੱਕ ਦੀ ਸਿਕਲੀਗਰੀ। ਦਿਹਾੜੀਦਾਰ ਬਣਨਾ, ਆਪਣਿਆਂ ਦੀ ਬੇਰੁਖੀ ਨੂੰ ਹੰਢਾਉਣਾ। ਅਲੱਗ ਕਿਸਮ ਦੀਆਂ ਹਾਲਤਾਂ ਵਿਚੋਂ ਖੁਦ ਨੂੰ ਉਘਾੜਨਾ, ਕਾਫੀ ਔਖਾ ਪਰ ਜਦ ਤੁਸੀਂ ਹਾਰ ਨਾ ਮੰਨਣ ਦਾ ਮਨ ਵਿਚ ਧਾਰਦੇ ਹੋ ਅਤੇ ਸੁਪਨਿਆਂ ਦੀ ਪਰਵਾਜ਼ ਦੇ ਪਰਾਂ ਨੂੰ ਨਾ ਮਰੋੜੋ ਤਾਂ ਸਭ ਕੁਝ ਸੰਭਵ ਹੋ ਜਾਂਦਾ।

ਬੇਸਮੈਂਟ ਤੋਂ ਆਪਣਾ ਘਰ ਤੇ ਆਦਰਯੋਗ ਨੌਕਰੀ, ਇਸ ਨਵੀਂ ਸਿਕਲੀਗਰੀ ਦੇ ਹਿੱਸੇ ਆਇਆ। ਇਸ ਸਿਕਲੀਗਰੀ ਦੌਰਾਨ ਇਕ ਦ੍ਰਿਸ਼ ਜਿਸ ਨੇ ਸਿਕਲੀਗਰੀ ਨੂੰ ਨਵੇਂ ਅਰਥਾਂ ਵਿਚ ਪਰਿਭਾਸ਼ਤ ਕੀਤਾ ਅਤੇ ਇਸ ਦੀਆਂ ਬਰਕਤਾਂ ਨੂੰ ਜੀਵਨ ਦੇ ਨਾਂ ਲਾਇਆ, ਹੁਣ ਵੀ ਅਕਸਰ ਯਾਦਾਂ ਵਿਚ ਆ ਕੇ, ਖੁਸ਼ਨੁਮਾ ਸਰੂਰ ਨਾਲ ਰੂਹ ਨੂੰ ਭਰ ਜਾਂਦਾ ਏ। ਕੈਨੇਡਾ ਵਿਚ ਬੇਸਮੈਂਟ ਵਿਚ ਰਹਿੰਦੇ ਸਾਂ। ਅਮਰੀਕਾ ਤੋਂ ਵੱਡੀ ਧੀ ਆਪਣੇ ਬੱਚਿਆਂ ਸਮੇਤ ਮਿਲਣ ਆਈ। ਵੱਡੇ ਘਰ ਵਿਚ ਰਹਿਣ ਦੇ ਆਦੀ ਬੱਚੇ, ਬੇਸਮੈਂਟ ਦੀਆਂ ਪੌੜੀਆਂ 'ਤੇ ਬੈਠੇ ਨਿੰਮੋਝੂਣੇ ਤੇ ਉਦਾਸੇ ਜਿਹੇ ਕੈਦ ਮਹਿਸੂਸ ਕਰ ਰਹੇ ਸਨ। ਉਨ੍ਹਾਂ ਨੂੰ ਦੇਖ ਕੇ ਮਨ ਅਜਿਹਾ ਪਸੀਜਿਆ ਕਿ ਘਰ ਲੈਣ ਦਾ ਫੈਸਲਾ ਕਰ ਲਿਆ। ਅਗਲੀ ਵਾਰ ਜਦ ਉਹ ਆਏ ਤਾਂ ਖੁੱਲ੍ਹੇ ਘਰ ਵਿਚ ਆਪਣੇ ਘਰ ਵਰਗੀ ਬੇਫ਼ਿਕਰੀ, ਬੇਤਕੱਲਫ਼ੀ ਅਤੇ ਬੇਪ੍ਰਵਾਹੀ ਮਾਣਦੇ ਦੇਖ ਕੇ ਮਨ ਬਾਗੋਬਾਗ ਹੋ ਗਿਆ। ਇਸ ਸਿਕਲੀਗਰੀ ਨੇ ਹੀ ਸਿਖਾਇਆ ਕਿ ਕਿਰਾਏ ਦੇ ਮਕਾਨ ਤੋਂ ਘਰ ਤੱਕ ਦੀ ਯਾਤਰਾ ਕਦੇ ਦੇਸ਼ ਵਿਚ ਕੀਤੀ ਸੀ। ਅਜਿਹੀ ਜੱਦੋ-ਜਹਿਦ ਵਿਦੇਸ਼ ਵਿਚ ਹੋਰ ਜ਼ਿਆਦਾ ਕਰਨੀ ਪੈਂਦੀ ਹੈ ਪਰ ਆਪਣੇ ਘਰ ਦਾ ਲੁਤਫ਼ ਵੱਖਰਾ ਹੀ ਹੁੰਦਾ ਏ ਪਰ ਕਦੋਂ ਮੁੱਕਦੀ ਏ ਬੰਦੇ ਦੀ ਸਿਕਲੀਗਰੀ ਜਿਉਂਦੇ ਜੀਅ? ਸਿਕਲੀਗਰੀ ਖਤਮ ਹੋ ਜਾਵੇ ਤਾਂ ਮਨੁੱਖ ਹੀ ਖਤਮ ਹੋ ਜਾਂਦਾ। ਨਵੇਂ ਦਿਸਹੱਦੇ ਅਤੇ ਮਾਨਸਿਕ ਉਭਾਰ ਨੂੰ ਨਵੀਆਂ ਤਰਕੀਬਾਂ ਤਾਂ ਹੀ ਮਿਲਣਗੀਆਂ, ਜੇ ਉਹ ਨਵੀਂ ਸਿਕਲੀਗਰੀ ਨੂੰ ਅਹੁਲੇ ਅਤੇ ਨਵੀਆਂ ਧਰਤੀਆਂ, ਥਾਵਾਂ ਅਤੇ ਗਰਾਵਾਂ ਦੀ ਖੋਜ ਵਿਚ ਆਪਣੇ ਖੋਲ ਤੋਂ ਬਾਹਰ ਨਿਕਲੇ।

ਕੁਦਰਤ ਮਿਹਰਬਾਨ ਹੋਈ ਅਤੇ ਅਜਿਹਾ ਹੀ ਮੇਰੇ ਨਾਲ ਵਾਪਰਿਆ ਕਿ ਨਵੀਂ ਸਿਕਲੀਗਰੀ ਲਈ ਕੈਨੇਡਾ ਤੋਂ ਅਮਰੀਕਾ ਨੂੰ ਤੁਰ ਪਿਆ। ਘਰ-ਬਾਹਰ ਵੇਚ-ਵੱਟ ਅਤੇ ਸਭ ਕੁਝ ਸਮੇਟ ਕੈਨੇਡਾ ਤੋਂ ਅਮਰੀਕਾ ਆ ਗਿਆ। ਮੇਰੀਆਂ ਬੇਟੀਆਂ ਅਮਰੀਕਾ ਵਿਚ ਰਹਿੰਦੀਆਂ ਹਨ ਅਤੇ ਪਰਿਵਾਰਕ ਇਕਮੁੱਠਤਾ ਲਈ ਬੇਟੀਆਂ ਦੀ ਜ਼ਿੱਦ ਸਾਹਮਣੇ ਖੁਦ ਨਾਲ ਸਮਝੌਤਾ ਕਰਨਾ, ਅਤੇ ਖੁਦ ਨੂੰ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਲਈ ਅਰਪਿਤ ਕਰਨ ਦਾ ਜਨੂਨ ਇਕ ਵਾਰ ਫਿਰ ਉਮੜ ਪਿਆ।

ਅਮਰੀਕਾ ਆਉਣਾ ਅਤੇ ਧੀਆਂ 'ਤੇ ਨਿਰਭਰ ਨਾ ਰਹਿਣਾ, ਇਸ ਸਿਕਲੀਗਰੀ ਦਾ ਪਹਿਲਾ ਅਸੂਲ ਮਿੱਥ ਲਿਆ। ਸਭ ਤੋਂ ਪਹਿਲਾਂ ਆਪਣਾ ਘਰ ਲਿਆ ਤਾਂ ਕਿ ਸਿਰ ਦੀ ਛੱਤ ਤਾਂ ਆਪਣੀ ਹੋਵੇ। ਆਪਣੀ ਨੀਂਦ ਸੌਣ ਤੇ ਜਾਗਣ ਅਤੇ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਜਿਊਣ ਤੇ ਮਾਨਣ ਦੀ ਖੁੱਲ੍ਹ ਹੋਵੇ। ਬੰਦਸ਼ਾਂ ਤੋਂ ਮੁਕਤੀ ਪਰ ਧੀਆਂ ਦੇ ਹਰ ਕੰਮ ਆਉਣ ਦੀ ਤੱਤਪਰਤਾ। ਫਿਰ ਹੋਈ ਰੁਜ਼ਗਾਰ ਦੀ ਨਵੀਂ ਤਲਾਸ਼ ਜੋ ਕਦੇ ਜੀਵਨ ਦੀ ਪਹਿਲੀ ਸਿਕਲੀਗਰੀ ਵਿਚ ਕੀਤੀ ਸੀ। ਉਸ ਨੌਕਰੀ ਤੋਂ ਅਸਤੀਫਾ ਦੇ ਕੇ ਇਸ ਨਵੀਂ ਸਿਕਲੀਗਰੀ ਨੂੰ ਖੁਦ ਅਪਣਾਇਆ ਸੀ। ਇਸ ਸਿਕਲੀਗਰੀ ਵਿਚ ਪਤਾ ਲੱਗਾ ਕਿ ਬਾਹਰਲੇ ਦੇਸ਼ ਇਸ ਲਈ ਤਰੱਕੀ ਕਰਦੇ ਕਿਉਂਕਿ ਇਹ ਲਿਆਕਤ ਦਾ ਮੁੱਲ ਪਾਉਂਦੇ ਨੇ। ਸਿਰਫ ਡਿਗਰੀਆਂ ਜਾਂ ਸਿਫ਼ਾਰਸ਼ਾਂ ਨਹੀਂ ਦੇਖਦੇ ਸਗੋਂ ਪਰਖਦੇ ਨੇ ਅਤੇ ਕਸਵੱਟੀ 'ਤੇ ਪੂਰਾ ਉਤਰਨ 'ਤੇ ਹੀ ਤੁਹਾਡੇ ਲਈ ਦਰ ਖੋਲ੍ਹਦੇ ਨੇ।

ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਨੌਕਰੀ ਇਸ ਲਈ ਨਹੀਂ ਸੀ ਮਿਲੀ ਕਿ ਮੇਰਾ ਤੀਹ ਸਾਲ ਪੜ੍ਹਾਉਣ ਦਾ ਤਜਰਬਾ ਸੀ ਅਤੇ ਮੈਂ ਪੀਐਚ.ਡੀ. ਸਾਂ ਸਗੋਂ ਉਨ੍ਹਾਂ ਦੇ ਦਿਤੇ ਹੋਏ ਵਿਸ਼ੇ 'ਤੇ ਕਲਾਸ ਅਤੇ ਸਮੁੱਚੇ ਟੀਚਿੰਗ ਸਟਾਫ ਸਾਹਮਣੇ ਦਿਤੇ ਲੈਕਚਰ ਦੇ ਸਮੁੱਚੇ ਮੁਲੰਕਣ ਤੋਂ ਪ੍ਰਭਾਵਤ ਹੋ ਇਸ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਮੌਕਾ ਮਿਲਿਆ। ਇਹ ਉਹ ਸੁਪਨਾ ਸੀ ਜਿਹੜਾ ਮੈਂ ਪਿਛਲੇ ਚਾਲੀ ਸਾਲ ਤੋਂ ਮਨ ਵਿਚ ਪਾਲਿਆ ਹੋਇਆ। ਪਹਿਲੇ ਦਿਨ ਕਲਾਸ ਵਿਚ ਮੇਰੀਆਂ ਅੱਖਾਂ ਵਿਚ ਉਤਰੀ ਨਮੀ ਇਸ ਗੱਲ ਦੀ ਤਸਦੀਕ ਸੀ ਕਿ ਇਹ ਨਮੀ ਬਾਪ ਦੀ ਅੱਖ ਵਿਚ ਉਤਰੀ ਉਸ ਨਮੀ ਨੂੰ ਨਤਮਸਤਕ ਸੀ ਜਦ ਮੈਂ ਪ੍ਰੈਪ ਵਿਚ ਫੇਲ੍ਹ ਹੋ ਗਿਆ ਸੀ। ਇਹ ਸਿਰਫ ਮੇਰੇ ਮਾਪਿਆਂ ਦੀਆਂ ਦੁਆਵਾਂ ਸਦਕਾ ਹੀ ਸੰਭਵ ਹੋਇਆ। ਮੰਡ ਵਿਚ ਪਸ਼ੂ ਚਾਰਨ ਵਾਲੇ ਜੁਆਕ ਦਾ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਦੇ ਸਿਕਲੀਗਰੀ ਸਫਰ ਦਾ ਸ਼ੁਕਰਾਨਾ ਹੀ ਕੀਤਾ ਜਾ ਸਕਦਾ। ਇਹ ਸਿਕਲੀਗਰੀ ਦਾ ਉਹ ਹਾਸਲ ਸੀ ਜਿਸ ਨੇ ਸੁਪਨ-ਨਗਰੀ ਦਾ ਵਾਸੀ ਬਣਾਇਆ।

ਸਿਕਲੀਗਰੀ ਨੂੰ ਰੂਹ-ਰੰਗਤਾ ਤੇ ਰੂਹ-ਰੇਜ਼ਤਾ ਬਣਾਓ। ਰੂਹ ਦੀਆਂ ਅਨੂਠੀਆਂ ਅਵੱਲੀਆਂ, ਅਨੋਖੀਆਂ ਅਤੇ ਅਮੁੱਲ ਜੂਹਾਂ ਵਿਚ ਵਿਚਰੋ। ਇਸ ਦੇ ਰੰਗਾਂ ਵਿਚ ਅਭੇਦ ਹੋਵੋ। ਪੀੜਾ ਨੂੰ ਸਮਝੋ ਅਤੇ ਪੀੜ-ਪੀੜ ਹੋਣਾ ਵੀ ਸਿੱਖੋ। ਕਿਸੇ ਦੀ ਖੁਸ਼ੀ ਵਿਚ ਸ਼ਾਮਲ ਹੋ ਕੇ ਇਸ ਨੂੰ ਵਧਾਉਣ ਲਈ ਆਨਾ-ਕਾਨੀ ਨਾ ਕਰੋ। ਖਿੜੀ ਰੂਹ ਵਾਲੇ ਲੋਕ ਉਹ ਸਿਕਲੀਗਰ ਹੁੰਦੇ ਜਿਨ੍ਹਾਂ ਨੇ ਜੀਵਨੀ ਬਖ਼ਸ਼ਿਸ਼ਾਂ ਨੂੰ ਜੀਵਨ-ਜਾਚਨਾ ਬਣਾਇਆ ਹੁੰਦਾ। ਆਪਣੇ ਤੋਂ ਆਪਣੇ ਤੱਕ ਦੇ ਸਫਰ ਨੂੰ ਹੰਢਾਇਆ ਹੁੰਦਾ ਅਤੇ ਇਸ ਵਿਚੋਂ ਖੁਦ ਨੂੰ ਰੁਸ਼ਨਾਇਆ ਹੁੰਦਾ।

ਸਿਕਲੀਗਰੀ ਸਰਾਪ ਨਹੀਂ ਸਗੋਂ ਇਹ ਉਹ ਯਾਤਰਾ ਹੈ ਜਿਸ ਨਾਲ ਖੁਦ ਦੀ ਜਾਮਾ-ਤਲਾਸ਼ੀ ਹੁੰਦੀ। ਤੁਹਾਡੇ ਅੰਤਰੀਵ ਵਿਚ ਬੈਠਾ ਉਹ ਸ਼ਖਸ ਰੂਪਮਾਨ ਹੁੰਦਾ ਜਿਸ ਦੀ ਤਵੱਕੋ ਸ਼ਾਇਦ ਤੁਸੀਂ ਵੀ ਨਾ ਕੀਤੀ ਹੋਵੇ। ਇਸ ਲਈ ਸਦਾ ਸਿਕਲੀਗਰੀ ਨੂੰ ਮਾਣੋ।

ਸਿਕਲੀਗਰ ਲੋਕ ਹੀ ਸੁਪਨਿਆਂ ਦੇ ਸੱਚ ਵਿਚੋਂ ਸ਼ਗਨ-ਸੰਧਾਰਾ ਸਮਿਆਂ ਦੀ ਝੋਲੀ ਵਿਚ ਪਾਉਂਦੇ ਜਿਸ ਨੇ ਵਕਤ ਦੀ ਤਵਾਰੀਖ ਬਣਨਾ ਹੁੰਦਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਵੀ ਤਵਾਰੀਖ ਦਾ ਭਾਗ ਬਣਨ ਅਤੇ ਇਸ ਦੇ ਪੰਨਿਆਂ ਵਿਚ ਜਿਊਂਦੇ ਰਹਿਣ ਦਾ ਉਦਮ ਕਰੀਏ।

*ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਨੌਕਰੀ ਇਸ ਲਈ ਨਹੀਂ ਸੀ ਮਿਲੀ ਕਿ ਮੇਰਾ ਤੀਹ ਸਾਲ ਪੜ੍ਹਾਉਣ ਦਾ ਤਜਰਬਾ ਸੀ ਅਤੇ ਮੈਂ ਪੀਐਚ.ਡੀ. ਸਾਂ ਸਗੋਂ ਉਨ੍ਹਾਂ ਦੇ ਦਿਤੇ ਹੋਏ ਵਿਸ਼ੇ 'ਤੇ ਕਲਾਸ ਅਤੇ ਸਮੁੱਚੇ ਟੀਚਿੰਗ ਸਟਾਫ ਸਾਹਮਣੇ ਦਿਤੇ ਲੈਕਚਰ ਦੇ ਸਮੁੱਚੇ ਮੁਲੰਕਣ ਤੋਂ ਪ੍ਰਭਾਵਤ ਹੋ ਇਸ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਮੌਕਾ ਮਿਲਿਆ। ਇਹ ਉਹ ਸੁਪਨਾ ਸੀ ਜਿਹੜਾ ਮੈਂ ਚਾਲੀ ਸਾਲ ਤੋਂ ਮਨ ਵਿਚ ਪਾਲਿਆ ਹੋਇਆ ਸੀ। ਮੰਡ ਵਿਚ ਪਸ਼ੂ ਚਾਰਨ ਵਾਲੇ ਜੁਆਕ ਦਾ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਦੇ ਸਿਕਲੀਗਰੀ ਸਫਰ ਦਾ ਸ਼ੁਕਰਾਨਾ ਹੀ ਕੀਤਾ ਜਾ ਸਕਦਾ। ਇਹ ਸਿਕਲੀਗਰੀ ਦਾ ਉਹ ਹਾਸਲ ਸੀ ਜਿਸ ਨੇ ਸੁਪਨ-ਨਗਰੀ ਦਾ ਵਾਸੀ ਬਣਾਇਆ।*

# ਸਿੱਖ ਅਹਿਸਾਸ ਨੂੰ ਟੁੱਕਦੀ ਅਜਮੇਰ ਸਿੰਘ ਦੀ ਇਤਿਹਾਸਕਾਰੀ

## ਅਜਮੇਰ ਸਿੰਘ ਦੇ ਵਿਚਾਰਧਾਰਕ ਸਾਥੀ ਰਹੇ ਗੁਰਬਚਨ ਸਿੰਘ ਦੀ ਪੁਸਤਕ 'ਗੁਰਮਤਿ ਅਤੇ ਮਾਰਕਸਵਾਦ ਦੀ ਰੌਸ਼ਨੀ ਵਿਚ ਅਜਮੇਰ ਸਿੰਘ ਦਾ ਵਿਚਾਰਧਾਰਕ ਭੰਬਲਭੂਸਾ' ਦੀ ਪੁਣਛਾਣ

***ਸ. ਗੁਰਬਚਨ ਸਿੰਘ ਪੰਜਾਬ ਦੇ ਉਨ੍ਹਾਂ ਚਿੰਤਕਾਂ ਦੀ ਢਾਣੀ ਵਿਚੋਂ ਹਨ ਜਿਹੜੇ ਮਾਰਕਸਵਾਦ ਅਤੇ ਸਿੱਖੀ ਦੇ ਸੁਮੇਲ ਤੋਂ ਪੈਦਾ ਹੋਣ ਵਾਲੀਆਂ ਵੱਡੀਆਂ ਅਤੇ ਸਥਾਈ ਤਬਦੀਲੀਆਂ ਦੀ ਡਟ ਕੇ ਪੈਰਵਾਈ ਕਰਦੇ ਹਨ। ਹੁਣੇ-ਹੁਣੇ ਉਨ੍ਹਾਂ ਦੀ ਪੁਸਤਕ 'ਗੁਰਮਤਿ ਅਤੇ ਮਾਰਕਸਵਾਦ ਦੀ ਰੌਸ਼ਨੀ ਵਿਚ ਅਜਮੇਰ ਸਿੰਘ ਦਾ ਵਿਚਾਰਧਾਰਕ ਭੰਬਲਭੂਸਾ' ਛਪੀ ਹੈ ਜਿਸ ਵਿਚ ਉਨ੍ਹਾਂ ਅਜਮੇਰ ਸਿੰਘ ਦੀ ਸਿੱਖ ਫਲਸਫੇ ਬਾਰੇ ਸਮਝ ਉਤੇ ਸਵਾਲਾਂ ਦੀ ਵਾਛੜ ਕੀਤੀ ਹੈ। ਇਸ ਪੁਸਤਕ ਬਾਰੇ ਚਰਚਾ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਅਤੇ ਅਜਮੇਰ ਸਿੰਘ ਦੀਆਂ ਲਿਖਤਾਂ ਦਾ ਟੀਰ ਉਜਾਗਰ ਕਰਨ ਦਾ ਯਤਨ ਕੀਤਾ ਹੈ।***



**ਪ੍ਰੋ. ਬਲਕਾਰ ਸਿੰਘ**
**ਫੋਨ: +91-93163-01328**

ਗੁਰਬਚਨ ਸਿੰਘ ਦੀ ਪੁਸਤਕ 'ਗੁਰਮਤਿ ਅਤੇ ਮਾਰਕਸਵਾਦ ਦੀ ਰੌਸ਼ਨੀ ਵਿਚ ਅਜਮੇਰ ਸਿੰਘ ਦਾ ਵਿਚਾਰਧਾਰਕ ਭੰਬਲਭੂਸਾ' ਪੰਥ ਖਾਲਸਾ ਪ੍ਰਕਾਸ਼ਨ ਨੇ ਅਕਤੂਬਰ 2021 ਵਿਚ ਵਾਲੀਆ ਪ੍ਰਿੰਟਰਜ਼ ਰਾਹੀਂ ਛਾਪੀ ਗਈ ਹੈ ਅਤੇ 104 ਸਫਿਆਂ ਦੀ 80 ਰੁਪਏ ਕੀਮਤ ਵਾਲੀ ਇਸ ਪੁਸਤਕ ਦੇ ਵਿਕਰੇਤਾ ਸਿੰਘ ਬ੍ਰਦਰਜ਼ ਅੰਮ੍ਰਿਤਸਰ ਹਨ। ਇਸ ਛੋਟੀ ਜਿਹੀ ਪੁਸਤਕ ਦਾ ਘੇਰਾ ਇਸ ਕਰਕੇ ਵੱਡਾ ਹੈ ਕਿਉਂਕਿ ਇਹ ਅਜਮੇਰ ਸਿੰਘ ਦੀਆਂ ਸਾਰੀਆਂ ਪੁਸਤਕਾਂ ਅਤੇ ਉਸ ਦੇ ਸਿਧਾਂਤਕੀ ਸਫਰ ਨਾਲ ਜੁੜੀ ਹੋਈ ਹੈ। ਇਸ ਪੁਸਤਕ ਦੀ ਸਾਖ ਮੇਰੀਆਂ ਨਿਗਾਹਾਂ ਵਿਚ ਇਸ ਕਰਕੇ ਵੀ ਹੈ ਕਿਉਂਕਿ ਲੇਖਕ, ਅਜਮੇਰ ਸਿੰਘ ਬਾਰੇ ਪੋਤੜਿਆਂ ਦੇ ਭੇਤੀ ਵਾਂਗ ਗੱਲ ਕਰਦਾ ਹੈ। ਇਸ ਦਾ ਆਧਾਰ ਲੇਖਕ ਦਾ ਅਜਮੇਰ ਸਿੰਘ ਨਾਲ ਹਮਸਫਰ ਰਿਹਾ ਹੋਣਾ ਹੈ। ਲੇਖਕ ਨੇ ਜਿਵੇਂ ਬਾਣੀ ਦੀ ਟੂਕ 'ਜੋ ਸਤਿਗੁਰਿ ਫਿਟਕੇ ਸੋ ਸਭਿ ਜਗਤਿ ਫਿਟਕੇ ਨਿਤ ਭੰਬਲਭੂਸੇ ਖਾਹੀ॥' (308) ਨਾਲ ਸ਼ੁਰੂ ਕੀਤਾ ਹੈ, ਇਸ ਨੂੰ ਮੈਂ ਅਕਾਦਮਿਕ ਲੋਰ ਦੇ ਆਸਰੇ ਵਾਂਗ ਮਹਿਸੂਸ ਕੀਤਾ ਹੈ। ਗੁਰੂ ਰਾਮਦਾਸ ਜੀ ਦਾ ਇਹ ਸ਼ਬਦ ਗੁਰਮਤਿ ਦੇ ਪ੍ਰਤੱਖਣ ਤੋਂ ਮਹਿਰੂਮ ਨਿੰਦਕਾਂ ਦੀ ਪ੍ਰਸੰਗਕ ਵਿਆਖਿਆ 'ਤੇ ਕੇਂਦਰਤ ਹੈ।

ਖੈਰ, ਇਸ ਦੇ ਵਿਸਥਾਰ ਵਿਚ ਜਾਏ ਬਿਨਾ ਗੱਲ ਇਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ ਕਿ ਪੰਜਾਬੀ ਮਾਨਸਿਕਤਾ ਵਿਚ ਜਿਸ ਤਰ੍ਹਾਂ ਸਿੱਖ ਅਹਿਸਾਸ ਪਲਸੇਟੇ ਮਾਰਦਾ ਰਹਿੰਦਾ ਹੈ, ਉਸ ਨੂੰ ਹੋਰ ਕਿਸੇ ਸਿਧਾਂਤਕੀ ਦੇ ਜਕੜਬੰਦ ਵਿਚ ਨਹੀਂ ਕੱਸਿਆ ਜਾ ਸਕਦਾ ਕਿਉਂਕਿ ਗੁਰਮਤਿ ਆਪਣੇ ਆਪ ਵਿਚ ਸੰਪੂਰਨ ਸਿਧਾਂਤਕ ਪ੍ਰਕਾਸ਼ਨ ਹੈ। ਹਾਂ, ਸਿਧਾਂਤਕੀਆਂ ਦੇ ਹਵਾਲੇ ਨਾਲ ਗੁਰਮਤਿ ਨੂੰ ਸਮਝਿਆ ਅਤੇ ਸਮਝਾਇਆ ਜ਼ਰੂਰ ਜਾ ਸਕਦਾ ਹੈ। ਸਿਆਸਤ ਵਲ ਸੇਧਤ ਜਕੜਬੰਦੀ ਕੋਸ਼ਿਸ਼ਾਂ, ਪੰਜਾਬੀ ਸਿਆਸਤ ਦੇ ਪੈਰੋਂ ਸ਼ੁਰੂ ਹੋਈਆਂ ਸਨ ਅਤੇ ਇਸ ਵੇਲੇ ਵੀ ਸਿੱਖ ਸਿਆਸਤ ਵਜੋਂ ਬਿਨਾ ਸੋਚੇ ਸਮਝੇ ਵਰਤੀਆਂ ਵਰਤਾਈਆਂ ਜਾ ਰਹੀਆਂ ਹਨ। ਇਸ ਵਿਚ ਸਿਧਾਂਤਕੀਆਂ ਦਾ ਦਖਲ ਲੋੜ ਅਨੁਸਾਰ ਹੁੰਦਾ ਵੀ ਰਿਹਾ ਹੈ ਅਤੇ ਹੋ ਵੀ ਰਿਹਾ ਹੈ। ਇਸੇ ਨਾਲ ਜੁੜੀ ਇਸ ਪੁਸਤਕ ਵਿਚ ਅਜਮੇਰ ਸਿੰਘ ਦੀਆਂ ਪੁਸਤਕਾਂ ਦੇ ਅੱਠ ਪਹਿਲੂਆਂ ਬਾਰੇ ਚਰਚਾ ਕੀਤੀ ਗਈ ਹੈ। ਸ਼ੁਰੂਆਤ 'ਸਿੱਖ ਇਤਿਹਾਸਕਾਰੀ ਅਤੇ ਖਾਲਿਸਤਾਨੀ ਲਹਿਰ' ਤੋਂ ਕੀਤੀ ਗਈ ਹੈ।


ਜਾਣਕਾਰੀ ਅਤੇ ਇਤਿਹਾਸਕਾਰੀ ਵਿਚਲਾ ਫਰਕ ਸਮਝੇ ਬਿਨਾ ਕੇਵਲ ਸਿਆਸਤ ਕੀਤੀ ਜਾਵੇਗੀ ਤਾਂ ਪ੍ਰਸੰਗ ਉਸਾਰਾਂ ਦੀ ਅਕਾਦਮਿਕਤਾ ਦੀ ਥਾਂ ਸਿਆਸੀ ਉਲਾਰ ਵਾਲੀਆਂ ਵਿੰਗੀਆਂ ਟੇਢੀਆਂ ਸੀਮਾਵਾਂ ਸਾਹਮਣੇ ਆ ਜਾਣਗੀਆਂ। ਜਿਸ ਤਰ੍ਹਾਂ ਸਿਆਸੀ ਨੈਰੇਟਿਵ ਵਿਚ ਫੈਸਲਿਆਂ ਦੀ ਭਾਸ਼ਾ ਵਿਚ ਮਾਨਸਿਕ ਅਪਹਰਨ ਸੰਭਵ ਹੁੰਦਾ ਹੈ, ਉਸ ਤਰ੍ਹਾਂ ਅਕਾਦਮਿਕਤਾ ਵਿਚ ਕੀਤੇ ਜਾਣਾ ਸੌਖਿਆਂ ਸੰਭਵ ਨਹੀਂ ਹੁੰਦਾ। ਜੇ ਪੁਸਤਕ ਦਾ ਨਾਮ '1984: ਅਣਚਿਤਵਿਆ ਕਹਿਰ: ਨਾ ਮੰਨਣਯੋਗ, ਨਾ ਭੁਲਣਯੋਗ ਤੇ ਨਾ ਬਖਸ਼ਣਯੋਗ' ਫੈਸਲੇ ਵਾਂਗ ਹੋਵੇਗਾ ਤਾਂ ਪਾਠਕੀ ਮਾਨਸਿਕਤਾ ਜਾਗਣ ਦੀ ਥਾਂ ਅੰਧ ਉਸਾਰ ਦੀ ਸ਼ਿਕਾਰ ਹੋ ਜਾਵੇਗੀ। ਇਸ ਨਾਲ ਕੋਮਲ ਮਾਨਸਿਕਤਾ ਉਲਝੇਗੀ ਅਤੇ ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ 'ਦੋਧੇ ਦਾਣਿਆਂ ਤੇ ਜ਼ਹਿਰ ਛਿੜਕੀ ਜਾਏਗੀ'। ਗੁਰਬਚਨ ਸਿੰਘ (ਲੇਖਕ) ਨੇ ਇਸ ਨੂੰ 'ਸਿੱਖ ਮਾਨਸਿਕਤਾ ਨੂੰ ਟੁੰਬਿਆ' ਕਿਹਾ ਹੈ ਪਰ ਮੈਨੂੰ ਇਹ ਸਿੱਖ ਕੋਮਲਤਾ ਨੂੰ ਉਕਸਾਇਆ/ਭੜਕਾਇਆ ਲਗਦਾ ਹੈ। ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਮਿਲਿਆ ਹੁੰਗਾਰਾ ਵੀ ਮੈਨੂੰ ਸਿਆਸੀ ਰੰਗ ਵਿਚ ਹੀ ਸਮਝ ਆਉਂਦਾ ਹੈ ਕਿਉਂਕਿ ਕਿਤਾਬਾਂ ਤਾਂ ਮੈਂ ਵੀ ਖਰੀਦ ਕੇ ਪੜ੍ਹੀਆਂ ਹਨ ਅਤੇ ਮੇਰੇ ਵਰਗਿਆਂ ਦਾ ਹੁੰਗਾਰਾ 'ਸਿੱਖ ਕੌਮ: ਹਸਤੀ ਤੇ ਹੋਣੀ' (2012) ਪੁਸਤਕ ਵਿਚ ਪ੍ਰਾਪਤ ਹੈ। ਸਿੱਖ ਪ੍ਰਸੰਗ ਵਿਚ ਇਸ ਚਿੰਤਕੀ ਅਤੇ ਸੰਬਾਦੀ ਪਹੁੰਚ ਵੱਲੋਂ ਜਿਸ ਤਰ੍ਹਾਂ ਅਜਮੇਰ ਸਿੰਘ ਨੇ ਅੱਖਾਂ ਮੀਟੀਆਂ ਸਨ, ਉਸ ਨਾਲ ਲੇਖਕ ਦੀ ਇਸ ਇੱਛਾ ਨੂੰ ਬੂਰ ਪੈਂਦਾ ਨਹੀਂ ਲੱਗਦਾ ਹੈ ਕਿ 'ਖਾਲਿਸਤਾਨੀ ਲਹਿਰ ਉਤੇ ਇਹਨਾਂ ਲਿਖਤਾਂ ਦੇ ਪਏ ਫੈਸਲਾਕੁਨ ਪ੍ਰਭਾਵ ਕਾਰਨ, ਇਹਨਾਂ ਲਿਖਤਾਂ ਦੀ ਭਰਵੀਂ ਪੜਚੋਲ ਕਰਨੀ, ਸਿੱਖ ਚਿੰਤਕਾਂ ਦੀ ਮਜਬੂਰੀ ਵੀ ਹੈ ਅਤੇ ਉਹਨਾਂ ਲਈ ਜ਼ਰੂਰੀ ਵੀ ਹੈ' (5)। ਇਸੇ ਕਰਕੇ ਅਜਮੇਰ ਸਿੰਘ ਦੀ ਇਹ ਦਾਅਵੇਦਾਰੀ ਕਿ ਉਸ ਦੀਆਂ ਲਿਖਤਾਂ ਸਿੱਖ ਸੱਚ ਨੂੰ ਜਾਣਨ ਵਾਲਿਆਂ ਨੂੰ ਤਾਕਤਵਰ ਬਣਾਉਣਗੀਆਂ, ਮਹਿਜ਼ ਸਿਆਸੀ ਦਾਅਵੇਦਾਰੀ ਹੈ। ਸਵਾਲ ਤਾਂ ਇਹ ਹੈ ਕਿ ਲੋਕ ਤੰਤਰ ਦੀ ਪਰਿਭਾਸ਼ਾ ਵਾਂਗ ਸਿੱਖ ਵੱਲੋਂ ਸਿੱਖਾਂ ਲਈ ਲਿਖੀਆਂ ਹੋਈਆਂ ਇਹਨਾਂ ਪੁਸਤਕਾਂ ਤੋਂ ਸਿੱਖ ਮੁੱਖਧਾਰਾ ਨੇ ਕੀ ਸਿੱਖਿਆ ਹੈ? ਇਸ ਪਾਸੇ ਇਸ ਪੁਸਤਕ ਰਾਹੀਂ ਛੇੜੇ ਗਏ ਸੰਬਾਦ ਨੂੰ ਅਗੇ ਤੋਰੇ ਜਾਣ ਦੀ ਲੋੜ ਹੈ।

ਜਿੰਨੀ ਮਿਹਨਤ ਅਤੇ ਸਮਝਦਾਰੀ ਨਾਲ ਲੇਖਕ ਨੇ ਇਹ ਪੁਸਤਕ ਲਿਖੀ ਹੈ, ਉਸ ਨਾਲ ਸਹਿਮਤੀ ਦੀ ਰੇਖਾ ਪਾਰ ਕਰਕੇ ਸੰਬਾਦ ਰਚਾਉਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਜਿਸ ਤਰ੍ਹਾਂ ਲੇਖਕ ਨੇ ਅਜਮੇਰ ਸਿੰਘ ਦੀ ਇਤਿਹਾਸਕ ਬਿਰਤਾਂਤਕਾਰੀ ਵਿਚੋਂ ਫਿਲਾਸਫੀ ਨੂੰ ਗੁੰਮ ਮੰਨਿਆ ਹੈ, ਉਹ ਅਜਮੇਰ ਸਿੰਘ ਦੇ ਹਵਾਲੇ ਨਾਲ ਸਿੱਖ ਪਛਾਣ ਅਤੇ ਸਿੱਖ ਹੋਣੀ ਦੇ ਫਰਕ ਦੀ ਨਾਸਮਝੀ ਵਰਗਾ ਮਸਲਾ ਹੈ। ਜੋ ਇਸ ਬਰੀਕੀ ਵਿਚ ਨਹੀਂ ਪੈ ਸਕਦੇ, ਉਹ ਸਿੱਖ ਸੁਰ ਵਿਚ ਬਾਣੀ ਅਤੇ ਇਤਿਹਾਸ ਦੀ ਅੰਤਰ-ਸਬੰਧਤਾ ਨੂੰ ਵੀ ਨਹੀਂ ਸਮਝ ਸਕਦੇ। ਇਹੋ ਜਿਹੀ ਹਾਲਤ ਵਿਚ ਦੁੱਕੀ ਦਾ ਦਹਿਲੇ 'ਤੇ ਵੱਜ ਜਾਣਾ ਕੁਦਰਤੀ ਹੋ ਜਾਂਦਾ ਹੈ। ਲੇਖਕ ਨੇ ਇਸ ਦ੍ਰਿਸ਼ਟੀ ਤੋਂ ਨਤੀਜਾ ਠੀਕ ਕੱਢਿਆ ਹੈ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਦੇ 'ਨਾਂਹਪੱਖੀ ਪ੍ਰਭਾਵ'(6) ਨੇ ਓਨਾ ਸਵਾਰਿਆ ਨਹੀਂ, ਜਿੰਨਾ ਵਿਗਾੜਿਆ ਹੈ। ਇਸੇ ਕਰਕੇ ਉਸ ਦੀਆਂ ਪੁਸਤਕਾਂ ਵਿਚੋਂ ਅਕਾਦਮਿਕ ਇਮਾਨਦਾਰੀ ਗੁੰਮ ਹੈ ਕਿਉਂਕਿ ਉਹ ਤਾਂ ਕਿਸੇ ਵੀ ਟੂਕ ਨੂੰ ਪ੍ਰਸੰਗ ਵਿਚੋਂ ਕੱਢ ਕੇ ਮਨਮਰਜ਼ੀ ਦੇ ਨਤੀਜਿਆਂ ਵਾਸਤੇ ਵਰਤਦਾ ਬੇਰੋਕ ਤੁਰਿਆ ਜਾ ਰਿਹਾ ਹੈ। ਮਿਸਾਲ ਦੇ ਤੌਰ ਤੇ ਪੁਸਤਕ 'ਹਮ ਹਿੰਦੂ ਨਹੀਂ' (ਭਾਈ ਕਾਨ੍ਹ ਸਿੰਘ ਨਾਭਾ) ਨੂੰ ਜਿਸ ਤਰ੍ਹਾਂ ਅਜਮੇਰ ਸਿੰਘ ਵਰਤਦਾ ਹੈ, ਉਸ ਨਾਲ ਪੁਸਤਕ ਦੇ ਸੁਜਗ ਪਾਠਕ ਬੇਸ਼ਕ ਸਹਿਮਤ ਨਾ ਹੋਣ ਪਰ ਅੰਧ ਪਾਠਕਾਂ ਨੂੰ ਕੌਣ ਸਮਝਾ ਸਕਦਾ ਹੈ? ਇਸ ਦਾ ਵਿਸਥਾਰ ਲੇਖਕ ਨੇ ਪੰਨਾ 7-8 'ਤੇ ਦਿੱਤਾ ਹੋਇਆ ਹੈ।

ਸਾਰਿਆਂ ਨੂੰ ਪਤਾ ਹੈ ਕਿ ਸੰਤ ਭਿੰਡਰਾਂਵਾਲਿਆਂ ਬਾਰੇ ਪ੍ਰਚਲਿਤ ਧਾਰਨਾਵਾਂ ਨੂੰ ਲੈ ਕੇ ਅਜਮੇਰ ਸਿੰਘ ਨੇ ਉਨ੍ਹਾਂ ਸਾਰਿਆਂ ਨੂੰ ਕਟਿਹਿਰੇ ਵਿਚ ਖੜ੍ਹਾ ਕਰ ਦਿਤਾ ਹੈ ਜਿਨ੍ਹਾਂ ਨੇ 'ਨਿਸ਼ਾਨੇ ਮਿਥ ਕੇ ਹਮਲੇ ਕਰਨ ਤੋਂ ਨਹੀਂ ਉਕਣਾ' ਉਤੇ ਪਹਿਰਾ ਨਹੀਂ ਦਿਤਾ। ਜਿਨ੍ਹਾਂ ਨੇ ਸਿਆਸਤ ਵਾਸਤੇ ਜਾਂ ਲਾਹੇ ਟੋਟਿਆਂ ਵਾਸਤੇ ਇਨ੍ਹਾਂ ਬਚਨਾਂ 'ਤੇ ਪਹਿਰਾ ਦੇਣ ਦਾ ਭਰਮ ਪਾਲਿਆ ਹੋਇਆ ਹੈ, ਉਨ੍ਹਾਂ ਬਾਰੇ ਫੈਸਲਾ ਹੋਇਆ ਨਹੀਂ, ਅਜੇ ਹੋਣਾ ਹੈ। ਅਜਮੇਰ ਸਿੰਘ ਆਪਣੇ ਅੰਸ਼ਕ ਪ੍ਰਤੀਸ਼ਤਤਾ ਵਾਲੇ ਅੰਧ ਪਾਠਕਾਂ ਤੋਂ ਬਿਨਾ ਬਾਕੀ ਸਾਰੇ ਸਿੱਖਾਂ ਨੂੰ 'ਹਕੀਕੀ ਅਰਥਾਂ ਵਿਚ ਸੰਤ ਭਿੰਡਰਾਂਵਾਲਿਆਂ ਦੇ ਆਦੇਸ਼ ਦੇ ਅਨੁਸਾਰੀ' ਨਹੀਂ ਮੰਨਦਾ (6)। ਕੌਣ ਪੁੱਛੇ ਕਿ ਆਦੇਸ਼, ਕਿਹੜੇ ਪ੍ਰਸੰਗ ਵਿਚ ਕੌਣ ਕਰ ਸਕਦਾ ਹੈ ਅਤੇ ਕਿਉਂ ਕਰ ਸਕਦਾ ਹੈ? ਜਿਵੇਂ ਜਿਵੇਂ ਸਿੱਖ ਭਾਈਚਾਰਾ ਪੁਸਤਕ ਸਭਿਆਚਾਰ ਵੱਲ ਪਰਤੇਗਾ, ਤਿਵੇਂ ਤਿਵੇਂ ਅਜਮੇਰ ਸਿੰਘ ਦੀਆਂ ਪੁਸਤਕਾਂ ਸਵਾਲਾਂ ਦੇ ਜੰਗਲਾਂ ਵਿਚ ਗੁਆਚਦੀਆਂ ਚਲੀਆਂ ਜਾਣਗੀਆਂ, ਕਿਉਂਕਿ ਸਿੱਖ ਮਾਨਸਿਕਤਾ ਵਿਚ ਹਿੰਦੂਆਂ ਪ੍ਰਤੀ ਉਹ ਨਫਰਤੀ ਅਹਿਸਾਸ ਪ੍ਰਚੰਡ ਨਹੀਂ ਕੀਤਾ ਜਾ ਸਕਦਾ ਜਿਹੜਾ ਅਜਮੇਰ ਸਿੰਘ ਦੀਆਂ ਪੁਸਤਕਾਂ ਦੀ ਚੂਲ ਹੋ ਗਿਆ ਹੈ। ਸਿਆਸੀ ਪ੍ਰਸੰਗ ਵਿਚ ਇਹ ਵੀ ਸੁਆਲ ਪੈਦਾ ਹੋਣਾ ਹੀ ਹੈ ਕਿ ਸਿੱਖ ਰਾਸ਼ਟਰਵਾਦ ਦਾ ਹਿੰਦੂ ਰਾਸ਼ਟਰਵਾਦ ਅਤੇ ਇਸਲਾਮਿਕ ਰਾਸ਼ਟਰਵਾਦ ਨਾਲੋਂ ਕੀ ਫਰਕ ਹੈ, ਕਿਉਂਕਿ ਦੋਵੇਂ ਹੀ ਆਪੋ-ਆਪਣੀ ਖੁੱਲ੍ਹੀ ਸਿਧਾਂਤਕੀ ਨਾਲੋਂ ਵਿਛੜ ਕੇ ਕੋਰੀ ਬੰਦ-ਸਿਆਸਤ ਦਾ ਸ਼ਿਕਾਰ ਹੋਏ ਹੋਏ ਹਨ। ਅਜਮੇਰ ਸਿੰਘ ਦੀਆਂ ਪੁਸਤਕਾਂ ਦੇ ਇਸ ਮੁੱਦੇ ਨੂੰ ਕਿ 'ਆਮ ਸਿੱਖ ਜਨਤਾ ਜਿੰਨੀ ਮੁਸਲਮਾਨਾਂ ਬਾਰੇ ਨਿਖੇੜੇ ਬਾਰੇ ਸਪਸ਼ਟ ਤੇ ਇਕ ਚਿਤ ਹੈ, ਉਹ ਹਿੰਦੂਆਂ ਦੇ ਮਾਮਲੇ ਵਿਚ ਓਨੀ ਹੀ ਘਚੋਲੇ ਤੇ ਦੋਚਿਤੀ ਵਿਚ ਗ੍ਰਸੀ ਹੋਈ ਹੈ' (7), ਨਾਲ ਕੋਈ ਵੀ ਗੁਰੂ ਕਾ ਗੁਰਮਤਿ ਪ੍ਰਸੰਗ ਵਿਚ ਕਿਵੇਂ ਸਹਿਮਤ ਹੋ ਸਕਦਾ ਹੈ? ਇਸੇ ਵਿਚੋਂ ਵਰਤਮਾਨ ਸਰਕਾਰ ਵਲੋਂ ਇਹ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਜੋ ਸਮਕਾਲੀ ਭਾਰਤੀ ਸਰਕਾਰ ਨਾਲ ਸਹਿਮਤ ਨਹੀਂ ਹੈ, ਉਸ ਨੂੰ ਰਾਸ਼ਟਰ ਵਿਰੋਧੀ ਗਰਦਾਨਿਆ ਜਾ ਸਕਦਾ ਹੈ। ਅਜਮੇਰ ਸਿੰਘ ਨੂੰ ਇਹ ਕਿਵੇਂ ਸਮਝਾਈਏ ਕਿ ਸਿਆਸੀ ਵਿਰੋਧ ਨੂੰ ਰਾਸ਼ਟਰ ਵਿਰੋਧੀ ਗਰਦਾਨੇ ਜਾ ਸਕਣ ਦਾ ਬੇਲੋੜਾ ਬਹਾਨਾ ਸਿੱਖਾਂ ਵਰਗੀ ਘੱਟ ਗਿਣਤੀ ਨੂੰ ਨਹੀਂ ਦੇਣਾ ਚਾਹੀਦਾ। ਨਹੀਂ ਸਮਝਾਂਗੇ ਤਾਂ 'ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ' ਦੀ ਲਗਾਤਾਰਤਾ ਵਿਚ ਤੁਰਨ ਦੀ ਮਜਬੂਰੀ ਹੰਢਾਉਣੀ ਪਵੇਗੀ।

'ਬ੍ਰਾਹਮਣਵਾਦ ਅਤੇ ਸਾਮਰਾਜ ਦੇ ਸ਼ਿਕੰਜੇ ਵਿਚੋਂ ਮੁਕਤ ਕਰਵਾਉਣ ਦੀ ਮੁਹਿੰਮ' (9) ਵਿੱਢਣ ਦਾ ਜੋ ਸਿਆਸੀ ਭਰਮ ਅਜਮੇਰ ਸਿੰਘ ਨੇ ਪਾਲ ਲਿਆ ਹੈ, ਉਸ ਨਾਲ ਤਾਂ ਇਹ ਪ੍ਰਭਾਵ ਪੈਦਾ ਹੋ ਰਿਹਾ ਹੈ ਕਿ ਜੋ ਆਸ ਉਹ ਦੂਜਿਆਂ ਤੋਂ ਰੱਖ ਰਿਹਾ ਹੈ, ਉਹ ਕੁਝ ਤਾਂ ਉਹ ਆਪਣਿਆਂ ਨੂੰ ਖੁਦ ਵੀ ਦੇਣ ਲਈ ਤਿਆਰ ਨਹੀਂ ਹੈ। ਫਿਰ ਵੀ ਲੇਖਕ ਨੇ ਅਜਮੇਰ ਸਿੰਘ ਨੂੰ ਬਣਦਾ ਮਾਣ ਦੇਣ ਵਿਚ ਕੰਜੂਸੀ ਨਹੀਂ ਕੀਤੀ (11) ਪਰ ਧਾਰਨਾਵਾਂ ਦੇ ਸਿਆਸੀ ਰੋੜ੍ਹ ਵਿਚ ਰੁੜ੍ਹੇ ਅਜਮੇਰ ਸਿੰਘ ਬਾਰੇ ਲੇਖਕ ਦੀ ਨਿਸ਼ੰਗ ਰਾਏ ਇਹ ਵੀ ਹੈ ਕਿ 'ਸੰਤਾਂ (ਭਿੰਡਰਾਂਵਾਲੇ) ਦੀ 'ਸਿੱਖ ਹਸਤੀ' ਨੂੰ ਬੁਲੰਦ ਕਰਨ ਦੀ ਬਜਾਇ ਉਨ੍ਹਾਂ ਦੀ 'ਹਿੰਦੂ ਵਿਰੋਧੀ' ਹਸਤੀ ਨੂੰ ਪ੍ਰਗਟ ਕਰਨ ਦੇ ਰਾਹ ਪੈ ਜਾਂਦੇ ਹਨ ਜਿਹੜੀ ਨ ਸਿਰਫ ਸਿਧਾਂਤਕ ਪੱਖ ਤੋਂ ਗਲਤ ਹੈ ਬਲਕਿ ਰਾਜਨੀਤਕ ਪੱਖ ਤੋਂ ਆਤਮਘਾਤੀ ਹੈ'(17)। ਨਤੀਜਾ ਇਹ ਕੱਢਿਆ ਹੋਇਆ ਹੈ ਕਿ 'ਉਨ੍ਹਾਂ ਦੀ ਇਸੇ ਹਿੰਦੂ ਵਿਰੋਧੀ ਰਾਜਨੀਤੀ ਨੇ ਖਾਲਿਸਤਾਨੀ ਲਹਿਰ ਨੂੰ ਉਲਝਾ ਦਿਤਾ ਹੈ'(19)। ਇਸੇ ਦੀ ਲਗਾਤਾਰਤਾ ਵਿਚ ਵਿਚਾਰਿਆ ਗਿਆ ਹੈ 'ਸਿੱਖ ਆਜ਼ਾਦੀ' ਦਾ ਸੁਝਾਇਆ ਖਾਲਿਸਤਾਨੀ ਰਾਹ। ਅਜਮੇਰ ਸਿੰਘ ਨੂੰ 'ਸਿੱਖ ਦੁਸ਼ਵਾਰੀਆਂ ਦੀ ਮੁਖ ਵਜ੍ਹਾ ਬਰਤਾਨਵੀ ਹਾਕਮ ਨਹੀਂ ਸਗੋਂ ਸਿੱਖ ਆਗੂ ਲਗਦੇ ਹਨ', ਕਿਉਂਕਿ ਉਹ ਪਾਕਿਸਤਾਨ ਵਾਂਗ ਖਾਲਿਸਤਾਨ ਨਹੀਂ ਬਣਾ/ਲੈ ਸਕੇ; ਹਾਲਾਂਕਿ ਲੇਖਕ ਨੇ ਸਿੱਖ ਰਾਜ ਦੇ ਜਾਣ ਪਿਛੋਂ ਪੈਦਾ ਹੋਏ ਹੇਰਵੇ ਦੇ ਹਵਾਲੇ ਨਾਲ ਲਿਖਿਆ ਹੋਇਆ ਹੈ ਕਿ 'ਪੱਛਮੀ ਲੋਕ ਬੁਨਿਆਦੀ ਤੌਰ 'ਤੇ ਬਦਕਾਰ ਜਾਂ ਕਮਿਊਨਿਸਟ ਪਾਰਟੀ ਵਾਂਗ ਬਦਇਖਲਾਕ ਸਨ ਪਰ ਉਨ੍ਹਾਂ ਦੇ ਹਥੋਂ ਸਿੱਖਾਂ ਦੀ ਹੋਈ ਰਾਜਨੀਤਕ ਬਰਬਾਦੀ ਦਾ ਕਾਰਨ, ਉਨ੍ਹਾਂ ਦੀ ਜੰਗ ਦੇ ਮੈਦਾਨ ਵਿਚ ਹੋਈ ਹਾਰ ਨਹੀਂ ਸੀ ਸਗੋਂ ਰਾਜਸੀ ਛਲ-ਕਪਟ ਦੀ ਤਿਲਕਣਬਾਜ਼ੀ ਸੀ'(49)। ਅਜਮੇਰ ਸਿੰਘ ਤਾਂ ਇਹੀ ਮੰਨਦਾ/ਚਾਹੁੰਦਾ ਹੈ ਕਿ 'ਵਧੇਰੇ ਉਚਿਤ ਪੋਜ਼ੀਸ਼ਨ ਇਹੀ ਬਣਦੀ ਸੀ ਕਿ ਪੰਜਾਬ ਦੀ ਮੁੜ ਹੱਦਬੰਦੀ ਕਰਕੇ ਇਸ ਦੇ ਕੇਂਦਰੀ ਭਾਗ ਅੰਦਰ ਸਿੱਖਾਂ ਨੂੰ ਆਪਣੀ ਹੋਣੀ ਆਪ ਘੜਨ ਦਾ ਅਧਿਕਾਰ ਅਤੇ ਮੌਕਾ ਮੁਹੱਈਆ ਕੀਤਾ ਜਾਂਦਾ'(22)। ਇਸ ਪ੍ਰਸੰਗ ਵਿਚ ਉਸ ਦੀ ਧਾਰਨਾ ਹੈ ਕਿ ਇਸ ਨਾਲ 'ਸਿੱਖ ਆਗੂ ਆਪਣੀ ਤਰਕ-ਵਿਹੂਣੀ ਤੇ ਦੀਵਾਲੀਆ ਕਿਸਮ ਦੀ ਰਾਜਨੀਤੀ ਦੇ ਸੰਤਾਪ ਤੋਂ ਮੁਕਤ ਹੋ ਸਕਦੇ ਸਨ'(23)। ਇਸ ਦ੍ਰਿਸ਼ਟੀ ਤੋਂ ਬਣੇ ਹੋਏ ਪੰਜਾਬੀ ਸੂਬੇ ਦੇ ਹਵਾਲੇ ਨਾਲ ਸਿੱਖ ਸਿਆਸਤ ਦੇ ਪੈਰੋਂ ਜਿਥੋਂ ਜਿਥੇ ਤੱਕ ਪੰਜਾਬ ਪਹੁੰਚ ਗਿਆ ਹੈ, ਉਸ ਵਾਸਤੇ ਉਸ ਦੀਆਂ ਲਿਖਤਾਂ ਬਿਲਕੁਲ ਚੁੱਪ ਹਨ। ਖਾਲਿਸਤਾਨੀ ਚਿੰਤਕਾਂ ਦੇ 'ਯਹੂਦੀ ਮਾਡਲ' ਵਰਤਣ ਦੀ ਕੋਸ਼ਿਸ਼ ਕਰਨ ਤੇ ਲੇਖਕ ਨੇ ਟਿੱਪਣੀ ਕੀਤੀ ਹੋਈ ਹੈ ਕਿ 'ਅਜ ਉਹ ਸਾਰਾ ਖਿੱਤਾ ਮੁਸਲਮਾਨਾਂ ਅਤੇ ਯਹੂਦੀਆਂ ਵਿਚਕਾਰ ਤਣਾਉ ਦਾ ਖੇਤਰ ਬਣਿਆ ਹੋਇਆ ਹੈ'(25)। ਇਸ ਵੇਲੇ ਸੱਚ ਇਹ ਸਾਹਮਣੇ ਆ ਗਿਆ ਹੈ ਕਿ ਸਿੱਖ ਸਿਆਸਤ ਦੇ ਵੱਖ-ਵੱਖ ਰੰਗਾਂ ਵਿਚਕਾਰ ਚਲ ਰਹੀ ਖਿੱਚੋਤਾਣ ਨਾਲ ਜਿਹੋ ਜਿਹਾ ਨੁਕਸਾਨ ਸਿੱਖਾਂ ਨੂੰ ਪਹੁੰਚ ਰਿਹਾ ਹੈ, ਉਸ ਦੇ ਹੁੰਦਿਆਂ ਅਜਮੇਰ ਸਿੰਘ ਦਾ ਧਿਆਨ ਇਸ ਗੱਲ 'ਤੇ ਹੋ ਗਿਆ ਹੈ ਕਿ 'ਸਭ ਦੇ ਸਾਹਮਣੇ ਹੈ ਕਿ ਇਸ ਦੇਸ਼ ਅੰਦਰ ਨ ਸਿਰਫ ਸਿੱਖ ਸੋਚ ਨੂੰ ਖਤਰਾ ਹੈ ਬਲਕਿ ਸਿੱਖੀ ਦੀ ਹੋਂਦ ਨੂੰ ਮਿਟਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਹੋ ਰਹੀਆਂ ਹਨ'(26)। ਜਿਨ੍ਹਾਂ ਨੂੰ ਸੰਤ ਭਿੰਡਰਾਂਵਾਲਿਆਂ ਦੇ ਹਵਾਲੇ ਨਾਲ ਇਹ ਲਗਦਾ ਕਿ 'ਇਸ ਦੇਸ ਅੰਦਰ ਸਿੱਖ ਆਤਮਾ ਗੁਲਾਮ ਹੈ ਅਤੇ ਸਿੱਖੀ ਸਰੂਪ ਖਤਰੇ ਵਿਚ ਹੈ'(26) ਅਤੇ ਅਜਿਹਾ 'ਅਕਾਲੀ ਆਗੂਆਂ ਕਰਕੇ ਵਾਪਰਿਆ ਹੈ'(27), ਉਨ੍ਹਾਂ ਨੂੰ ਕੌਣ ਪੁੱਛੇ ਕਿ ਇਸ ਦੇ ਜ਼ਿੰਮੇਵਾਰ ਪਹਿਲਾਂ ਸਿੱਖ ਆਪ ਹਨ ਅਤੇ ਬਾਅਦ ਵਿਚ ਕੋਈ ਹੋਰ ਹੈ। ਇਹ ਸੌਖ ਨਾਲ ਕੱਢਿਆ ਨਤੀਜਾ ਹੈ ਕਿ 'ਪੰਜਾਬ ਦੇ ਉਚ ਜਾਤੀ ਤੇ ਉਚ ਜਮਾਤੀ ਸਿੱਖ ਆਗੂਆਂ ਦੀ ਗਲਤੀ ਕਾਰਨ ਸਿੱਖਾਂ ਨੂੰ ਅਜੋਕਾ ਸੰਤਾਪ ਝਲਣਾ ਪੈ ਰਿਹਾ ਹੈ'(27), ਕਿਉਂਕਿ ਇਸ ਦੋਸ਼ ਤੋਂ ਕਿਸੇ ਵੀ ਸਿੱਖ ਸਿਆਸਤਦਾਨ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਦੂਜੇ ਨੂੰ ਗ਼ਲਤ ਸਮਝਣ ਦੇ ਉਲਾਰ 'ਚ ਆਪਣੇ ਆਪ ਵਲੋਂ ਗਲਤ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ।

'ਕਿਸ ਬਿਧ ਰੁਲੀ ਪਾਤਸ਼ਾਹੀ' ਬਾਰੇ ਲੇਖਕ ਨੇ ਗੱਲ ਇਥੋਂ ਸ਼ੁਰੂ ਕੀਤੀ ਹੈ ਕਿ 'ਅਜਮੇਰ ਸਿੰਘ ਇਸ (ਰੁਲੀ ਪਾਤਸ਼ਾਹੀ) ਦੇ ਬੀਜ ਸਿੱਖ ਫਲਸਫੇ ਨੂੰ ਅਣਗੌਲਿਆਂ ਕਰਨ ਵਿਚੋਂ ਲੱਭਣ ਦੀ ਬਜਾਇ ਸਿੱਖ ਇਤਿਹਾਸ ਵਿਚੋਂ ਲਭਦੇ ਹਨ'(31)। ਵਰਤਮਾਨ ਦੀਆਂ ਤੱਦੀਆਂ ਦਾ ਅਪਹਰਨ ਕਰਕੇ ਮਨਮਰਜ਼ੀ ਦੇ ਨਤੀਜੇ ਕੱਢਣੇ ਹੋਣ ਤਾਂ ਬੀਤ ਗਏ ਦੇ ਹਵਾਲਿਆਂ ਦੀ ਸਿਆਸਤ ਅਜਮੇਰ ਸਿੰਘ ਦੀਆਂ ਲਿਖਤਾਂ ਦਾ ਅਹਿਮ ਪੱਖ ਮੰਨਿਆ ਜਾ ਸਕਦਾ ਹੈ। ***(ਬਾਕੀ ਅਗਲੇ ਸਫੇ 'ਤੇ)***




***ਗੁਰਬਚਨ ਸਿੰਘ ਦੀ ਕਿਤਾਬ ਦਾ ਮੁਖੜਾ***



ਗੁਰਬਚਨ ਸਿੰਘ



ਅਜਮੇਰ ਸਿੰਘ

# ਸੱਤਰ ਸਾਲਾ ਦੋਸਤੀ ਦੀਆਂ ਯਾਦਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਲਈ ਲੰਘੇ ਹਫਤੇ ਦਾ ਦੋ ਹਰਫਾ ਮੋਬਾਈਲ ਸੰਦੇਸ਼ ਹੈਰਾਨ ਕਰਨ ਵਾਲਾ ਸੀ। ਦਿਸਦੇ-ਦਿਸਦੇ ਅਰਥਾਂ ਨਾਲੋਂ ਅਸਲੀ ਅਰਥ ਵੱਖਰੇ ਸਨ। ਸੰਦੇਸ਼ ਭੇਜਣ ਵਾਲੇ ਨੇ ਲਿਖਿਆ ਸੀ ਕਿ ਅੱਜ ਸੁਰਗਾਂ ਵਿੱਚ ਇੱਕ ਨਵੇਂ ਫਰਿਸ਼ਤੇ ਮਨਮੋਹਨ ਸਿੰਘ ਦੇ ਦਾਖਲੇ ਨਾਲ ਸੁਰਗਾਂ ਦੀ ਦੁਨੀਆਂ ਅਮੀਰ ਹੋ ਗਈ ਹੈ। ਮੈਂ ਇਸ ਨੂੰ ਏਮਜ਼ ਦਿੱਲੀ ਵਿੱਚ ਦਾਖਲ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਚਲਾਣਾ ਸਮਝ ਕੇ ਰੱਬ ਦਾ ਭਾਣਾ ਮੰਨ ਕੇ ਪ੍ਰਵਾਨ ਕਰ ਲਿਆ। ਮਨਮੋਹਨ ਸਿੰਘ ਮੇਰੇ ਗੂੜ੍ਹੇ ਮਿੱਤਰ ਸੁਰਜੀਤ ਹਾਂਸ ਨਾਲ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਹੋਸਟਲ ਵਿੱਚ ਰਹਿ ਚੁੱਕਾ ਸੀ ਤੇ ਮੇਰੇ ਨਾਲ ਹੋਈਆਂ ਦੋ ਮੁਲਾਕਾਤਾਂ ਵਿੱਚ ਉਸ ਕਾਲਜ ਦੀਆਂ ਯਾਦਾਂ ਦੱਸਦਾ ਹੁੰਦਾ ਸੀ। ਨਿਸ਼ਚੇ ਹੀ ਉਹ ਫਰਿਸ਼ਤਾ ਸੀਰਤ ਇਨਸਾਨ ਹੈ। ਸੰਦੇਸ਼ ਉਸ ਦੀ ਬੇਟੀ ਦਮਨ ਸਿੰਘ ਵਲੋਂ ਹੋ ਸਕਦਾ ਸੀ, ਜੋ ਮੈਨੂੰ ਜਾਣਦੀ ਹੈ।

ਮੈਨੂੰ ਮੋਬਾਈਲ ਸੰਦੇਸ਼ ਪੜ੍ਹਨੇ ਨਹੀਂ ਆਉਂਦੇ। ਆਪਣੇ-ਆਪ ਨੂੰ ਇਸ ਯੁਗ ਦਾ ਵਾਸੀ ਹੋਣ ਲਈ ਅਯੋਗ ਕਹਿ ਕੇ ਟਾਲਾ ਵੱਟ ਜਾਂਦਾ ਹਾਂ। ਜਦੋਂ ਇੱਕ ਬੱਚੇ ਦੀ ਮਦਦ ਨਾਲ ਸੰਦੇਸ਼ ਕਰਤਾ ਦਾ ਨਾਂ ਲੱਭਿਆ ਤਾਂ ਰੂਬੀ ਉਬਰਾਇ ਨਿਕਲਿਆ, ਜਿਹੜੀ ਚੰਡੀਗੜ੍ਹ ਦੇ 16 ਸੈਕਟਰ ਵਾਲੇ ਹਸਪਤਾਲ ਵਿਚ ਰੇਡੀਓਲੋਜੀ ਦੀ ਮਾਹਿਰ ਹੈ। ਰੂਬੀ ਮੇਰੇ ਸੱਤਰ ਸਾਲਾ ਦੋਸਤ ਮਨਮੋਹਨ ਸਿੰਘ ਦੇ ਬੇਟੇ ਸਰਬਜੀਤ ਸਿੰਘ ਆਈ. ਏ. ਐਸ. ਦੀ ਜੀਵਨ ਸਾਥਣ ਹੈ। ਨਿਸ਼ਚੇ ਹੀ ਅਕਾਲ ਚਲਾਣੇ ਦੀ ਖਬਰ, ਜੋ ਸਵਰਗਾਂ ਦੀ ਦੁਨੀਆ ਨਾਲ ਜੁੜਦੀ ਸੀ, ਉੱਥੇ ਮੇਰਾ ਮਿੱਤਰ ਮਨਮੋਹਨ ਸਿੰਘ ਜਾ ਵਿਰਾਜਿਆ ਸੀ। ਉਹ ਮਨਮੋਹਨ ਸਿੰਘ ਨਹੀਂ ਜਿਹੜਾ ਉਸ ਖ਼ਬਰ ਤੋਂ ਅਗਲੇ ਦਿਨ ਏਮਜ਼ ਤੋਂ ਛੁੱਟੀ ਮਿਲਣ ਪਿੱਛੋਂ ਸਹੀ ਸਲਾਮਤ ਘਰ ਪਹੁੰਚ ਚੁੱਕਿਆ ਹੈ।

ਮੇਰੇ ਵਾਲਾ ਮਨਮੋਹਨ ਸਿੱਖ ਨੈਸ਼ਨਲ ਕਾਲਜ ਕਾਦੀਆਂ ਤੇ ਮਹਿੰਦਰਾ ਕਾਲਜ ਪਟਿਆਲਾ ਸਮੇਤ ਕਈ ਕਾਲਜਾਂ ਵਿੱਚ ਪੜ੍ਹਾਉਣ ਪਿੱਛੋਂ ਸੇਵਾ ਮੁਕਤ ਹੋ ਕੇ ਤਿੰਨ ਦਹਾਕਿਆਂ ਤੋਂ ਵਲਾਇਤ ਵਿਖੇ ਆਪਣੀ ਧੀ ਰੋਜ਼ੀ ਕੋਲ ਰਹਿ ਰਿਹਾ ਸੀ। ਲਗਪਗ ਉਨੇ ਸਮੇਂ ਤੋਂ ਜਦੋਂ ਦਾ ਮੈਂ ਦਿੱਲੀ ਛੱਡ ਕੇ ਚੰਡੀਗੜ੍ਹ ਰਹਿ ਰਿਹਾ ਹਾਂ। ਉਹ ਤੇ ਮੈਂ ਪਿਛਲੀ ਸਦੀ ਦੇ ਪੰਜਾਹਵਿਆਂ ਵਿੱਚ ਕੈਂਪ ਕਾਲਜ ਦਿੱਲੀ ਵਿਖੇ ਹਮ-ਜਮਾਤੀ ਸਾਂ। ਉਹ ਛੇ ਸਾਲ ਦਾ ਸੀ ਕਿ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਸੀ। ਆਪਣੀ ਹਿੰਮਤ ਨਾਲ ਸਫਲ ਹੋਣ ਵਾਲਾ। ਮੈਨੂੰ ਮਿਲਣ ਤੋਂ ਪਹਿਲਾਂ ਉਹ ਦਿੱਲੀ ਤੋਂ ਛਪਦੇ 'ਪ੍ਰੀਤਮ' ਨਾਂ ਦੇ ਸਾਹਿਤਕ ਪੰਜਾਬੀ ਮਾਸਕ ਦਾ ਐਡੀਟਰ ਰਹਿ ਚੁੱਕਿਆ ਸੀ, ਜਿੱਥੇ ਕਦੀ ਪੰਜਾਬੀ ਦੇ ਵੱਡੇ ਕਵੀ ਪ੍ਰੀਤਮ ਸਿੰਘ ਸਫੀਰ ਤੇ ਅਵਤਾਰ ਸਿੰਘ ਆਜ਼ਾਦ ਇਹੀਓ ਸੇਵਾ ਨਿਭਾਅ ਚੁੱਕੇ ਸਨ।

ਫੇਰ ਮਨਮੋਹਨ ਤੇ ਮੈਂ 1957 ਵਿੱਚ ਭਾਰਤੀ ਖੇਤੀਬਾੜੀ ਖੋਜ ਕਾਊਂਸਲ ਦੇ ਸੰਪਾਦਕੀ ਅਮਲੇ ਵਿੱਚ ਇਕੱਠੇ ਹੋ ਗਏ, ਜਿੱਥੇ ਪੱਤਰਕਾਰ ਤੇ ਅੰਗਰੇਜ਼ੀ ਲੇਖਕ ਰਾਜ ਗਿੱਲ ਵੀ ਸਾਡੇ ਨਾਲ ਆ ਰਲਿਆ ਸੀ।



ਮਨਮੋਹਨ ਸਿੰਘ

ਇਹ ਗੱਲ ਵੱਖਰੀ ਹੈ ਕਿ ਉਸ ਥਾਂ ਤੋਂ ਦੋਵੇਂ ਮੇਰਾ ਸਾਥ ਛੱਡ ਕੇ ਆਪੋ-ਆਪਣੇ ਮਨਭਾਉਂਦੇ ਧੰਦੇ ਵਿੱਚ ਚਲੇ ਗਏ। ਮਨਮੋਹਨ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਪੜ੍ਹਾਉਣ ਚਲਾ ਗਿਆ ਤੇ ਰਾਜ ਗਿੱਲ 'ਹਿੰਦੁਸਤਾਨ ਟਾਈਮਜ਼' ਦਾ ਪੱਤਰ ਪ੍ਰੇਰਕ ਬਣ ਗਿਆ। ਰਾਜ ਗਿੱਲ ਡੇਢ ਦਹਾਕਾ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਚੁੱਕਿਆ ਹੈ ਤੇ ਮਨਮੋਹਨ 94ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਕੇ ਆਪਣੀ ਵਲਾਇਤ ਵਸਦੀ ਧੀ ਕੋਲੋਂ ਤੁਰ ਗਿਆ ਹੈ।

**ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬੀ ਭਾਸ਼ਾ ਦਾ ਮਸਲਾ**

ਪੰਜਾਬ ਦਿਵਸ 2021 ਮੌਕੇ ਪਹਿਲੀ ਨਵੰਬਰ ਵਾਲੇ ਦਿਨ ਚੰਡੀਗੜ੍ਹ ਪੰਜਾਬੀ ਮੰਚ ਨਾਲ ਰਲ ਕੇ ਚੰਡੀਗੜ੍ਹ ਦੇ ਪੰਜਾਬੀ ਪਿਆਰਿਆਂ ਤੇ ਨੇੜਲੇ ਪਿੰਡਾਂ ਦੇ ਸਹਿਯੋਗੀ ਸੰਗਠਨਾਂ ਨੇ ਇਸ ਦਿਨ ਨੂੰ 'ਕਾਲੇ ਦਿਵਸ' ਵਜੋਂ ਮਨਾਇਆ। ਮੂਲ ਮੁੱਦਾ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬੀ ਭਾਸ਼ਾ ਨੂੰ ਬਣਦੀ ਜਗ੍ਹਾ ਦਿਵਾਉਣਾ ਸੀ। ਕਾਫਲਾ ਸੈਕਟਰ 19 ਦੇ ਗੁਰਦੁਆਰੇ ਤੋਂ ਸ਼ੁਰੂ ਹੋ ਕੇ 19, 18 ਤੇ 17 ਦੇ ਬਾਜ਼ਾਰਾਂ ਵਿਚੋਂ ਪੈਦਲ ਲੰਘਦਿਆਂ ਸੈਕਟਰ 17 ਦੇ ਪਲਾਜ਼ਾ ਤੱਕ ਪੁੱਜਿਆ, ਇਸ ਦੌਰਾਨ ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਨਾਅਰੇ ਲਾਏ ਗਏ। **ਇਸ ਮਾਰਚ ਦੀ ਅਗਵਾਈ ਪੰਜਾਬੀ ਦੇ ਹਰਮਨ ਪਿਆਰੇ ਕਵੀ ਸੁਰਜੀਤ ਪਾਤਰ ਨੇ ਕੀਤੀ।**

**ਕਾਫਲੇ ਵਿੱਚ ਤਿੰਨ ਦਰਜਨ ਤੋਂ ਵੱਧ ਪੰਜਾਬੀਆਂ ਤੇ ਲੇਖਕਾਂ ਨੇ ਭਾਗ ਲਿਆ। ਨਿਸ਼ਚੇ ਹੀ ਚੰਡੀਗੜ੍ਹ ਵਿੱਚ ਪੰਜਾਬੀ ਨੂੰ ਲਾਂਭੇ ਕਰ ਕੇ ਏਥੋਂ ਦੇ ਦਫ਼ਤਰਾਂ ਵਿੱਚ ਅੰਗਰੇਜ਼ੀ ਭਾਸ਼ਾ ਨੂੰ ਸਰਕਾਰੀ ਤੇ ਦਫ਼ਤਰੀ ਭਾਸ਼ਾ ਦੀ ਪਦਵੀ ਦੇਣਾ, ਕਿਸੇ ਤਰਾਂ ਵੀ ਜਾਇਜ਼ ਨਹੀਂ ਹੈ। ਹੁਣ ਜਦਕਿ ਚੰਡੀਗੜ੍ਹ ਪ੍ਰਸ਼ਾਸਨ ਦਾ ਨਵਾਂ ਸਲਾਹਕਾਰ ਧਰਮਪਾਲ, ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਦਾ ਜੰਮਪਲ ਹੈ, ਆਸ ਹੈ ਕਿ ਪੰਜਾਬੀ ਬਾਰੇ ਲੋੜੀਂਦਾ ਫੈਸਲਾ ਹੋ ਸਕਦਾ ਹੈ।**

**ਅੰਤਿਕਾ: ਗੁਰਦਿਆਲ ਰੌਸ਼ਨ**

ਯਾਦ ਦੇ ਵਿੱਚ ਸਿਖਾ ਦੇਵੀਂ
ਏ.ਬੀ.ਸੀ ਅਪਣੇ ਬੱਚਿਆਂ ਨੂੰ,
ਪਹਿਲਾਂ ਇਨ੍ਹਾਂ ਦੇ ਹੱਥਾਂ ਵਿੱਚ
ਦੇ ਕਾਇਦਾ ਪੰਜਾਬੀ ਦਾ।

## ਸੁਰਜੀਤ ਪਾਤਰ

ਪਾਤਰ ਨੇ ਜੋ ਹੁਣ ਤੱਕ ਲਿਖਿਆ ਐ,
ਉਹ ਵੀ ਤਾਂ ਹੱਕ ਤੇ ਸੱਚ ਦੀ ਮੰਗ ਐ,
ਜਿਹੜੇ ਕਹਿੰਦੇ ਪਾਤਰ ਗੁੰਮ ਗਿਆ,
ਅਸਲ ਉਨ੍ਹਾਂ ਦੀ ਸੋਚ ਅਪੰਗ ਐ।
ਕੁੱਝ ਲੋਕ ਸੁਲਗਦੀ ਵਰਣਮਾਲਾ 'ਤੇ
ਹੁਣ ਪਰਦੇ ਪਾਉਣ ਲਈ ਸੋਚ ਰਹੇ ਨੇ,
ਸਰਕਾਰੀ ਕਵੀ ਐਲਾਨ ਕੇ ਪਾਤਰ ਨੂੰ,
ਮਾਰਿਆ ਉਨ੍ਹਾਂ ਜ਼ਹਿਰੀਲਾ ਡੰਗ ਐ।
ਜਿਹੜਾ ਬੰਦਾ ਕਵੀ ਹੁੰਦਾ ਹੋਇਆ ਵੀ,
ਕਵੀ ਦੇ ਦਿਲ ਨੂੰ ਜਾਣ ਨਹੀਂ ਸਕਿਆ,
ਕੋਰਾ ਰਹਿ ਗਿਆ ਫੇਰ ਉਹ ਸੱਚ ਤੋਂ,
ਪਹਿਚਾਣੇ ਸੱਚ ਨੂੰ ਸਮੇਂ ਦੀ ਮੰਗ ਐ।
ਪਾਤਰ ਜਿਹੇ ਕਵੀ ਤਾਰੀਫ਼ ਦੇ ਕਾਬਿਲ,
ਸਦੀਆਂ ਮਗਰੋਂ ਹੀ ਪੈਦਾ ਨੇ ਹੁੰਦੇ,
ਪੁੱਛ ਕੇ ਤਾਂ ਵੇਖੋ ਪੰਜਾਬੀ ਮਾਂ ਬੋਲੀ ਨੂੰ,
ਪਾਤਰ ਉਸਦਾ ਦਿਲ ਵਰਗਾ ਅੰਗ ਐ।

*-ਗੁਰਪ੍ਰੀਤ ਰਾਹੀ*
*ਧਰਮਪੁਰਾ (ਮਾਨਸਾ)*
*ਫੋਨ: 98886-47726*

---

ਪੁੱਛਿਆ ਜਾ ਸਕਦਾ ਹੈ ਕਿ ਜਿਵੇਂ ਉਸ ਨੇ ਬਾਬਾ ਆਲਾ ਸਿੰਘ ਨੂੰ ਸਿੱਖਾਂ ਦੀ ਮੁੱਖਧਾਰਾ ਦੇ ਵਿਰੁਧ ਜਾਂਦਾ ਦੇਖਿਆ ਹੈ, ਕੀ ਓਵੇਂ ਹੀ ਵਰਤਮਾਨ ਵਿਚ ਖਾਲਿਸਤਾਨੀ ਸਿਆਸਤ ਨੂੰ ਸਿੱਖਾਂ ਦੀ ਮੁੱਖਧਾਰਾ ਦੇ ਵਿਰੁੱਧ ਜਾਂਦਾ ਨਹੀਂ ਦੇਖਿਆ ਜਾ ਸਕਦਾ? ਪਰ ਅਜਮੇਰ ਸਿੰਘ ਤਾਂ ਸਵਾਲ ਕਰਨਾ ਜਾਣਦੇ ਹਨ, ਜਵਾਬ ਦੇਣਾ ਨਹੀਂ ਜਾਣਦੇ ਜਾਂ ਜਵਾਬ ਨਹੀਂ ਦੇਣਾ ਚਾਹੁੰਦੇ। ਕੌਣ ਪੁੱਛੇ ਕਿ ਜਿਊਂਦੇ ਜਾਗਦੇ ਲੋਕਾਂ ਦੀ ਸੋਚ ਨੂੰ ਕੁੰਦ ਕਰਨ ਦੀ ਸਿੱਖ ਸਿਆਸਤ 1708 ਤੋਂ ਪਿੱਛੋਂ ਕਦੋਂ ਰੁਕੀ ਸੀ? ਬਾਣੀ ਦੀ ਤਾਸੀਰ ਦੇ ਇਤਿਹਾਸਕ ਪ੍ਰਗਟਾਵਿਆਂ ਨੂੰ ਰਾਜਨੀਤੀ ਵਾਸਤੇ ਵਰਤਣ ਵਾਲੇ ਦਾਨਸ਼ਵਰਾਂ ਨੂੰ ਦੱਸਣਾ ਚਾਹੀਦਾ ਹੈ ਕਿ ਸਿੱਖੀ ਸਿੱਖਾਂ ਕਰਕੇ ਬਚੀ ਹੋਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਕੇ ਬਚੀ ਹੋਈ ਹੈ? ਸਿਆਸੀ ਏਜੰਡੇ ਨੂੰ ਗੁਰਮਤਿ ਵਾਂਗ ਪ੍ਰਸਾਰਨ ਵਾਲੇ ਜ਼ਰੂਰ ਦੱਸਣ ਕਿ ਗ੍ਰੰਥ ਅਤੇ ਪੰਥ ਦੁਆਲੇ ਘੁੰਮਦੀ ਸਿੱਖ ਸਿਆਸਤ ਇੰਨੀ ਰੰਗ-ਬਰੰਗੀ ਕਿਉਂ ਹੈ? ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਸਿੱਖ ਸਿਆਸਤ ਦੀ ਧਰਾਤਲ ਗੁਰਮਤਿ (ਸ੍ਰੀ ਗੁਰੂ ਗ੍ਰੰਥ ਸਾਹਿਬ) ਕਿਵੇਂ ਅਤੇ ਕਿਉਂ ਹੈ? ਇਹ ਵੀ ਤਾਂ ਪੁੱਛਿਆ ਹੀ ਜਾ ਸਕਦਾ ਹੈ ਕਿ ਜਿਸ ਪਾਤਸ਼ਾਹੀ ਦੀ ਅਸੀਸ ਦਸਮ ਪਾਤਸ਼ਾਹ ਹਜ਼ੂਰ ਨੇ ਦਿਤੀ ਸੀ, ਉਸ ਨੂੰ ਵਰਤਮਾਨ ਦੀ ਸਿੱਖ ਸਿਆਸਤ ਦੇ ਪ੍ਰਸੰਗ ਵਿਚ ਕਿਵੇਂ ਦੇਖਿਆ ਜਾ ਸਕਦਾ ਹੈ ਜਾਂ ਦੇਖਿਆ ਜਾਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਲੇਖਕ ਦੀ ਰਾਏ ਹੈ ਕਿ 'ਪਾਤਸ਼ਾਹੀ ਦੇ ਇਸ ਦਾਅਵੇ ਨੂੰ ਖਾਲਿਸਤਾਨ ਦੇ ਰੂਪ ਵਿਚ ਨਵੇਂ ਅਰਥ ਦੇਣ ਦੀ ਲੋੜ ਹੈ'(46)। ਲੇਖਕ ਨੇ ਅਜਮੇਰ ਸਿੰਘ ਦੇ ਚਿੰਤਨ ਨੂੰ ਵੀਚਾਰਦਿਆਂ ਲਿਖਿਆ ਹੈ ਕਿ ਬਿਆਨਬਾਜ਼ੀ ਚਿੰਤਨ ਦਾ ਮਸਲਾ ਨਹੀਂ ਹੁੰਦੀ ਕਿਉਂਕਿ 'ਚਿੰਤਨ ਦਾ ਨੁਕਤਾ ਇਹ ਹੈ ਕਿ ਇਹ ਕਿਉਂ ਵਾਪਰਿਆ'(47)। ਜੇ ਅਜਮੇਰ ਸਿੰਘ ਵਾਂਗ ਇਕ ਚਿੰਤਨ ਦੀ ਸਿਆਸਤ ਤੋਂ ਦੂਜੇ ਚਿੰਤਨ ਦੀ ਸਿਆਸਤ ਵਿਚ ਪਰਵੇਸ਼ ਕਰਾਵਾਂਗੇ ਤਾਂ ਮੁਸ਼ਕਿਲਾਂ ਤਾਂ ਨਹੀਂ ਮੁੱਕਣਗੀਆਂ। ਇਸ ਵਰਤਾਰੇ ਬਾਰੇ ਸਿਰਦਾਰ ਕਪੂਰ ਸਿੰਘ ਦੀ ਇਹ ਟੂਕ ਇਸ ਪੁਸਤਕ ਦਾ ਹਿੱਸਾ ਹੈ- 'ਖਾਲਸਾ ਪੰਥ ਲੈਨਿਨ ਦੀ ਰੂਸੀ ਕਮਿਊਨਿਸਟ ਪਾਰਟੀ ਦਾ ਅਸਲੀ ਮਾਡਲ ਸੀ ਅਤੇ ਬੇਚੈਨ ਸਿੱਖਾਂ ਦੇ ਇਕ ਹਿੱਸੇ ਦੀ ਕਮਿਊਨਿਜ਼ਮ ਪ੍ਰਤੀ ਖਿੱਚ ਦਾ ਸ਼ਾਇਦ ਇਹੀ ਅਸਲੀ ਕਾਰਨ ਅਤੇ ਵਿਆਖਿਆ ਹੋਵੇ'(49)। ਇਸ ਨਾਲ ਦੋਹਾਂ ਸਿਧਾਂਤਕੀਆਂ ਨੂੰ ਇਕ ਦੂਜੇ ਦੇ ਹਵਾਲੇ ਨਾਲ ਸਮਝਣ ਅਤੇ ਵਰਤਣ ਦੀਆਂ ਸੰਭਾਵਨਾਵਾਂ ਵਿਚਕਾਰ ਸੇਹ ਦਾ ਤੱਕਲਾ ਜਿਵੇਂ ਅਜਮੇਰ ਸਿੰਘ ਨੇ ਗੱਡ ਦਿਤਾ ਹੈ, ਉਸ ਨਾਲ ਸੰਵਰਨ ਤੋਂ ਪਹਿਲਾਂ ਹੀ ਵਿਗੜਨਾ ਸ਼ੁਰੂ ਹੋ ਗਿਆ ਹੈ। ਇਸ ਨਾਲ ਉਸ ਨੇ ਆਪਣੇ ਬੌਧਿਕ ਸਰਪ੍ਰਸਤ ਜਗਜੀਤ ਸਿੰਘ ਵੱਲ ਵੀ ਪਿੱਠ ਕਰ ਲਈ ਹੈ। ਇਸ ਪ੍ਰਸੰਗ ਵਿਚ ਲੇਖਕ ਨੇ ਨਤੀਜਾ ਕੱਢਿਆ ਹੈ ਕਿ 'ਇਸ ਤਰ੍ਹਾਂ ਉਹ (ਅਜਮੇਰ ਸਿੰਘ) ਖਾਲਿਸਤਾਨ ਦੇ ਸੰਘਰਸ਼ ਨੂੰ ਕਿਸੇ ਰਾਹ ਪਾਉਣ ਦੀ ਥਾਂ ਉਸ ਨੂੰ ਬੰਦ ਗਲੀ ਵਿਚ ਲੈ ਵੜੇ ਹਨ ਜਿਸ ਵਿਚੋਂ ਬਾਹਰ ਕੋਈ ਰਾਹ ਨਹੀਂ ਜਾਂਦਾ'(54)। ਲੇਖਕ ਦੀ ਸੋਚੀ ਸਮਝੀ ਰਾਏ ਹੈ ਕਿ 'ਸਾਂਝੀਵਾਲਤਾ ਦੀ ਚੇਤਨਾ ਅਤੇ ਸਰਬਤ ਦੇ ਭਲੇ ਦਾ ਸਦਾਚਾਰ ਹੀ ਮਨੁੱਖ ਦੇ ਵਜੂਦ ਸਮੋਏ ਦੁੱਖਾਂ ਨੂੰ ਘਟਾ ਸਕਦੇ ਹਨ' ਕਿਉਂਕਿ 'ਅੱਜ ਜਜ਼ਬਾਤ ਵਿਹੂਣਾ ਮਨੁੱਖ ਸਾਮਰਾਜੀ ਪੈਦਾਵਾਰੀ ਮਸ਼ੀਨ ਦਾ ਪੁਰਜਾ ਮਾਤਰ ਬਣ ਕੇ ਰਹਿ ਗਿਆ ਹੈ ਅਤੇ ਅੰਤਾਂ ਦਾ ਇਕਲਾਪਾ ਭੋਗ ਰਿਹਾ ਹੈ'(58)। ਕਿਸੇ ਵੀ ਰੰਗ ਦੀ ਸਿੱਖ ਸਿਆਸਤ ਨੇ ਇਸ ਗੁਰਮਤਿ ਅਹਿਸਾਸ ਦੇ ਪ੍ਰਗਟਾਵਿਆਂ ਵੱਲ ਜਾਂਦੇ ਰਾਹ ਰੋਕਣ ਵਿਚ ਸਫਲਤਾ ਹਾਸਲ ਕਰ ਲਈ ਹੈ।

ਇਸ ਵਾਸਤੇ ਆਤਮ-ਚੀਨਣ ਤੋਂ ਲੇਖਕ ਨੇ ਅਜਮੇਰ ਸਿੰਘ ਨੂੰ ਮਹਿਰੂਮ ਮੰਨਦਿਆਂ ਕਿਹਾ ਹੋਇਆ ਹੈ ਕਿ 'ਅਜਮੇਰ ਸਿੰਘ ਕਿਉਂਕਿ ਸਿੱਖ ਫਲਸਫੇ ਦੇ ਅਨੁਭਵੀ ਗਿਆਨ ਤੋਂ ਊਣੇ ਹਨ, ਇਸ ਲਈ ਉਨ੍ਹਾਂ ਨੇ ਸਿੱਖ ਫਲਸਫੇ ਦੇ ਇਤਿਹਾਸਕ ਵਿਕਾਸ ਨੂੰ ਘੋਖਣ ਦੀ ਜ਼ਰੂਰਤ ਹੀ ਨਹੀਂ ਸਮਝੀ'(63)। ਜਿਹੜੇ ਦਾਨਸ਼ਵਰ ਇਹ ਨਹੀ ਸਮਝ ਸਕਦੇ ਕਿ ਸਿੱਖ ਫਲਸਫੇ ਦੀ ਰੌਸ਼ਨੀ ਵਿਚ ਹੀ ਸਿੱਖ ਰਾਜਨੀਤੀ ਦੀ ਦਸ਼ਾ ਨੂੰ ਸਮਝ ਕੇ, ਸਿੱਖ ਰਾਜਨੀਤੀ ਦੀ ਦਿਸ਼ਾ ਨੂੰ ਨਿਰਧਾਰਤ ਕੀਤੀ ਜਾ ਸਕਦੀ ਹੈ, ਉਨ੍ਹਾਂ ਤੋਂ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ। ਅਜਮੇਰ ਸਿੰਘ ਨੇ ਜਿਸ ਤਰ੍ਹਾਂ ਗਦਰੀ ਬਾਬਿਆਂ ਦੀ ਵਿਰਾਸਤ ਅਤੇ ਪ੍ਰਾਪਤੀ ਨੂੰ ਅਪਹਰਨ ਕਰ ਲੈਣ ਦਾ ਭਰਮ ਪਾਲ ਲਿਆ ਹੈ, ਉਸ ਦਾ ਮੁਲੰਕਣ ਵੀ ਇਸ ਪੁਸਤਕ ਦਾ ਹਿੱਸਾ ਹੈ। ਫਿਲਾਸਫੀ ਅਤੇ ਇਤਿਹਾਸ ਬਾਰੇ ਲੇਖਕ ਨੇ ਕਿਹਾ ਹੈ ਕਿ 'ਫਿਲਾਸਫੀ ਸਰਬਵਿਆਪੀ, ਭਾਵ ਅਟਲ ਕੁਦਰਤੀ ਨੇਮਾਂ (ਹੁਕਮ) ਦੀ ਜਾਣਕਾਰੀ ਦਿੰਦੀ ਹੈ, ਜਦੋਂ ਕਿ ਇਤਿਹਾਸ ਸਰਗਰਮ ਮਨੁਖਾਂ ਰਾਹੀਂ ਕਿਸੇ (ਕੌਮੀ) ਸਭਿਆਚਾਰਕ ਘੇਰੇ ਵਿਚ ਆਪਣੀ ਹੋਣੀ ਘੜਦਾ ਹੈ'(78)। ਇਸ ਹਵਾਲੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੁਸਤਕ ਅਜਮੇਰ ਸਿੰਘ ਦੀਆਂ ਰਾਜਨੀਤਕ ਲਿਖਤਾਂ ਦਾ ਅਕਾਦਮਿਕ ਮੁਲੰਕਣ ਹੈ ਅਤੇ ਇਸ ਦੇ ਹਵਾਲੇ ਨਾਲ ਰਚਾਏ ਸੰਬਾਦ ਰਾਹੀਂ ਪੈਦਾ ਕੀਤੇ ਜਾ ਚੁੱਕੇ ਸਿਆਸੀ ਭੰਬਲਭੂਸੇ ਨਾਲ ਨਿਭਣ ਦਾ ਰਾਹ ਲੱਭਿਆ ਜਾ ਸਕਦਾ ਹੈ।

ਅਜਮੇਰ ਸਿੰਘ ਦੇ ਖਾਲਿਸਤਾਨੀ ਨੈਰੇਟਿਵ ਦਾ ਨਿਰੀਖਣ ਇਸ ਪੁਸਤਕ ਦੇ ਆਖਰੀ ਤੋਂ ਪਹਿਲਾਂ ਵਾਲਾ ਕਾਂਡ ਹੈ ਅਤੇ ਇਸ ਵਿਚੋਂ 'ਖਾਲਿਸਤਾਨੀ ਅਤੇ ਖੱਬੇ ਪੱਖੀ ਇਕੋ ਸਿੱਕੇ ਦੇ ਦੋ ਪਾਸੇ' ਨੂੰ ਚਰਚਾ ਦੇ ਕੇਂਦਰ ਵਿਚ ਰੱਖਿਆ ਗਿਆ ਹੈ। ਦੋਹਾਂ ਨਾਲ ਚੱਲਣ ਦੇ ਅਜਮੇਰ ਸਿੰਘ ਦੇ ਤਜਰਬੇ ਵਿਚੋਂ ਪੈਦਾ ਹੋਈ ਧਾਰਨਾ ਨੂੰ ਕਰਮਜੀਤ ਸਿੰਘ ਨੇ 'ਭੰਬਲਭੂਸੇ ਦੀ ਦਸਤਾਵੇਜ਼' ਕਿਹਾ ਹੋਇਆ ਹੈ। ਮੈਨੂੰ ਇਹ ਸਥਿਤੀ ਬਾਬਾ ਰਾਮ ਸਿੰਘ (ਕੂਕਾ ਮੋਚੀ) ਦੇ ਗੜਵਈ ਦੀ ਧਾਰਨਾ ਵਰਗੀ ਲਗਦੀ ਹੈ ਕਿਉਂਕਿ ਲਈ ਹੋਈ ਜ਼ਿੰਮੇਵਾਰੀ ਨੂੰ ਇਕ ਸੀਮਾ ਤੱਕ ਨਿਭਾਉਣ ਦੀ ਛੋਟ ਹੁੰਦੀ ਹੈ। ਜਿਹੋ ਜਿਹੀਆਂ ਆਪ ਮੁਹਾਰੀਆਂ ਕਰਨ ਦੀ ਆਗਿਆ ਇਨਕਲਾਬੀ ਲਹਿਰ ਵਿਚ ਹੋ ਸਕਦੀ ਹੈ, ਉਹੋ ਜਿਹੀ ਸਿੱਖ ਲਹਿਰ ਵਿਚ ਨਹੀਂ ਮਿਲ ਸਕਦੀ। ਅਜਮੇਰ ਸਿੰਘ ਦੇ ਜੋ ਦਿਮਾਗ ਵਿਚ ਹੈ, ਉਸ ਨਾਲ ਉਸ ਦੇ ਲਹੂ ਵਿਚ ਰਮਿਆ ਹੋਇਆ ਮੇਲ ਨਹੀਂ ਖਾਂਦਾ। ਇਸੇ ਕਰਕੇ ਦੋਹਾਂ ਨਾਲ ਚੱਲਣ ਪਿਛੋਂ ਹੇਰਵਾ ਅਤੇ ਉਦਾਸੀ ਹੀ ਉਸ ਦਾ ਹਾਸਲ ਹੋ ਜਾਣੀ ਹੈ। ਇਸ ਨੂੰ ਸਿਧਾਂਤਕੀ ਦੇ ਹਵਾਲੇ ਨਾਲ ਇਸ ਪੁਸਤਕ ਦਾ ਹਿੱਸਾ ਬਣਾਇਆ ਹੋਇਆ ਹੈ (90)। ਵਿਚਾਰਧਾਰਕ ਧੁੰਦ (93) ਇਸ ਵੇਲੇ ਦੀ ਵੱਡੀ ਸਮੱਸਿਆ ਹੈ ਅਤੇ ਇਸ ਨਾਲ ਨਿਭਣ ਲਈ ਸਿਆਸਤ ਨਹੀਂ ਸਿਧਾਂਤਕੀ ਹੀ ਸਹਾਈ ਹੋ ਸਕਦੀ ਹੈ। ਇਸ ਤੇ ਲੇਖਕ ਦੀ ਟਿਪਣੀ ਹੈ ਕਿ 'ਅਸਲ ਵਿਚ ਵਿਚਾਰਧਾਰਾ ਅਤੇ ਧਰਮ ਦੇ ਰਿਸ਼ਤੇ ਨੂੰ ਗਡਮਡ ਕਰਕੇ ਅਜਮੇਰ ਸਿੰਘ ਆਪ ਵੀ ਭੰਬਲਭੂਸੇ ਵਿਚ ਪਏ ਹੋਏ ਹਨ ਅਤੇ ਖਾਲਿਸਤਾਨੀ ਲਹਿਰ ਨੂੰ ਵੀ ਗੁਮਰਾਹ ਕਰੀ ਆਉਂਦੇ ਹਨ' (95)। ਆਪੋ-ਆਪਣੀਆਂ ਮਾਨਸਿਕ ਗੁੰਝਲਾਂ ਦੇ ਸਿਆਸੀ ਹੱਲ ਲੱਭਣ ਵਿਚੋਂ ਬਾਹਰ ਆ ਕੇ ਹੀ ਲੋੜੀਂਦੇ ਸੰਬਾਦ ਨੂੰ 'ਦਰਪੇਸ਼ ਮਸਲਿਆਂ ਜਾਂ ਮੁੱਦਿਆਂ" ਤੇ ਕੇਂਦਰਤ ਕੀਤਾ ਜਾ ਸਕਦਾ ਹੈ।

ਇਸ ਪੁਸਤਕ ਨਾਲ ਅਜਮੇਰ ਸਿੰਘ ਦੀਆਂ ਲਿਖਤਾਂ ਦਾ ਇਹ ਸੱਚ ਸਾਹਮਣੇ ਆ ਗਿਆ ਹੈ ਕਿ ਇਕ ਸਿਧਾਂਤਕੀ ਵਿਚੋਂ ਨਿਕਲ ਕੇ ਦੂਜੀ ਸਿਧਾਂਤਕੀ ਵਿਚ ਫਸਿਆ ਅਜਮੇਰ ਸਿੰਘ, ਸਾਂਝੀ ਸਮਝ ਵਲ ਸੇਧਤ ਸੰਬਾਦ ਦਾ ਰਾਹ ਰੋਕ ਕੇ ਆਪਣੇ ਅੰਧ ਪਾਠਕਾਂ ਨੂੰ ਛੱਡ ਕੇ ਬਾਕੀ ਸਭ ਨੂੰ ਔਝੜੀਂ ਪਾ ਰਿਹਾ ਹੈ। ਇਸ ਪੁਸਤਕ ਰਾਹੀਂ ਇਸ ਨੂੰ ਸਮਝਣ ਵਿਚ ਸਹਾਇਤਾ ਮਿਲ ਸਕਦੀ ਹੈ।

---

## ਬੰਦ ਯਹਾਂ ਸ਼ਰਾਬ ਹੈ... !

ਸਥਾਨ- ਦਿੱਲੀ ਹਰਿਆਣਾ ਬਾਰਡਰ ਦੀ ਮਥੁਰਾ ਰੋਡ ਚੈਕ ਪੋਸਟ। ਲਗਭਗ ਹਰ ਰੋਜ ਇੱਕ ਅਰਥੀ ਇੱਥੋਂ ਗੁਜਰਦੀ ਹੈ, ਮਗਰ 10/15 ਜਣੇ 'ਰਾਮ ਨਾਮ ਸੱਤ ਹੈ' ਜਪਦੇ ਚਲੇ ਜਾਂਦੇ ਹਨ। ਚੈਕ ਪੋਸਟ 'ਤੇ ਤਾਇਨਾਤ ਪੁਲਿਸ ਅਫਸਰ ਨੂੰ ਕੁਝ ਸ਼ੱਕ ਹੋਇਆ ਤਾਂ ਉਸ ਮਾਤਹਿਤ ਤੋਂ ਪੁੱਛਿਆ, ਪਈ ਇੱਧਰ ਨੇੜੇ ਕੋਈ ਸ਼ਮਸ਼ਾਨ ਘਾਟ ਹੈ? ਮਾਤਹਿਤ ਨੇ ਦੱਸਿਆ, ਦੂਰ ਦੂਰ ਤੱਕ ਨਹੀਂ।

ਦੋਵੇਂ ਅਰਥੀ ਮਗਰ ਲੱਗ ਗਏ ਤਾਂ ਅਰਥੀ ਵਾਲੇ ਹੋਰ ਤੇਜ ਤੁਰਨ ਲੱਗੇ। ਜਦ ਭੱਜਣ ਦੀ ਨੌਬਤ ਆ ਗਈ ਤਾਂ ਅਰਥੀ ਸੜਕ 'ਤੇ ਛੱਡ ਸਾਰੇ ਫਰਾਰ ਹੋ ਗਏ। ਅਫਸਰ ਨੇ ਲਾਸ਼ ਦਾ ਕਫਨ ਚੁੱਕਿਆ ਤਾਂ 527 ਦੇਸੀ ਦਾਰੂ ਦੇ ਪਾਊਚ ਬੜੀ ਤਰਤੀਬ ਨਾਲ ਚਿਣੇ ਹੋਏ ਉੱਥੇ ਬੰਦਾ ਹੋਣ ਦਾ ਭੁਲੇਖਾ ਪਾ ਰਹੇ ਸਨ।

ਜਦ ਔਰਤਾਂ ਦੀਆਂ ਵੋਟਾਂ ਖਿੱਚਣ ਖਾਤਰ ਚੌਧਰੀ ਬੰਸੀ ਲਾਲ ਨੇ ਹਰਿਆਣਾ ਸਟੇਟ ਵਿਚ ਸ਼ਰਾਬ-ਬੰਦੀ ਕੀਤੀ ਤਾਂ ਉਹ ਇਹ ਚਾਲ ਚੱਲ ਕੇ ਸਫਲ ਤਾਂ ਹੋ ਗਿਆ, ਪਰ ਇਹ ਪਾਬੰਦੀ ਜ਼ਿਆਦਾ ਦੇਰ ਚੱਲ ਨਾ ਸਕੀ। ਗੱਲ ਇਵੇਂ ਹੋਈ ਕਿ ਤਿੰਨ ਪਾਸੇ ਦੀਆਂ ਸਟੇਟਾਂ ਦਿੱਲੀ, ਯੂ. ਪੀ. ਅਤੇ ਰਾਜਸਥਾਨ ਤੋਂ ਦਾਰੂ ਦੀ ਸਮਗਲਿੰਗ ਵੱਡੇ ਪੱਧਰ 'ਤੇ ਹੋਣ ਲੱਗੀ। 100 ਦੀ ਬੋਤਲ 200 ਵਿਚ ਉਪਲਬਧ ਹੋਣ ਲੱਗੀ।

ਕੁਝ ਪਿਆਕੜਾਂ ਦੇ ਗੁਆਂਢੀ ਸਟੇਟਾਂ ਦੀਆਂ ਰਿਸ਼ਤੇਦਾਰੀਆਂ ਵਿਚ ਗੇੜੇ ਵਧ ਗਏ ਅਤੇ ਜੇ ਰਿਸ਼ਤੇਦਾਰ ਝੱਲਣ ਜੋਗੇ ਹੁੰਦੇ ਤਾਂ ਕਈ ਕਈ ਦਿਨ ਘਰ ਨਾ ਮੁੜਦੇ। ਬਲੈਕ ਵਿਚ ਸ਼ਰਾਬ ਮਹਿੰਗੀ ਮਿਲਣ ਕਰਕੇ ਸਾਡੇ ਵਰਗੇ ਘਰਵਾਲੀਆਂ ਤੋਂ ਵੱਧ ਪੌਕਿਟ ਮਨੀ ਮੰਗਣ ਲੱਗੇ। ਪੁਲਿਸ ਨੇ ਵੀ ਇਸ ਦਾਰੂਬੰਦੀ ਦੇ ਯੱਗ ਵਿਚ ਵਾਹਵਾ ਹੱਥ ਰੰਗੇ, ਕਿਉਂਕਿ ਚੋਰੀ ਚੋਰੀ ਮਦਿਰਾ ਸੇਵਨ ਕਰਨ ਵਾਲੇ ਅਕਸਰ ਇਨ੍ਹਾਂ ਦੇ ਅੜਿੱਕੇ ਆ ਜਾਂਦੇ 'ਤੇ ਲੈ-ਦੇ ਕੇ ਮਸਲਾ ਹੱਲ ਹੋ ਜਾਂਦਾ। ਸੋ ਸ਼ਰਾਬਬੰਦੀ ਦਾ ਇਹ ਤਜਰਬਾ ਫੇਲ੍ਹ ਹੋਇਆ।

ਆਂਧਰਾ ਪ੍ਰਦੇਸ਼ ਵਿਚ ਵੀ ਦਾਰੂਬੰਦੀ ਦਾ ਇਹੀ ਹਸ਼ਰ ਹੋਇਆ ਸੁਣਿਆ ਗਿਆ ਸੀ। ਕੋਈ ਪੌਣੇ ਕੁ ਦੋ ਸਾਲ ਬਾਅਦ ਜਨਾਬ ਬੰਸੀ ਲਾਲ ਨੂੰ ਠੇਕੇ ਫਿਰ ਖੋਲ੍ਹਣੇ ਪਏ। ਜਿਸ ਦਿਨ ਮੁੜ ਠੇਕੇ ਖੁਲ੍ਹਣੇ ਸਨ, ਠੇਕੇ ਰੰਗ ਬਿਰੰਗੀਆਂ ਰੌਸ਼ਨੀਆਂ ਨਾਲ ਜਗਮਗਾ ਰਹੇ ਸਨ। ਸ਼ਾਮ ਦਾ ਸਮਾਂ ਸੀ, ਜਦ ਦਾਸ ਵੀ ਆਪਣੇ ਮਿੱਤਰ ਆਰਟਿਸਟ ਰਾਜ ਦਿਓਲ ਨਾਲ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਬੋਤਲ ਲੈਣ ਲਈ ਠੇਕੇ ਮੂਹਰੇ ਖੜ੍ਹੀ ਬੇਤਾਬ ਭੀੜ ਦਾ ਹਿੱਸਾ ਜਾ ਬਣਿਆ। ਟਰੱਕ ਆਇਆ ਤਾਂ ਬੇਤਾਬ ਮਦਿਰਾ ਪ੍ਰੇਮੀਆਂ ਵੱਲੋਂ ਡੱਬੇ ਠੇਕੇ ਵਿਚ ਪਹੁੰਚਣ ਹੀ ਨਹੀਂ ਦਿੱਤੇ ਗਏ। ਟਰੱਕ ਦਾ ਡਾਲਾ ਖੋਲ੍ਹ ਬੋਤਲਾਂ ਦੀ ਵਿਕਰੀ ਸ਼ੁਰੂ ਹੋ ਗਈ ਅਤੇ ਦੇਖਦੇ ਦੇਖਦੇ ਟਰੱਕ ਖਾਲੀ ਹੋ ਦੂਜਾ ਗੇੜਾ ਮਾਰਨ ਲਈ ਰਵਾਨਾ ਹੋ ਗਿਆ। ਕਿਸੇ ਸ਼ਾਇਰ ਨੇ ਵੀ ਸ਼ਰਾਬ ਪੀਣ 'ਤੇ ਲੱਗੀ ਪਾਬੰਦੀ ਉੱਤੇ ਇਵੇਂ ਇਤਰਾਜ਼ ਜਤਾਇਆ ਹੈ:

ਪੀਨੇ ਦੇ ਮੁਝਕੋ ਮਸਜਿਦ ਮੇਂ ਬੈਠ ਕਰ,
ਯਾ ਵੋਹ ਜਗ੍ਹਾ ਬਤਾ ਦੇ ਜਹਾਂ ਖੁਦਾ ਨਾ ਹੋ।

***-ਹਰਜੀਤ ਦਿਉਲ ਬਰੈਂਪਟਨ***

---

## ਪੰਜਾਬ ਬੋਲਦਾ

ਕਾਵਾਂ ਕਾਵਾਂ,
ਤੈਨੂੰ ਕਿੱਥੋਂ ਚੂਰੀਆਂ ਪਾਵਾਂ ?
ਬੰਦ ਕਰ 'ਤੇ ਪਸ਼ੂ ਰੱਖਣੇ ,
ਸੁਆਣੀਆਂ ਨਾ ਸਾਂਭਣ ਗਾਵਾਂ।

ਛੋਲੇ ਛੋਲੇ,
ਹੁਣ ਕੌਣ ਕਿਸੇ ਨਾਲ ਬੋਲੇ?
ਚਿੱਟਾ ਇੱਥੇ ਆਮ ਵਿੱਕਦਾ ,
ਪੰਜਾਬ ਫਿਰੇ ਖਾਂਦਾ ਹਿਚਕੋਲੇ

ਰਾਈ ਰਾਈ,
ਕੌਣ ਜਾਣੇ ਪੀੜ ਪਰਾਈ?
ਨਸ਼ਾ ਖਾ ਕੇ ਪੁੱਤ ਮਰਦੇ ,
ਨਾਲੇ ਮਾਪੇ ਹੋਏ ਕਰਜ਼ਾਈ।

ਤਾਰਾ ਤਾਰਾ,
ਕੌਣ ਬਣੂਗਾ ਹੁਣ ਸਹਾਰਾ?
ਹਾਕਮਾਂ ਨੇ ਡੋਰ ਛੱਡ'ਤੀ ,
ਕੋਈ ਮਾਰੇ ਨਾ ਹਾਅ ਦਾ ਨਾਅਰਾ।

ਝਾਂਵਾਂ ਝਾਂਵਾਂ,
ਕਿਹੜੇ ਦੇਸ ਤੁਰ ਜਾਵਾਂ?
ਲੀਡਰ ਵੀ ਨਾਲ ਰਲ ਗਏ,
ਚੁਫੇਰੇ ਤੱਤੀਆਂ ਵਗਣ ਹਵਾਵਾਂ।

ਖੁਸ਼ੀਆਂ ਖੁਸ਼ੀਆਂ,
ਕਿੱਥੋਂ ਲੱਭੀਏ ਅੱਜ ਖੁਸ਼ੀਆਂ?
ਕਿਸਾਨ ਮੁਰਝਾਇਆ ਫਿਰੇ ,
ਰਾਹ ਫੜਿਆ ਹੈ, ਖ਼ੁਦਕੁਸ਼ੀਆਂ।

ਦਾਣਾ ਦਾਣਾ,
ਕਿਉਂ ਮੁੱਕਦੀਆਂ ਨਾ ਮੁਕਾਣਾ?
ਨਿੱਤ ਪਏ ਸਿਵੇ ਬਲਦੇ,
ਪੁੱਤ ਲੱਭਦੇ ਵਿੱਚ ਮਸਾਣਾ।

ਅੜੀਏ ਅੜੀਏ,
ਕਿੰਝ ਚੰਦਰੀ ਬਿਮਾਰੀ ਫੜੀਏ?
ਛੱਡ ਕੇ ਲਤ ਨਸ਼ਿਆਂ ਦੀ ,
ਉੱਚੀਆਂ ਪੜ੍ਹਾਈਆਂ ਪੜ੍ਹੀਏ।

***-ਸੇਵਾ ਸਿੰਘ 'ਨੂਰਪੁਰੀ '***

**Punjab Time**
*Punjabtimes1@gmail.com*

# ਸੰਸਾਰੀਕਰਨ ਦੇ ਦੌਰ 'ਚ ਕਮਿਊਨਿਸਟ ਇਨਕਲਾਬ

*ਅੱਜ ਕੱਲ੍ਹ ਸੰਸਾਰ ਦੇ ਤਕਰੀਬਨ ਸਾਰੇ ਮੁੱਖ ਮੁਲਕਾਂ ਵਿਚ ਚੱਲ ਰਹੇ ਸਾਮਰਾਜੀ ਸੰਸਾਰੀਕਰਨ ਨੇ ਮਨੁੱਖੀ ਸਰੋਕਾਰਾਂ ਅਤੇ ਰਿਸ਼ਤਿਆਂ ਨੂੰ ਬਿਲਕੁਲ ਦਾਅ 'ਤੇ ਲਾ ਦਿੱਤਾ ਹੈ ਜਿਸ ਕਾਰਨ ਮਨੁੱਖ ਕਈ ਕਿਸਮ ਦੀ ਪੀੜ ਹੰਢਾ ਰਿਹਾ ਹੈ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਸੰਸਾਰ ਦੇ ਅਜੋਕੇ ਹਾਲਾਤ ਦੇ ਹਵਾਲੇ ਨਾਲ ਸਾਮਰਾਜੀ ਸੰਸਾਰੀਕਰਨ ਦੇ ਇਸ ਦੌਰ ਵਿਚ ਮਨੁੱਖ ਦੇ ਕਾਇਆ ਕਲਪ ਦੀ ਕਲਪਨਾ ਕੀਤੀ ਹੈ ਜਿਹੜੀ ਮੁਕੰਮਲ ਰੂਪ ਵਿਚ ਮਾਰਕਸਵਾਦੀ ਧਾਰਨਾਵਾਂ 'ਤੇ ਆਧਾਰਿਤ ਹੈ।*



ਸੰਸਾਰ ਭਰ ਵਿਚ ਫੈਲੀ ਭੁਖਮਰੀ ਬਾਰੇ ਆਲਮੀ ਅਦਾਰੇ ਵਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ, ਮੋਦੀ ਰਾਜ ਅਧੀਨ ਭੁਖਮਰੀ ਦੇ ਪੈਮਾਨੇ ਦੇ ਪਧਰ ਪਖੋਂ ਭਾਰਤ 116 ਦੇਸ਼ਾਂ ਵਿਚੋਂ 101 ਨੰਬਰ ਉਤੇ ਹੈ। ਗਰੀਬੀ ਅਤੇ ਭੁਖਮਰੀ ਪਖੋਂ ਭਾਰਤ ਆਪਣੇ ਗਰੀਬ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਸ੍ਰੀ ਲੰਕਾ ਤੋਂ ਵੀ ਪਿਛੇ ਰਹਿ ਗਿਆ ਹੈ। ਮੋਦੀ ਸਰਕਾਰ ਬਣਨ ਵੇਲੇ 2014 ਵਿਚ ਭੁਖਮਰੀ ਪਖੋਂ ਭਾਰਤ 54ਵੇਂ ਨੰਬਰ ਉਤੇ ਸੀ। ਦੁਨੀਆ ਭਰ ਵਿਚੋਂ ਭੁਖਮਰੀ ਦੇ ਸ਼ਿਕਾਰ ਤੀਜਾ ਹਿਸਾ ਬੱਚੇ ਸਿਰਫ ਭਾਰਤ ਵਿਚ ਹਨ। ਸੰਸਾਰ ਬੈਂਕ ਦੀ ਰਿਪੋਰਟ ਮੁਤਾਬਿਕ ਮੋਦੀ ਰਾਜ ਦੌਰਾਨ ਹੋਰ ਸਾਢੇ ਸਤ ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਏ ਹਨ। ਬਹੁਗਿਣਤੀ ਲੋਕਾਂ ਦਾ ਜੀਵਨ ਪਧਰ ਹੋਰ ਨੀਵਾਂ ਹੋਇਆ ਹੈ। ਇਕ ਆਲਮੀ



ਰਿਪੋਰਟ ਅਨੁਸਾਰ ਪਿਛਲੇ 40 ਸਾਲਾਂ ਅੰਦਰ ਅਜੋਕੇ ਸਮੇਂ ਵਿਚ ਭੋਜਨ ਦੀਆਂ ਕੀਮਤਾਂ ਸਭ ਤੋਂ ਵਧੇਰੇ ਤੇਜ਼ੀ ਨਾਲ ਵਧੀਆ ਹਨ।

ਦੂਜੇ ਪਾਸੇ, ਇਸੇ ਸਮੇਂ ਦੌਰਾਨ ਅੰਬਾਨੀ-ਅਡਾਨੀ ਸਮੇਤ 20 ਭਾਰਤੀ

**ਗੁਰਬਚਨ ਸਿੰਘ**
**ਫੋਨ: +91-98156-98451**

ਧਨਾਢਾਂ ਦੀ ਕੁਲ ਪੂੰਜੀ 200 ਅਰਬ ਡਾਲਰ ਹੋ ਗਈ ਹੈ ਜਿਹੜੀ ਦੇਸ਼ ਦੀ ਕੁਲ ਪੈਦਾਵਾਰ ਦੀ 10 ਫੀਸਦੀ ਹੈ। ਅੰਬਾਨੀ ਦੀ ਦੌਲਤ ਜਿਹੜੀ 2014 ਵਿਚ 23.6 ਅਰਬ ਡਾਲਰ ਸੀ, ਉਹ 2019 ਵਿਚ 51.4 ਅਰਬ ਡਾਲਰ ਹੋ ਗਈ ਅਤੇ ਜਿਹੜੀ ਹੁਣ 2021 ਵਿਚ 102 ਅਰਬ ਡਾਲਰ ਹੈ। ਮੋਦੀ ਰਾਜ ਦੌਰਾਨ ਅਡਾਨੀ ਦੀ ਪੂੰਜੀ ਦੁੱਗੁਣੀ ਤੋਂ ਵੀ ਜ਼ਿਆਦਾ ਵਧੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਸ ਵੇਲੇ ਦੇਸ਼ ਦੇ 100 ਧਨਾਢਾਂ ਕੋਲ ਦੇਸ਼ ਦੀ ਅਧੀ ਆਬਾਦੀ ਨਾਲੋਂ ਜ਼ਿਆਦਾ ਪੂੰਜੀ ਹੈ। ਗਰੀਬੀ ਅਤੇ ਅਮੀਰੀ ਵਿਚਲਾ ਇਹ ਪਾੜਾ ਅਕਹਿ ਅਤੇ ਅਸਹਿ ਹੈ ਪਰ ਮੋਦੀ ਰਾਜ ਦੀਆਂ ਨੀਤੀਆਂ ਇਸ ਪਾੜੇ ਨੂੰ ਘਟਾਉਣ ਦੀ ਬਜਾਇ ਹੋਰ ਵਧਾ ਰਹੀਆਂ ਹਨ। ਮੋਦੀ ਸਰਕਾਰ ਨੇ ਕਰੋਨਾ ਮਹਾਂਮਾਰੀ ਦੌਰਾਨ ਕਰੋੜਾਂ ਗਰੀਬ ਤੇ ਮਧ ਵਰਗੀ ਲੋਕਾਂ ਦੀਆਂ ਜੇਬਾਂ ਖਾਲੀ ਕਰ ਕੇ ਅੰਬਾਨੀ-ਅਡਾਨੀ ਵਰਗੇ ਕਾਰਪੋਰੇਟਾਂ ਦੀਆਂ ਤਿਜੌਰੀਆਂ ਭਰੀਆ ਹਨ। ਦੁਨੀਆ ਭਰ ਵਿਚ ਇਹੀ ਵਰਤਾਰਾ ਚਲ ਰਿਹਾ ਹੈ। ਕੁਝ ਕੁ ਸੌ ਧਨਾਢਾਂ ਕੋਲ ਇਸ ਵੇਲੇ ਖਰਬਾਂ ਡਾਲਰ ਦੀ ਪੂੰਜੀ ਜਮ੍ਹਾਂ ਹੈ।

ਪੂੰਜੀ ਦਾ ਹੋ ਰਿਹਾ ਇਹ ਕੇਂਦਰੀਕਰਨ ਕੋਈ ਅਜੋਕਾ ਅਤੇ ਨਿਵੇਕਲਾ ਵਰਤਾਰਾ ਨਹੀਂ ਹੈ। 20ਵੀਂ ਸਦੀ ਵਿਚ ਆਰੰਭ ਹੋਏ ਸਾਮਰਾਜੀ ਦੌਰ ਦਾ ਇਹ ਆਮ ਵਰਤਾਰਾ ਹੈ। ਇਸੇ ਵਰਤਾਰੇ ਦੀ ਖੋਜ ਕਰਦਿਆਂ ਰੂਸੀ ਇਨਕਲਾਬ ਦੇ ਆਗੂ ਲੈਨਿਨ ਨੇ ਆਪਣੀ ਬੜੀ ਅਹਿਮ ਕਿਰਤ 'ਸਾਮਰਾਜਵਾਦ ਪੂੰਜੀਵਾਦ ਦੀ ਅਜੋਕੀ ਅਵਸਥਾ' ਵਿਚ ਇਹ ਜਾਣਕਾਰੀ ਦਿਤੀ ਸੀ ਕਿ 'ਅਰਥਚਾਰੇ ਦੀ ਸਾਇੰਸ ਅੰਦਰ ਪੂੰਜੀਵਾਦ ਦੇ ਰੂਪਾਂ ਵਿਚ ਆਈਆਂ ਤਬਦੀਲੀਆਂ ਨੂੰ ਜਾਣਨ ਲਈ ਸਭ ਤੋਂ ਜ਼ਰੂਰੀ ਸੁਆਲਾਂ ਵਿਚੋਂ ਇਕ ਨਹੀਂ ਬਲਕਿ ਇਕੋ ਇਕ ਜ਼ਰੂਰੀ ਸੁਆਲ ਸਾਮਰਾਜਵਾਦ ਬਾਰੇ ਬਣੀ ਸੋਚ ਦਾ ਹੈ। ਸਨਅਤੀ ਅਤੇ ਬੈਂਕਾਂ ਦੀ ਪੂੰਜੀ ਇਕ ਦੂਜੇ ਵਿਚ ਰਲ ਕੇ ਮਾਲੀ ਪੂੰਜੀ ਦੇ ਰੂਪ ਵਿਚ ਵਿਕਸਿਤ ਹੋ ਗਈ ਹੈ। ਮਾਲੀ ਪੂੰਜੀ ਅਤਿ ਦੀ ਗਤੀਸ਼ੀਲ ਅਤੇ ਅਤਿ ਦੀ ਲਚਕਦਾਰ ਹੈ। ਇਹ ਕੌਮੀ ਅਤੇ ਆਲਮੀ ਪਧਰ ਉਤੇ ਇਕ ਦੂਜੇ ਨਾਲ ਜੁੜੀ ਹੋਈ ਹੈ। ਇਹ ਸਿਰੇ ਦੀ ਨਿਜੀ, ਭਾਵ ਮਨੁਖੀ ਹੋਂਦ ਅਤੇ ਉਪਜਾਊ ਪੈਦਾਵਾਰ ਨਾਲੋਂ ਟੁਟੀ ਹੋਈ ਹੈ। ਇਹ ਬੜੀ ਸੌਖ ਨਾਲ ਆਪਣੇ ਆਪ ਨੂੰ ਕੇਂਦਰਿਤ ਹੋਣ ਦਿੰਦੀ ਹੈ। ਇਸੇ ਲਈ ਸ਼ਬਦ ਦੇ ਸਹੀ ਅਰਥਾਂ ਵਿਚ ਕੁਝ ਕੁ ਸੌ ਅਰਬਾਂ-ਖਰਬਾਂਪਤੀ ਸਮੁਚੀ ਮਨੁਖ ਜਾਤੀ ਦੀ ਹੋਣੀ ਦੇ ਮਾਲਕ ਬਣੇ ਬੈਠੇ ਹਨ।'

'ਮਾਲੀ ਪੂੰਜੀ ਏਨੀ ਤਾਕਤਵਰ, ਏਨੀ ਫੈਸਲਾਕੁਨ ਹੈ ਕਿ ਤੁਸੀਂ ਕਹਿ ਸਕਦੇ ਹੋ ਕਿ ਇਹ ਸਾਰੇ ਆਰਥਿਕ ਅਤੇ ਆਲਮੀ ਰਿਸ਼ਤਿਆਂ ਵਿਚਲੀ ਅਜਿਹੀ ਤਾਕਤ ਬਣ ਗਈ ਹੈ ਜਿਹੜੀ ਰਾਜਸੀ ਤੌਰ ਉਤੇ ਪੂਰੀ ਤਰ੍ਹਾਂ ਆਜ਼ਾਦ ਦੇਸ਼ਾਂ ਨੂੰ ਵੀ ਆਪਣੇ ਅਧੀਨ ਕਰਨ ਦੇ ਯੋਗ ਹੈ। ਮਾਲੀ ਪੂੰਜੀ ਹੀ ਕਿਸੇ ਦੇਸ਼ ਦੀ ਰਾਜਸੀ ਤਾਕਤ ਦਾ ਫੈਸਲਾ ਕਰਦੀ ਹੈ।'

ਇਸ ਮਾਲੀ ਪੂੰਜੀ ਦੀ ਤਾਕਤ ਨੇ ਸੰਸਾਰ ਭਰ ਵਿਚ ਜਿਹੜੀ ਉਥਲ-ਪੁਥਲ ਮਚਾਈ ਹੈ, ਉਸ ਬਾਰੇ ਲੈਨਿਨ ਦਾ ਮਤ ਹੈ ਕਿ 'ਸੰਸਾਰ ਪਹਿਲੀ ਵਾਰ ਪੂਰੀ ਤਰ੍ਹਾਂ ਵੰਡਿਆ ਜਾ ਚੁਕਾ ਹੈ। ਭਵਿਖ ਵਿਚ ਸਿਰਫ ਮੁੜ ਵੰਡ ਦੀ ਹੀ ਸੰਭਾਵਨਾ ਹੈ। ਕੋਈ ਵੀ ਖੇਤਰ ਇਕ ਮਾਲਕ ਤੋਂ ਦੂਜੇ ਮਾਲਕ ਵੱਲ ਹੀ ਜਾ ਸਕਦਾ ਹੈ। ਅਜਿਹਾ ਕੋਈ ਖੇਤਰ ਨਹੀਂ ਬਚਿਆ ਜਿਹੜਾ ਮਾਲਕ ਰਹਿਤ ਹੋਵੇ। ਸਾਮਰਾਜੀ ਦੇਸ਼ ਇਸ ਨੂੰ ਫੌਜੀ, ਮਾਲੀ ਅਤੇ ਰਾਜਸੀ ਤਾਕਤ ਦੇ ਅਨੁਪਾਤ ਨਾਲ ਹੀ ਵੰਡਦੇ ਹਨ। ਪੂੰਜੀਵਾਦ ਅਤੇ ਜਿਣਸੀ ਪੈਦਾਵਾਰ ਦੇ ਅਧੀਨ ਇਹ ਕਿਸੇ ਹੋਰ ਢੰਗ ਨਾਲ ਵੰਡਿਆ ਹੀ ਨਹੀਂ ਜਾ ਸਕਦਾ। ਇਹ ਤਾਕਤ ਆਰਥਿਕ ਅਤੇ ਰਾਜਸੀ ਵਿਕਾਸ ਦੇ ਨਾਲ-ਨਾਲ ਵਧਦੀ ਘਟਦੀ ਰਹਿੰਦੀ ਹੈ। ਸਨਅਤ ਦੇ ਕੁਝ ਖੇਤਰਾਂ ਵਿਚ ਪੈਦਾ ਹੋਈ ਇਜਾਰੇਦਾਰੀ ਸਮੁਚੇ ਰੂਪ ਵਿਚ ਪੂੰਜੀਵਾਦ ਦੇ ਵਜੂਦ ਸਮੋਈ ਅਰਾਜਕਤਾ ਨੂੰ ਹੋਰ ਵੀ ਵਧਾ ਦਿੰਦੀ ਹੈ। ਸਨਅਤ ਅਤੇ ਖੇਤੀਬਾੜੀ ਦੇ ਵਿਕਾਸ ਵਿਚਲਾ ਪਾੜਾ ਜਿਹੜਾ ਪੂੰਜੀਵਾਦ ਦਾ ਆਮ ਲੱਛਣ ਹੈ, ਸਾਮਰਾਜਵਾਦੀ ਦੌਰ ਵਿਚ ਆ ਕੇ ਹੋਰ ਵੀ ਵਧ ਜਾਂਦਾ ਹੈ। ਦਰਅਸਲ ਇਹ ਗਲਸੜ ਰਿਹਾ ਪੂੰਜੀਵਾਦ ਹੈ।'

ਲੈਨਿਨ ਦੀ ਖੋਜ ਅਨੁਸਾਰ 'ਮਾਲੀ ਪੂੰਜੀ ਦੇ ਰੂਪ ਵਿਚ ਗਲਸੜ ਰਿਹਾ ਪੂੰਜੀਵਾਦ ਮਨੁਖ ਨੂੰ ਆਜ਼ਾਦ ਨਹੀਂ ਕਰਦਾ ਸਗੋਂ ਉਸ ਨੂੰ (ਆਪਣੇ ਵਿਕਾਰਾਂ ਦਾ) ਗੁਲਾਮ ਬਣਾਉਂਦਾ ਹੈ। ਗਲਬਾ ਪਾਉਣਾ ਅਤੇ ਇਸ ਨੂੰ ਲਗਾਤਾਰ ਵਧਾਉਣਾ, ਇਸ ਦਾ ਆਮ ਲੱਛਣ ਹੈ। ਸਾਮਰਾਜੀ ਦੌਰ ਵਿਚ ਪੂੰਜੀਵਾਦ ਅਜਿਹੇ ਪੜਾਅ ਉਤੇ ਆ ਪਹੁੰਚਿਆ ਹੈ ਜਿਥੇ ਰਾਜ ਅਜੇ ਵੀ ਜਿਣਸੀ ਪੈਦਾਵਾਰ ਦਾ ਹੈ ਪਰ ਅਸਲ ਵਿਚ ਉਸ ਦੀਆਂ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਹਨ। ਵਧ ਤੋਂ ਵਧ ਮੁਨਾਫਾ ਧੋਖੇਬਾਜ਼ ਅਤੇ ਫਰੇਬੀ ਜੋੜ-ਤੋੜ ਦੀ ਰਾਜਨੀਤੀ ਵਿਚ ਗਲਤਾਨ ਸੱਟੇਬਾਜ਼ਾਂ ਦੀ ਜੇਬ ਵਿਚ ਜਾਂਦਾ ਹੈ। ਸੂਦਖੋਰਾਂ ਦਾ ਵਡਾ ਵਰਗ ਪੈਦਾ ਹੋ ਗਿਆ ਹੈ ਜਿਹੜਾ 'ਕੂਪਨ' ਕੱਟ ਕੇ ਪੈਸਾ ਇਕੱਠਾ ਕਰਦਾ ਹੈ ਅਤੇ ਹੱਥੀਂ ਕਿਰਤ ਤੋਂ ਟੁਟ ਕੇ ਵਿਹਲੜ ਜ਼ਿੰਦਗੀ ਗੁਜ਼ਾਰਦਾ ਹੈ। ਸਾਮਰਾਜਵਾਦ ਦਾ ਅਤਿ ਜ਼ਰੂਰੀ ਆਰਥਿਕ ਲੱਛਣ ਇਹ ਹੈ ਕਿ ਇਹ ਸੂਦਖੋਰਾਂ ਨੂੰ ਪੈਦਾਵਾਰ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੰਦਾ ਹੈ ਅਤੇ ਪੂਰੇ ਦੇ ਪੂਰੇ ਦੇਸ਼ਾਂ ਨੂੰ ਪਰਜੀਵੀ, ਭਾਵ ਦੂਜਿਆ ਦੀ ਕਿਰਤ ਉਤੇ ਪਲਣ ਵਾਲਾ ਬਣਾ ਦਿੰਦਾ ਹੈ ਜਿਹੜੇ ਗਰੀਬ ਦੇਸ਼ਾਂ ਦੇ ਲੋਕਾਂ ਦੀ ਲੁੱਟ ਉਤੇ ਪਲਦੇ ਹਨ। ਇਹ ਸਾਮਰਾਜੀ ਮੁਲਕਾਂ ਵਿਚਲੇ ਜਮਾਤੀ ਸੰਘਰਸ਼ ਨੂੰ ਨਵੇਂ ਰੂਪ ਵਿਚ, ਸਾਮਰਾਜੀ ਮੁਲਕਾਂ ਅਤੇ ਗਰੀਬ ਮੁਲਕਾਂ ਦੇ ਲੋਕਾਂ ਵਿਚਲੀ ਵਿਰੋਧਤਾਈ ਦੇ ਰੂਪ ਵਿਚ ਪ੍ਰਗਟ ਕਰਦਾ ਹੈ।

... ਆਰਥਿਕ ਖੇਤਰ ਵਿਚ ਇਸ ਵਰਤਾਰੇ ਦਾ ਮੁਖ ਲੱਛਣ, ਪੂੰਜੀਵਾਦੀ ਆਜ਼ਾਦ ਮੁਕਾਬਲੇ ਦੀ ਥਾਂ ਪੂੰਜੀਵਾਦੀ ਇਜਾਰੇਦਾਰੀ ਦਾ ਲੈਣਾ ਹੈ। ਆਜ਼ਾਦ ਮੁਕਾਬਲਾ ਪੂੰਜੀਵਾਦ ਅਤੇ ਆਮ ਰੂਪ ਵਿਚ ਜਿਣਸੀ ਪੈਦਾਵਾਰ ਦਾ ਬੁਨਿਆਦੀ ਲਛਣ ਹੈ। ਆਜ਼ਾਦ ਮੁਕਾਬਲਾ ਬੇਸ਼ਕ ਇਜਾਰੇਦਾਰੀ ਵਿਚ ਪਲਟ ਗਿਆ ਹੈ ਪਰ ਯਕੀਨਨ ਇਜਾਰੇਦਾਰੀਆਂ ਜਿਹੜੀਆਂ ਆਜ਼ਾਦ ਮੁਕਾਬਲੇ ਵਿਚੋਂ ਵਿਕਸਤ ਹੋਈਆਂ ਹਨ, ਆਜ਼ਾਦ ਮੁਕਾਬਲੇ ਨੂੰ ਖਤਮ ਨਹੀਂ ਕਰਦੀਆਂ ਸਗੋਂ ਉਸ ਦੇ ਨਾਲ-ਨਾਲ ਉਸ ਦੇ ਉਪਰ ਹੋਂਦ ਰਖਦੀਆਂ ਹਨ। ਇਸ ਤਰ੍ਹਾਂ ਇਹ ਬਹੁਤ ਹੀ ਘੋਰ ਦੁਸ਼ਮਣੀ ਵਾਲੇ ਤਣਾਵਾਂ ਅਤੇ ਟਕਰਾਵਾਂ ਨੂੰ ਜਨਮ ਦਿੰਦੀਆਂ ਹਨ।'

1911-14 ਅਤੇ 1928-37 ਦੇ ਸਮੇਂ ਦੌਰਾਨ ਪੈਦਾ ਹੋਏ ਅਮੋੜ ਆਰਥਿਕ ਸੰਕਟਾਂ ਕਾਰਨ ਲੜੀਆ ਗਈਆਂ ਦੋ ਸੰਸਾਰ ਸਾਮਰਾਜੀ ਜੰਗਾਂ ਇਸ ਵਰਤਾਰੇ ਦੀਆਂ ਸਪਸ਼ਟ ਮਿਸਾਲਾਂ ਹਨ। 2008 ਤੋਂ ਆਰੰਭ ਹੋਇਆ ਅਤੇ ਹੁਣ ਤਕ ਜਾਰੀ ਰਹਿ ਰਿਹਾ ਸੰਸਾਰ ਵਿਆਪੀ ਆਰਥਿਕ ਸੰਕਟ ਇਸ ਦੀ ਤਾਜ਼ਾ ਮਿਸਾਲ ਹੈ ਜਿਸ ਨੇ ਸਮੁਚੇ ਸੰਸਾਰ ਨੂੰ ਤੀਜੀ ਸਾਮਰਾਜੀ ਜੰਗ ਦੇ ਦਹਾਨੇ ਉਤੇ ਲਿਆ ਖੜ੍ਹਾ ਕੀਤਾ ਹੈ। ਲੈਨਿਨ ਤੋਂ ਬਾਅਦ ਦੇ ਸਮੇਂ ਅੰਦਰ ਸੰਚਾਰ ਸਾਧਨਾਂ ਤੇ ਇੰਟਰਨੈਟ ਬੈਂਕਿੰਗ ਆਦਿ ਵਿਚ ਹੋਈਆਂ ਬੇਮਿਸਾਲ ਤਬਦੀਲੀਆਂ ਦੇ ਪ੍ਰਸੰਗ ਵਿਚ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਾਲੀ ਪੂੰਜੀ ਦੇ ਇਹ ਮਨੁਖਘਾਤੀ ਲੱਛਣ ਹੁਣ ਹੋਰ ਵੀ ਕਿੰਨੀ ਵਧੇਰੇ ਤਾਕਤ ਅਖਤਿਆਰ ਕਰ ਗਏ ਹਨ। ਤਾਜ਼ੇ ਅੰਕੜਿਆਂ ਅਨੁਸਾਰ ਐਪਲ, ਸ਼ੈਲ, ਵਾਲਮਾਰਟ ਵਰਗੀਆਂ 10 ਵੱਡੀਆਂ ਕਾਰਪੋਰੇਸ਼ਨਾਂ ਦੀ ਕੁਲ ਪੂੰਜੀ ਦੁਨੀਆ ਭਰ ਦੇ ਕੁਲ 195 ਦੇਸ਼ਾਂ ਵਿਚੋਂ 180 ਦੇਸ਼ਾਂ ਦੀ ਕੁਲ ਪੂੰਜੀ ਨਾਲੋਂ ਵੀ ਜ਼ਿਆਦਾ ਹੈ। ਉਨ੍ਹਾਂ ਦੀਆਂ ਤਜੌਰੀਆਂ ਵਿਚ ਇਸ ਵੇਲੇ 3000 ਅਰਬ ਡਾਲਰ ਦੀ ਨਕਦ ਪੂੰਜੀ ਫਾਲਤੂ ਪਈ ਹੈ।

***ਕਮਿਊਨਿਸਟ ਮੈਨੀਫੈਸਟੋ ਵਿਚ ਦਰਜ ਹੈ ਕਿ ਪੂੰਜੀਵਾਦੀ ਪ੍ਰਬੰਧ ਅਧੀਨ ਅਜੋਕੇ ਸ਼ਹਿਰੀ ਮਧ ਵਰਗ ਨੇ ਪੈਦਾਵਾਰ ਅਤੇ ਵਟਾਂਦਰੇ ਦੇ ਧੜਵੈਲ ਸਾਧਨ ਪੈਦਾ ਕਰ ਲਏ ਹਨ। ਪੂੰਜੀਵਾਦੀ ਰਿਸ਼ਤਿਆਂ ਕਾਰਨ ਇਹ ਉਸ ਜਾਦੂਗਰ ਵਾਂਗ ਹੈ ਜਿਹੜਾ ਆਪਣੀਆਂ ਹੀ ਜਗਾਈਆਂ ਜਾਦੂਗਰੀ ਸ਼ਕਤੀਆਂ ਨੂੰ ਆਪਣੇ ਕਾਬੂ ਵਿਚ ਰੱਖਣ ਦੇ ਅਸਮਰਥ ਹੈ। ਕੁਝ ਕੁ ਨਿਸ਼ਚਿਤ ਸਮੇਂ ਬਾਅਦ ਮੁੜ-ਮੁੜ ਪ੍ਰਗਟ ਹੁੰਦੇ ਵਾਪਾਰਕ ਸੰਕਟ ਹਰ ਵਾਰ ਸਮੁੱਚੇ ਪੂੰਜੀਵਾਦੀ ਸਮਾਜ ਦੀ ਹੋਂਦ ਨੂੰ ਪਹਿਲਾਂ ਨਾਲੋਂ ਵੀ ਵੱਡਾ ਖਤਰਾ ਖੜ੍ਹਾ ਕਰ ਦਿੰਦੇ ਹਨ।***

ਮਾਰਕਸ ਦੇ ਕਥਨ ਅਨੁਸਾਰ ਮਾਲੀ ਪੂੰਜੀ ਦੀ ਬੁਨਿਆਦ ਪੂੰਜੀ ਹੈ। ਪੂੰਜੀ ਮਨੁੱਖੀ ਕਿਰਤ ਅਤੇ ਮਨੁੱਖੀ ਪੈਦਾਵਾਰ ਨੂੰ ਕਾਬੂ ਕਰਨ ਦੀ ਸ਼ਕਤੀ ਹੈ। ਪੂੰਜੀਪਤੀ ਦੀ ਇਹ ਸ਼ਕਤੀ ਉਸ ਦੇ ਮਨੁਖੀ ਗੁਣਾਂ ਕਰਕੇ ਨਹੀਂ ਸਗੋਂ ਪੂੰਜੀ ਦੀ ਮਾਲਕੀ ਹੋਣ ਕਰਕੇ ਹੈ। ਉਸ ਦੀ ਸ਼ਕਤੀ ਪੂੰਜੀ ਦੀ ਖਰੀਦ ਸ਼ਕਤੀ ਹੈ ਜਿਸ ਨੂੰ ਕਾਨੂੰਨੀ (ਸਰਕਾਰੀ) ਪ੍ਰਵਾਨਗੀ ਹਾਸਲ ਹੈ। ਸੰਖੇਪ ਸ਼ਬਦਾਂ ਵਿਚ, ਪੂੰਜੀ ਇਕੱਠੀ ਹੋਈ (ਮੁਰਦਾ) ਕਿਰਤ ਹੈ। ਪੂੰਜੀ ਦਾ ਮੂਲ ਆਧਾਰ ਨਿਜੀ ਜਾਇਦਾਦ ਦੇ ਰੂਪ ਵਿਚ ਕਿਰਤੀਆਂ ਦੀ ਸਮੁਚੀ ਪੈਦਾਵਾਰ ਉਤੇ ਪੂੰਜੀਪਤੀਆਂ ਦੀ ਮਾਲਕੀ ਦਾ ਹੱਕ ਹੈ। ਪੂੰਜੀਪਤੀ ਪੂੰਜੀ ਦੇ ਇਸ ਹਥਿਆਰ ਨਾਲ ਆਪਣੀ ਹੁਕਮੀਆਂ ਸ਼ਕਤੀ ਦੀ ਵਰਤੋਂ ਪਹਿਲਾਂ ਕਿਰਤੀਆਂ ਉਤੇ ਕਰਦਾ ਹੈ ਪਰ ਬਾਅਦ ਵਿਚ ਪੂੰਜੀ ਦੀ ਇਹੀ ਹੁਕਮੀਆਂ ਸ਼ਕਤੀ ਖੁਦ ਪੂੰਜੀ ਮਾਲਕਾਂ ਦੀ ਮਾਨਸਿਕਤਾ ਨੂੰ ਵੀ ਜਕੜ ਲੈਂਦੀ ਹੈ। ਪੂੰਜੀਪਤੀ ਖੁਦ ਵੀ ਮੁਰਦਾ ਪੂੰਜੀ ਦਾ ਮਾਨਸਿਕ ਗੁਲਾਮ ਬਣ ਜਾਂਦਾ ਹੈ।

ਪੂੰਜੀ ਦੀ ਮੰਗ ਅਨੁਸਾਰ ਮੁਨਾਫਾ ਅਤੇ ਹੋਰ ਮੁਨਾਫਾ ਕਮਾਉਣਾ, ਉਸ ਦੀ ਸੋਚ ਨੂੰ ਜਕੜ ਲੈਂਦਾ ਹੈ। ਇੰਝ ਮੁਰਦਾ ਪੂੰਜੀ ਪੂੰਜੀਪਤੀਆਂ ਰਾਹੀਂ ਜਿਊਂਦੇ ਜਾਗਦੇ ਸਮੁੱਚੇ ਮਨੁੱਖੀ ਸਮਾਜ ਨੂੰ ਚਲਾਉਂਦੀ ਹੈ। ਪੂੰਜੀਵਾਦੀ ਰਾਜਸੀ-ਅਰਥਚਾਰੇ ਦੇ ਵਜੂਦ ਸਮੋਏ ਲੱਛਣਾਂ ਕਾਰਨ ਸੋਚਿਆ ਕੁਝ ਹੋਰ ਜਾਂਦਾ ਹੈ ਪਰ ਇਸ ਦੇ ਸਿਟੇ ਕੁਝ ਹੋਰ ਨਿਕਲਦੇ ਹਨ। ਕਿਰਤੀ ਵਰਗ ਅਮੀਰਾਂ ਲਈ ਹੈਰਾਨੀਜਨਕ ਵਸਤੂਆਂ ਪੈਦਾ ਕਰਦਾ ਹੈ ਪਰ ਆਪਣੇ ਲਈ ਇਹ ਘੋਰ ਕੰਗਾਲੀ ਪੈਦਾ ਕਰਦਾ ਹੈ। ਕਿਰਤੀ ਵਰਗ ਮਹਿਲ ਬਣਾਉਂਦਾ ਹੈ ਪਰ ਖੁਦ ਝੌਂਪੜੀਆਂ ਵਿਚ ਰਹਿੰਦਾ ਹੈ। ਸਮੁਚੀ ਖੂਬਸੂਰਤੀ ਕਿਰਤੀ ਵਰਗ ਪੈਦਾ ਕਰਦਾ ਹੈ ਪਰ ਆਪ ਬਦਸ਼ਕਲ ਹੁੰਦਾ ਜਾਂਦਾ ਹੈ।

ਕਿਰਤੀ ਵਰਗ ਕਿਰਤੀ ਦੀ ਥਾਂ ਮਸ਼ੀਨਾਂ ਨਾਲ ਭਰਦਾ ਹੈ ਪਰ ਇਹੀ ਮਸ਼ੀਨਾਂ ਕਿਰਤੀਆਂ ਦੇ ਇਕ ਹਿੱਸੇ ਨੂੰ ਮੁੜ ਜਲਾਲਤ ਭਰੇ ਢੰਗਾਂ ਨਾਲ ਕੰਮ ਕਰਨ ਵੱਲ ਧਕਦੀਆ ਹਨ ਅਤੇ ਕਿਰਤੀਆਂ ਦੇ ਦੂਜੇ ਹਿੱਸੇ ਨੂੰ ਮਸ਼ੀਨੀ ਮਨੁੱਖ ਬਣਾ ਦਿੰਦੀਆਂ ਹਨ। ਇਹ ਮਸ਼ੀਨੀ ਜ਼ਿੰਦਗੀ ਕਿਰਤੀ ਕੋਲੋਂ ਸਾਰੇ ਮਨੁੱਖੀ ਗੁਣ ਖੋਹ ਲੈਂਦੀ ਹੈ। ਪੂੰਜੀਵਾਦੀ ਅਰਥਚਾਰਾ ਬੌਧਿਕ ਵਿਕਾਸ ਲਈ ਹਾਲਤਾਂ ਪੈਦਾ ਕਰਦਾ ਹੈ ਪਰ ਕਿਰਤੀਆਂ ਲਈ ਮੂਰਖਤਾ ਅਤੇ ਉਜਡਪੁਣਾ ਪੈਦਾ ਕਰਦਾ ਹੈ। ਪੂੰਜੀਵਾਦ ਦੀਆਂ ਸਾਰੀਆਂ ਧਾਰਨਾਵਾਂ ਨਿਜੀ ਜਾਇਦਾਦ ਦੀ ਹੋਂਦ ਨੂੰ ਅਟਲ ਸਚਾਈ ਮੰਨ ਕਿ ਚਲਦੀਆਂ ਹਨ। ਨਿਜੀ ਜਾਇਦਾਦ ਆਧਾਰਤ ਰਿਸ਼ਤਿਆਂ ਨੂੰ ਮਨੁਖੀ ਅਤੇ ਤਰਕਸੰਗਤ ਮੰਨ ਕੇ ਪੂੰਜੀਵਾਦ ਆਪਣੇ ਬੁਨਿਆਦੀ ਆਧਾਰ ਨਿਜੀ ਜਾਇਦਾਦ ਨਾਲ ਸਦੀਵੀ ਟਕਰਾਅ ਵਿਚ ਕਿਰਿਆਸ਼ੀਲ ਰਹਿੰਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਕੋਈ ਧਰਮ ਪ੍ਰਚਾਰਕ ਧਾਰਮਿਕ ਸੰਕਲਪਾਂ ਦੀ ਲਗਾਤਾਰ ਮਨੁੱਖੀ ਵਿਆਖਿਆ ਕਰਦਿਆਂ ਹੋਇਆ ਵੀ ਧਰਮ ਦੇ ਪ੍ਰਾਲੌਕਿਕ (ਕਲਪਿਤ) ਆਧਾਰ ਨਾਲ ਨਿਰੰਤਰ ਟਕਰਾਅ ਵਿਚ ਰਹਿੰਦਾ ਹੈ। ਉਸ ਦੀ ਧਰਮ ਦੀ ਕੀਤੀ ਸਾਰੀ ਮਨੁੱਖੀ ਵਿਆਖਿਆ ਅਮਲ ਵਿਚ ਅਸਰਹੀਣ ਹੋ ਜਾਂਦੀ ਹੈ ਕਿਉਂਕਿ ਸਮਾਜੀ ਤੇ ਆਰਥਿਕ ਪਖੋਂ ਉਹ ਆਪਣੀ ਅਸਲੀ ਜ਼ਿੰਦਗੀ ਵਿਚ ਪੂੰਜੀਵਾਦੀ ਰਿਸ਼ਤਿਆ ਦਾ ਗੁਲਾਮ ਹੁੰਦਾ ਹੈ।

ਕਮਿਊਨਿਸਟ ਮੈਨੀਫੈਸਟੋ ਵਿਚ ਦਰਜ ਹੈ ਕਿ ਪੂੰਜੀਵਾਦੀ ਪ੍ਰਬੰਧ ਅਧੀਨ ਅਜੋਕੇ ਸ਼ਹਿਰੀ ਮਧ ਵਰਗ ਨੇ ਪੈਦਾਵਾਰ ਅਤੇ ਵਟਾਂਦਰੇ ਦੇ ਧੜਵੈਲ ਸਾਧਨ ਪੈਦਾ ਕਰ ਲਏ ਹਨ। ਪੂੰਜੀਵਾਦੀ ਰਿਸ਼ਤਿਆਂ ਕਾਰਨ ਇਹ ਉਸ ਜਾਦੂਗਰ ਵਾਂਗ ਹੈ ਜਿਹੜਾ ਆਪਣੀਆਂ ਹੀ ਜਗਾਈਆਂ ਜਾਦੂਗਰੀ ਸ਼ਕਤੀਆਂ ਨੂੰ ਆਪਣੇ ਕਾਬੂ ਵਿਚ ਰੱਖਣ ਦੇ ਅਸਮਰਥ ਹੈ। ਕੁਝ ਕੁ ਨਿਸ਼ਚਿਤ ਸਮੇਂ ਬਾਅਦ ਮੁੜ-ਮੁੜ ਪ੍ਰਗਟ ਹੁੰਦੇ ਵਾਪਾਰਕ ਸੰਕਟ ਹਰ ਵਾਰ ਸਮੁੱਚੇ ਪੂੰਜੀਵਾਦੀ ਸਮਾਜ ਦੀ ਹੋਂਦ ਨੂੰ ਪਹਿਲਾਂ ਨਾਲੋਂ ਵੀ ਵੱਡਾ ਖਤਰਾ ਖੜ੍ਹਾ ਕਰ ਦਿੰਦੇ ਹਨ। ਇਨ੍ਹਾਂ ਸੰਕਟਾਂ ਵਿਚ ਨਾ ਸਿਰਫ ਮੌਜੂਦਾ ਪੈਦਾਵਾਰ ਸਗੋਂ ਪਹਿਲਾਂ ਸਿਰਜੇ ਪੈਦਾਵਾਰੀ ਸਾਧਨ ਵੀ ਤਬਾਹ ਕਰ ਦਿੱਤੇ ਜਾਂਦੇ ਹਨ। ਅਚਨਚੇਤ ਸਾਰਾ ਸਮਾਜ ਕੁਝ ਚਿਰ ਲਈ ਆਪਣੇ ਆਪ ਨੂੰ ਵਹਿਸ਼ੀ ਹਾਲਤ ਵਿਚ ਪਹੁੰਚਿਆ ਮਹਿਸੂਸ ਕਰਦਾ ਹੈ। ਜਿਵੇਂ ਕਿਸੇ ਸਰਬਵਿਆਪੀ ਤਬਾਹੀ ਨੇ ਮਨੁੱਖੀ ਹੋਂਦ ਲਈ ਲੋੜੀਂਦੇ ਸਨਅਤ ਅਤੇ ਵਪਾਰ ਨੂੰ ਬੰਨ੍ਹ ਮਾਰ ਦਿੱਤਾ ਹੋਵੇ। ਪੂੰਜੀਵਾਦੀ ਸਮਾਜ ਦੀਆਂ ਵਲਗਣਾਂ ਇੰਨੀਆਂ ਤੰਗ ਹੋ ਜਾਂਦੀਆਂ ਹਨ ਕਿ ਉਹ ਆਪਣੀ ਪੈਦਾ ਕੀਤੀ ਦੌਲਤ ਨੂੰ ਹੀ ਆਪਣੇ ਵਿਚ ਸਮੋਅ ਨਹੀਂ ਸਕਦੀਆਂ। ਪੂੰਜੀਵਾਦ ਇਸ ਸੰਕਟ ਦਾ ਹੱਲ ਕਿਵੇਂ ਕਰਦਾ ਹੈ, ਇਕ ਪਾਸੇ ਪੈਦਾਵਾਰੀ ਸ਼ਕਤੀਆਂ ਦੀ ਭਾਰੀ ਤਬਾਹੀ ਕਰਕੇ ਅਤੇ ਦੂਜੇ ਪਾਸੇ ਨਵੀਆਂ ਮੰਡੀਆਂ ਕਾਬੂ ਕਰਕੇ ਅਤੇ ਪੁਰਾਣੀਆਂ ਮੰਡੀਆਂ ਦੀ ਹੋਰ ਵਧੇਰੇ ਲੁਟ ਕਰਕੇ। ਹੋਰ ਵਧੇਰੇ ਤਬਾਹਕੁਨ ਸੰਕਟਾਂ ਲਈ ਰਾਹ ਪਧਰਾ ਕਰਕੇ ਅਤੇ ਉਨ੍ਹਾਂ ਸਾਧਨਾਂ ਨੂੰ ਘਟਾ ਕੇ ਜਿਨ੍ਹਾਂ ਰਾਹੀਂ ਇਹ ਸੰਕਟ ਟਾਲੇ ਜਾ ਸਕਦੇ ਹਨ (ਅੱਜ ਸਮੁਚੇ ਸੰਸਾਰ ਵਿਚ ਫੈਲਿਆ ਸਾਮਰਾਜੀ ਆਰਥਿਕ ਸੰਕਟ ਮਾਰਕਸ ਦੀ ਕੀਤੀ ਇਸ ਭਵਿਖਬਾਣੀ ਨੂੰ ਸੱਚ ਸਾਬਤ ਕਰ ਰਿਹਾ ਹੈ)।

ਏਂਗਲਜ ਦੇ ਕਥਨ ਅਨੁਸਾਰ ਪੂੰਜੀਵਾਦੀ ਰਾਜਸੀ ਅਰਥਚਾਰਾ ਵਪਾਰ ਫੈਲਣ ਦੇ ਸੁਭਾਵਕ ਸਿਟੇ ਵਜੋਂ ਹੋਂਦ ਵਿਚ ਆਇਆ ਹੈ। ਇਸ ਦੇ ਮੁਢਲੇ ਰੂਪ ਵਜੋਂ ਛਾਬੜੀ ਵਾਲਿਆਂ ਦੀ ਥਾਂ ਅਮੀਰੀ ਦੀ ਸਮੁਚੀ ਸਾਇੰਸ, ਭਾਵ ਕਾਨੂੰਨੀ ਫਰਾਡ ਦੇ ਵਿਕਸਿਤ ਹੋਏ ਤਾਣੇ-ਬਾਣੇ ਨੇ ਲੈ ਲਈ ਹੈ। ਰਾਜਸੀ ਆਰਥਿਕਤਾ ਅਤੇ ਅਮੀਰ ਬਣਨ ਦੀ ਸਾਇੰਸ ਦਾ ਜਨਮ ਵਪਾਰੀਆਂ ਦੀ ਆਪਸੀ ਈਰਖਾ ਅਤੇ ਲਾਲਚੀ ਮਾਨਸਿਕਤਾ ਵਿਚੋਂ ਹੋਇਆ ਹੈ ਜਿਸ ਦੇ ਵਜੂਦ ਵਿਚ ਘੋਰ ਕਮੀਨਗੀ ਅਤੇ ਸੁਆਰਥ ਲੁਕਿਆ ਹੋਇਆ ਹੈ। ਲੋਕ ਅਜੇ ਵੀ ਇਸ ਅਹਿਮਕਾਨਾ ਸੋਚ ਦਾ ਸ਼ਿਕਾਰ ਹਨ ਕਿ ਸੋਨਾ ਤੇ ਚਾਂਦੀ ਦੌਲਤ ਹਨ ਅਤੇ ਇਸ ਲਈ ਸਭ ਤੋਂ ਫੌਰੀ ਕੰਮ ਇਹ ਸਮਝਿਆ ਗਿਆ ਹੈ ਕਿ ਹਰ ਥਾਂ ਇਸ 'ਕੀਮਤੀ' ਧਾਤ ਦੀ ਬਰਾਮਦ ਨੂੰ ਕੰਟਰੋਲ ਕੀਤਾ ਜਾਵੇ। ਕੌਮਾਂ ਇਕ-ਦੂਜੇ ਨਾਲ ਕਮੀਨਿਆਂ ਵਾਂਗ ਵਿਹਾਰ ਕਰਦੀਆਂ ਹਨ। ਆਪਣੀਆਂ ਦੋਹਾਂ ਕੱਛਾਂ ਵਿਚ ਨੋਟਾਂ ਦੇ ਬੈਗ ਘੁਟੀ ਹਰ ਗੁਆਂਢੀ ਨੂੰ ਈਰਖਾ ਅਤੇ ਬੇਭਰੋਸਗੀ ਨਾਲ ਦੇਖਦੀਆਂ ਹਨ। ਇਕ-ਦੂਜੇ ਨੂੰ ਭਰਮਾਉਣ ਦਾ ਹਰ ਸੰਭਵ ਢੰਗ ਵਰਤਿਆ ਜਾਂਦਾ ਹੈ ਤਾਂ ਕਿ ਵਧ ਤੋਂ ਵਧ ਨਕਦ ਵਪਾਰ ਨੂੰ ਸੰਭਵ ਬਣਾਇਆ ਜਾ ਸਕੇ। ਭ੍ਰਿਸ਼ਟਾਚਾਰ ਪੂੰਜੀਵਾਦ ਦੇ ਵਜੂਦ ਸਮੋਈ ਅਲਾਮਤ ਹੈ। ਸਮੁਚੇ ਸਮਾਜੀ ਅਤੇ ਰਾਜਸੀ ਤਾਣੇਬਾਣੇ ਨੂੰ ਕਾਇਮ ਰਖਣ ਲਈ ਜਿਹੜਾ ਰੋਲ ਪਹਿਲਾ ਸਰੀਰਕ ਬਲ ਅਤੇ ਫੌਜੀ ਤਾਕਤ ਨਿਭਾਉਂਦੀ ਸੀ, ਉਹ ਰੋਲ ਹੁਣ ਰਾਜ ਕਰਨ ਦੇ ਭ੍ਰਿਸ਼ਟ ਢੰਗ ਅਤੇ ਸਮਾਜੀ ਦਰਜਾਬੰਦੀ ਤੇ ਰਾਜਸੀ ਰੁਤਬਾ ਨਿਭਾਉਂਦਾ ਹੈ।

*(ਬਾਕੀ ਅਗਲੇ ਸਫੇ 'ਤੇ)*

ਪੂੰਜੀਵਾਦੀ ਪ੍ਰਬੰਧ ਅਧੀਨ ਆਜ਼ਾਦ ਮੁਕਾਬਲਾ ਅਜਿਹੇ ਸਮਾਜ ਨੂੰ ਜਨਮ ਦਿੰਦਾ ਹੈ, ਜਿਥੇ ਹਰ ਬੰਦਾ ਆਪਣੇ ਸਵਾਰਥ ਲਈ ਕੰਮ ਕਰਦਾ ਹੈ। ਹਰ ਕੋਈ ਆਪਣੀ ਅਮੀਰੀ ਵਾਸਤੇ ਦੌੜ-ਭੱਜ ਕਰਦਾ ਹੈ ਅਤੇ ਉਹ ਇਹ ਗੌਰ ਬਿਲਕੁਲ ਨਹੀਂ ਕਰਦਾ ਕਿ ਦੂਜੇ ਕੀ ਕਰ ਰਹੇ ਹਨ। ਇਸ ਹਾਲਾਤ ਵਿਚ ਕਿਸੇ ਤਰਕਸੰਗਤ ਸਮਾਜੀ ਜਥੇਬੰਦੀ (ਨੌਕਰੀਆਂ ਦੀ ਤਰਕਸੰਗਤ ਵੰਡ) ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਸ ਦੇ ਉਲਟ ਹਰ ਕੋਈ ਦੂਜੇ ਨਾਲੋਂ ਚੋਖਾ ਪ੍ਰਾਪਤ ਕਰਨਾ ਚਾਹੁੰਦਾ ਹੈ। ਹਰ ਕੋਈ ਆਪਣੇ ਹਿਤਾਂ ਲਈ ਮੌਕੇ ਦਾ ਫਾਇਦਾ ਉਠਾਉਣਾ ਚਾਹੁੰਦਾ ਹੈ। ਨਾ ਹੀ ਕਿਸੇ ਕੋਲ ਏਨਾ ਸਮਾਂ ਹੈ ਅਤੇ ਨਾ ਹੀ ਇਹ ਦ੍ਰਿਸ਼ਟੀਕੋਣ ਕਿ ਉਹ ਇਹ ਸੋਚ ਸਕੇ ਕਿ ਅਸਲ ਵਿਚ ਉਸ ਦੇ ਆਪਣੇ ਹਿਤ ਦੂਜੇ ਲੋਕਾਂ ਦੇ ਹਿਤਾਂ ਨਾਲ ਸਾਂਝੇ ਹਨ।

ਹਰ ਪੂੰਜੀਪਤੀ ਦੂਜੇ ਪੂੰਜੀਪਤੀਆਂ ਨਾਲ ਲੜ ਰਿਹਾ ਹੈ। ਹਰ ਕਿਰਤੀ ਦੂਜੇ ਕਿਰਤੀਆਂ ਨਾਲ ਲੜ ਰਿਹਾ ਹੈ। ਪੂੰਜੀਪਤੀ ਕਿਰਤੀਆਂ ਵਿਰੁਧ ਲੜ ਰਹੇ ਹਨ ਜਦੋਂ ਕਿ ਕਿਰਤੀਆਂ ਦੇ ਸਮੂਹਾਂ ਦੀ ਪੂੰਜੀਪਤੀਆਂ ਦੇ ਸਮੂਹਾਂ ਵਿਰੁਧ ਲੜਾਈ, ਉਨ੍ਹਾਂ ਦੀ ਆਪਣੀ ਹੋਂਦ ਲਈ ਲੋੜੀਂਦੀ ਹੈ। ਸਾਰਿਆਂ ਦੀ ਸਾਰਿਆਂ ਵਿਰੁਧ ਇਸ ਲੜਾਈ ਵਿਚ ਝੂਠ ਬੋਲਣਾ, ਇਕ-ਦੂਜੇ ਨਾਲ ਬੇਈਮਾਨੀ ਕਰਨੀ, ਆਪਸੀ ਲੁਟ-ਖੋਹ, ਇਕ-ਦੂਜੇ ਪ੍ਰਤੀ ਬੇਭਰੋਸਗੀ-ਈਰਖਾ ਦਾ ਬੋਲਬਾਲਾ ਤੇ ਮਾਨਸਿਕ ਪੀੜਾ, ਪੂੰਜੀਵਾਦੀ ਸਮਾਜ ਦੇ ਲਛਣ ਹਨ।

ਏਂਗਲਜ ਨੇ ਇਹ ਜਾਣਕਾਰੀ ਵੀ ਦਿਤੀ ਹੈ ਕਿ ਬੇਲਗਾਮ ਪੂੰਜੀਵਾਦੀ ਅਰਥਚਾਰੇ ਉਤੇ ਆਧਾਰਤ ਅੰਨ੍ਹੀ ਮੰਡੀ ਨੇ ਆਪਣਾ ਸਭ ਤੋਂ ਚੰਗਾ ਕੰਮ ਇਹ ਕੀਤਾ ਹੈ ਕਿ ਇਸ ਨੇ ਦੁਸ਼ਮਣੀ ਨੂੰ ਸਰਬ-ਸੰਸਾਰੀ ਬਣਾ ਦਿਤਾ ਹੈ। ਇਸ ਨੇ ਮਨੁੱਖ ਜਾਤੀ ਨੂੰ ਬਘਿਆੜਾਂ ਦੇ ਝੁੰਡ ਵਿਚ ਬਦਲ ਦਿਤਾ ਹੈ। ਸਾਰੇ ਇਕ-ਦੂਜੇ ਨੂੰ ਡਕਾਰ ਜਾਣਾ ਚਾਹੁੰਦੇ ਹਨ ਕਿਉਂਕਿ ਹਰ ਇਕ ਦੇ ਹਿਤ ਬਾਕੀ ਸਾਰਿਆਂ ਦੀ ਲੁੱਟ-ਖੋਹ ਕਰਨ ਨਾਲ ਪੂਰੇ ਹੁੰਦੇ ਹਨ। ਆਜ਼ਾਦ ਮੁਕਾਬਲੇ ਦਾ ਇਹੀ ਤੱਤ ਹੈ। ਪੂੰਜੀਵਾਦੀ ਅਰਥ ਸ਼ਾਸਤਰੀ ਆਜ਼ਾਦ ਮੁਕਾਬਲੇ ਨੂੰ ਮਨੁੱਖ ਜਾਤੀ ਦੀ ਉਚਤਮ ਇਤਿਹਾਸਕ ਪ੍ਰਾਪਤੀ ਕਹਿ ਕਿ ਵਡਿਆਉਂਦੇ ਹਨ। ਇਸ ਲਈ ਉਹ ਡਾਰਵਿਨ ਦੀ ਮਿਸਾਲ ਦਿੰਦੇ ਹਨ ਕਿ ਉਸ ਨੇ ਇਹ ਸਾਬਤ ਕੀਤਾ ਹੈ ਕਿ ਆਜ਼ਾਦ ਮੁਕਾਬਲਾ ਮਨੁੱਖੀ ਹੋਂਦ ਲਈ ਸੰਘਰਸ਼ ਹੈ ਪਰ ਇਹ ਮੂਰਖ ਅਰਥ ਸ਼ਾਸਤਰੀ ਇਹ ਨਹੀਂ ਜਾਣਦੇ ਕਿ ਇਹ ਸਾਬਤ ਕਰਕੇ ਡਾਰਵਿਨ ਨੇ ਮਨੁੱਖ ਜਾਤੀ ਅਤੇ ਆਪਣੇ ਦੇਸ਼ ਵਾਸੀਆਂ ਉਤੇ ਕਿੰਨਾ ਕਰੂਰ ਵਿਅੰਗ ਕੀਤਾ ਹੈ। ਦਰਅਸਲ ਇਹ ਜੰਗਲ ਰਾਜ ਦਾ ਆਮ ਨੇਮ ਹੈ ਜਦੋਂ ਕਿ ਸਮਾਜੀ ਪੈਦਾਵਾਰ ਦੀ ਸਿਰਫ ਸੁਚੇਤ ਜਥੇਬੰਦੀ ਜਿਸ ਵਿਚ ਪੈਦਾਵਾਰ ਤੇ ਵੰਡ ਨੂੰ ਯੋਜਨਾਬਧ ਢੰਗ ਨਾਲ ਜਥੇਬੰਦ ਕੀਤਾ ਗਿਆ ਹੋਵੇ, ਮਨੁੱਖ ਜਾਤੀ ਨੂੰ ਬਾਕੀ ਦੇ ਪਸ਼ੂ ਜਗਤ ਨਾਲੋ ਉਚਾ ਚੁਕ ਸਕਦੀ ਹੈ।

ਉਸ ਦਿਨ ਤੋਂ ਬਾਅਦ ਹੀ ਮਨੁੱਖੀ ਇਤਿਹਾਸ ਦਾ ਨਵਾਂ ਯੁਗ ਆਰੰਭ ਹੋਵੇਗਾ ਜਿਸ ਦਿਨ ਮਨੁੱਖ ਜਾਤੀ ਖੁਦ ਆਪਣੇ ਸਾਰੇ ਅਮਲਾਂ ਵਿਚ ਇਸ ਯੋਜਨਾਬੰਦੀ ਨੂੰ ਲਾਗੂ ਕਰੇਗੀ। ਅਜੋਕੇ ਸਾਮਰਾਜੀ ਦੌਰ ਦੀ ਬੇਲਗਾਮ ਮੰਡੀ ਦੀਆਂ ਸਾਰੀਆਂ ਅਲਾਮਤਾਂ ਦਾ ਇਕੋ-ਇਕ ਹੱਲ ਯੋਜਨਾਬਧ ਵਿਕਾਸ ਹੈ। ਇਸ ਦਿਸ਼ਾਹੀਣ ਮੰਡੀ ਦੀ ਥਾਂ ਮਨੁੱਖ ਜਾਤੀ ਦੀਆ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕੀਤੀ ਗਈ ਸੁਚੇਤ ਯੋਜਨਾਬੰਦੀ ਹੀ ਮਨੁੱਖੀ ਵਿਕਾਸ ਨੂੰ ਸਹੀ ਦਿਸ਼ਾ ਦੇ ਸਕਦੀ ਹੈ।

ਏਂਗਲਜ ਨੇ ਇਹ ਵੀ ਲਿਖਿਆ ਹੈ ਕਿ ਪੂੰਜੀਵਾਦ ਦਾ ਅੰਤਿਮ ਨਿਸ਼ਾਨਾ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਸਾਂਝੇ ਪਰਿਵਾਰਾਂ ਦਾ ਖਾਤਮਾ ਕਰਨਾ ਹੈ ਜਿਸ ਨੂੰ ਪੂਰਾ ਕਰਨ ਲਈ ਇਹ ਆਪਣੀ ਖੋਜ ਕਾਰਖਾਨੇਦਾਰੀ ਨੂੰ ਵਰਤਦਾ ਹੈ। ਕਾਰਖਾਨੇਦਾਰੀ ਸਾਂਝੇ ਹਿਤਾਂ ਦੀ ਆਖਰੀ ਰਹਿੰਦ ਖੂੰਹਦ, ਪਰਿਵਾਰ ਦੀ ਮਾਲਕੀ ਵਾਲੀਆਂ ਵਸਤੂਆਂ ਦੀ ਸਾਂਝ ਨੂੰ ਵੀ ਖਤਮ ਕਰ ਦਿੰਦੀ ਹੈ। ਬੱਚਿਆਂ ਵਿਚ ਇਹ ਰੁਝਾਨ ਆਮ ਵਿਕਸਿਤ ਹੋ ਜਾਂਦਾ ਹੈ ਕਿ ਜਦੋਂ ਹੀ ਉਹ ਕੰਮ ਕਰਨ ਦੇ ਯੋਗ ਹੁੰਦੇ ਹਨ, ਉਹ ਆਪਣੀ ਕਮਾਈ ਨੂੰ ਖੁਦ ਖਰਚਣ ਵਾਸਤੇ ਆਪਣੇ ਮਾਪਿਆਂ ਦੇ ਘਰ ਨੂੰ ਰਹਿਣ-ਬਸੇਰਾ ਸਮਝਣ ਲਗ ਪੈਂਦੇ ਹਨ ਅਤੇ ਭੋਜਨ ਤੇ ਰਹਿਣ ਦੇ ਖਰਚੇ ਵਜੋਂ ਇਕ ਨਿਸ਼ਚਿਤ ਰਕਮ ਆਪਣੇ ਮਾਪਿਆਂ ਨੂੰ ਦੇ ਕੇ ਬਾਕੀ ਬਚੀ ਸਾਰੀ ਰਕਮ ਆਪ ਖਰਚਣ ਦੀ ਆਜ਼ਾਦੀ ਮਾਣਨਾ ਚਾਹੁੰਦੇ ਹਨ। ਪੂੰਜੀਵਾਦੀ ਬੇਲਗਾਮ ਮੰਡੀ ਅਤੇ ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਸਿਟਾ ਇਹੀ ਨਿਕਲ ਸਕਦਾ ਹੈ। ਇਕ ਵਾਰ ਜੇ ਨੇਮ ਬਣ ਗਿਆ ਤਾਂ ਅਰਥ ਸ਼ਾਸਤਰੀ ਭਾਵੇਂ ਜਾਂ ਨਾ, ਇਹ ਆਪਣੇ ਹੀ ਵੇਗ ਨਾਲ ਚਲਦਾ ਹੈ।

ਮਾਰਕਸ ਦਾ ਕਥਨ ਹੈ, "ਪੂੰਜੀਵਾਦੀ ਦੌਰ ਵਿਚ ਪੈਸਾ ਮਨੁੱਖ ਦਾ 'ਰੱਬ' ਬਣ ਗਿਆ ਹੈ। ਪੈਸੇ ਨੇ ਮਨੁੱਖੀ ਮਨ ਵਿਚ ਰੱਬੀ ਹਸਤੀ ਦੇ ਬਣੇ ਸਾਰੇ ਸੰਕਲਪਾਂ ਨੂੰ ਬੌਣੇ ਕਰ ਦਿਤਾ ਹੈ। 'ਰੱਬ' ਨੂੰ ਵਿਕਾਊ ਜਿਣਸ ਵਿਚ ਬਦਲ ਦਿਤਾ ਗਿਆ ਹੈ। ਸਾਰੇ ਮਨੁੱਖੀ ਰਿਸ਼ਤਿਆਂ ਦਾ ਆਧਾਰ ਬਣੇ ਪੈਸੇ ਨੇ ਸਗਲ ਸੰਸਾਰ ਦੇ ਮਨੁੱਖੀ ਮਨਾਂ ਨੂੰ ਕਾਬੂ ਕਰ ਲਿਆ ਹੈ। ਮਨੁੱਖ ਅਤੇ ਸਰਬ ਸ਼ਕਤੀਮਾਨ ਕੁਦਰਤ, ਦੋਹਾਂ ਤੋਂ ਉਸ ਦਾ ਅਸਲੀ ਤੱਤ ਖੋਹ ਲਿਆ ਹੈ। ਪੈਸਾ ਮਨੁੱਖ ਦੀ ਹੋਂਦ ਅਤੇ ਉਸ ਦੀ ਕਿਰਤ ਦਾ ਪਰਾਇਆ ਤਤ ਹੈ ਪਰ ਇਹ ਪਰਾਇਆ ਤੱਤ ਉਸ ਦੇ ਮਨ ਉਤੇ ਭਾਰੂ ਹੋ ਗਿਆ ਹੈ। ਅਸਲ ਵਿਚ ਹੁਣ ਲੈਣ-ਦੇਣ ਦਾ ਧੰਦਾ ਹੀ ਮਨੁੱਖ ਦਾ ਅਸਲੀ ਰੱਬ ਬਣ ਗਿਆ ਹੈ। ਨਿਜੀ ਜਾਇਦਾਦ ਅਤੇ ਪੈਸੇ ਦੇ ਗਲਬੇ ਅਧੀਨ ਸਰਬ ਸ਼ਕਤੀਮਾਨ ਕੁਦਰਤ ਬਾਰੇ ਬਣਿਆ ਮਨੁੱਖੀ ਦ੍ਰਿਸ਼ਟੀਕੋਣ ਅਸਲ ਵਿਚ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਇਸ ਪ੍ਰਤੀ ਜਹਾਲਤ ਪੈਦਾ ਕਰਦਾ ਹੈ। ਮਨੁਖੀ ਅਤੇ ਪਰਿਵਾਰਕ ਰਿਸ਼ਤਿਆਂ ਵਿਚੋਂ ਮਨੁੱਖੀ ਜਜ਼ਬਿਆਂ ਨੂੰ ਖਤਮ ਕਰਕੇ, ਪੂੰਜੀਵਾਦ ਨੇ ਇਨ੍ਹਾਂ ਨੂੰ ਸਿਰਫ ਅਤੇ ਸਿਰਫ ਪੈਸੇ ਦੇ ਲੈਣ-ਦੇਣ ਦੇ ਰਿਸ਼ਤਿਆਂ ਤਕ ਸੀਮਤ ਕਰ ਦਿਤਾ ਹੈ। ਇਸ ਨੇ ਹਜਾਰਾਂ ਸਾਲਾਂ ਵਿਚ ਵਿਕਸਿਤ ਹੋਏ ਮਨੁਖੀ ਜਜ਼ਬੇ ਅਤੇ ਰਿਸ਼ਤੇ ਦਹਾਕਿਆਂ ਵਿਚ ਕੌਡੀਓ ਖੋਟੇ ਕਰ ਦਿਤੇ ਹਨ।"

ਯਕੀਨਨ ਅਜੋਕਾ ਸਾਮਰਾਜੀ ਸੰਸਾਰ ਪ੍ਰਬੰਧ ਬੇਕਿਰਕ ਮਨੁਖੀ ਲੁੱਟ ਦਾ ਸੰਦ ਹੈ। ਇਹ ਹੱਥੀਂ ਕਿਰਤ ਤੋਂ ਟੁਟੇ ਹੋਏ ਵਿਹਲੜ ਸਭਿਆਚਾਰ, ਪਰਜੀਵੀਪੁਣਾ, ਨਸ਼ੇੜੀਪੁਣਾ, ਜੂਏਬਾਜ਼ੀ, ਵੇਸਵਾਗਿਰੀ, ਮਨੁੱਖੀ ਪਰਿਵਾਰਕ ਅਤੇ ਸਮਾਜੀ ਰਿਸ਼ਤਿਆਂ ਦੇ ਟੁਟਣ ਤੇ ਦਿਨੋ-ਦਿਨ ਵਧ ਰਹੇ ਮਾਨਸਿਕ ਤਣਾਅ ਦਾ ਜਨਕ ਹੈ। ਇਸ ਨੇ ਵਾਧੂ ਕੰਮ ਇਹ ਕੀਤਾ ਹੈ ਕਿ ਔਰਤ ਵੇਸਵਾਗਿਰੀ ਦੇ ਨਾਲ-ਨਾਲ ਮਰਦ ਵੇਸਵਾਗਿਰੀ ਤੇ ਸਮਲਿੰਗੀ ਰਿਸ਼ਤਿਆਂ ਨੂੰ ਅਰਧ-ਕਾਨੂੰਨੀ ਰੂਪ ਦੇ ਦਿਤਾ ਹੈ। ਇਹ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਦੇ ਆਉਣ ਨਾਲ ਹੋ ਰਹੀਆਂ ਸੁਭਾਵਿਕ ਤਬਦੀਲੀਆਂ ਦਾ ਸਿਟਾ ਨਹੀਂ ਸਗੋਂ ਸਾਮਰਾਜੀ-ਪੂੰਜੀਵਾਦੀ ਵਿਕਾਸ ਦੀਆਂ ਅਲਾਮਤਾਂ ਹਨ। ਦੁਨੀਆ ਭਰ ਵਿਚ ਵਡੀ ਪਧਰ ਉਤੇ ਹੋ ਰਿਹਾ ਰਿਹਾ ਪਰਵਾਸ ਅਤੇ ਆਵਾਸ ਸਹਿਜ ਮਨੁਖੀ ਜ਼ਿੰਦਗੀ ਦੀ ਰਵਾਨਗੀ ਦਾ ਸਿੱਟਾ ਨਹੀਂ ਸਗੋਂ ਅੰਨ੍ਹੀ ਸਾਮਰਾਜੀ ਅਰਾਜਕਤਾ ਦੀ ਦੇਣ ਹੈ। ਸੰਸਾਰ ਭਰ ਵਿਚ ਜ਼ਰਖੇਜ਼ ਜ਼ਮੀਨ ਦਾ ਜ਼ਹਿਰੀ ਹੋਣਾ, ਪਾਣੀ ਦਾ ਪੀਣਯੋਗ ਨਾ ਰਹਿਣਾ, ਚੌਗਿਰਦੇ ਦਾ ਪਲੀਤ ਹੋਣਾ, ਦਿਲ ਦੀਆਂ ਬਿਮਾਰੀਆਂ, ਸ਼ੂਗਰ ਕੈਂਸਰ ਉਨੀਂਦਰੇ ਅਤੇ ਮਾਨਸਿਕ ਤਣਾਅ ਵਰਗੇ ਸਾਰੇ ਰੋਗ ਇਸੇ ਸਾਮਰਾਜੀ ਵਿਕਾਸ ਦੀ ਦੇਣ ਹਨ।

ਸਾਮਰਾਜੀ ਆਰਥਿਕ ਰਿਸ਼ਤਿਆਂ (ਘੋਰ ਲਾਲਚ, ਘੋਰ ਹੰਕਾਰ ਤੇ ਘੋਰ ਸੁਆਰਥ) ਦੁਆਲੇ ਬੁਣੇ ਸਮੁਚੇ ਰਾਜਸੀ-ਸਮਾਜੀ ਤਾਣੇ-ਬਾਣੇ ਨੇ ਮਨੁੱਖ ਜਾਤੀ ਨਾਲ ਸਭ ਤੋਂ ਵੱਡਾ ਪਾਪ ਇਹ ਕਮਾਇਆ ਹੈ ਕਿ ਇਸ ਨੇ ਪਹਿਲੀਆਂ ਅਤੇ ਹਰ ਅਗਲੀ ਪੀੜ੍ਹੀ ਵਿਚਕਾਰ ਇਕ ਸਥਾਈ ਪਾੜਾ ਪੈਦਾ ਕਰ ਦਿਤਾ ਹੈ। ਸਾਮਰਾਜੀ ਜੀਵਨ ਜਾਚ ਨੇ ਹਰ ਪੀੜ੍ਹੀ ਨੂੰ ਇਹ ਗੁੜਤੀ ਦਿਤੀ ਹੈ ਕਿ ਉਹ ਆਪਣੀਆਂ ਪਹਿਲੀਆਂ ਪੀੜ੍ਹੀਆਂ ਦੇ ਗਿਆਨ ਦਾ ਫਾਇਦਾ ਨਾ ਲੈ ਕੇ, ਸਾਮਰਾਜੀਆ ਵਲੋਂ ਪ੍ਰਚਾਰੀ ਜਾ ਰਹੀ ਜਾਣਕਾਰੀ ਨੂੰ ਹੀ ਅਸਲੀ ਗਿਆਨ ਸਮਝੇ। ਇਸ ਨੇ ਹਰ ਨਵੀਂ ਜਾਣਕਾਰੀ ਨੂੰ ਚਿੱਥ ਕੇ ਆਪਣੇ ਅਨੁਭਵੀ ਗਿਆਨ ਦਾ ਹਿੱਸਾ ਬਣਾਉਣ ਦੀ ਲੋੜ ਹੀ ਖਤਮ ਕਰ ਦਿੱਤੀ ਹੈ। ਇਸ ਤਰ੍ਹਾਂ ਆਪਣੀ ਇਤਿਹਾਸਕ ਚੇਤਨਾ ਤੋਂ ਟੁਟਿਆ ਹੋਇਆ ਮਨੁੱਖ ਸਾਮਰਾਜੀ ਖਪਤਕਾਰੀ ਦਾ ਸ਼ਿਕਾਰ ਹੋ ਕੇ ਸਾਮਰਾਜੀਆਂ ਲਈ ਮੁਨਾਫਾ ਕਮਾਉਣ ਦੀ ਮਸ਼ੀਨ ਬਣ ਗਿਆ ਹੈ। ਆਪਣੀ ਇਤਿਹਾਸਕ ਸਿਆਣਪ ਤੋਂ ਟੁੱਟਿਆ ਹੋਇਆ ਮਨੁੱਖ ਆਪਣੀਆਂ ਸੀਮਤ ਮਨੁੱਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਜ਼ਿੰਦਗੀ ਜਿਊਣ ਦੀ ਬਜਾਇ ਅਣਮਨੁੱਖੀ ਕਲਪਿਤ ਇਛਾਵਾਂ ਦਾ ਸ਼ਿਕਾਰ ਹੋ ਗਿਆ ਹੈ। ਉਹ ਆਪਣੀ ਜਨਨੀ ਕੁਦਰਤ ਨੂੰ ਵੀ ਟਿਚ ਸਮਝਣ ਲਗ ਪਿਆ ਹੈ। ਕੁਦਰਤੀ ਵਾਤਾਵਰਨ ਵਿਚ ਆਏ ਗੰਭੀਰ ਵਿਗਾੜ ਇਸੇ ਮੂਰਖਤਾ ਦਾ ਸਿਟਾ ਹਨ।



ਅਮਰੀਕੀ ਸਾਮਰਾਜੀ ਹੁਣ ਤ੍ਰੈਪੱਖੀ ਸੰਸਾਰ ਰਣਨੀਤੀ ਲਾਗੂ ਕਰ ਰਹੇ ਹਨ। ਚੀਨ ਨੂੰ ਏਸ਼ੀਆ ਵਿਚ ਘੇਰਨਾ, ਰੂਸ ਨੂੰ ਯੂਰਪ ਵਿਚ ਘੇਰਨਾ ਅਤੇ ਇਸਲਾਮਿਕ ਜਹਾਦ ਨੂੰ ਸ਼ੀਆ-ਸੁੰਨੀ ਆਪਸੀ ਟਕਰਾਅ ਵਿਚ ਉਲਝਾਈ ਰੱਖਣਾ। ਚੀਨ ਨੂੰ ਏਸ਼ੀਆ ਵਿਚ ਘੇਰਨ ਲਈ ਭਾਰਤੀ ਸਾਮਰਾਜੀਆਂ ਨੂੰ ਸ਼ਿਸ਼ਕੇਰਿਆ ਜਾ ਰਿਹਾ ਹੈ। ਭਾਰਤੀ ਹਾਕਮਾਂ ਨੂੰ ਵਡਿਆ ਕੇ ਤੇ ਉਨ੍ਹਾਂ ਨੂੰ ਸੰਸਾਰ ਦੀ ਇਕ ਹੋਰ ਮਹਾਂਸ਼ਕਤੀ ਬਣਨ ਦੇ ਭਰਮਜਾਲ ਵਿਚ ਫਸਾ ਕੇ, ਪਾਕਿਸਤਾਨ ਜਾਂ ਚੀਨ ਦੇ ਗਲ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਮਨੁੱਖੀ ਜ਼ਿੰਦਗੀ ਦੇ ਆਦਰਸ਼ ਖਾਓ-ਪੀਓ-ਖੁਸ਼ ਰਹੋ, ਨੂੰ ਸਾਮਰਾਜੀ ਸਭਿਆਚਾਰ ਨੇ ਖਾਓ-ਪੀਓ-ਐਸ਼ ਕਰੋ ਦੇ ਪ੍ਰਸੰਗ ਵਿਚ ਐਸਾ ਵਿਗਾੜਿਆ ਹੈ ਕਿ ਬੰਦਾ ਖਾਣ-ਪੀਣ ਦਾ ਚੱਜ-ਆਚਾਰ ਹੀ ਭੁਲ ਗਿਆ ਹੈ। ਐਸ਼ ਕਰੋ ਨੂੰ ਉਸ ਨੇ ਹਰ ਵੇਲੇ ਸਾਮਰਾਜੀ ਖਪਤਕਾਰੀ ਅਤੇ ਸਰੀਰਕ ਭੋਗਾਂ ਵਿਚ ਰੁਝੇ ਰਹਿਣ ਦੀ ਲਾਲਸਾ ਤਕ ਸੀਮਤ ਕਰ ਦਿਤਾ ਹੈ। ਸਾਮਰਾਜੀ ਵਿਦਿਅਕ ਪ੍ਰਬੰਧ ਅਸਲੋਂ ਖੋਖਲਾ ਹੈ। ਮੌਜੂਦਾ ਸਕੂਲੀ-ਕਾਲਜੀ ਵਿਦਿਆ ਸਿਖਿਆਰਥੀ ਨੂੰ ਸਿਆਣਾ ਬਣਾਉਣ ਦੀ ਬਜਾਇ, ਉਸ ਨੂੰ ਆਪਣੀ ਅਨੁਭਵੀ ਸਿਆਣਪ ਤੋਂ ਤੋੜ ਰਹੀ ਹੈ। ਸਭ ਤੋਂ ਵੱਡੀ ਮੂਰਖਤਾ ਇਹ ਹੈ ਕਿ ਇਹ ਵਿਦਿਆ ਬੱਚਿਆਂ ਨੂੰ ਉਨ੍ਹਾਂ ਦੀ ਕੁਦਰਤੀ ਹੋਂਦ ਤੋਂ ਤੋੜ ਕੇ, ਉਨ੍ਹਾਂ ਨੂੰ ਬੇਕਾਬੂ ਖਪਤਕਾਰੀ ਬਿਰਤੀਆਂ ਦਾ ਸ਼ਿਕਾਰ ਬਣਾ ਰਹੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਅਮਰੀਕਾ ਦੀ ਸਰਦਾਰੀ ਹੇਠ ਪੱਛਮੀ ਸਾਮਰਾਜੀ ਖਪਤਕਾਰੀ ਸਭਿਆਚਾਰ ਸੰਸਾਰੀਕਰਨ ਦੇ ਰੂਪ ਵਿਚ ਸਾਰੀ ਦੁਨੀਆ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਯਤਨ ਕਰ ਰਿਹਾ ਹੈ। ਭਾਰਤ ਵਰਗੇ ਬਹੁਤੇ ਗਰੀਬ ਮੁਲਕ ਸੰਸਾਰੀਕਰਨ ਦੀ ਇਸ ਚਕਾਚੌਂਧ ਵਿਚ ਆਪਣੀਆਂ ਆਰਥਿਕ ਅਤੇ ਸਭਿਆਚਾਰਕ ਨੀਤੀਆਂ ਨੂੰ ਨਵੇਂ ਸਿਰਿਓਂ ਵਿਉਂਤ ਰਹੇ ਹਨ। ਸੰਸਾਰੀਕਰਨ ਦੇ ਇਸ ਵਰਤਾਰੇ ਨੇ ਇਨ੍ਹਾਂ ਮੁਲਕਾਂ ਵਿਚ ਆਰਥਿਕ ਅਤੇ ਸਭਿਆਚਾਰਕ ਰਿਸ਼ਤਿਆਂ ਅੰਦਰ ਬੜੀ ਵਡੀ ਪਧਰ ਉਤੇ ਉਥਲ-ਪੁਥਲ ਮਚਾਈ ਹੈ। ਇਸ ਨੇ ਮਧ ਵਰਗ ਦੀ ਮਾਨਸਿਕਤਾ ਨੂੰ ਇਸ ਹਦ ਤਕ ਗੁਲਾਮ ਬਣਾ ਲਿਆ ਕਿ ਉਹ ਮਾਲੀ ਪੂੰਜੀ ਨੂੰ ਨਫਰਤ ਕਰਨ ਦੀ ਬਜਾਇ, ਇਸ ਦੇ ਨਾਲ ਆਉਣ ਵਾਲੇ ਕੰਪਿਊਟਰੀਕਰਨ ਅਤੇ ਮਿਲਣ ਵਾਲੀਆ ਕੁਝ ਕੁ ਭਰਮਾਊ ਸਹੂਲਤਾਂ ਲਈ ਤਰਸਣ ਲਗ ਪਿਆ ਹੈ ਪਰ ਸਾਮਰਾਜੀ ਖਪਤਕਾਰੀ ਸਭਿਆਚਾਰ ਜਿਵੇਂ-ਜਿਵੇਂ ਵਹਿਸ਼ੀ ਰੂਪ ਧਾਰਨ ਕਰਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਸਾਰੇ ਧਰਮਾਂ ਅਤੇ ਖਾਸ ਕਰਕੇ ਇਸਲਾਮ ਨਾਲ ਇਸ ਦਾ ਵਿਰੋਧ ਵਧ ਰਿਹਾ ਹੈ।

ਦੂਜੀ ਸੰਸਾਰ ਜੰਗ ਤੋਂ ਬਾਅਦ ਆਲਮੀ ਕਮਿਊਨਿਸਟ ਲਹਿਰ ਲਗਾਤਾਰ ਆਪਣੀ ਵਿਰਾਸਤ ਵਿਚ ਮਿਲੀ ਆਰਥਿਕਵਾਦ ਦੀ ਦਲਦਲ ਵਿਚ ਫਸੀ ਰਹਿਣ ਕਾਰਨ ਧਰਮਾਂ ਦੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਵਿਰੋਧੀ ਰੋਲ ਨੂੰ ਪਛਾਣਨ ਤੋਂ ਇਨਕਾਰੀ ਹੈ। ਮਾਓ-ਜੇ-ਤੁੰਗ ਨੇ ਭਾਵੇਂ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਦੇ ਰੂਪ ਵਿਚ ਆਲਮੀ ਕਮਿਊਨਿਸਟ ਲਹਿਰ ਨੂੰ ਆਰਥਿਕਵਾਦ ਦੀ ਇਸ ਦਲਦਲ ਵਿਚੋਂ ਕਢਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਮਰ ਨੇ ਉਸ ਦਾ ਸਾਥ ਨਾ ਦਿਤਾ। 1976 ਵਿਚ ਮਾਓ-ਜੇ-ਤੁੰਗ ਦੇ ਅਕਾਲ ਚਲਾਣੇ ਅਤੇ 1979 ਵਿਚ ਇਰਾਨ ਦੇ ਹੋਏ ਇਨਕਲਾਬ ਤੋਂ ਬਾਅਦ ਸਾਮਰਾਜ ਵਿਰੋਧੀ ਲਹਿਰ ਦੀ ਅਗਵਾਈ ਇਸਲਾਮ ਕੋਲ ਚਲੇ ਗਈ ਹੈ। ਇਸ ਤਬਦੀਲੀ ਨਾਲ ਆਲਮੀ ਰਾਜਨੀਤੀ ਦਾ ਪਾਸਾ ਪਲਟ ਗਿਆ ਹੈ। ਅਮਰੀਕੀ ਸਾਮਰਾਜ ਦੀ ਅਗਵਾਈ ਹੇਠਲੇ ਪਛਮੀ ਸਾਮਰਾਜੀ ਦੇਸ਼ਾਂ ਦੇ ਗੁਟ ਦਾ ਮੁਕਾਬਲਾ ਮੁਸਲਮਾਨਾਂ ਵਲੋਂ ਕੀਤੇ ਜਾਣ ਨਾਲ ਇਸਲਾਮ ਪਛਮੀ ਸਾਮਰਾਜ ਦੇ ਮੁਖ ਦੁਸ਼ਮਣ ਵਜੋਂ ਉਭਰ ਆਇਆ ਹੈ।

ਪਛਮੀ ਸਾਮਰਾਜੀਆਂ ਦੀ ਇਸਲਾਮ ਵਿਰੁਧ ਇਸ ਲੜਾਈ ਵਿਚ ਮੌਕਾ ਪਾ ਕੇ ਚੀਨ ਵਡੀ ਆਰਥਿਕ ਸ਼ਕਤੀ ਬਣ ਕੇ ਉਭਰਿਆ ਹੈ। ਇਸ ਟਕਰਾਅ ਨੇ ਹੀ ਚੀਨ ਨੂੰ ਇਕ ਮੁਕਾਬਲੇ ਦੀ ਮਹਾਂਸ਼ਕਤੀ ਵਜੋਂ ਉਭਰਨ ਦਾ ਮੌਕਾ ਦਿਤਾ ਹੈ ਜਿਹੜੀ ਹੁਣ ਹਰ ਖੇਤਰ ਵਿਚ ਅਮਰੀਕਾ ਨੂੰ ਚੁਣੌਤੀ ਦੇ ਰਹੀ ਹੈ। ਉਸ ਨੇ ਅਮਰੀਕਾ ਸਮੇਤ ਸੰਸਾਰ ਭਰ ਦੀ ਮੰਡੀ ਉਤੇ ਕਬਜ਼ਾ ਕਰਨ ਦੇ ਯਤਨ ਆਰੰਭੇ ਹੋਏ ਹਨ। ਆਪਣੀ ਬਣੀ ਇਸ ਆਰਥਿਕ ਸ਼ਕਤੀ ਨਾਲ ਉਸ ਨੇ ਸਾਮਰਾਜੀ ਮੁਲਕਾਂ ਵਿਚ ਪੂੰਜੀ ਲਾਉਣ ਦੇ ਨਾਲ-ਨਾਲ ਅਮਰੀਕੀ ਸਨਅਤਾਂ ਨਾਲ ਵੀ ਮੁਕਾਬਲੇਬਾਜ਼ੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਆਪਣੀ ਬਣੀ ਇਸ ਆਰਥਿਕ ਸ਼ਕਤੀ ਨਾਲ ਉਸ ਨੇ ਕਾਫੀ ਹੱਦ ਤੱਕ ਆਪਣੀ ਫੌਜੀ ਤਾਕਤ ਵਧਾ ਲਈ ਹੈ। ਹੁਣ ਅਮਰੀਕੀ ਸਾਮਰਾਜੀਆਂ ਵਾਸਤੇ ਆਪਣੇ ਨਵੇਂ ਬਣੇ ਇਸ ਸ਼ਰੀਕ ਦੇ ਪਰ ਕੁਤਰਨੇ ਜ਼ਰੂਰੀ ਹਨ। ਇਸੇ ਕਰਕੇ ਹੁਣ ਉਹ ਸ਼ਰੇਆਮ ਐਲਾਨੀਆਂ ਤੌਰ ਉਤੇ ਚੀਨ ਨੂੰ ਘੇਰਨ ਦੀ ਰਣਨੀਤੀ ਲਾਗੂ ਕਰ ਰਹੇ ਹਨ।

ਅਫਗਾਨਿਸਤਾਨ ਵਿਚ ਹੋਈ ਆਪਣੀ ਫੌਜੀ ਹਾਰ ਤੋਂ ਬਾਅਦ ਅਮਰੀਕੀ ਸਾਮਰਾਜੀਆਂ ਨੇ ਆਪਣੀ ਸੰਸਾਰ ਯੁਧਨੀਤੀ ਬਦਲ ਲਈ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਉਹ ਹੁਣ ਪਹਿਲਾਂ ਵਾਂਗ ਫੌਜੀ ਅਤੇ ਆਰਥਿਕ ਤਾਕਤ ਦੇ ਜ਼ੋਰ ਨਾਲ ਸੰਸਾਰ ਭਰ ਦੇ ਲੋਕਾਂ ਉਤੇ ਸਦਾ ਲਈ ਰਾਜ ਨਹੀਂ ਕਰ ਸਕਦੇ। ਇਸਲਾਮੀ ਜਹਾਦ ਤੋਂ ਡਰੇ ਹੋਏ ਅਮਰੀਕੀ ਸਾਮਰਾਜੀਆਂ ਨੇ ਮੁਸਲਿਮ ਜਹਾਦੀਆਂ ਨੂੰ ਆਪੋ-ਆਪਣੇ ਦੇਸ਼ਾਂ ਵਿਚ ਉਲਝਾਉਣ ਵਾਸਤੇ, ਸ਼ੀਆ-ਸੁੰਨੀਆਂ ਨੂੰ ਆਪਸ ਵਿਚ ਲੜਾਉਣ ਦੀ ਰਣਨੀਤੀ ਅਖਤਿਆਰ ਕਰ ਲਈ ਹੈ। ਇਰਾਕ, ਸੀਰੀਆ, ਯਮਨ, ਲਿਬੀਆ, ਮਾਲੀ, ਲਿਬਨਾਨ, ਪਾਕਿਸਤਾਨ ਸਮੇਤ ਲਗਭਗ ਸਾਰੇ ਮਧ-ਪੂਰਬ ਅਤੇ ਅਫਰੀਕੀ ਮੁਲਕਾਂ ਵਿਚ ਉਨ੍ਹਾਂ ਨੇ ਆਪਣੀ ਇਸ ਰਣਨੀਤੀ ਨੂੰ ਲਾਗੂ ਕਰਨ ਦੇ ਯਤਨ ਆਰੰਭੇ ਹੋਏ ਹਨ। ਇਰਾਕ ਵਿਚ ਆਪਣੀ ਫੌਜੀ ਹਾਰ ਤੋਂ ਬਾਅਦ ਉਨ੍ਹਾਂ ਨੇ ਆਪਣੀ ਇਹ ਰਣਨੀਤੀ ਅਜ਼ਮਾ ਕੇ ਦੇਖ ਲਈ ਹੈ।

ਅਮਰੀਕੀ ਸਾਮਰਾਜੀ ਹੁਣ ਤ੍ਰੈਪੱਖੀ ਸੰਸਾਰ ਰਣਨੀਤੀ ਲਾਗੂ ਕਰ ਰਹੇ ਹਨ। ਚੀਨ ਨੂੰ ਏਸ਼ੀਆ ਵਿਚ ਘੇਰਨਾ, ਰੂਸ ਨੂੰ ਯੂਰਪ ਵਿਚ ਘੇਰਨਾ ਅਤੇ ਇਸਲਾਮਿਕ ਜਹਾਦ ਨੂੰ ਸ਼ੀਆ-ਸੁੰਨੀ ਆਪਸੀ ਟਕਰਾਅ ਵਿਚ ਉਲਝਾਈ ਰੱਖਣਾ। ਇਸ ਦੇ ਨਾਲ-ਨਾਲ ਰੂਸ, ਚੀਨ ਅਤੇ ਇਸਲਾਮਿਕ ਮੁਲਕਾਂ ਵਿਚਲੇ ਨਵੇਂ ਬਣੇ ਅਰਬਪਤੀਆਂ ਅਤੇ ਸਾਮਰਾਜੀ ਸਭਿਆਚਾਰ ਵਿਚ ਗਰਕੇ ਮਧਵਰਗ ਨੂੰ ਉਕਸਾ ਕੇ ਪੂਤਿਨ ਵਿਰੁਧ ਚੀਨ ਦੀ ਕਮਿਊਨਿਸਟ ਪਾਰਟੀ ਵਿਰੁਧ ਅਤੇ ਮੁਸਲਿਮ ਜਹਾਦੀਆਂ ਵਿਰੁਧ ਲਾਮਬੰਦ ਕਰਨ ਦੇ ਯਤਨ ਕਰਨੇ। ਚੀਨ ਨੂੰ ਏਸ਼ੀਆ ਵਿਚ ਘੇਰਨ ਲਈ ਭਾਰਤੀ ਸਾਮਰਾਜੀਆਂ ਨੂੰ ਸ਼ਿਸ਼ਕੇਰਿਆ ਜਾ ਰਿਹਾ ਹੈ। ਭਾਰਤੀ ਹਾਕਮਾਂ ਨੂੰ ਵਡਿਆ ਕੇ ਤੇ ਉਨ੍ਹਾਂ ਨੂੰ ਸੰਸਾਰ ਦੀ ਇਕ ਹੋਰ ਮਹਾਂਸ਼ਕਤੀ ਬਣਨ ਦੇ ਭਰਮਜਾਲ ਵਿਚ ਫਸਾ ਕੇ, ਪਾਕਿਸਤਾਨ ਜਾਂ ਚੀਨ ਦੇ ਗਲ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਤਿੰਨਾਂ ਮੁਲਕਾਂ ਨੂੰ ਪਰਮਾਣੂ ਜੰਗ ਵਿਚ ਉਲਝਾ ਕੇ ਉਹ ਉਭਰ ਰਹੀ ਮਹਾਂਸ਼ਕਤੀ ਚੀਨ ਨੂੰ ਆਪਣੇ ਮੁਕਾਬਲੇ ਵਿਚ ਅਸਰਹੀਣ ਕਰਨ ਦਾ ਯਤਨ ਕਰ ਰਹੇ ਹਨ। ਰੂਸ ਨੂੰ ਯੂਕਰੇਨ ਨਾਲ ਲੜਾ ਕੇ ਅਤੇ ਯੂਰਪ ਨੂੰ ਯੂਕਰੇਨ ਮਗਰ ਲਾਮਬੰਦ ਕਰਕੇ, ਰੂਸ ਨੂੰ ਯੂਰਪ ਦੇ ਗਲ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ। ਅਮਰੀਕੀ ਸਾਮਰਾਜੀਆਂ ਦੀ ਰਣਨੀਤੀ ਬੜੀ ਸਾਫ ਹੈ। ਰੂਸ ਤੇ ਚੀਨ ਦੀ ਫੌਜੀ ਤੇ ਆਰਥਿਕ ਸ਼ਕਤੀ ਨੂੰ ਖੁੰਡਿਆ ਕਰਨਾ। ਆਪਣੇ ਮੁਕਾਬਲੇ ਵਿਚ ਇਨ੍ਹਾਂ ਨੂੰ ਉਭਰਨ ਨਾ ਦੇਣਾ।

ਭਾਰਤ ਦੇ ਲੋਕਾਂ ਲਈ ਖਤਰਨਾਕ ਗੱਲ ਇਹ ਹੈ ਕਿ ਮਨੂੰਵਾਦੀ ਕਲਪਨਾ ਵਿਚ ਜੀਅ ਰਹੀ ਆਰ.ਐਸ.ਐਸ. ਦੇ ਪ੍ਰਭਾਵ ਹੇਠਲੀ ਹਾਕਮ ਜਮਾਤ ਅਤੇ ਨਰਿੰਦਰ ਮੋਦੀ ਦੀ ਅਗਵਾਈ ਹੇਠਲੇ ਉਸ ਦੇ ਰਾਜਸੀ ਆਗੂ ਅਮਰੀਕਾ ਦੇ ਇਸ ਝਾਂਸੇ ਵਿਚ ਫਸ ਰਹੇ ਹਨ। ਇਸ ਦਾ ਸਪਸ਼ਟ ਸਬੂਤ ਅਮਰੀਕਾ ਨਾਲ ਭਾਰਤ ਦੀ ਹੋਈ ਯੁਧਨੀਤਕ ਫੌਜੀ ਸੰਧੀ ਅਤੇ ਇਜ਼ਰਾਈਲ ਤੇ ਭਾਰਤ ਸਰਕਾਰ ਵਿਚਕਾਰ ਹੋਏ ਫੌਜੀ ਸਮਝੌਤੇ ਹਨ। ਇਜ਼ਰਾਈਲ ਦੀਆਂ ਖੁਫੀਆ ਏਜੰਸੀਆਂ ਦੀ ਕਸ਼ਮੀਰ ਵਿਚ ਹਾਜ਼ਰੀ ਹੁਣ ਕੋਈ ਗੁਪਤ ਭੇਤ ਨਹੀਂ ਰਹਿ ਗਿਆ। ਸਾਰੀ ਭਾਰਤੀ ਹੁਕਮਰਾਨ ਜਮਾਤ ਆਰ.ਐਸ.ਐਸ. ਅਤੇ ਮੋਦੀ ਦੇ ਇਸ ਤਰਕ ਨਾਲ ਭਾਵੇਂ ਸਹਿਮਤ ਨਾ ਵੀ ਹੋਵੇ ਪਰ ਹਾਲ ਦੀ ਘੜੀ ਉਹ ਇਸ ਪਾਸੇ ਹੀ ਅਗੇ ਵਧ ਰਹੀ ਹੈ। ਦੇਸ਼ ਭਰ ਦੇ ਆਮ ਲੋਕਾਂ ਨੂੰ ਅਮਰੀਕਾ ਦੇ ਇਸ ਖਤਰਨਾਕ ਝਾਂਸੇ ਵਿਰੁਧ ਵੱਡੀ ਪੱਧਰ ਉਤੇ ਲਾਮਬੰਦ ਕਰਨ ਦੀ ਲੋੜ ਹੈ ਪਰ ਇਹ ਲਾਮਬੰਦੀ ਇਸ ਗਲੇ-ਸੜੇ ਰਾਜਸੀ ਤੇ ਸਮਾਜੀ ਪ੍ਰਬੰਧ ਨੂੰ ਮੁਢੋਂ-ਸੁਢੋਂ ਬਦਲਣ ਦੀ ਇਨਕਲਾਬੀ ਰਾਜਨੀਤੀ ਨਾਲ ਜੁੜ ਕੇ ਹੀ ਸੰਭਵ ਹੋਣੀ ਹੈ।

ਦੁਨੀਆ ਭਰ ਵਿਚ ਫੈਲੀ ਇਸ ਗੜਬੜੀ, ਕਤਲੋ-ਗਾਰਤ ਅਤੇ ਲੁੱਟ-ਮਾਰ ਦੇ ਕਾਰਨ ਕਮਿਊਨਿਸਟ ਲਹਿਰ ਦੇ ਬਾਨੀ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ ਨੇ ਕਰੀਬ ਪੌਣੇ ਦੋ ਸੌ ਸਾਲ ਪਹਿਲਾਂ ਲਿਖੇ 'ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ' ਵਿਚ ਸਪਸ਼ਟ ਬਿਆਨ ਕੀਤੇ ਹੋਏ ਹਨ ਪਰ ਦੁਖਦਾਈ ਗੱਲ ਇਹ ਹੈ ਕਿ ਉਸ ਦੇ ਪੈਰੋਕਾਰ ਕਮਿਊਨਿਸਟਾਂ ਨੇ ਇਨ੍ਹਾਂ ਕਾਰਨਾਂ ਨੂੰ ਆਤਮਸਾਤ ਨਹੀਂ ਕੀਤਾ। ਇਸ ਲਈ ਮਾਰਕਸਵਾਦ ਦੀ ਇਨਕਲਾਬੀ ਫਿਲਾਸਫੀ ਉਤੇ ਟੇਕ ਰਖ ਕੇ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਤਕ ਸੋਵੀਅਤ ਯੂਨੀਅਨ ਅਤੇ ਚੀਨੀ ਕਮਿਊਨਿਸਟ ਪਾਰਟੀ ਦੇ ਹਾਂ-ਪਖੀ ਅਤੇ ਨਾਂਹ-ਪਖੀ ਤਜਰਬਿਆਂ ਤੋਂ ਸਬਕ ਸਿੱਖਦਿਆਂ ਹੋਇਆਂ ਦੇਸ਼ ਭਰ ਅੰਦਰ ਅੱਡ-ਅੱਡ ਨਾਵਾਂ ਹੇਠ, ਅੱਡ-ਅੱਡ ਕੌਮੀ ਸਭਿਆਚਾਰਾਂ ਵਿਚ ਜਾਤਪਾਤ ਦਾ ਬੀਜ ਨਾਸ ਕਰਨ ਲਈ ਮਨੂੰਵਾਦ ਵਿਰੋਧੀ ਚਲੇ ਸੰਘਰਸ਼ਾਂ ਨੂੰ ਵਿਚਾਰਧਾਰਕ ਆਧਾਰ ਮੰਨ ਕੇ ਉਨ੍ਹਾਂ ਸੰਘਰਸ਼ਾਂ ਦਾ ਸਾਮਰਾਜੀ ਪੂੰਜੀਵਾਦ ਤਕ ਰਾਜਨੀਤਕ ਵਿਸਥਾਰ ਕਰਨ ਦੀ ਲੋੜ ਹੈ। ਡਾ. ਅੰਬੇਡਕਰ ਨੇ ਕਿਹਾ ਸੀ ਕਿ ਹਿੰਦੁਸਤਾਨੀ ਲੋਕਾਂ ਦੇ ਦੋ ਦੁਸ਼ਮਣ ਹਨ- ਮਨੂੰਵਾਦ ਅਤੇ ਪੂੰਜੀਵਾਦ। ਮਨੂੰਵਾਦ ਕਲਪਿਤ ਸੋਚ ਹੈ ਅਤੇ ਪੂੰਜੀਵਾਦ ਅਜੋਕੇ ਸਾਮਰਾਜ ਦੇ ਰੂਪ ਵਿਚ ਵਿਕਸਿਤ ਹੋਇਆ ਆਰਥਿਕ, ਸਮਾਜੀ ਤੇ ਸਭਿਆਚਾਰਕ ਪ੍ਰਬੰਧ ਹੈ। ਪੰਜਾਬ ਅੰਦਰ ਕਮਿਊਨਿਸਟਾਂ ਲਈ ਮਨੂੰਵਾਦ ਦਾ ਮੂਲ ਰੂਪ ਵਿਚ ਖੰਡਨ ਕਰਦੀ ਗੁਰਮਤਿ ਵਿਚਾਰਧਾਰਾ ਦੀ ਸਰਬ ਸਾਂਝੀਵਾਲਤਾ ਦੀ ਭਾਵਨਾ ਅਤੇ ਸਰਬੱਤ ਦੇ ਭਲੇ ਦੇ ਜਜ਼ਬੇ ਦਾ ਸਾਮਰਾਜ ਵਿਰੋਧੀ ਸੰਘਰਸ਼ ਨਾਲ ਸੁਮੇਲ ਕਰਨ ਦਾ ਕਾਰਜ ਦਰਪੇਸ਼ ਹੈ।

ਭਾਰਤ ਦੇ ਲੋਕਾਂ ਲਈ ਖਤਰਨਾਕ ਗੱਲ ਇਹ ਹੈ ਕਿ ਮਨੂੰਵਾਦੀ ਕਲਪਨਾ ਵਿਚ ਜੀਅ ਰਹੀ ਆਰ.ਐਸ.ਐਸ. ਦੇ ਪ੍ਰਭਾਵ ਹੇਠਲੀ ਹਾਕਮ ਜਮਾਤ ਅਤੇ ਨਰਿੰਦਰ ਮੋਦੀ ਦੀ ਅਗਵਾਈ ਹੇਠਲੇ ਉਸ ਦੇ ਰਾਜਸੀ ਆਗੂ ਅਮਰੀਕਾ ਦੇ ਇਸ ਝਾਂਸੇ ਵਿਚ ਫਸ ਰਹੇ ਹਨ। ਇਸ ਦਾ ਸਪਸ਼ਟ ਸਬੂਤ ਅਮਰੀਕਾ ਨਾਲ ਭਾਰਤ ਦੀ ਹੋਈ ਯੁਧਨੀਤਕ ਫੌਜੀ ਸੰਧੀ ਅਤੇ ਇਜ਼ਰਾਈਲ ਤੇ ਭਾਰਤ ਸਰਕਾਰ ਵਿਚਕਾਰ ਹੋਏ ਫੌਜੀ ਸਮਝੌਤੇ ਹਨ। ਇਜ਼ਰਾਈਲ ਦੀਆਂ ਖੁਫੀਆ ਏਜੰਸੀਆਂ ਦੀ ਕਸ਼ਮੀਰ ਵਿਚ ਹਾਜ਼ਰੀ ਹੁਣ ਕੋਈ ਗੁਪਤ ਭੇਤ ਨਹੀਂ ਰਹਿ ਗਿਆ। ਸਾਰੀ ਭਾਰਤੀ ਹੁਕਮਰਾਨ ਜਮਾਤ ਆਰ.ਐਸ.ਐਸ. ਅਤੇ ਮੋਦੀ ਦੇ ਇਸ ਤਰਕ ਨਾਲ ਭਾਵੇਂ ਸਹਿਮਤ ਨਾ ਵੀ ਹੋਵੇ ਪਰ ਹਾਲ ਦੀ ਘੜੀ ਉਹ ਇਸ ਪਾਸੇ ਹੀ ਅਗੇ ਵਧ ਰਹੀ ਹੈ। ਦੇਸ਼ ਭਰ ਦੇ ਆਮ ਲੋਕਾਂ ਨੂੰ ਅਮਰੀਕਾ ਦੇ ਇਸ ਖਤਰਨਾਕ ਝਾਂਸੇ ਵਿਰੁਧ ਵੱਡੀ ਪੱਧਰ ਉਤੇ ਲਾਮਬੰਦ ਕਰਨ ਦੀ ਲੋੜ ਹੈ ਪਰ ਇਹ ਲਾਮਬੰਦੀ ਇਸ ਗਲੇ-ਸੜੇ ਰਾਜਸੀ ਤੇ ਸਮਾਜੀ ਪ੍ਰਬੰਧ ਨੂੰ ਮੁਢੋਂ-ਸੁਢੋਂ ਬਦਲਣ ਦੀ ਇਨਕਲਾਬੀ ਰਾਜਨੀਤੀ ਨਾਲ ਜੁੜ ਕੇ ਹੀ ਸੰਭਵ ਹੋਣੀ ਹੈ।

# ਬੈਚ ਫੁੱਲ ਦਵਾਈਆਂ-ਸਿੱਟਾ ਤੇ ਸਾਰ

ਬੈਚ ਦਵਾ ਪ੍ਰਣਾਲੀ ਦੀ ਆਯੂ ਲਗਭਗ ਸੌ ਸਾਲ ਹੈ। ਇਸ ਦੇ ਮੁਕਾਬਲੇ ਹੋਮਿਓਪੈਥੀ ਸਵਾ ਦੋ ਸੌ ਸਾਲ ਪੁਰਾਣੀ ਹੈ। ਜਦੋਂ ਹੋਮਿਓਪੈਥੀ ਸੌ ਸਾਲ ਦੀ ਸੀ ਇਹ ਆਪਣੀ ਚਰਮ ਸੀਮਾ 'ਤੇ ਪਹੁੰਚ ਕੇ ਹਰਮਨ-ਪਿਆਰੀ ਹੋ ਚੁੱਕੀ ਸੀ। ਇਸ ਨੇ ਐਲੋਪੈਥੀ ਤੇ ਦੂਜੀਆਂ ਪ੍ਰਣਾਲੀਆਂ ਦੇ ਮੁਕਾਬਲੇ ਆਪਣੀ ਅਸਰਦਾਰ ਥਾਂ ਬਣਾ ਲਈ ਸੀ। ਦੂਜੀਆਂ ਦਵਾ ਪ੍ਰਣਾਲੀਆਂ ਦੇ ਟਾਕਰੇ ਵਿਚ ਸਭ ਤੋਂ ਨਵੀਨ ਹੋਣ ਦੇ ਬਾਵਜੂਦ ਇਹ 30-40 ਸਾਲਾਂ ਦੇ ਸਮੇਂ ਵਿਚ ਹੀ ਉਨ੍ਹਾਂ ਤੋਂ ਅੱਗੇ ਲੰਘ ਗਈ ਸੀ ਪਰ ਪਹਿਲੀ ਵੱਡੀ ਜੰਗ ਤੋਂ ਬਾਅਦ ਅੰਤਰਰਾਸ਼ਟਰੀ ਨਵ-ਸਾਮਰਾਜਵਾਦ ਦੇ ਉਥਾਨ ਕਾਰਨ ਇਸ ਦੀ ਬੜ੍ਹਤ ਦੱਬ ਗਈ। ਨਵੇਂ ਏਕਾਅਧਿਕਾਰੀ ਨਿਜ਼ਾਮ ਵਿਚ ਸਰਕਾਰਾਂ ਦੇ ਵਿਤਕਰੇ-ਭਰਪੂਰ ਰਵੱਈਏ ਨੇ ਇਸ ਦੇ ਵਿਕਾਸ ਨੂੰ ਵੱਡੀ ਢਾਹ ਲਾਈ। ਉਧਰ ਪੈਨਸਿਲਿਨ ਜਿਹੀਆਂ ਐਂਟੀ ਬਾਇਓਟਿਕਸਾਂ,

**ਡਾ: ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਵਿਟਾਮਿਨਾਂ, ਕੈਮੀਕਲ ਹਾਰਮੋਨਾਂ, ਪੀੜ-ਰੋਧਕਾਂ ਤੇ ਐਨੇਸਥੀਸੀਆ ਆਧਾਰਤ ਸਰਜਰੀਆਂ ਦੀ ਆਮਦ ਨੇ ਲੋਕਾਂ ਦੀਆਂ ਅੱਖਾਂ ਅੱਗੇ ਸਰ੍ਹੋਂ ਫੈਲਾ ਦਿੱਤੀ। ਸਿਹਤ ਪੱਖੋਂ ਮੈਡੀਕਲ ਕ੍ਰਾਂਤੀ ਸਮਝ ਕੇ ਇਸ ਮਨਸੂਈ ਮੈਡੀਕਲ ਵਿਗਿਆਨ ਵਿਚ ਉਨ੍ਹਾਂ ਦੀ ਆਸਥਾ ਵਧਣ ਲੱਗੀ ਤੇ ਉਹ ਅਸਲ ਦਵਾ ਵਿਗਿਆਨ ਨੂੰ ਨਜ਼ਰ-ਅੰਦਾਜ਼ ਕਰਨ ਲੱਗੇ। ਹੁਣ ਜਿਵੇਂ-ਜਿਵੇਂ ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲੱਗ ਰਿਹਾ ਹੈ, ਉਵੇਂ-ਉਵੇਂ ਉਨ੍ਹਾਂ ਦਾ ਰੁਖ਼ ਵੀ ਬਦਲ ਰਿਹਾ ਹੈ। ਪਿਛਲੇ ਕੁਝ ਸਮੇਂ ਵਿਚ ਹੋਮਿਓਪੈਥੀ ਦਾ ਮੁੜ ਉਥਾਨ ਹੋਣ ਲੱਗਿਆ ਹੈ।

ਹੋਮਿਓਪੈਥੀ ਦੀ ਸਹਾਇਕ ਵਜੋਂ ਉਭਰੀ ਪਰ ਖਰਾਬ ਅੰਤਰ-ਰਾਸ਼ਟਰੀ ਮੌਸਮ ਵਿਚ ਉਪਜੀ ਬੈਚ ਪ੍ਰਣਾਲੀ ਵੀ ਛੇਤੀ ਪ੍ਰਸਿੱਧੀ ਪ੍ਰਾਪਤ ਨਾ ਕਰ ਸਕੀ। ਭਾਵੇਂ ਇਸ ਨੇ ਹੌਲੀ-ਹੌਲੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਪਰ ਇਹ ਹਾਲੇ ਵੀ ਉਨੀ ਹਰਮਨ-ਪਿਆਰੀ ਨਹੀਂ ਹੋਈ, ਜਿੰਨੀ ਇਸ ਨੂੰ ਹੋਣਾ ਚਾਹੀਦਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਬਹੁਤ ਦੇਰ ਤਾਂ ਲੋਕਾਂ ਨੂੰ ਇਸ ਦੀ ਹੋਂਦ ਦਾ ਪਤਾ ਹੀ ਨਾ ਲੱਗਿਆ। ਇਹ ਪ੍ਰਣਾਲੀ ਹਾਲੇ ਖੋਜ ਅਵਸਥਾ ਵਿਚ ਹੀ ਸੀ ਕਿ ਡਾਕਟਰ ਬੈਚ ਦੀ ਮੌਤ ਹੋ ਗਈ। ਉਸ ਦੀ ਬੇਵਕਤੀ ਮੌਤ ਨੇ ਉਸ ਨੂੰ ਇੰਨਾ ਮੌਕਾ ਹੀ ਨਾ ਦਿੱਤਾ ਕਿ ਉਹ ਲੋਕਾਂ ਤੀਕਰ ਇਸ ਦੇ ਗੁਣਾਂ ਦਾ ਪਸਾਰ ਕਰ ਸਕੇ। ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਉਸ ਨੇ ਆਪਣੇ ਸਾਰੇ ਜੀਵਨ ਕਾਲ ਵਿਚ ਇਸ ਬਾਰੇ ਕੇਵਲ 40 ਸਫ਼ਿਆਂ ਦੀ ਇਕ ਸੰਖੇਪ ਕਿਤਾਬਚੀ ਹੀ ਲਿਖੀ। ਇਸ ਲਈ ਉਸ ਦੀਆਂ ਦਵਾਈਆਂ ਨੂੰ ਲੋਕਾਂ ਨੇ ਕਾਫੀ ਦੇਰ ਤਾਂ ਅਜ਼ਮਾਇਆ ਹੀ ਨਹੀਂ। ਹੁਣ ਜਦੋਂ ਦੂਜੀਆਂ ਪ੍ਰਣਾਲੀਆਂ ਦੇ ਨਿਰਾਰਥਕ ਸਿੱਟੇ ਉਨ੍ਹਾਂ ਦੇ ਸਾਹਮਣੇ ਆਉਣ ਲੱਗ ਪਏ ਹਨ ਤੇ ਉਨ੍ਹਾਂ ਦੀ ਉਪਰੀ ਚਕਾਚੌਂਧ ਤੋਂ ਉਨ੍ਹਾਂ ਦਾ ਮਨ ਭਰ ਗਿਆ ਹੈ ਤਾਂ ਉਹ ਇਸ ਵਲ ਮੂੰਹ ਕਰਨ ਲੱਗੇ ਹਨ।

ਅਜੋਕੇ ਦੌਰ ਵਿਚ ਸਿਹਤ ਪੱਖੋਂ ਲੋਕਾਂ ਸਾਹਮਣੇ ਇਕ ਪਾਸੇ ਹਸਪਤਾਲੀ ਇਲਾਜ ਹੈ। ਉਹ ਆਪਣੀਆਂ ਸਿਹਤ ਸਮੱਸਿਆਵਾਂ ਨੂੰ ਲੈ ਕੇ ਆਪਣੇ ਡਾਕਟਰਾਂ ਕੋਲ ਜਾਂਦੇ ਹਨ। ਡਾਕਟਰ ਉਨ੍ਹਾਂ ਦੀ ਮਰਜ਼ ਸੁਣ ਕੇ ਉਨ੍ਹਾਂ ਨੂੰ ਟੈਸਟਾਂ ਲਈ ਭੇਜ ਦਿੰਦੇ ਹਨ। ਜਦੋਂ ਤੀਕਰ ਲੈਬ ਟੈਸਟਾਂ, ਬਾਇਓਪਸੀਆਂ, ਐਕਸਰੇਅ, ਸੀ ਟੀ ਸਕੈਨ, ਐਮਆਰਆਈ ਆਦਿ ਦੇ ਨਤੀਜੇ ਨਹੀਂ ਆ ਜਾਂਦੇ, ਉਦੋਂ ਤੀਕਰ ਉਹ ਮਰੀਜ਼ ਨੂੰ ਕੋਈ ਗੰਭੀਰ ਦਵਾਈ ਨਹੀਂ ਦਿੰਦੇ। ਦੇਖਣ ਨੂੰ ਤਾਂ ਇਹ ਸਾਰਾ ਢੰਗ ਵਿਗਿਆਨਕ ਲਗਦਾ ਹੈ ਪਰ ਇਹ ਮਰੀਜ਼ ਪੱਖੀ ਨਾ ਹੋਣ ਕਰਕੇ ਨਮੂਨੇ ਦਾ ਨਹੀਂ। ਇਸ ਦੀ ਵਿਧੀ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਬਿਮਾਰ ਮਨੁੱਖ ਵਿਚ ਕੁਝ ਛੁਪੇ ਕਾਰਨ ਹਨ ਜਾਂ ਜਰਮ ਹਨ, ਜੋ ਸਿੱਧੇ ਨਜ਼ਰ ਨਹੀਂ ਆਉਂਦੇ। ਉਨ੍ਹਾਂ ਦਾ ਪਤਾ ਕਰਨ ਲਈ ਟੈਸਟਾਂ ਤੇ ਮਸ਼ੀਨੀ ਉਪਕਰਨਾਂ ਦੀ ਲੋੜ ਹੈ। ਇਸ ਲਈ ਬਿਮਾਰ ਜੋ ਤਕਲੀਫ ਦੱਸਦਾ ਹੈ, ਉਹ ਕਾਫੀ ਨਹੀਂ ਹੈ, ਭਾਵ ਉਸ ਦਾ ਉਦੋਂ ਤੀਕਰ ਕੋਈ ਮੱਹਤਵ ਨਹੀਂ ਹੈ, ਜਦੋਂ ਤਕ ਮਸ਼ੀਨ ਤੇ ਟੈਸਟ ਪ੍ਰੋੜਤਾ ਨਾ ਕਰ ਦੇਣ। ਇਸ ਲਈ ਜਿੰਨੀ ਦੇਰ ਨਤੀਜੇ ਨਹੀਂ ਆਉਂਦੇ, ਸਾਧਾਰਨ ਪੇਨ ਕਿਲਰ ਤੇ ਮੁੱਢਲੀ ਸਹਾਇਤਾ ਤੋਂ ਬਿਨਾਂ ਉਸ ਦਾ ਇਲਾਜ ਸ਼ੁਰੂ ਨਹੀਂ ਕੀਤਾ ਜਾਂਦਾ। ਦਵਾਈ ਲਿਖਵਾਉਣ ਲਈ ਉਸ ਨੂੰ ਕੁਝ ਦਿਨਾਂ ਬਾਅਦ ਦੁਬਾਰਾ ਜਾਣਾ ਪੈਂਦਾ ਹੈ ਤੇ ਦਵਾਈ ਫਾਰਮੇਸੀ ਤੋਂ ਲੈਣ ਲਈ ਇਕ ਹੋਰ ਚੱਕਰ ਲਾਉਣਾ ਪੈਂਦਾ ਹੈ। ਜੇ ਨਤੀਜਿਆਂ ਰਾਹੀਂ ਕਿਸੇ ਭਿਆਨਕ ਬਿਮਾਰੀ ਜਿਵੇਂ ਕੈਂਸਰ, ਦਿਲ ਦੀ ਖਰਾਬੀ, ਗੁਰਦੇ-ਰੋਗ ਆਦਿ ਦੀ ਖਬਰ ਮਿਲੇ ਤਾਂ ਇਲਾਜ ਲੰਮਾ ਤੇ ਮਹਿੰਗਾ ਚਲਦਾ ਹੈ। ਇਲਾਜ ਦੇ ਤੌਰ 'ਤੇ ਉਨ੍ਹਾਂ ਨੂੰ ਗੰਭੀਰ ਨੁਕਸਾਨ ਕਰਨ ਵਾਲੀਆਂ ਐਂਟੀ ਬਾਇਓਟਿਕ ਦਵਾਈਆਂ ਖਾਣੀਆਂ ਪੈਂਦੀਆਂ ਹਨ ਤੇ ਅਪ੍ਰੇਸ਼ਨ ਕਰਵਾਉਣੇ ਪੈਂਦੇ ਹਨ। ਜੇ ਕੋਈ ਮਨੋਵਿਗਿਆਨਕ ਸਮੱਸਿਆ ਨਿਕਲ ਆਵੇ ਤਾਂ ਉਨ੍ਹਾਂ ਨੂੰ ਕੋਈ ਸਦਾ ਖਾਣ ਵਾਲੀ ਨੀਮ-ਨਸ਼ੇ ਵਾਲੀ ਦਵਾਈ ਲੈਣ ਲਈ ਦੱਸ ਦਿੱਤੀ ਜਾਂਦੀ ਹੈ। ਜਦੋਂ ਇਨ੍ਹਾਂ ਕੰਮ ਚਲਾਊ ਉਪਚਾਰਾਂ ਨਾਲ ਵੀ ਆਰਾਮ ਨਾ ਆਵੇ ਤਾਂ ਸਰੀਰ ਬਿਲਕੁਲ ਨਕਾਰਾ ਹੋ ਕੇ ਵ੍ਹੀਲ ਚੇਅਰ 'ਤੇ ਆ ਜਾਂਦਾ ਹੈ। ਹੌਲੀ-ਹੌਲੀ ਬੇਸਹਾਰਾ ਹੋ ਕੇ ਮਰੀਜ਼ ਮੰਜੇ 'ਤੇ ਡਿੱਗ ਜਾਂਦਾ ਹੈ ਤੇ ਦੂਜਿਆਂ ਦੇ ਰਹਿਮੋ-ਕਰਮ 'ਤੇ ਆ ਜਾਂਦਾ ਹੈ। ਭਾਵੇਂ ਅਜਿਹੀ ਹਾਲਤ ਵਿਚ ਵੀ ਸਿਹਤ ਵਿਵਸਥਾ ਉਸ ਦੀ ਮਦਦ ਕਰ ਦਿੰਦੀ ਹੈ ਪਰ ਇਹ ਚੰਗੀ ਸਿਹਤ ਦਾ ਬਦਲ ਨਹੀਂ। ਕੋਈ ਇਸ ਨੂੰ ਇਲਾਜ ਸਮਝਦਾ ਹੋਵੇ, ਸਮਝੇ, ਪਰ ਹੈ ਤਾਂ ਇਹ ਇਕ ਤਰ੍ਹਾਂ ਦੀ ਨਕਾਰਾਤਮਕ ਖੱਜਲ-ਖੁਆਰੀ ਹੀ।

ਹੁਣ ਜੇ ਉਹੀ ਮਰੀਜ਼ ਕਿਸੇ ਹੋਮਿਓਪੈਥ ਕੋਲ ਜਾਵੇ ਤਾਂ ਉਹ ਉਸ ਦੇ ਮੂੰਹੋਂ ਉਸ ਦੀ ਤਕਲੀਫ ਸੁਣ ਕੇ ਅਤੇ ਉਸ ਦੀ ਹਾਲਤ ਦੇਖ ਕੇ ਉਸ ਦੀਆਂ ਅਲਾਮਤਾਂ ਇਕੱਠੀਆਂ ਕਰਦਾ ਹੈ। ਉਸ ਦੇ ਦੁਖ ਨੂੰ ਉਸ ਤੋਂ ਵਧੇਰੇ ਚੰਗੀ ਤਰ੍ਹਾਂ ਹੋਰ ਕੋਈ ਬਿਆਨ ਨਹੀਂ ਕਰ ਸਕਦਾ। ਉਸ ਦੀਆਂ ਦੱਸੀਆਂ ਤਕਲੀਫਾਂ ਮੁਤਾਬਕ ਉਸ ਦੀ ਸਥਿਤੀ ਦਾ ਜਾਇਜ਼ਾ ਲਾ ਕੇ ਹੋਮਿਓਪੈਥਿਕ ਚਕਿਤਸਕ ਉਸ ਨੂੰ ਉਸੇ ਵੇਲੇ ਉਸ ਦੀ ਬਣਦੀ ਹੋਮਿਓਪੈਥਿਕ ਜਾਂ ਬੈਚ ਫਲਾਵਰ ਦਵਾਈ ਦੀ ਇਕ ਨਿੱਕੀ ਜਿਹੀ ਖੁਰਾਕ ਦੇ ਦਿੰਦਾ ਹੈ। ਇਸ ਦਵਾ ਦਾ ਨਾ ਕੋਈ ਨੁਕਸਾਨ ਹੁੰਦਾ ਹੈ ਤੇ ਨਾ ਕੋਈ ਸਾਈਡ ਇਫੈਕਟ। ਸੱਚੀ ਗੱਲ ਤਾਂ ਇਹ ਹੈ ਕਿ ਇਸ ਵਿਚ ਦਵਾ-ਪਦਾਰਥ ਦਾ ਕੋਈ ਅੰਸ਼ ਨਹੀਂ ਹੁੰਦਾ, ਇਸ ਲਈ ਇਸ ਦੀ ਕੋਈ ਮਿਆਦੀ ਮਿਤੀ ਵੀ ਨਿਰਧਾਰਤ ਨਹੀਂ ਹੁੰਦੀ। ਇਹ ਦਵਾ ਨਾ ਕੇਵਲ ਉਸ ਦੀ ਬਿਮਾਰੀ ਦੀਆਂ ਬਾਹਰਲੀਆਂ ਨਿਸ਼ਾਨੀਆਂ ਨੂੰ ਖਤਮ ਕਰਦੀ ਹੈ, ਸਗੋਂ ਉਸ ਦੇ ਸਰੀਰ ਵਿਚ ਪਨਪ ਰਹੇ ਗੰਭੀਰ ਰੋਗਾਂ ਨੂੰ ਵੀ ਮਲੀਆਮੇਟ ਕਰ ਦਿੰਦੀ ਹੈ। ਇਸ ਪ੍ਰਣਾਲੀ ਦੇ ਸਿਹਤ ਨਿਯਮਾਂ ਅਨੁਸਾਰ ਮਰੀਜ਼ ਦੀਆਂ ਦੱਸੀਆਂ ਤਕਲੀਫਾਂ ਤਾਂ ਦੂਰ ਹੋ ਹੀ ਜਾਂਦੀਆਂ ਹਨ, ਨਾਲ ਉਹ ਸਮੱਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਉਸ ਨੇ ਜ਼ਿਕਰ ਵੀ ਨਹੀਂ ਕੀਤਾ ਹੁੰਦਾ। ਇਸ ਲਿਹਾਜ਼ ਨਾਲ ਮਰੀਜ਼ ਖੱਜਲ-ਖੁਆਰੀ ਤੋਂ ਤਾਂ ਬਚ ਹੀ ਜਾਂਦਾ ਹੈ, ਉਸ ਦੇ ਪੈਸੇ ਤੇ ਸਮੇਂ ਦੀ ਬਰਬਾਦੀ ਵੀ ਨਹੀਂ ਹੁੰਦੀ। ਇਸ ਲਈ ਦੁਸ਼ਵਾਰੀ ਤੇ ਖੜੋਤ ਦੇ ਇਸ ਦੌਰ ਵਿਚ ਬੈਚ ਫੁੱਲ ਦਵਾਈਆਂ ਵੀ ਹੋਮਿਓਪੈਥਿਕ ਦਵਾਈਆਂ ਵਾਂਗ ਆਪਣੀਆਂ ਨਿੱਗਰ ਤੇ ਨਿਵੇਕਲੀਆਂ ਸੰਭਾਵਨਾਵਾਂ ਕਾਰਨ ਲੋਕਾਂ ਦੇ ਮਨਾਂ ਵਿਚ ਆਪਣਾ ਸਥਾਨ ਬਣਾਉਣ ਲੱਗੀਆਂ ਹਨ।



ਬੈਚ ਫੁੱਲ ਦਵਾਈਆਂ, ਜਿਨ੍ਹਾਂ ਨੂੰ ਡਾਕਟਰ ਬੈਚ ਹੋਮਿਓਪੈਥਿਕ ਦਵਾਈਆਂ ਵਾਂਗ ਹੀ ਵਰਤਦਾ ਰਿਹਾ, ਇਸ ਪੱਖ ਤੋਂ ਲਾਸਾਨੀ ਹਨ ਕਿ ਇਹ ਮਨੁੱਖ ਦੀਆਂ ਮਨੋਵਿਗਿਆਨਕ ਖਾਮੀਆਂ ਦਾ ਇਲਾਜ ਕਰ ਕੇ ਉਸ ਦੀਆਂ ਤਕਲੀਫਾਂ ਨੂੰ ਦੂਰ ਕਰਦੀਆਂ ਹਨ। ਮਨੋਵਿਗਿਆਨਕ ਇਲਾਜ ਹੋਮਿਓਪੈਥਿਕ ਦਵਾਈਆਂ ਵੀ ਕਰਦੀਆਂ ਹਨ ਪਰ ਬੈਚ ਫੁੱਲ ਦਵਾਈਆਂ ਦਾ ਦਾਇਰਾ ਉਨ੍ਹਾਂ ਨਾਲੋਂ ਨਿਵੇਕਲਾ ਹੈ। ਇਹ ਮਨੁੱਖੀ ਸੁਭਾਅ ਦੀਆਂ ਕਮਜ਼ੋਰੀਆਂ ਨੂੰ ਉਸ ਦੀਆਂ ਹਾਂ-ਪੱਖੀ ਸ਼ਕਤੀਆਂ ਵਿਚ ਤਬਦੀਲ ਕਰਦੀਆਂ ਹਨ। ਸੋਚਿਆ ਜਾਵੇ ਤਾਂ ਇਸ ਤੋਂ ਵੱਡੀ ਕੋਈ ਗੱਲ ਨਹੀਂ ਹੋ ਸਕਦੀ ਕਿਉਂਕਿ ਮਨੁੱਖ ਕੇਵਲ ਸਰੀਰ ਹੀ ਨਹੀਂ, ਮਨ ਵੀ ਰੱਖਦਾ ਹੈ। ਇਸ ਕੋਲ ਵਿਅਕਤੀਤਵ, ਸੁਭਾਅ, ਵਲਵਲੇ, ਵਿਹਾਰ ਤੇ ਆਦਤਾਂ ਹੁੰਦੀਆਂ ਹਨ। ਇਨ੍ਹਾਂ ਵਿਚ ਵਿਕਾਰ ਤੇ ਗਿਰਾਵਟਾਂ ਵੀ ਆ ਜਾਂਦੀਆਂ ਹਨ। ਇਸ ਲਈ ਮਨੁੱਖ ਦੀ ਸਹੀ ਦਵਾ ਉਸ ਦੇ ਮਾਨਸਿਕ ਪੱਖਾਂ ਦੀ ਖਾਮੀਆਂ ਦੇ ਅਧਿਐਨ ਤੋਂ ਬਿਨਾਂ ਨਿਰਧਾਰਤ ਨਹੀਂ ਹੋ ਸਕਦੀ। ਮੁੱਕਦੇ ਤੌਰ 'ਤੇ ਇਹ ਕੰਮ ਬੈਚ ਫੁੱਲ ਦਵਾਈਆਂ ਸਹਿਜੇ ਹੀ ਕਰਦੀਆਂ ਹਨ।

ਦਰਅਸਲ ਬੈਚ ਫੁੱਲ ਦਵਾਈਆਂ ਨੂੰ ਮਨੁੱਖੀ ਸੁਭਾਅ ਦੀਆਂ ਊਣਤਾਈਆਂ ਅਨੁਸਾਰ ਵਰਗੀਕਰਨ ਕਰ ਕੇ ਹੀ ਲਿਖਤਬੱਧ ਕੀਤਾ ਜਾਂਦਾ ਹੈ। ਡਾਕਟਰ ਬੈਚ ਨੇ ਮਨੁੱਖੀ ਸੁਭਾਅ ਵਿਚ ਸੱਤ ਪ੍ਰਕਾਰ ਦੇ ਮੁੱਖ ਮਨੋਵਿਗਿਆਨਕ ਵਿਕਾਰ ਜਾਂ ਨੁਕਸ ਲੱਭ ਕੇ ਉਨ੍ਹਾਂ ਦੀਆਂ ਦਵਾਈਆਂ ਦੱਸੀਆਂ ਹਨ। ਇਨ੍ਹਾਂ ਵਿਚੋਂ ਪਹਿਲਾ ਸਥਾਨ ਡਰ ਦਾ ਹੈ। ਡਰ ਦੇ ਮਨੋਵਿਗਿਆਨਕ, ਮੈਡੀਕਲ ਤੇ ਸਮਾਜਿਕ ਪਹਿਲੂ ਹਨ ਤੇ ਇਹ ਕਿਸੇ ਵੀ ਪਹਿਲੂ ਨਾਲ ਸਬੰਧ ਰੱਖ ਸਕਦਾ ਹੈ। ਡਰ ਦਾ ਇਲਾਜ ਕਰਨ ਲਈ ਇਸ ਦੇ ਵਾਧੂ ਵੇਰਵਿਆਂ ਵਿਚ ਜਾਣ ਦੀ ਲੋੜ ਨਹੀਂ। ਸਿਰਫ ਇੰਨਾ ਹੀ ਪਤਾ ਹੋਣਾ ਚਾਹੀਦਾ ਹੈ ਕਿ ਡਰ ਕਿਸੇ ਜਾਣੀ-ਪਛਾਣੀ ਚੀਜ਼ ਦਾ ਹੈ ਜਾਂ ਕਿਸੇ ਅਣਪਛਾਤੀ ਚੀਜ਼ ਦਾ। ਜਾਂ ਇਉਂ ਕਹੋ ਕਿ ਕੀ ਡਰ ਵਾਲੀ ਚੀਜ਼ ਦਾ ਨਾਂ ਲਿਆ ਜਾ ਸਕਦਾ ਹੈ ਜਾਂ ਨਹੀਂ। ਜੇ ਰੋਗੀ ਭੈਅ-ਕਾਰਕ ਚੀਜ਼ ਦਾ ਨਾਂ ਦੱਸੇ ਤਾਂ ਮਿਮੂਲਸ ਦਿਓ ਨਹੀਂ ਤਾਂ ਐਸਪਨ ਦਿਓ। ਇਨ੍ਹਾਂ ਦੇ ਦੇਣ ਨਾਲ ਹੀ ਉਹ ਠੀਕ ਹੋ ਜਾਵੇਗਾ। ਇਨ੍ਹਾਂ ਦੀ ਸਹੀ ਵਰਤੋਂ ਨਾਲ ਉਸ ਦੀ ਦੇਹ ਨੂੰ ਲੱਗੀਆਂ ਕਰੋਨਾ ਤੇ ਡੇਂਗੂ ਜਿਹੀਆਂ ਬਿਮਾਰੀਆਂ ਵੀ ਦੂਰ ਹੋ ਜਾਣਗੀਆਂ। ਜੋ ਬਿਮਾਰੀਆਂ ਉਸ ਨੂੰ ਭਵਿੱਖ ਵਿਚ ਲੱਗ ਸਕਦੀਆਂ ਹਨ, ਉਨ੍ਹਾਂ ਤੋਂ ਵੀ ਬਚਾਅ ਹੋ ਜਾਵੇਗਾ।

ਮਨੁੱਖੀ ਸੁਭਾਅ ਦੀ ਦੂਜੀ ਵੱਡੀ ਕਮਜ਼ੋਰੀ, ਉਸ ਦੀ ਦੁਆਲੇ ਦੇ ਲੋਕਾਂ ਨਾਲ ਵਿਰੋਧ ਭਾਵਨਾ ਹੈ। ਕਈ ਵਾਰ ਉਹ ਨੇੜੇ ਰਹਿੰਦਿਆਂ ਲੋਕਾਂ ਨੂੰ ਪਸੰਦ ਨਹੀਂ ਕਰਦਾ। ਉਹ ਉਨ੍ਹਾਂ ਦੇ ਖਾਣ-ਪੀਣ, ਬੋਲ-ਚਾਲ, ਕੰਮ-ਕਾਰ ਜਾਂ ਸਭਿਆਚਾਰ ਨੂੰ ਨਾ ਸਹਾਰਦਾ ਹੋਇਆ ਉਨ੍ਹਾਂ ਨੂੰ ਨਫ਼ਰਤ ਕਰਦਾ ਹੈ। ਸੁਭਾਅ ਦੀ ਇਹ ਕਮਜ਼ੋਰੀ ਸਮਾਜ ਵਿਚ ਖਿੱਚੋਤਾਣ ਪੈਦਾ ਕਰਦੀ ਹੈ। ਨਾ-ਮਿਲਵਰਤਨ ਤੇ ਦੁਰਭਾਵਨਾ ਕਾਰਨ ਸਮਾਜਿਕ ਭਾਈਚਾਰੇ ਦੀਆਂ ਤੰਦਾਂ ਕਸੀਆਂ ਜਾਂਦੀਆਂ ਹਨ ਤੇ ਸਮਾਜਿਕ ਵਿਕਾਸ ਰੁਕਦਾ ਹੈ। ਆਪਸ ਵਿਚ ਉਲਝਦੇ ਅਜਿਹੇ ਲੋਕ ਫੁੱਲ ਦਵਾ 'ਬੀਚ' ਨਾਲ ਸਹਿਨਸ਼ੀਲ ਹੋ ਜਾਂਦੇ ਹਨ। ਉਧਰ, ਜੇ ਕੋਈ ਦੂਜਿਆਂ ਨੂੰ ਇਸ ਲਈ ਘਿਰਣਾ ਕਰਦਾ ਹੈ ਕਿ ਉਹ ਉਸ ਦੇ ਅਧੀਨ ਲੋਕਾਂ ਨਾਲ ਸਬੰਧ ਬਣਾ ਕੇ ਉਨ੍ਹਾਂ ਨੂੰ ਉਸ ਨਾਲੋਂ ਤੋੜਦੇ ਹਨ ਤਾਂ 'ਚਿਕੋਰੀ' ਨਾਮਕ ਫੁੱਲ ਦਵਾ ਕੰਮ ਆਉਂਦੀ ਹੈ। ਚਿਕੋਰੀ ਸੁਭਾਅ ਵਾਲੇ ਆਪਣੇ ਹੀ ਲੋਕਾਂ ਤੋਂ ਪੂਰਾ ਕੰਮ ਲੈਂਦੇ ਹਨ ਤੇ ਉਸ ਨੂੰ ਪਸੰਦ ਵੀ ਨਹੀਂ ਕਰਦੇ, ਪਰ ਜੇ ਕੋਈ ਆਪਣਾ ਹੀ ਸਾਥ ਨਾ ਦੇਵੇ ਭਾਵ ਹਰ ਗੱਲ ਦਾ ਜੁਰਮ ਆਪਣੇ ਸਿਰ ਲੈਣ ਦਾ ਆਦੀ ਹੋਵੇ ਤਾਂ ਉਸ ਲਈ ਫੁੱਲ ਦਵਾ ਪਾਈਨ ਹੈ। ਜੇ ਕਿਸੇ ਦਾ ਨਫਰਤੀ ਵਿਹਾਰ ਇਸ ਤਰ੍ਹਾਂ ਦਾ ਹੈ ਕਿ ਉਹ ਆਪਣੇ ਕਸੂਰ ਦੀ ਜ਼ਿੰਮੇਵਾਰੀ ਆਪ ਓਟਣ ਦੀ ਬਜਾਏ ਇਸ ਨੂੰ ਦੂਜਿਆਂ ਸਿਰ ਮੜ੍ਹਦੇ ਹਨ ਤਾਂ ਫੁੱਲ ਦਵਾ ਵਿਲੋ ਉਨ੍ਹਾਂ ਨੂੰ ਜ਼ਿੰਮੇਵਾਰ ਬਣਾ ਦਿੰਦੀ ਹੈ। ਯਾਦ ਰਹੇ, ਇਹ ਤਾਂ ਮਨੁੱਖੀ ਸੁਭਾਅ ਦੀਆਂ ਮੁੱਖ ਤੰਦਾਂ ਹਨ, ਇਨ੍ਹਾਂ ਦੇ ਨਿਕਲਣ ਨਾਲ ਇਨ੍ਹਾਂ ਨਾਲ ਜੁੜੀਆਂ ਕਈ ਹੋਰ ਤਕਲੀਫਾਂ ਵੀ ਦੂਰ ਹੋ ਜਾਣਗੀਆਂ।

ਮਨੁੱਖ ਦੀ ਤੀਜੀ ਸੁਭਾਵਿਕ ਕਮਜ਼ੋਰੀ ਉਸ ਦਾ ਦਿਲ ਪੱਖੋਂ ਹੀਣਾ ਹੋਣ ਦੀ ਹੈ। ਉਂਜ ਜਾਣ-ਬੁੱਝ ਕੇ ਹਰ ਥਾਂ ਪੰਗਾ ਤਾਂ ਕੋਈ ਵੀ ਨਹੀਂ ਲੈਂਦਾ ਪਰ ਆਮ ਦੇਖਣ ਵਿਚ ਆਉਂਦਾ ਹੈ ਕਿ ਕਈ ਲੋਕਾਂ ਵਿਚ ਹੌਸਲੇ ਦੀ ਭਾਰੀ ਕਮੀ ਹੁੰਦੀ ਹੈ। ਉਹ ਆਪਣੇ ਤੈਅ ਕੀਤੇ ਜਾਤੀ ਜਾਂ ਸਮਾਜਿਕ ਕਰਤੱਵ ਨਿਭਾਉਣ ਲੱਗੇ ਵੀ ਘਬਰਾ ਜਾਂਦੇ ਹਨ। ਅਜਿਹੇ ਡਰਪੋਕ ਲੋਕ ਨਾ ਆਪਣੇ ਅਧਿਕਾਰ ਮੰਗ ਸਕਦੇ ਹਨ ਤੇ ਨਾ ਸਹੀ ਕਰਤੱਵ ਨਿਭਾ ਕੇ ਦੂਜਿਆਂ ਦੇ ਅਧਿਕਾਰ ਉਨ੍ਹਾਂ ਨੂੰ ਦੇ ਸਕਦੇ ਹਨ। ਉਹ ਨਿਆਂ ਭਰਪੂਰ ਤੇ ਸਿਹਤਮੰਦ ਲੋਕਤੰਤਰੀ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ।

ਦੂਜੇ ਦਵਾ ਸਿਸਟਮ ਹੁੱਬ ਕੇ ਕਮਿਊਨਿਟੀ ਦਵਾਈਆਂ (Community medicine) ਦੀ ਗੱਲ ਕਰਦੇ ਹਨ ਪਰ ਉਨ੍ਹਾਂ ਕੋਲ ਇਨ੍ਹਾਂ ਨਿਖੇਧਾਤਮਿਕ ਪ੍ਰਵਿਰਤੀਆਂ ਦਾ ਕੋਈ ਹੱਲ ਨਹੀਂ ਹੈ। ਇਹ ਬੈਚ ਫੁੱਲ ਦਵਾ ਪ੍ਰਣਾਲੀ ਹੀ ਹੈ, ਜੋ ਅਜਿਹੇ ਮਸਲਿਆਂ ਦਾ ਇਲਾਜ ਕਰ ਸਕਦੀ ਹੈ। ਜਿਹੜੇ ਲੋਕ ਇੰਨੇ ਕਮਜ਼ੋਰ ਦਿਲ ਹੁੰਦੇ ਹਨ ਕਿ ਉਹ ਦੂਜਿਆਂ ਦਾ ਪਾਣੀ ਭਰਦੇ ਹਨ ਤੇ ਉਨ੍ਹਾਂ ਨੂੰ ਕਦੇ ਵੀ ਨਾਂਹ ਨਹੀਂ ਕਹਿ ਸਕਦੇ, ਉਨ੍ਹਾਂ ਗੁਲਾਮ ਫਿਤਰਤ ਵਾਲੇ ਲੋਕਾਂ ਨੂੰ ਫੁੱਲ ਦਵਾ ਸੈਂਟਾਉਰੀ ਬੱਬਰ ਸ਼ੇਰ ਬਣਾ ਦਿੰਦੀ ਹੈ। ਜਿਨ੍ਹਾਂ ਨੂੰ ਆਪਣੀ ਸਮਝ 'ਤੇ ਭਰੋਸਾ ਨਹੀਂ ਹੁੰਦਾ ਤੇ ਜੋ ਆਪਣੇ ਸਭ ਫੈਸਲੇ ਦੂਜਿਆਂ ਨੂੰ ਪੁੱਛ ਕੇ ਲੈਂਦੇ ਹਨ, ਉਹ ਵੀ ਨਕਾਰਾਤਮਕ ਕਿਸਮ ਦੇ ਵਿਅਕਤੀ ਹੁੰਦੇ ਹਨ। ਉਹ ਲੋਕਾਂ ਦੇ ਹੱਥਾਂ ਵਿਚ ਖੇਡਦੇ ਹਨ ਤੇ ਆਪਣਾ ਭਲਾ-ਬੁਰਾ ਆਪ ਨਹੀਂ ਪਛਾਣ ਸਕਦੇ। ਨਾ ਉਹ ਪਰਿਵਾਰ ਦੀ ਤੇ ਨਾ ਸਮਾਜ ਦੀ ਕੋਈ ਅਗਵਾਈ ਕਰ ਸਕਦੇ ਹਨ ਪਰ ਚਲਾਕ ਆਦਮੀਆਂ ਦੀਆਂ ਭੇਡੀਆਂ ਗਊਆਂ ਜ਼ਰੂਰ ਬਣ ਜਾਂਦੇ ਹਨ। ਇਨ੍ਹਾਂ ਲੋਕਾਂ ਦੇ ਚਰਿੱਤਰ ਦਾ ਸਮਾਧਾਨ ਫੁੱਲ ਦਵਾ ਸਿਰਾਟੋ ਕਰਦੀ ਹੈ। ਇਸ ਦੇ ਦਿੰਦਿਆਂ ਹੀ ਉਹ ਦੂਜਿਆਂ ਦੀ ਮਾਨਸਿਕ ਅਧੀਨਗੀ ਸਵੀਕਾਰ ਕਰਨਾ ਬੰਦ ਕਰ ਦੇਣਗੇ ਤੇ ਆਪਣਾ ਹਿੱਤ ਆਪ ਪਛਾਣਨ ਲੱਗ ਜਾਣਗੇ। ਦਿਲਗੀਰੀ ਦੀਆਂ ਇਹੀ ਦੋ ਕਿਸਮਾਂ ਨਹੀਂ ਹਨ। ਕਈ ਅਜਿਹੇ ਦਿਲਢਾਹੂ ਵੀ ਹੁੰਦੇ ਹਨ, ਜਿਹੜੇ ਜੀਵਨ ਵਿਚ ਕੁਝ ਵੀ ਅਣਸੁਖਾਵਾਂ ਨਹੀਂ ਸਹਾਰਦੇ। ਉਨ੍ਹਾਂ ਨੂੰ ਥੋੜ੍ਹਾ ਧੱਕਾ ਵੀ ਲੱਗੇ, ਉਹ ਧੜੰਮ ਕਰ ਕੇ ਡਿੱਗ ਪੈਂਦੇ ਹਨ। ਦਾਲ ਸਬਜ਼ੀ ਵਿਚ ਥੋੜ੍ਹਾ ਨਮਕ ਘੱਟ ਰਹਿ ਜਾਵੇ, ਉਹ ਉਸ ਨੂੰ ਵਗਾਹ ਕੇ ਪਰ੍ਹੇ ਮਾਰਦੇ ਹਨ। ਦਫਤਰ ਜਾਣ ਲੱਗਿਆਂ ਗੱਡੀ ਦੇ ਪਹੀਏ ਵਿਚ ਹਵਾ ਘੱਟ ਹੋਵੇ ਤਾਂ ਛੁੱਟੀ ਲੈ ਕੇ ਘਰ ਬਹਿ ਜਾਂਦੇ ਹਨ। ਜੇ ਘਰੋਂ ਨਿਕਲਦਿਆਂ ਬਿੱਲੀ ਉਨ੍ਹਾਂ ਦਾ ਰਸਤਾ ਕੱਟ ਦੇਵੇ ਤਾਂ ਉਹ ਵਾਪਸ ਮੁੜ ਆਉਂਦੇ ਹਨ। ਅਜਿਹੇ ਬੇਦਿਲੇ ਵਿਅਕਤੀਆਂ ਲਈ ਫੁੱਲ ਦਵਾ 'ਜੈਂਸ਼ੀਅਨ' ਹੈ, ਜੋ ਉਨ੍ਹਾਂ ਦੇ ਵਹਿਮ-ਭਰਮ ਕੱਢ ਕੇ ਉਨ੍ਹਾਂ ਨੂੰ ਜ਼ਮੀਨ 'ਤੇ ਚੱਲਣਾ ਸਿਖਾ ਦੇਵੇਗੀ।

ਕਈ ਥੁੜ ਦਿਲੇ ਪੈਦਾ ਹੀ ਅਹਿਸਾਸ-ਏ-ਕਮਤਰੀ ਨਾਲ ਹੁੰਦੇ ਹਨ। ਉਹ ਆਪਣੇ-ਆਪ ਨੂੰ ਆਪਣੀ ਹੋਂਦ ਨਾਲੋਂ ਵੀ ਛੋਟਾ ਜਾਂ ਨੀਵਾਂ ਸਮਝਦੇ ਹਨ। ਉਹ ਹਾਰਨ ਤੋਂ ਪਹਿਲਾਂ ਹੀ ਹਾਰ ਮੰਨੇ ਹੁੰਦੇ ਹਨ। ਉਨ੍ਹਾਂ ਨੂੰ ਫੌਲਾਦੀ ਜਿਗਰਿਆਂ ਵਾਲੇ ਬਣਾਉਣ ਦੀ ਕਰਾਮਾਤ ਫੁੱਲ ਦਵਾ 'ਲਾਰਚ' ਵਿਚ ਹੈ ਪਰ ਸਭ ਤੋਂ ਕਮਜ਼ੋਰ ਦਿਲ ਦੇ ਉਹ ਵਿਅਕਤੀ ਹੁੰਦੇ ਹਨ, ਜੋ ਸਹੀ ਫੈਸਲਾ ਲੈਣ ਦੀ ਯੋਗਤਾ ਨਹੀਂ ਰੱਖਦੇ। ਇਕ ਪਲ ਇਕ ਗੱਲ ਕਰਦੇ ਹਨ ਤੇ ਦੂਜੇ ਪਲ ਉਸ ਨੂੰ ਰੱਦ ਕਰ ਕੇ ਕਿਸੇ ਹੋਰ ਗੱਲ 'ਤੇ ਚਲੇ ਜਾਂਦੇ ਹਨ। ਉਹ ਇਹ ਨਿਰਣਾ ਨਹੀਂ ਲੈ ਸਕਦੇ ਕਿ ਉਨ੍ਹਾਂ ਨੇ ਕਰਨਾ ਕੀ ਹੈ। ਉਨ੍ਹਾਂ ਨੂੰ ਸਾਰੇ ਹੀ ਵਿਕਲਪ ਬਰਾਬਰ ਜਾਂ ਇਕ ਦੂਜੇ ਤੋਂ ਚੰਗੇ ਲੱਗਦੇ ਹਨ, ਇਸ ਲਈ ਉਹ ਇਕ ਨਾਲ ਜੁੜ ਕੇ ਨਹੀਂ ਰਹਿੰਦੇ। ਅਜਿਹੇ ਵਿਅਕਤੀਆਂ ਦਾ ਕੋਈ ਈਮਾਨ ਨਹੀਂ ਹੁੰਦਾ ਪਰ ਫੁੱਲ ਦਵਾ 'ਸਕਲੇਰੈਂਥਸ' ਉਨ੍ਹਾਂ ਵਿਚ ਚੰਗੇ-ਮਾੜੇ ਦੀ ਸਮਝ ਪੈਦਾ ਕਰ ਕੇ ਉਨ੍ਹਾਂ ਦੀ ਟੇਕ ਇਕ ਮੰਤਵ 'ਤੇ ਲਗਵਾ ਦਿੰਦੀ ਹੈ। ਮੈਂ ਤਾਂ ਕਦੇ ਸੁਣਿਆ ਨਹੀਂ ਕਿ ਇਸ ਤਰ੍ਹਾਂ ਦੀਆਂ ਦਵਾਈਆਂ ਕਿਸੇ ਹੋਰ ਸਿਸਟਮ ਵਿਚ ਵੀ ਹੁੰਦੀਆਂ ਹੋਣ ਜੋ ਆਦਤ ਤੇ ਸੁਭਾਅ ਦੇ ਸੁਧਾਰ ਦੇ ਨਾਲ ਨਾਲ ਵਿਅਕਤੀ ਦੀ ਸਰੀਰਕ ਸਿਹਤ ਵੀ ਠੀਕ ਕਰ ਦਿੰਦੀਆਂ ਹੋਣ। ਜੇ ਇਹ ਦਵਾਈਆਂ ਕੇਵਲ ਬੈਚ ਪ੍ਰਣਾਲੀ ਵਿਚ ਹਨ ਤਾਂ ਇਸ ਪ੍ਰਣਾਲੀ ਦਾ ਤਾਂ 'ਹੈਲੋ ਬੈਚ ਰੈਮਿਡੀਜ਼' ਕਹਿ ਕੇ ਸਵਾਗਤ ਕੀਤਾ ਜਾਣਾ ਚਾਹੀਦਾ ਹੈ।

ਨਿਰਾਸ਼ਾ ਤੇ ਉਦਾਸੀ ਵੀ ਮਨੁੱਖੀ ਸੁਭਾਅ ਦੇ ਦਹਿੰਦੀ ਕਲਾ ਵਾਲੇ ਰੁਝਾਨ ਹਨ। ਇਹ ਠੀਕ ਹੈ ਕਿ ਜੀਵਨ ਵਿਚ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ ਜਦੋਂ ਵਿਅਕਤੀ ਉਦਾਸ ਜਾਂ ਗ਼ਮਗੀਨ ਹੋ ਜਾਂਦਾ ਹੈ ਪਰ ਉਦਾਸ ਹੋ ਕੇ ਜੀਵਨ ਦੀ ਕਿਸ਼ਤੀ ਨੂੰ ਡੁਬੋ ਦੇਣਾ ਜਾਂ ਵਾਪਸ ਮੋੜ ਲੈਣਾ ਕੋਈ ਸੁਰਬੀਰਾਂ ਵਾਲੀ ਗੱਲ ਨਹੀਂ ਹੈ। ਜੀਵਨ ਦੀ ਉੱਨਤੀ ਵਾਪਸ ਪਰਤਣ ਨਾਲ ਨਹੀਂ ਹੋਈ, ਸਗੋਂ ਅੱਗੇ ਵਧਣ ਨਾਲ ਹੋਈ ਹੈ। ਕੁਦਰਤ ਦਾ ਸਿਧਾਂਤ ਉਦਾਸੀ ਜਾਂ ਵਿਨਾਸ਼ ਨਹੀਂ ਹੈ, ਸਗੋਂ ਖ਼ੁਸ਼ੀ ਖੇੜੇ ਦਾ ਇਕ ਦਿਸ਼ਾਵੀ ਵਿਕਾਸ ਹੈ। ਉਧਰ ਉਦਾਸੀ ਤੇ ਨਿਰਾਸ਼ਾ ਅਜਿਹੀਆਂ ਬਿਮਾਰੀਆਂ ਹਨ ਕਿ ਜਿਸ 'ਤੇ ਡਿੱਗ ਜਾਣ, ਉਸ ਨੂੰ ਸਦਾ ਲਈ ਦਬੋਚ ਲੈਂਦੀਆਂ ਹਨ। ਇਨ੍ਹਾਂ ਨੂੰ ਦੂਰ ਕਰ ਕੇ ਚੰਗੇ ਤੇ ਨੇਤਾਗਿਰੀ ਵਾਲੇ ਚਰਿੱਤਰ ਦਾ ਨਿਰਮਾਣ ਕਰਨ ਲਈ ਦੁਨੀਆ ਸ਼ੁਰੂ ਤੋਂ ਹੀ ਯਤਨਸ਼ੀਲ ਹੈ।

ਬੈਚ ਫੁੱਲ ਦਵਾਈਆਂ ਇਸ ਕੰਮ ਵਿਚ ਵੀ ਸਹਾਇਕ ਸਿੱਧ ਹੁੰਦੀਆਂ ਹਨ। ਉਦਾਹਰਨ ਵਜੋਂ ਜੋ ਵਿਅਕਤੀ ਦਿਲਗੀਰ ਹੋ ਕੇ ਉਦਾਸ ਰਹਿੰਦਾ ਹੈ ਤੇ ਉਦਾਸੀ ਨਾਲ ਸਮਝੌਤਾ ਕਰ ਬੈਠਦਾ ਹੈ, ਉਸ ਨੂੰ ਜੀਵਨਧਾਰਾ ਨਾਲ ਜੁੜਨ ਲਈ 'ਗੋਰਸ' ਹੱਲਾਸ਼ੇਰੀ ਦਿੰਦੀ ਹੈ। ਇਹ ਉਸ ਦਾ ਗ਼ਮ ਦੂਰ ਕਰ ਕੇ ਉਸ ਦੇ ਚਿਹਰੇ 'ਤੇ ਮੁਸਕਰਾਹਟ ਤੇ ਆਸ਼ਾ ਦੇ ਚਿੰਨ੍ਹ ਪੈਦਾ ਕਰ ਦਿੰਦੀ ਹੈ। ਜਿਹੜੇ ਲੋਕਾਂ ਦਾ ਮੂੰਹ ਇਸ ਸੰਸਾਰ ਤੋਂ ਇੰਨਾ ਮੁੜ ਜਾਂਦਾ ਹੈ ਕਿ ਉਹ ਇਸ ਨੂੰ ਦੁਖਾਂ ਦਾ ਘਰ ਦੱਸ ਕੇ ਇਸ ਤੋਂ ਸੰਨਿਆਸ ਲੈ ਲੈਂਦੇ ਹਨ, ਉਨ੍ਹਾਂ ਦਾ ਕੀ ਸਹਾਰਾ? ਉਹ ਤਾਂ ਦੁਖਾਂ ਦੇ ਇੰਨੇ ਸਤਾਏ ਹੁੰਦੇ ਹਨ ਕਿ ਦੁਖ-ਸੁਖ ਨੂੰ ਇੱਕ ਬਰਾਬਰ ਸਮਝਣ ਲਗਦੇ ਹਨ, ਭਾਵ ਦੁਖਾਂ ਨਾਲ ਜਿਉਣ ਦੇ ਆਦੀ ਹੋ ਜਾਂਦੇ ਹਨ। ਅਜਿਹੇ ਮਾਨਸਿਕ ਬਿਮਾਰਾਂ ਵਿਚ ਫਿਰ ਤੋਂ ਜੀਵਨ ਰਸ ਪੈਦਾ ਕਰਨ ਲਈ ਫੁੱਲ ਦਵਾ 'ਵਾਈਲਡ ਰੋਜ਼' ਹੈ, ਜਿਸ ਦੇ ਲੈਂਦਿਆਂ ਹੀ ਉਨ੍ਹਾਂ ਦਾ ਦਲਿੱਦਰ ਖਤਮ ਹੋ ਜਾਂਦਾ ਹੈ। ਇਹ ਗੱਲਾਂ ਕੋਈ ਕਹਿਣ ਲਈ ਨਹੀਂ ਲਿਖੀਆਂ ਜਾਂਦੀਆਂ, ਇਨ੍ਹਾਂ ਦਾ ਅਮਲੀ ਮਹੱਤਵ ਇਨ੍ਹਾਂ ਦੇ ਵਜ਼ਨ ਤੋਂ ਕਈ ਗੁਣਾ ਵੱਧ ਹੈ।

ਕਹਿੰਦੇ ਹਨ ਕਿ ਗੁਣੀ ਗਿਆਨੀ ਮਨੁੱਖ ਉਹੀ ਹੈ, ਜੋ ਆਪਣੇ ਮਨ ਨੂੰ ਕਾਬੂ ਵਿਚ ਕਰ ਕੇ ਰੱਖੇ। ਬੇਕਾਬੂ ਮਨ ਸ਼ਰਾਰਤਾਂ, ਜੁਰਮਾਂ ਤੇ ਸਜ਼ਾਵਾਂ ਦਾ ਘਰ ਹੈ। ਇਸੇ ਸੰਸਾਰ ਵਿਚ ਅਣਗਿਣਤ ਅਜਿਹੇ ਲੋਕ ਹਨ, ਜੋ ਸਮਝ ਤੋਂ ਕੰਮ ਨਾ ਲੈ ਕੇ ਦਿਲ ਦੇ ਬੇਲਗਾਮ ਘੋੜੇ 'ਤੇ ਸਵਾਰੀ ਕਰਨ ਲਗਦੇ ਹਨ। ਕਈ ਬਿਨਾਂ ਸੋਚੇ ਸਮਝੇ ਨੀਚ ਕੰਮ ਕਰਦੇ ਹਨ। ਕਈ ਸਮਝਦਾਰ ਹੁੰਦੇ ਹੋਏ ਵੀ ਆਪਣੀ ਆਦਤ 'ਤੇ ਕਾਬੂ ਨਹੀਂ ਰੱਖ ਸਕਦੇ। ਦੁਨੀਆ ਵਿਚ ਜਿੰਨੇ ਜੁਰਮ ਹੁੰਦੇ ਹਨ, ਉਹ ਮਨੁੱਖੀ ਸੁਭਾਅ ਦੀ ਇਸੇ ਊਣਤਾਈ ਕਰਕੇ ਹੁੰਦੇ ਹਨ। ਮਾੜੀ ਗੱਲ ਇਹ ਕਿ ਅਜਿਹੇ ਵਿਅਕਤੀਆਂ ਦੇ ਸੁਧਾਰ ਲਈ ਸੁਝਾਅ, ਉਪਦੇਸ਼ ਤੇ ਉਦਾਹਰਨ ਵੀ ਕੋਈ ਕੰਮ ਨਹੀਂ ਕਰਦੇ। ਜੇ ਕੋਈ ਪ੍ਰੰਪਰਾਗਤ ਦਵਾ ਅਜਿਹੇ ਲੋਕਾਂ ਦਾ ਇਲਾਜ ਕਰ ਸਕਦੀ ਤਾਂ ਵਿਦਵਾਨ ਇਨ੍ਹਾਂ ਬਿਮਾਰਾਂ ਬਾਰੇ ਕਠੋਰ ਗੱਲਾਂ ਨਾ ਲਿਖਦੇ। ਪਰ ਬੈਚ ਫੁੱਲ ਪ੍ਰਣਾਲੀ ਦੀ ਦਵਾ 'ਚੈਰੀ ਪਲੱਮ' ਇਹ ਕੰਮ ਬਾਖ਼ੂਬੀ ਕਰਦੀ ਹੈ। ਜੇ ਕੋਈ ਇਕ ਵਾਰ ਠੀਕ ਹੋ ਕੇ ਵਾਰ-ਵਾਰ ਉਹੀ ਬੇਥਵੀਆਂ ਗੱਲਾਂ ਕਰੇ ਤਾਂ ਉਹ ਫੁੱਲ ਦਵਾ 'ਚੈਸਟਨਟ' ਬੱਡ ਦੇਣ ਨਾਲ ਹਮੇਸ਼ਾ ਸੰਜਮ ਵਾਲੀ ਜ਼ਿੰਦਗੀ ਅਪਨਾ ਲੈਂਦਾ ਹੈ।

ਇਹ ਵੀ ਕੋਈ ਘੱਟ ਦੁਖਦਾਈ ਗੱਲ ਨਹੀਂ ਕਿ ਕੋਈ ਸਦਾ ਹਵਾ ਦੇ ਘੋੜੇ 'ਤੇ ਹੀ ਸਵਾਰ ਰਹੇ, ਹੇਠ ਪੈਰ ਹੀ ਨਾ ਲਾਵੇ। ਦੇਖਣ ਵਿਚ ਆਉਂਦਾ ਹੈ ਕਿ ਕਈ ਮੁੰਗੇਰੀ ਲਾਲ ਵਾਂਗ ਆਪਣੇ ਸੁਨਹਿਰੀ ਸੁਪਨਿਆਂ ਵਿਚ ਵਿਚਰਦੇ ਹਨ ਤੇ ਕਈ ਆਪਣੇ ਜੀਵਨ ਦੇ ਹੰਢਾਏ ਪੁਰਾਣੇ ਪਲਾਂ ਵਿਚ ਖੋਏ ਰਹਿੰਦੇ ਹਨ। ਇਨ੍ਹਾਂ ਲੋਕਾਂ ਨੂੰ ਵਰਤਮਾਨ ਦੇ ਯਥਾਰਥ ਨਾਲ ਕਿਵੇਂ ਜੋੜਿਆ ਜਾਵੇ? ਬੈਚ ਫੁੱਲ ਦਵਾ 'ਕਲੀਮੈਟਿਸ' ਇਨ੍ਹਾਂ ਆਸਮਾਨੀ ਸੁਪਨਿਆਂ ਦੇ ਸੌਦਾਗਰਾਂ ਨੂੰ ਜ਼ਮੀਨ 'ਤੇ ਲੈ ਆਵੇਗੀ ਅਤੇ 'ਹਨੀਸਕੱਲ' ਪਿਛਾਂਹ ਭਾਕਦੇ ਬਜ਼ੁਰਗਾਂ ਨੂੰ ਅਗਾਂਹ ਖਿੱਚ ਕੇ ਸਮੇਂ ਦੇ ਹਾਣ ਦਾ ਬਣਾਵੇਗੀ। ਸਭ ਵਿਅਕਤੀਆਂ ਨੂੰ ਉਨ੍ਹਾਂ ਦੀ ਉਰਜਾ ਅਨੁਸਾਰ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਵੱਧ ਉਰਜਾ ਵਾਲੇ, ਇਕ ਘੱਟ ਉਰਜਾ ਵਾਲੇ ਤੇ ਇਕ ਸਮਤੋਲ ਉਰਜਾ ਵਾਲੇ। ਵੱਧ ਉਰਜਾ ਵਾਲੇ ਕਾਹਲੇ ਤੇ ਬੇਚੈਨ ਹੁੰਦੇ ਹਨ। ਉਨ੍ਹਾਂ ਦਾ ਮੈਟਾਬੋਲਿਜ਼ਮ ਤੇਜ਼ ਹੁੰਦਾ ਹੈ, ਇਸ ਲਈ ਉਹ ਹਮੇਸ਼ਾ ਭੱਜ-ਦੌੜ ਵਿਚ ਲੱਗੇ ਰਹਿੰਦੇ ਹਨ ਤੇ ਆਰਾਮ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਦੇ ਸੁਭਾਅ ਨੂੰ ਠੰਡਾ ਕਰਨ **(ਬਾਕੀ ਅਗਲੇ ਸਫੇ 'ਤੇ)**

# ਹਾਏ ! ਮੇਰਾ ਭੋਗ ਕੌਣ...?

'ਲੈ ਭਾਈ ਕੋਈ ਮੇਰਾ ਵੀ ਹਿੱਸਾ-ਪੱਤੀ ਦਿਵਾ ਜਾਵੇ! ਜੇ ਹੁਣ ਤਿੰਨਾਂ ਪੁੱਤਾਂ ਨੇ ਜ਼ਮੀਨ-ਜਾਇਦਾਦਾਂ ਸੰਭਾਲ ਲਈਆਂ ਤਾਂ ਮੈਨੂੰ ਬੁੱਢੇ ਹੱਡ ਨੂੰ ਫੇਰ ਕੌਣ...ਤਾਂ ਮੈਂ ਕਿੱਧਰ ਜਾਵਾਂਗੀ...ਹੁਣ ਤਾਂ ਮੇਰੇ ਸਿਰ ਦਾ ਸਾਈਂ ਵੀ ਚੱਲ ਵਸਿਆ। ਇਨ੍ਹਾਂ ਕੁਲਹਿਣੀਆਂ ਨੂੰਹਾਂ ਨੇ ਤਾਂ ਪਹਿਲਾਂ ਨਈਂ ਕਦੇ ਸਿੱਧੇ ਮੂੰਹ ਰੋਟੀ ਫੜਾਈ...ਹੁਣ ਕਿੱਥੋਂ ਦੇ ਦੇਣਗੀਆਂ ਮੈਨੂੰ ਪੋਲਰੀਆਂ... ਨਾਲੇ ਭਾਈ ਮੈਨੂੰ ਨੂੰਹਾਂ ਕਹਿੰਦੀਆਂ ਨੇ ਕਿ ਅਸੀਂ ਤਿੰਨੇ ਘਰ ਮਹੀਨਾ-ਮਹੀਨਾ ਰੋਟੀ ਦੇ ਦਿਆਂ ਕਰਾਂਗੇ।...ਭਲਾ ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਹੋਵੇ ਕਿ ਮੈਂ ਮੰਗਤੀ ਆਂ...। ਇੱਡੇ ਵੱਡੇ ਘਰ ਦੀ ਨੂੰਹ-ਧੀ...ਮੈਨੂੰ ਤਾਂ ਇੱਕ ਹੀ ਗੱਲ ਦਾ ਫਿਕਰ ਆ... ਹਾਏ! ਮੇਰਾ ਭੋਗ ਕੌਣ ਪਵੇਗਾ?...ਪੰਚਾਇਤ ਨੂੰ ਘਰ ਦਾ ਵੰਡ-ਵੰਡੇਰਾ ਕਰਦੀ ਨੂੰ ਵੇਖ ਅੱਸੀ ਸਾਲਾ ਬਜ਼ੁਰਗ ਆਪਣੀ ਅਰਜ਼ ਕਰਦੀ ਆ।'

**ਜਸਪ੍ਰੀਤ ਕੌਰ ਸਿੱਧੂ**
**ਫੋਨ: 91-98764-57590**

ਇਹ ਬੋਲ ਮਾਲਵੇ ਦੇ ਕਿਸੇ ਇੱਕ ਘਰ ਦੀ ਔਰਤ ਦੇ ਨਾ ਹੋ ਕੇ ਹਰ ਦੂਜੇ ਘਰ ਦੀ ਕਹਾਣੀ ਹੈ। ਮਾਲਵੇ ਦੀਆਂ ਖੁੱਲ੍ਹੀਆਂ ਜ਼ਮੀਨਾਂ ਹੋਣ ਕਰਕੇ ਜ਼ਿਆਦਾਤਰ ਬੋਕ ਨੌਕਰੀ ਪੇਸ਼ਾ ਨਾ ਹੋ ਕੇ ਵੀ, ਆਪਣੀ ਜ਼ਿੰਦਗੀ ਸਭ ਸੁਖ-ਸਹੂਲਤਾਂ ਨਾਲ ਵਧੀਆ ਤਰੀਕੇ ਬਸਰ ਕਰਦੇ ਹਨ। ਲੋਕਾਂ ਦੀ ਜ਼ਿੰਦਗੀ ਵਿਚ ਤਕਨਾਲੋਜੀ ਦੇ ਆਉਣ ਕਾਰਨ ਖੇਤੀਬਾੜੀ ਵਿਚ ਉੱਨਤੀ ਤਾਂ ਹੋਈ ਹੀ ਹੈ, ਨਾਲ ਹੀ ਕੰਮ ਕਰਨ ਦੀਆਂ ਸੁੱਖ, ਸਹੂਲਤਾਂ ਵੀ ਵਧ ਗਈਆਂ ਹਨ। ਜਿਵੇਂ-ਜਿਵੇਂ ਸਮੇਂ ਮੁਤਾਬਕ ਲੋਕਾਂ ਦੀ ਸੋਚ-ਸਮਝ ਵਿਚ ਤਬਦੀਲੀ ਆ ਰਹੀ ਹੈ, ਬਿਲਕੁਲ ਉਸੇ ਤਰ੍ਹਾਂ ਨੈਤਿਕ ਕਦਰਾਂ-ਕੀਮਤਾਂ ਵਿਚ ਵੀ ਤਬਦੀਲੀ ਆਉਣਾ ਸੁਭਾਵਿਕ ਹੈ। ਹਰ ਇਨਸਾਨ ਆਪਣੇ ਆਪ ਨੂੰ ਕੇਂਦਰ ਵਿਚ ਰੱਖ ਕੇ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੰਦਾ ਹੈ, ਜਿਸ ਦੇ ਨਤੀਜੇ ਵਜੋਂ ਮਾਂ-ਪਿਉ ਤੇ ਧੀਆਂ-ਪੁੱਤਰਾਂ ਜਿਹੇ ਅਨਮੋਲ ਰਿਸ਼ਤਿਆਂ ਦੀ ਵੀ ਬੇਕਦਰੀ ਹੋਣੀ ਆਮ ਗੱਲ ਹੋ ਗਈ ਹੈ।

ਅੱਜ ਤੋਂ 40-50 ਸਾਲ ਪਹਿਲਾਂ ਹਰ ਘਰ ਵਿਚ ਦੋ-ਤਿੰਨ ਬਜ਼ੁਰਗ ਤੇ ਇੱਕ ਜਾਂ ਦੋ ਕੁਆਰੀਆ ਭੂਆ ਹੁੰਦੀਆਂ ਸਨ, ਜਿਨ੍ਹਾਂ ਦੇ ਵਿਆਹ ਨਹੀਂ ਹੁੰਦੇ ਸੀ ਜਾਂ ਕੀਤੇ ਨਹੀਂ ਜਾਂਦੇ ਸਨ। ਹਰ ਮਾਂ-ਬਾਪ ਦਾ ਸੁਪਨਾ ਹੁੰਦਾ ਹੈ ਕਿ ਉਸ ਦੀ ਧੀ ਚੰਗੇ ਘਰ ਵਿਆਹੀ ਜਾਵੇ ਤੇ ਖੂਬ ਮੌਜਾਂ ਮਾਣੇ ਪਰ ਸਭ ਕੁੱਝ ਪ੍ਰਮਾਤਮਾ ਦੇ ਹੱਥ ਹੋਣ ਕਾਰਨ ਕਈ ਅਜਿਹੇ ਮਾਂ-ਬਾਪ ਧੀ ਦਾ ਕੰਨਿਆ ਦਾਨ ਕਰਨ ਦਾ ਸੁੱਖ ਨਹੀਂ ਮਾਣ ਸਕਦੇ ਸਨ। ਇਨ੍ਹਾਂ ਕੁੜੀਆਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਵੱਜ ਭਾਵ ਨੁਕਸ ਜਿਵੇਂ ਕਿ ਕੋਈ ਚੰਗੀ ਤਰ੍ਹਾਂ ਤੁਰ ਨਈਂ ਸਕਦੀ ਸੀ, ਕੋਈ ਬੋਲ ਨਹੀਂ ਸੀ ਸਕਦੀ ਤੇ ਕਿਸੇ ਕੁੜੀ ਵਿਚ ਕੋਈ ਹੋਰ ਸਰੀਰਕ ਨੁਕਸ ਹੁੰਦਾ ਸੀ... ਕਿਉਂਕਿ ਉਸ ਸਮੇ ਕੁੜੀਆਂ ਦੇ ਇਲਾਜ ਲਈ ਪੈਸੇ ਨਹੀਂ ਖਰਚ ਕੀਤੇ ਜਾਂਦੇ ਸਨ ਕਿਉਂਕਿ ਇਸ ਨੂੰ ਫਜ਼ੂਲ ਖਰਚ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਜੋ ਤੰਦਰੁਸਤੀ ਵਲੋਂ ਵਾਂਝੀ ਮੰਨੀ ਜਾਂਦੀ ਸੀ, ਉਸ ਕੁੜੀ ਨੂੰ ਬਿਗਾਨੇ ਘਰੇ ਖੱਜਲ ਨਾ ਹੋਣਾ ਪਵੇ, ਇਸੇ ਕਰਕੇ ਬਿਨਾਂ ਵਿਆਹੇ ਹੀ ਰੱਖ ਲਿਆ ਜਾਂਦਾ ਸੀ।

ਸਮੇਂ ਦੇ ਗੇੜ ਨਾਲ ਜਦੋਂ ਭਰਜਾਈਆਂ ਅਗਾਂਹ ਵਾਲੀ ਪੀੜ੍ਹੀ ਦੀਆਂ ਭਤੀਜ ਨੂੰਹਾਂ ਆਈਆਂ ਤਾਂ ਘਰਾਂ ਵਿਚ ਰਹਿੰਦੀਆਂ ਕੁਆਰੀਆਂ ਕੁੜੀਆਂ ਭਾਵ 'ਭੂਆਂ' ਦੀ ਜ਼ਿੰਦਗੀ ਕੀੜਿਆਂ-ਮਕੌੜਿਆਂ ਵਾਂਗ ਸੁੰਘੜ ਕੇ ਰਹਿ ਜਾਂਦੀ। ਇਸ ਤਰ੍ਹਾਂ ਦਲੀਪ ਕੌਰ, ਜੋ ਸਿਰਫ ਆਪਣੇ ਹੱਥਾਂ 'ਤੇ ਤੁਰ ਸਕਦੀ ਹੈ, ਉਹ 50 ਸਾਲਾਂ ਤੋਂ ਵੱਧ ਉਮਰ ਹੋਣ ਦੇ ਬਾਵਜੂਦ ਆਮ ਤੰਦਰੁਸਤ ਔਰਤਾਂ ਨਾਲੋਂ ਜ਼ਿਆਦਾ ਘਰ ਦੇ ਸਾਰੇ ਕੰਮ ਕਰ ਦਿੰਦੀ ਹੈ। ਦਲੀਪ ਕੌਰ ਦੇ ਮਾਂ-ਬਾਪ ਨੇ ਉਸ ਨੂੰ ਬਥੇਰਾ ਵਿਆਹੁਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਔਲਾਦ ਦੀ ਥੁੜ੍ਹ ਵਾਲਾ ਘਰ ਤੈਨੂੰ ਰਾਣੀਆਂ ਵਾਂਗ ਰੱਖੇਗਾ ਪਰ ਦਲੀਪ ਕੌਰ ਨੇ ਆਪਣੇ ਸਰੀਰ ਨੂੰ ਦੇਖਦਿਆਂ ਹਮੇਸ਼ਾ ਆਵਦੇ ਬਾਪੂ ਨੂੰ ਕਿਹ, 'ਬਾਪੂ ਮੈਥੋਂ ਆਵਦੀ ਦੇਹ ਤਾਂ ਸੰਭਲਦੀ ਨੀਂ! ਮੈ ਔਲਾਦ ਕਿੱਥੋਂ ਪਾਲ ਲਵਾਂਗੀ, ਨਾਲੇ ਜੁਆਕ ਦੁਖੀ, ਨਾਲੇ ਆਪ!' ਬਾਪ ਧੀ ਦੇ ਅੰਦਰਲੇ ਦਰਦ ਨੂੰ ਸਮਝਦਾ ਹੋਇਆ ਧੀ ਦੇ ਨਾਂ ਜ਼ਮੀਨ ਕਰਵਾ ਗਿਆ ਤਾਂ ਕਿ ਬੁਢਾਪੇ ਵਿਚ ਧੀ ਰਾਣੀ ਰੁਲ ਨਾ ਜਾਵੇ।



ਦਲੀਪ ਕੁਰ ਦੀ ਮਾੜੀ ਕਿਸਮਤ ਵਿਚ ਰੁਲਣਾ ਹੀ ਲਿਖਿਆ ਸੀ, ਜਿਸ ਕਰਕੇ ਉਸ ਨੇ ਆਪਣੇ ਭਤੀਜੇ ਦੀਆਂ ਗੱਲਾਂ 'ਚ ਆ ਕੇ ਆਪਣੇ ਹਿੱਸੇ ਦੀ ਜ਼ਮੀਨ ਭਤੀਜੇ ਦੇ ਨਾਂ ਕਰਵਾ ਦਿੱਤੀ... ਫੇਰ ਵਿਚਾਰੀ ਰਿਸ਼ਤੇਦਾਰੀਆਂ 'ਚ ਦਰ-ਦਰ ਧੱਕੇ ਖਾ ਕੇ ਮਨੁੱਖੀ ਜੂਨ ਪੂਰੀ ਕਰ ਕੇ ਧਰਤੀ ਤੋਂ ਰੁਖ਼ਸਤ ਹੋਈ। ਲੈ ਇੱਥੇ ਕੋਈ ਇੱਕ ਦਲੀਪ ਕੌਰ ਦੀ ਕਹਾਣੀ ਥੋੜ੍ਹਾ, ਹੋਰ ਬਥੇਰੀਆਂ ਨੇ, ਜਿਨ੍ਹਾਂ ਵਿਚ ਚਾਚੀ ਚੰਦ ਕੁਰ ਵੀ ਸ਼ਾਮਲ ਹੈ। ਇਕੱਲੇ ਪੁੱਤ ਦੀ ਮਾਂ ਤੇ ਉਹ ਵੀ ਸ਼ਹੀਦ ਫੌਜੀ ਦੀ ਘਰਵਾਲੀ, ਜਿਸ ਦੀ ਪੈਨਸ਼ਨ ਹੋਣ ਦੇ ਬਾਵਜੂਦ ਜੂਨ ਕੁੱਤੇ-ਬਿੱਲੀਆਂ ਤੋਂ ਵੀ ਬਦਤਰ ਹੋਣੀ? ਚੰਦ ਕੁਰ ਨੇ ਆਪਣੀ ਜ਼ਿੰਦਗੀ ਵਿਚ ਬੜੇ ਦੁੱਖ-ਤਕਲੀਫਾਂ ਝੱਲੇ ਪਰ ਆਪਣੇ ਪੁੱਤਰ 'ਤੇ ਆਂਚ ਨੀ ਆਉਣ ਦਿੱਤੀ, ਜਿਸ ਕਰਕੇ ਸ਼ਰੀਕਾਂ ਨੇ ਬੁਢੇਪੇ ਵਿਚ ਉਸ ਦੀ ਨੂੰਹ ਰਾਹੀਂ ਬਦਲੇ ਲੈ ਲਏ। ਚੰਦ ਕੁਰ ਨੇ ਘਰਵਾਲੇ ਦੇ ਫੌਜ ਵਿਚ ਹੋਣ ਕਾਰਨ ਆਪਣੀ ਇੱਜ਼ਤ ਤੇ ਜ਼ਮੀਨ ਦੀ ਡੱਟ ਕੇ ਰਖਵਾਲੀ ਕੀਤੀ ਪਰ ਅਗਲੀ ਪੀੜ੍ਹੀ ਨੇ ਕੀ ਮੁੱਲ ਪਾਉਣਾ ਸੀ। ਉਸ ਦੀ ਨੂੰਹ ਨੇ ਆ ਕੇ ਉਸ ਨੂੰ ਘਰੋਂ ਕੱਢ ਦਿੱਤਾ। ਚੰਦ ਕੁਰ ਪੇਕੇ ਘਰ ਰਹਿ ਕੇ ਗੁਜ਼ਾਰਾ ਕਰਦੀ ਤੇ ਪੈਨਸ਼ਨ ਦੇ ਪੈਸਿਆਂ ਨੂੰ ਜੋੜ-ਜੋੜ ਕੇ ਆਪਣੇ ਪੋਤੇ-ਪੋਤੀਆਂ ਲਈ ਰੱਖਦੀ। ਉਸ ਨੇ ਫਜ਼ੂਲ ਖਰਚੀ ਤਾਂ ਕੀ ਕਰਨੀ ਸੀ, ਆਪਣੇ ਅੰਗ ਢੱਕਣ ਵਾਸਤੇ ਕੋਈ ਤਣ ਦਾ ਕੱਪੜਾ ਤੱਕ ਨਾ ਲੈਂਦੀ। ਉਸ ਦੇ ਪੇਕੇ ਸੌਖੇ ਹੋਣ ਕਾਰਨ ਕਦੇ ਕੁੱਝ ਮੰਗਦੇ ਵੀ ਨਹੀਂ ਸੀ, ਭਾਵੇਂ ਕੋਈ ਭਤੀਜਾ ਮਜ਼ਾਕ ਕਰਦਾ ਕਹਿ ਜਾਂਦਾ ਕਿ 'ਭੂਆ ਨੇ ਇੰਨੇ ਪੈਸੇ ਹਿੱਕ 'ਤੇ ਧਰ ਕੇ ਲੈ ਕੇ ਜਾਣੇ ਆ, ਬੰਦਾ ਪੁੰਨ ਵੀ ਕਰ ਦਿਆ ਕਰੇ! ਨਾਲੇ ਅਗਾਂਹ ਵੀ ਦਰਗਾਹ 'ਚ ਹਰਾ ਹੁੰਦਾ ਜਾ ਕੇ'। ਚੰਦ ਕੁਰ ਦੀ ਨੂੰਹ ਨੇ ਜਦੋਂ ਸ਼ਰੀਕਾਂ ਦੇ ਹੱਥ ਚੜ੍ਹ ਕੇ ਘਰ ਖਰਾਬ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਆਪਣੇ ਨਾਂ ਜੋ ਜ਼ਮੀਨ ਸੀ, ਉਸ ਦਾ ਠੇਕਾ ਲਿਆਉਣ ਲੱਗ ਪਈ...।

ਇਸ ਤਰ੍ਹਾਂ ਦੀਆਂ ਕਹਾਣੀਆਂ ਹਰ ਪਰਿਵਾਰ ਵਿਚ ਉੱਨੀ-ਇੱਕੀ ਦੇ ਫਰਕ ਨਾਲ ਮਿਲ ਜਾਣਗੀਆਂ, ਜਿਨ੍ਹਾਂ ਵਿਚ ਆਸ-ਪਾਸ ਦੇ ਮਾਹੌਲ ਨੂੰ ਦੇਖ ਦੁਨੀਆ ਆਪਣੇ ਖੂਨ ਦੇ ਰਿਸ਼ਤਿਆਂ ਦੀ ਬੇਕਦਰੀ ਕਰ ਰਹੀ ਏ। ਇੱਥੇ ਕਸੂਰ ਕਿਸੇ ਇੱਕ ਧਿਰ ਦਾ ਨਹੀਂ। ਮਾਂ-ਬਾਪ ਨੂੰ ਆਪਣੇ ਬੱਚਿਆਂ ਤੋਂ ਸੇਵਾ ਕਰਵਾਉਣ ਦੀ ਭਾਵਨਾ ਜੋ ਪਹਿਲਾਂ ਵਾਲੇ ਸਮੇਂ ਵਿਚ ਦੇਖੀ ਜਾਂਦੀ ਸੀ, ਉਹ ਹੌਲੀ-ਹੌਲੀ ਮੱਧਮ ਪੈ ਗਈ ਤੇ ਬੁਢਾਪੇ ਵਿਚ ਆਪਣੀ ਔਲਾਦ ਨਾਲ ਈਰਖਾ ਦੀ ਭਾਵਨਾ ਪੈਦਾ ਕਰਨ ਲੱਗੇ। ਦੂਜੇ ਪਾਸੇ ਨੌਜਵਾਨ ਪੀੜ੍ਹੀ ਵਿਆਹ ਤੋਂ ਬਾਅਦ ਮਾਂ-ਬਾਪ ਨੂੰ ਘਰ ਵਿਚ ਵਾਧੂ ਸਾਮਾਨ ਦੀ ਤਰ੍ਹਾਂ ਦੇਖਣ ਲੱਗ ਜਾਂਦੇ ਨੇ, ਜੋ ਕੋਈ ਵੀ ਕਬਾੜ ਵਾਲਾ ਲਿਜਾ ਕੇ ਕਿਸੇ ਢੇਰ ਵਿਚ ਸੁੱਟ ਦੇਵੇ। ਜਿਹੜੇ ਜਵਾਕਾਂ ਦੇ ਸਾਹਾਂ ਵਿਚ ਸਾਹ ਲੈਂਦੇ ਮਾਂ-ਬਾਪ ਉਨ੍ਹਾਂ ਦੇ ਸਿਰਦਰਦ ਹੋਣ 'ਤੇ ਵੀ ਡਾਕਟਰ ਬੁਲਾ ਲੈਂਦੇ ਸਨ, ਉਹੀ ਔਲਾਦ ਮਾਂ-ਬਾਪ ਦੇ ਕੈਂਸਰ ਵਰਗੀ ਬਿਮਾਰੀ ਦੇ ਇਲਾਜ ਲਈ ਵੀ ਡਾਕਟਰ ਤਕ ਲੈ ਕੇ ਨਹੀਂ ਪਹੁੰਚਦੀ ਕਿਉਂਕਿ ਉਹ ਆਪਣੇ ਮਾਂ-ਬਾਪ 'ਤੇ ਪੈਸਾ ਖਰਚਣਾ ਜ਼ਰੂਰੀ ਨਹੀਂ ਸਮਝਦੇ। ਜਿਹੜੀ ਮਾਂ ਨੇ ਪੁੱਤ ਨੂੰ ਆਪ ਗਿੱਲੀ ਥਾਂ ਪੈ ਕੇ ਸੁੱਕੀ ਥਾਂ ਪਾਇਆ ਹੁੰਦਾ, ਇੱਕ ਦਿਨ ਉਸੇ ਮਾਂ ਨੂੰ ਪੁੱਤ ਪਸ਼ੂਆਂ ਵਾਲੇ ਢਾਰੇ ਵਿਚ ਮੰਜਾ ਡਾਹ ਕੇ ਪਾਉਂਦਾ ਹੈ।

ਬਸ ਇੱਥੇ ਹੀ ਨਹੀਂ ਹੁੰਦੀ, ਬਹੁਤੀ ਵਾਰ ਤਾਂ ਹਾਲਾਤ ਇਸ ਤਰ੍ਹਾਂ ਦੇ ਵੀ ਦੇਖੇ ਜਾਂਦੇ ਨੇ ਕਿ ਜਿਸ ਸ਼ਰੀਕੇ ਨਾਲ ਬੰਦਾ ਸਾਰੀ ਉਮਰ ਸ਼ਰੀਕੇਬਾਜ਼ੀ ਕਰਦਾ ਲੜਦਾ ਰਹਿੰਦਾ ਹੈ ਤੇ ਕਈ ਵਾਰ ਉਨ੍ਹਾਂ ਦੇ ਘਰ ਹੀ ਬੁਢੇਪੇ ਦੇ ਆਖਰੀ ਸਾਹ ਗਿਣਦਾ ਹੈ। ਇਸ ਤਰ੍ਹਾਂ ਦੀ ਅਵਸਥਾ ਵਿਚ ਬੰਦਾ ਆਪਣੇ ਭੋਗ ਲਈ ਅੰਦਰੋਂ-ਅੰਦਰੀ ਤੜਫਦਾ ਰਹਿੰਦਾ ਕਹਿੰਦਾ ਹੈ ਕਿ' ਹਾਏ! ਮੇਰਾ ਭੋਗ ਕੌਣ ...?' ਉਨ੍ਹਾਂ ਨੂੰ ਮੌਤ ਦਾ ਉਨਾ ਫਿਕਰ ਨਹੀਂ ਹੁੰਦਾ ਜਿੰਨਾ ਆਪਣੇ ਭੋਗ ਭਾਵ ਅੰਤਿਮ ਅਰਦਾਸ ਦਾ ਰਹਿੰਦਾ ਹੈ।

**ਗੁਰਬਾਣੀ ਵਿਚ ਲਿਖਿਆ ਹੈ:**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥**

ਅਨੁਸਾਰ ਬੰਦੇ ਨੂੰ ਆਪਣੀਆਂ ਲਿਖੀਆਂ ਦੇ ਨਿਬੇੜੇ ਤਾਂ ਕਰਨੇ ਹੀ ਪੈਂਦੇ ਨੇ। ਜਿਵੇਂ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ, ਉਸੇ ਤਰ੍ਹਾਂ ਦੋਵੇਂ ਧਿਰਾਂ ਨੂੰ ਨਿਰਸੁਆਰਥ ਹੋ ਕੇ ਸਮਰਪਣ ਨਾਲ ਰਿਸ਼ਤੇ ਨੂੰ ਨਿਭਾਉਣਾ ਚਾਹੀਦਾ ਹੈ। ਬਜ਼ੁਰਗਾਂ ਨੂੰ ਆਪਣੇ ਬੱਚਿਆਂ ਦੀ ਖੁਸ਼ੀ ਵਿਚ ਖੁਸ਼ ਰਹਿਣਾ ਚਾਹੀਦਾ ਹੈ ਨਾ ਕਿ ਪੈਸੇ ਲੈ ਕੇ ਖੁਸ਼ ਹੋਣਾ ਚਾਹੀਦਾ ਹੈ। ਦੂਜੇ ਪਾਸੇ ਹਰ ਨੂੰਹ-ਧੀ ਨੂੰ ਆਪਣੇ ਘਰ ਦੇ ਬਜ਼ੁਰਗ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਇਹ ਨਹੀਂ ਸੋਚਣਾ ਚਾਹੀਦਾ ਕਿ ਬਜ਼ੁਰਗ ਉਨ੍ਹਾਂ 'ਤੇ ਬੋਝ ਹਨ ਬਲਕਿ ਹਰ ਨੂੰਹ ਨੂੰ ਆਪਣੇ ਮਾਂ-ਬਾਪ ਵਾਂਗ ਸੱਸ-ਸਹੁਰੇ ਦੀ ਸੰਭਾਲ ਕਰਨੀ ਚਾਹੀਦੀ ਹੈ। ਹਰ ਬਜ਼ੁਰਗ ਘਰ ਦੀ ਨੀਂਹ ਹੁੰਦਾ ਹੈ ਤੇ ਨੀਂਹ ਨੂੰ ਕਦੇ ਉਖਾੜਿਆ ਨਹੀ ਜਾਂਦਾ...।

## ਧਰਮ ਨਿਰਪੱਖਤਾ ਤੇ ਸਮਾਨਤਾ

ਮੈਂ ਕਿੰਨੀ ਹੀ ਵਾਰ ਸਮਾਨਤਾ
ਤੇ ਧਰਮ ਨਿਰਪੱਖਤਾ ਦੇ ਅਧਿਕਾਰ ਨੂੰ
ਅੱਖਾਂ ਭਰ ਕੇ ਰੋਂਦੇ ਵੇਖ ਚੁੱਕਾ ਹਾਂ।
ਗੀਤਾਂ ਤੋਂ ਉਪਜੀ ਜੱਟਵਾਦ ਦੀ
ਕਾਰਬਨ ਮੋਨੋਆਕਸਾਈਡ ਨੇ
ਇਸਦੇ ਦਿਮਾਗ਼ 'ਚ ਕੈਂਸਰ ਵਰਗਾ
ਕੁੱਝ ਨਾ ਕੁੱਝ ਕਰ ਦਿੱਤਾ ਐ...।
ਕਿਸੇ ਸਰਕਾਰ ਦੇ ਰਾਜਨੇਤਾਵਾਂ ਵੱਲੋਂ
ਧਰਮ ਤੇ ਜਾਤੀ ਦੇ ਅਧਾਰ ਉੱਤੇ
ਜਨਗਣਨਾ ਦੀ ਮੰਗ ਨੇ ਕੱਲ੍ਹ
ਧਰਮਨਿਰਪੱਖਤਾ ਤੇ ਸਮਾਨਤਾ ਦਾ
ਸਿਰ ਹੀ ਪਾੜ ਕੇ ਰੱਖ ਦਿੱਤਾ...।
ਕੁੱਝ ਕੁ ਦਿਨ ਪਹਿਲਾਂ ਜਦੋਂ ਕੁਝ
ਧਰਮ ਤੇ ਰਾਜਨੇਤਾ ਇਹ ਕਹਿ ਰਹੇ ਸਨ
ਕਿ ਏਸ ਵਾਰ ਅਸੀਂ ਆਪਣੇ ਧਰਮ ਦਾ
ਉਮੀਦਵਾਰ ਖੜ੍ਹਾ ਕਰਾਂਗੇ
ਤਾਂ ਸੁਣਦੇ ਹੀ ਮੌਲਿਕ ਅਧਿਕਾਰਾਂ ਨੇ
ਬੇਵੱਸੀ ਵਿੱਚ ਨੀਵੀਂ ਪਾ ਲਈ ਸੀ।
ਇੰਝ ਲੱਗਦਾ ਸੀ ਜਿਵੇਂ ਕਹਿ ਰਹੇ ਹੋਣ
ਲਓ ਕੱਟ ਦੇਵੋ ਸਾਡੀ ਗਰਦਨ
ਜੇ ਤੁਸੀਂ ਦੇਸ਼ ਦੀ
ਅੱਖ ਹੀ ਕਾਣੀ ਕਰਨੀ ਹੈ...।

*-ਗੁਰਪ੍ਰੀਤ ਰਾਹੀ, ਮਾਨਸਾ*
*ਫੋਨ: 98886-47726*

## ਬੇਬੇ

ਅੱਜ ਕਈ ਦਿਨਾਂ ਬਾਅਦ ਉਹ ਬੇਬੇ ਮੈਨੂੰ ਮਿਲੀ ਤੇ ਮੈਂ ਪੁੱਛਿਆ, ਬੇਬੇ ਕਿੱਥੇ ਗਈ ਸੀ?' 'ਪੁੱਤ ਹਸਪਤਾਲ ਦਾਖਲ ਸੀ' ਬੇਬੇ ਬੋਲੀ। ਬੇਬੇ ਹਸਪਤਾਲ ਬਹੁਤ ਜਾਂਦੀ ਐਂ ਤੂੰ, ਮੈ ਫਿਰ ਪੁੱਛਿਆ। ਪੁੱਤ ਜਾਣਾ ਪੈਂਦਾ। ਪੁੱਤ-ਧੀਆਂ ਊਂ ਤਾ ਮਿਲਣ ਨਹੀਂ ਆਉਂਦੇ, ਹਸਪਤਾਲ ਦਾ ਸੁਣ ਕੇ ਭੱਜੇ ਆਉਂਦੇ ਨੇ ਮਿਲਣ ਲਈ, ਬੇਬੇ ਹੰਝੂ ਕੇਰਦੀ ਬੋਲੀ। ਬੇਬੇ ਤੂੰ ਇੰਜ ਨਾ ਕਰਿਆ ਕਰ, ਉਨ੍ਹਾਂ ਦਾ ਟਾਈਮ ਖਰਾਬ ਹੁੰਦੈ, ਨਾ਼ਲੇ ਹਸਪਤਾਲ ਦਾ ਬਿੱਲ ਭਰਨਾ ਪੈਂਦਾ ਹੈ। 'ਮੈਂ ਕਿਹਾ, ਗੱਲ ਸੁਣ ਵੇ! ਮੈਂ ਇਨ੍ਹਾਂ ਖਾਤਰ ਸਾਰੀ ਜ਼ਿੰਦਗੀ ਲਾ ਦਿੱਤੀ ਤੇ ਇਹ ਘੰਟਾ ਵੀ ਨਹੀਂ ਕੱਢ ਸਕਦੇ ਮਿਲਣ ਲਈ। ਨਾਲ ਤਾਂ ਸਾਨੂੰ ਰੱਖਿਆ ਨਹੀਂ, ਕਹਿੰਦੇ ਸਾਥੋਂ ਨਹੀਂ ਬੁੱਢਾ-ਬੁੱਢੀ ਸਾਂਭ ਹੁੰਦੇ। ਪੁੱਛਣ ਵਾਲਾ ਹੋਵੇ ਬਈ ਅਸੀਂ ਦੋਵਾਂ ਨੇ ਸੱਤ ਪਾਲੇ-ਪੜ੍ਹਾਏ ਤੇ ਸੱਤੇ ਹੀ ਅਮਰੀਕਾ ਨੇ, ਇਨ੍ਹਾਂ ਤੋਂ ਦੋ ਨਹੀਂ ਸੰਭਾਲ ਹੁੰਦੇ। ਨਾਲੇ ਮੇਰਾ ਇਲਾਜ ਮੁਫ਼ਤ ਹੁੰਦਾ, ਮੈਂ ਦੱਸਿਆ ਵਾ ਕਿ ਕੋਈ ਮੈਨੂੰ ਸਾਂਭਣ ਵਾਲਾ ਨਹੀਂ, ਨਾ਼ਲੇ ਤੂੰ ਵੀ ਸੁਣ ਲੈ, ਤੇਰੀ ਵਾਰੀ ਵੀ ਆਈ ਲੈ, ਜਿਨ੍ਹਾਂ ਖਾਤਰ ਭੱਜਿਆ ਫਿਰਦੈਂ, ਪਾਣੀ ਦੀ ਘੁੱਟ ਤੈਨੂੰ ਵੀ ਨਹੀਂ ਮਿਲਣੀ, ਯਾਦ ਰੱਖੀਂ।' ਬੇਬੇ ਕਹਿ ਕੇ ਤੁਰ ਪਈ ਤੇ ਮੈਨੂੰ ਪੱਥਰ ਦਾ ਬੁੱਤ ਬਣਾ ਗਈ।

*-ਮੇਜਰ ਕੁਲਾਰ*

## ਬੈਚ ਫੁੱਲ ਦਵਾਈਆਂ-ਸਿੱਟਾ ਤੇ ਸਾਰ

*(ਪਿਛਲੇ ਸਫੇ ਦੀ ਬਾਕੀ)*

ਲਈ ਫੁੱਲ ਦਵਾ 'ਇੰਪੇਸੈਂਜ਼' ਦੇਣੀ ਪੈਂਦੀ ਹੈ ਪਰ ਜੇ ਉਨ੍ਹਾਂ ਦੀਆਂ ਗਤੀਵਿਧੀਆਂ ਇੰਨੀਆਂ ਤੇਜ਼ ਹੋਣ ਕਿ ਉਹ ਥੱਕ ਹਾਰ ਕੇ ਬੈਠ ਹੀ ਜਾਣ ਤਾਂ ਉਹ ਫੁੱਲ ਦਵਾ 'ਵਰਵੇਨ' ਨਾਲ ਠੀਕ ਹੁੰਦੇ ਹਨ। ਇਸੇ ਤਰ੍ਹਾਂ ਘੱਟ ਊਰਜਾ ਵਾਲੇ ਭਾਵ ਹੌਲੇ ਮੈਟਾਬਿਲਿਜ਼ਮ ਵਾਲੇ ਵੀ ਕਈ ਪ੍ਰਕਾਰ ਦੇ ਹੋ ਸਕਦੇ ਹਨ। ਕਈ ਇੰਨੇ ਥੱਕੇ ਰਹਿੰਦੇ ਹਨ ਕਿ ਕੰਮ ਕਾਰ ਵੀ ਮੁਸ਼ਕਿਲ ਨਾਲ ਕਰ ਸਕਦੇ ਹਨ, ਉਨ੍ਹਾਂ ਲਈ ਬੈਚ ਦਵਾ 'ਐਲਮ' ਹੈ। ਜੋ ਕੰਮ ਕਰ ਕੇ ਇੰਨਾ ਥੱਕ ਜਾਂਦੇ ਹਨ ਕਿ ਅਗਲੇ ਦਿਨ ਛੁੱਟੀ ਭਾਲਦੇ ਹਨ, ਉਨ੍ਹਾਂ ਦਾ ਕਲਿਆਣ 'ਹਾਰਨਬੀਮ' ਕਰਦੀ ਹੈ ਪਰ ਕੁਝ ਥੱਕ ਹਾਰ ਕੇ ਵੀ ਬੈਠਦੇ ਨਹੀਂ, ਉਹ ਲੱਤਾਂ ਘਸੀਟ ਕੇ ਚਲਦੇ ਰਹਿੰਦੇ ਹਨ ਤੇ ਆਪਣੇ ਕੰਮਾਂ ਨੂੰ ਨਿਬੇੜਨ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਘੱਟ ਊਰਜਾ ਵਾਲੇ ਸਿਰੜੀ ਕਿਰਸੀਆਂ ਲਈ ਫੁੱਲ ਦਵਾ 'ਓਕ' ਬਣੀ ਹੈ। ਕਈ ਬਿਨਾਂ ਅੱਕੇ-ਥੱਕੇ ਕੰਮ ਤਾਂ ਕਰੀ ਜਾਂਦੇ ਹਨ ਪਰ ਅੰਤ ਵਿਚ ਵਧੀਕ ਕੰਮ ਕਾਰਨ ਬਿਮਾਰ ਪੈ ਜਾਂਦੇ ਹਨ। ਉਹ ਫੁੱਲ ਦਵਾ 'ਓਲਿਵ' ਨਾਲ ਆਪਣੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਂਦੇ ਹਨ।

ਡਾਕਟਰ ਬੈਚ ਅਨੁਸਾਰ ਮਨੁੱਖੀ ਸੁਭਾਅ ਵਿਚ ਜ਼ਾਬਤਾ ਵੀ ਵਿਸ਼ੇਸ਼ ਸਥਾਨ ਰੱਖਦਾ ਹੈ। ਕਈ ਵਿਅਕਤੀ ਦੂਜਿਆਂ ਨੂੰ ਆਪਣੇ ਅਧੀਨ ਰੱਖਣਾ ਚਾਹੁੰਦੇ ਹਨ ਤੇ ਕਈ ਆਪਣਾ ਜ਼ਾਬਤਾ ਆਪਣੇ 'ਤੇ ਹੀ ਲਾਗੂ ਕਰ ਕੇ ਦੂਜਿਆਂ ਲਈ ਮਿਸਾਲ ਪੇਸ਼ ਕਰਨਾ ਚਾਹੁੰਦੇ ਹਨ। ਦੂਜਿਆਂ ਨੂੰ ਕਾਬੂ ਰੱਖਣ ਵਾਲੇ ਤਾਨਾਸ਼ਾਹਾਂ ਲਈ ਫੁੱਲ ਦਵਾ 'ਵਾਈਨ' ਹੈ ਤੇ ਆਪਣੇ ਨਿਯਮ ਆਪਣੇ 'ਤੇ ਲਾਗੂ ਕਰਨ ਵਾਲਿਆਂ ਲਈ 'ਰਾਕ ਵਾਟਰ' ਹੈ ਪਰ ਮੱਨੁਖੀ ਸੁਭਾਅ ਦੀ ਸਭ ਤੋਂ ਦੁਖਦਾਇਕ ਸੰਵੇਦਨਾ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਉਸ ਨਾਲ ਅਚਨਚੇਤ ਕੋਈ ਡਰਾਵਣੀ ਘਟਨਾ ਵਾਪਰੇ ਜਾਂ ਉਸ ਨੂੰ ਕੋਈ ਗੰਭੀਰ ਸਦਮਾ ਲੱਗੇ। ਪ੍ਰੰਪਰਾਗਤ ਦਵਾ ਪ੍ਰਣਾਲੀਆਂ ਵਿਚ ਤਾਂ ਇਨ੍ਹਾਂ ਤੋਂ ਬਚਣ ਲਈ ਇਕ ਵੀ ਉਪਾਅ ਨਹੀਂ ਹੈ ਪਰ ਬੈਚ ਦਵਾ ਪ੍ਰਣਾਲੀ ਵਿਚ ਗਹਿਰੀ ਤੋਂ ਗਹਿਰੀ ਦਹਿਸ਼ਤ ਵੀ 'ਰਾਕ ਰੋਜ਼' ਅੱਗੇ ਨਹੀਂ ਟਿਕਦੀ। ਇਸੇ ਤਰ੍ਹਾ ਗੰਭੀਰ ਤੋਂ ਗੰਭੀਰ ਸਦਮੇ ਨੂੰ ਫੁੱਲ ਦਵਾ 'ਸਟਾਰ ਆਫ ਬੈਥਲੇਹੈਮ' ਖਾਰਜ ਕਰ ਦਿੰਦੀ ਹੈ।

ਇਹੀ ਨਹੀਂ, ਮੱਨੁਖੀ ਸੁਭਾਅ ਦੀਆਂ ਕਈ ਹੋਰ ਊਣਤਾਈਆਂ ਵੀ ਹਨ, ਜਿਹੜੀਆਂ ਵੱਖ-ਵੱਖ ਵਿਅਕਤੀਆਂ ਵਿਚ ਪਾਈਆਂ ਜਾਂਦੀਆਂ ਹਨ। ਕਈ ਲੋਕ ਦਿਲ ਵਿਚ ਗਮਾਂ ਦਾ ਪਰਾਗਾ ਲਈ ਫਿਰਦੇ ਰਹਿੰਦੇ ਹਨ ਪਰ ਬਾਹਰੋਂ ਖੁਸ਼ਤਬੀਅਤ ਦਿਸਦੇ ਹਨ। ਉਨ੍ਹਾਂ ਨੂੰ ਆਪਣਾ ਦੁਖ ਦੱਸਣ ਵਿਚ ਹੀਣਤਾ ਮਹਿਸੂਸ ਹੁੰਦੀ ਹੈ। ਉਨ੍ਹਾਂ ਨੂੰ ਖੁੱਲ੍ਹ ਕੇ ਜ਼ਿੰਦਗੀ ਜਿਊਣ ਦਾ ਸਬਕ ਫੁੱਲ ਦਵਾ 'ਐਗਰੀਮਨੀ' ਸਿਖਾਉਂਦੀ ਹੈ। ਕਈ ਬਿਨਾਂ ਕਾਰਨ ਦੂਜਿਆਂ ਨਾਲ ਸਾੜਾ ਕਰਦੇ ਰਹਿੰਦੇ ਹਨ। ਉਹ ਚਾਹੁੰਦੇ ਹਨ ਕਿ ਜੋ ਕੁਝ ਹੋਵੇ ਉਨ੍ਹਾਂ ਕੋਲ ਹੀ ਹੋਵੇ, ਦੂਜੇ ਸਾਰੇ ਨੰਗ ਹੋਣ। ਅਜਿਹੇ ਤੰਗ ਸੁਭਾਅ ਵਾਲਿਆਂ ਨੂੰ 'ਹਾਉਲੀ' ਦੇ ਕੇ ਠੀਕ ਕੀਤਾ ਜਾਂਦਾ ਹੈ। ਕਈ ਆਪਣੀ ਹੀ ਦਿੱਖ ਤੇ ਆਪਣੇ ਵਿਚਾਰਾਂ ਨਾਲ ਲੜਦੇ ਰਹਿੰਦੇ ਹਨ। ਜੇ ਉਨ੍ਹਾਂ ਦੇ ਚਿਹਰੇ 'ਤੇ ਕੋਈ ਫਿਨਸੀ ਨਿਕਲ ਆਵੇ ਤਾਂ ਉਨ੍ਹਾਂ ਨੂੰ ਸ਼ਰਮ ਆਉਣ ਲੱਗਦੀ ਹੈ। ਉਹ ਬਿਨਾਂ ਬਣੇ-ਠਣੇ ਬਾਹਰ ਨਹੀਂ ਨਿਕਲਦੇ। ਫੁੱਲ ਦਵਾ 'ਕਰੈਬ ਐਪਲ' ਉਨ੍ਹਾਂ ਨੂੰ ਆਪਣੇ ਆਪ ਨਾਲ ਜਿਊਣਾ ਸਿਖਾਉਂਦੀ ਹੈ। ਬਹੁਤਿਆਂ ਨੂੰ ਬਿਨਾਂ ਕਿਸੇ ਕਾਰਨ ਡਿਪ੍ਰੈਸ਼ਨ ਰਹਿੰਦਾ ਹੈ, ਭਾਵ ਉਹ ਅਕਾਰਨ ਚਿੰਤਾ ਵਿਚ ਡੁੱਬੇ ਰਹਿੰਦੇ ਹਨ। ਇਸ ਮਾਨਸਿਕ ਬਿਮਾਰੀ ਨੂੰ ਫੁੱਲ ਦਵਾ 'ਮਸਟਰਡ' ਦੂਰ ਕਰਦੀ ਹੈ।

ਕਈਆਂ ਨੂੰ ਆਪਣੇ ਬੱਚਿਆਂ ਦੇ ਫਿਕਰ ਵਿਚ ਡਿਪ੍ਰੈਸ਼ਨ ਹੋ ਜਾਂਦਾ ਹੈ ਤੇ ਕਈ ਚਿੰਤਾ ਵਿਚ ਇੰਨਾ ਖਪ ਜਾਂਦੇ ਹਨ ਕਿ ਉਨ੍ਹਾਂ ਨੂੰ ਅੱਗੇ ਵਿਨਾਸ਼ ਹੀ ਨਜ਼ਰ ਆਉਂਦਾ ਹੈ। ਇਨ੍ਹਾਂ ਵਿਚੋਂ ਪਹਿਲੀ ਪ੍ਰਕਾਰ ਦੇ ਡਿਪ੍ਰੈਸ਼ਨ ਲਈ 'ਰੈੱਡ ਚੈਸਟਨਟ' ਤੇ ਦੂਜੀ ਲਈ 'ਸਵੀਟ ਚੈਸਟਨਟ' ਫੁੱਲ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਕਈ ਦੂਜਿਆਂ ਦੇ ਰੋਅਬ ਹੇਠ ਦਬੇ ਰਹਿੰਦੇ ਹਨ ਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਨਕਲ ਕਰਦੇ ਹਨ।

ਦੂਜੇ ਪਾਸੇ ਕਈ ਅਜਿਹੇ ਵੀ ਹਨ ਜੋ ਦੂਜਿਆਂ ਨੂੰ ਆਪਣੀ ਲਿਆਕਤ ਦਾ ਰੋਅਬ ਦੇ ਕੇ ਦਬਾਉਂਦੇ ਹਨ। ਰੋਅਬ ਕਬੂਲਣ ਵਾਲਿਆਂ ਲਈ ਫੁੱਲ ਦਵਾ 'ਵ੍ਹਾਲਨਟ' ਤੇ ਰੋਅਬ ਦੇਣ ਵਾਲਿਆਂ ਲਈ 'ਵਾਟਰ ਵਾਇਓਲੈਟ' ਹੈ। ਕਈਆਂ ਦੇ ਦਿਮਾਗ਼ ਵਿਚ ਕਈ ਅਣਸੁਖਾਵੇਂ ਵਿਚਾਰ ਘੁੰਮਦੇ ਰਹਿੰਦੇ ਹਨ ਜੋ ਉਨ੍ਹਾਂ ਨੂੰ ਬੇਚੈਨ ਕਰ ਕੇ ਰੱਖਦੇ ਹਨ। ਕਈ ਅੰਦਰੋਂ ਬੇਚੈਨ ਹੋ ਕੇ ਬਾਹਰ ਭਟਕਦੇ ਰਹਿੰਦੇ ਹਨ ਪਰ ਉਨ੍ਹਾਂ ਨੂੰ ਕੋਈ ਸਹੀ ਰਾਹ ਨਹੀਂ ਲੱਭਦਾ। ਪਹਿਲੇ ਪ੍ਰਕਾਰ ਦੇ ਰੋਗੀਆਂ ਨੂੰ ਫੁੱਲ ਦਵਾ 'ਵ੍ਹਾਈਟ ਚੈਸਟਨਟ' ਤੇ ਦੂਜੀ ਪ੍ਰਕਾਰ ਦਿਆਂ ਨੂੰ 'ਵਾਈਲਡ ਓਟ' ਦਿੱਤੀ ਜਾਂਦੀ ਹੈ। ਇਨ੍ਹਾਂ ਸਭ ਤੋਂ ਇਲਾਵਾ ਇਕ ਰੈਸਕਿਊ ਰੈਮਿਡੀ ਹੈ, ਜੋ ਐਮਰਜੈਂਸੀ ਵਿਚ ਮਨੁੱਖੀ ਜਾਨ ਬਚਾਉਣ ਲਈ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਇਹ ਨਹੀਂ ਭੁਲਾਉਣਾ ਚਾਹੀਦਾ ਕਿ ਹਰੇਕ ਦਵਾਈ ਦੀ ਮੁੱਖ ਅਲਾਮਤ ਦੇ ਨਾਲ-ਨਾਲ ਕਈ ਕਈ ਹੋਰ ਅਲਾਮਤਾਂ ਵੀ ਹੁੰਦੀਆਂ ਹਨ, ਜੋ ਇਨ੍ਹਾਂ ਦੇ ਅਮਲ ਦਾ ਦਾਇਰਾ ਬਹੁਤ ਵਧਾ ਦਿੰਦੀਆਂ ਹਨ। ਪਿਛਲੇ ਸੌ ਸਾਲ ਤੋਂ ਭਾਵੇਂ ਕੋਈ ਨਵੀਂ ਫੁੱਲ ਦਵਾ ਸ਼ਾਮਲ ਨਹੀਂ ਕੀਤੀ ਗਈ ਹੈ, ਫਿਰ ਵੀ ਇਨ੍ਹਾਂ ਦੀਆਂ ਅਣਗਿਣਤ ਸੰਭਾਵਨਾਵਾਂ ਨਾਲ ਹੀ ਸਭ ਨੂੰ ਠੀਕ ਕੀਤਾ ਜਾਂਦਾ ਰਿਹਾ ਹੈ। ਕਈ ਲੇਖਕਾਂ ਨੇ ਤਾਂ ਇਨ੍ਹਾਂ ਦਵਾਈਆਂ ਨੂੰ ਵੱਖ- ਵੱਖ ਕਿੱਤਿਆਂ ਦੇ ਲੋਕਾਂ ਅਨੁਸਾਰ ਵੰਡਿਆ ਹੋਇਆ ਹੈ।

ਉਨ੍ਹਾਂ ਦੀਆਂ ਪੁਸਤਕਾਂ ਵਿਚ ਅਧਿਆਪਕਾਂ, ਵਿਗਿਆਨੀਆਂ, ਵਿਦਿਆਰਥੀਆਂ, ਅਫਸਰਾਂ, ਕਰਮਚਾਰੀਆਂ, ਕਾਰੋਬਾਰੀਆਂ, ਨਸ਼ੇੜੀਆਂ, ਬੱਚਿਆਂ, ਔਰਤਾਂ, ਬਜ਼ੁਰਗਾਂ ਆਦਿ ਅਨੁਸਾਰ ਦਵਾਈਆਂ ਪੜ੍ਹਨ ਨੂੰ ਮਿਲਦੀਆਂ ਹਨ। ਉਨ੍ਹਾਂ ਨੇ ਜਾਨਵਰਾਂ ਤੇ ਫਸਲਾਂ ਲਈ ਦਵਾਈਆਂ ਵੀ ਇਨ੍ਹਾਂ ਊਣਤਾਈਆਂ ਵਿਚੋਂ ਹੀ ਲੱਭੀਆਂ ਹੋਈਆਂ ਹਨ। ਕਈ ਆਧੁਨਿਕ ਲੇਖਕਾਂ ਨੇ ਇਨ੍ਹਾਂ ਦੀ ਰੈਪਰਟਰੀ ਵੀ ਬਣਾ ਲਈ ਹੈ ਤੇ ਕਿਸੇ-ਕਿਸੇ ਥਾਂ ਇਸ ਦੇ ਸਾਫਟਵੇਅਰ ਵੀ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਗਤੀਵਿਧੀਆਂ ਤੋਂ ਪਤਾ ਚਲਦਾ ਹੈ ਕਿ ਇਹ ਪ੍ਰਣਾਲੀ ਲਗਾਤਾਰ ਵਿਕਾਸ ਕਰ ਰਹੀ ਹੈ।

ਇਸ ਦੀ ਸਿੱਧੀ ਪਹੁੰਚ ਤੇ ਆਸਾਨ ਵਰਤੋਂ ਕਾਰਨ ਲੁਕਾਈ ਦਾ ਵੱਡਾ ਹਿੱਸਾ ਇਸ ਪ੍ਰਣਾਲੀ ਨੂੰ ਵਰਤਣ ਲੱਗਿਆ ਹੈ। ਜਿਸ ਪ੍ਰਕਾਰ ਇਹ ਦਵਾਈਆਂ ਮੱਨੁਖੀ ਮਨ ਅੰਦਰ ਵੜ ਕੇ ਉਸ ਦੀ ਤੋੜ-ਭੰਨ ਤੇ ਟੇਢ-ਵਿੰਗ ਨੂੰ ਠੀਕ ਕਰ ਕੇ ਉਸ ਦੀਆਂ ਸਰੀਰਕ ਬਿਮਾਰੀਆਂ ਦਾ ਇਲਾਜ ਕਰਦੀਆਂ ਹਨ ਉਸ ਨੂੰ ਲੈ ਕੇ ਹੀ ਬੈਚ ਦਵਾ ਪ੍ਰਣਾਲੀ ਨੂੰ 'ਭਵਿੱਖ ਦੀ ਦਵਾ ਪ੍ਰਣਾਲੀ' ਦਾ ਦਰਜਾ ਦਿੱਤਾ ਗਿਆ ਹੈ। ਇਹ ਵਿਚਾਰ ਹੈ ਵੀ ਸਹੀ ਕਿਉਂਕਿ ਇਸ ਜਿਹੀ, ਹਾਨੀ ਰਹਿਤ, ਪ੍ਰਤੀਕਿਰਿਆ (Reacton) ਰਹਿਤ, ਮਿਆਦ ਰਹਿਤ, ਰਸਾਇਣ ਰਹਿਤ, ਲਾਗਤ ਰਹਿਤ, ਪ੍ਰਦੂਸ਼ਣ ਰਹਿਤ, ਧੁਰੋਂ 'ਗਰੀਨ' ਤੇ ਅਤਿ ਦੀ ਲਾਭਕਾਰੀ ਦਵਾ ਪ੍ਰਣਾਲੀ ਮਨੁੱਖਤਾ ਨੂੰ ਨਾ ਕਦੇ ਪ੍ਰਾਪਤ ਹੋਈ ਹੈ ਤੇ ਨਾ ਹੀ ਹੋਵੇਗੀ। ਇਹ ਇਸ ਲਈ ਕਿ ਜਿਹੜੀ ਆਦਰਸ਼ ਪ੍ਰਣਾਲੀ ਦੀ ਲੋਕ ਕਲਪਨਾ ਕਰਦੇ ਹਨ, ਉਹ ਆਦਰਸ਼ ਇਸ ਵਿਚ ਪਹਿਲਾਂ ਹੀ ਮੌਜੂਦ ਹਨ।

ਜਿਹੜੇ ਲੋਕ ਇਕ ਪਾਸੇ ਰਸਾਇਣਕ ਦਵਾਈਆਂ ਖਾਂਦੇ ਹਨ, ਰਸਾਇਣਾਂ ਤੋਂ ਬਣੇ ਟਾਨਿਕ ਖਾਂਦੇ ਹਨ ਤੇ ਫਾਰਮੇਸੀਆਂ ਵਿਚ ਤਿਆਰ ਕੀਤੇ ਖੁਰਾਕ-ਪੂਰਕ (supplement) ਪਦਾਰਥ ਛਕਦੇ ਹਨ ਤੇ ਇਸ ਮਗਰੋਂ ਆਰਗੈਨਿਕ ਖਾਧ ਪਦਾਰਥਾਂ ਦੀ ਗੁਹਾਰ ਲਾਉਂਦੇ ਹੋਏ ਪੀਣ ਦਾ ਪਾਣੀ ਵੀ ਆਰਗੈਨਿਕ ਭਲਦੇ ਹਨ, ਉਨ੍ਹਾਂ ਲਈ ਤਾਂ ਇਹ ਦਵਾਈਆਂ ਸੱਚ-ਮੁੱਚ ਵਰਦਾਨ ਹਨ।

ਉਹ ਦਿਨ ਦੂਰ ਨਹੀਂ, ਜਦੋਂ ਇਹ ਦਵਾ ਪ੍ਰਣਾਲੀ ਅੱਜ-ਕੱਲ੍ਹ ਦੀਆਂ ਕਈ ਕਹਿੰਦੀਆਂ-ਕਹਾਉਂਦੀਆਂ ਦਵਾ ਪ੍ਰਣਾਲੀਆਂ ਨੂੰ ਇਤਿਹਾਸ ਦੇ ਅਜਾਇਬ ਘਰ ਵਿਚ ਇਕ ਪਾਸੇ ਟਿਕਾ ਕੇ ਆਪ ਸ਼ਾਹ ਪ੍ਰਣਾਲੀ ਬਣ ਜਾਵੇਗੀ।

# ਗਲਾਸਗੋ ਕਾਨਫਰੰਸ ਦੇ ਮੁਢਲੇ ਦਿਨਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ

**ਗਲਾਸਗੋ ਵਿਚ ਹੋ ਰਹੀ 'ਕਾਨਫਰੰਸ ਆਫ਼ ਪਾਰਟੀਜ਼-26' ਵਿਚ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਦੁਨੀਆ ਦੇ ਸਾਰੇ ਦੇਸ਼ ਗਰੀਨਹਾਊਸ ਦੀ ਵੱਧ ਨਿਕਾਸੀ ਕਰਨ ਵਾਲੇ ਦੇਸ਼ਾਂ ਦੀ ਸ਼ੁੱਧ ਜ਼ੀਰੋ ਕਾਰਬਨ ਨਿਕਾਸੀ ਦੀ ਨਵੀਂ ਪ੍ਰਤੀਬੱਧਤਾ ਦੇ ਟੀਚਿਆਂ ਦੇ ਖ਼ੁਲਾਸੇ ਦੀ ਉਡੀਕ ਵਿਚ ਹਨ।**

ਸਕਾਟਲੈਂਡ ਦੇ ਗਲਾਸਗੋ ਸ਼ਹਿਰ 'ਚ 31 ਅਕਤੂਬਰ ਨੂੰ 'ਕਾਨਫਰੰਸ ਆਫ਼ ਪਾਰਟੀਜ਼-26', ਸ਼ੁਰੂ ਹੋਈ ਹੈ, ਜੋ 12 ਨਵੰਬਰ ਤੱਕ ਚੱਲੇਗੀ। ਇਸ ਕਾਨਫਰੰਸ ਦਾ ਮੁੱਖ ਉਦੇਸ਼ 2050 ਤੱਕ ਕਾਰਬਨ ਦੀ ਨਿਕਾਸੀ ਜ਼ੀਰੋ ਕਰਨਾ ਹੈ ਤਾਂ ਕਿ ਮਨੁੱਖਤਾ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਧਰਤੀ ਦਾ ਤਾਪਮਾਨ ਇਸ ਸਦੀ ਦੇ ਅੰਤ ਤੱਕ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਤੋਂ ਵਧ ਨਾ ਜਾਵੇ।

ਕਾਨਫਰੰਸ ਦੀ ਸ਼ੁਰੂਆਤ ਬੜੇ ਭਾਵੁਕ ਭਾਸ਼ਨਾਂ ਨਾਲ ਹੋਈ। ਬਰਤਾਨੀਆ ਦੇ ਪ੍ਰਧਾਨ

*ਡਾ. ਗੁਰਿੰਦਰ ਕੌਰ*

ਮੰਤਰੀ ਬੋਰਿਸ ਜੌਨਸਨ ਨੇ ਕਿਹਾ ਕਿ 2015 ਵਿਚ 'ਪੈਰਿਸ ਮੌਸਮੀ ਸਮਝੌਤੇ' ਵਿਚ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨੂੰ ਰੋਕਣ ਲਈ ਬਹੁਤ ਸ਼ਲਾਘਾਯੋਗ ਫ਼ੈਸਲੇ ਲਏ ਗਏ ਸਨ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਛੇ ਸਾਲ ਬੀਤਣ ਮਗਰੋਂ ਵੀ ਉਨ੍ਹਾਂ ਫ਼ੈਸਲਿਆਂ ਨੂੰ ਦੁਨੀਆ ਦੇ ਬਹੁਤੇ ਦੇਸ਼ਾਂ ਨੇ ਅਮਲ ਵਿਚ ਨਹੀਂ ਲਿਆਂਦਾ, ਜਿਸ ਕਰਕੇ ਹਾਲ ਦੀ ਘੜੀ ਉਹ ਫ਼ੈਸਲੇ ਖੋਖਲੇ ਸਾਬਤ ਹੋਏ ਹਨ। ਇਸ ਸਬੰਧੀ ਜੇ ਨਸੀਂ ਹੁਣ ਵੀ ਕੋਈ ਕਾਰਵਾਈ ਨਹੀਂ ਕਰਦੇ ਤਾਂ ਅਸੀਂ ਆਪਣੇ ਮਾੜੇ ਭਵਿੱਖ ਲਈ ਖ਼ੁਦ ਜ਼ਿੰਮੇਵਾਰ ਹੋਵਾਂਗੇ ਕਿਉਂਕਿ ਵਧ ਰਹੇ ਤਾਪਮਾਨ ਨਾਲ ਕੁਦਰਤੀ ਆਫ਼ਤਾਂ ਦੇ ਵਧੇਰੇ ਸਨਮੁਖ ਹੋਵਾਂਗੇ। ਬੋਰਿਸ ਜੌਨਸਨ ਨੇ ਇਹ ਵੀ ਕਿਹਾ ਕਿ ਜੇ ਅਸੀਂ ਹੁਣ ਵੀ ਕਾਰਵਾਈ ਕਰਨ ਤੋਂ ਖੁੰਝ ਜਾਂਦੇ ਹਾਂ ਤਾਂ ਇਹ ਧਰਤੀ ਉਤਲੇ ਜੀਵਨ ਲਈ ਘਾਤਕ ਹੋਵੇਗਾ। ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਸਾਰਿਆਂ ਨੂੰ ਇਸ ਕਾਨਫਰੰਸ ਨੂੰ ਸਫ਼ਲ ਬਣਾਉਣ ਵਿਚ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਲਾਸਗੋ ਕਾਨਫਰੰਸ ਫ਼ੇਲ੍ਹ ਹੋਣ 'ਤੇ ਸਾਰਾ ਕੁਝ ਖ਼ਤਮ ਹੋ ਜਾਵੇਗਾ।

ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ 'ਪੈਰਿਸ ਮੌਸਮੀ ਸਮਝੌਤੇ' ਵਿਚੋਂ 2017 ਵਿਚ ਅਮਰੀਕਾ ਦੇ ਬਾਹਰ ਹੋਣ ਲਈ ਮੁਆਫ਼ੀ ਮੰਗਣ ਤੋਂ ਬਾਅਦ ਕਿਹਾ, 'ਸਾਨੂੰ ਹੁਣ ਹੋਰ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਇਕ ਦਿਨ ਦੀ ਦੇਰੀ ਨਾਲ ਵੀ ਸਾਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।' ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਐਂਤੋਨੀਓ ਗੁਟਰੇਜ਼ ਨੇ ਕਿਹਾ, 'ਅਸੀਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਨਾ ਕਰ ਕੇ ਆਪਣੀਆਂ ਕਬਰਾਂ ਦਾ ਇੰਤਜ਼ਾਮ ਕਰ ਰਹੇ ਹਾਂ।' ਟਾਪੂਆਂ ਉਤੇ ਵਸੇ ਦੇਸ਼ਾਂ ਦੀਆਂ ਮੁਸ਼ਕਲਾਂ ਨੂੰ ਸਮਝਦਿਆਂ ਬਾਰਬਾਡੋਸ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਕਸਿਤ ਦੇਸ਼ ਲਾਲਚ ਅਤੇ ਸਵਾਰਥ ਵਿਚ ਆ ਕੇ ਦੁਨੀਆ ਦੀ ਤਬਾਹੀ ਦਾ ਕਾਰਨ ਨਾ ਬਣਨ। ਉਨ੍ਹਾਂ ਕਿਹਾ ਕਿ ਮਨੁੱਖ ਇੰਨਾ ਸੁਆਰਥੀ ਅਤੇ ਸਖ਼ਤ ਦਿਲ ਕਿਵੇਂ ਹੋ ਗਿਆ ਹੈ ਕਿ ਉਸ ਨੂੰ ਮਨੁੱਖਾਂ ਦੀ ਕੁਰਹਾਲਟ ਵੀ ਨਹੀਂ ਸੁਣ ਰਹੀ।

ਸੰਯੁਕਤ ਰਾਸ਼ਟਰ ਦੇ ਮੌਸਮ ਦਫ਼ਤਰ ਦੀ ਮੁਖੀ ਪੈਟਰੀਸ਼ੀਆ ਐਸਪੀਨੋਸਾ ਨੇ ਸਾਰੇ ਦੇਸ਼ਾਂ ਦੇ ਆਗੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ, 'ਹੁਣ ਸਾਡੇ ਕੋਲ ਦੋ ਹੀ ਰਾਹ ਹਨ ਜਾਂ ਤਾਂ ਅਸੀਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰੀਏ ਅਤੇ ਮਨੁੱਖੀ ਜੀਵਨ ਨੂੰ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਾਅ ਲਈਏ ਜਾਂ ਫਿਰ ਮੰਨ ਲਈਏ ਕਿ ਧਰਤੀ ਉੱਤੇ ਮਨੁੱਖੀ ਜੀਵਨ ਦਾ ਭਵਿੱਖ ਧੁੰਦਲਾ ਹੋ ਜਾਵੇਗਾ।'

ਐਤਕੀਂ ਗਲਾਸਗੋ ਕਾਨਫਰੰਸ ਦੀ ਸ਼ੁਰੂਆਤ ਸਪੱਸ਼ਟ ਅਤੇ ਭਾਵੁਕ ਬਿਆਨਾਂ ਨਾਲ ਹੋਈ ਹੈ। ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਉਤੇ ਕਾਬੂ ਪਾਉਣ ਲਈ ਇਹ ਪਹਿਲੀ ਕਾਨਫਰੰਸ ਨਹੀਂ ਹੈ, ਇਸ ਤਰ੍ਹਾਂ ਦੀਆਂ ਕਾਨਫਰੰਸਾਂ ਦੀ ਸ਼ੁਰੂਆਤ ਤਾਂ 1992 ਵਿਚ ਬਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੀਓ ਵਿਚ ਹੋਈ ਕਾਨਫਰੰਸ ਨਾਲ ਹੋ ਗਈ ਸੀ। ਰੀਓ ਕਾਨਫਰੰਸ ਵਿਚ ਵਿਕਸਿਤ ਦੇਸ਼ਾਂ ਨੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ 2000 ਤੱਕ 1990 ਦੀ ਨਿਕਾਸੀ ਜਿੰਨੀ ਕਰਨ ਦੀ ਸਹਿਮਤੀ ਦਿੱਤੀ ਸੀ ਅਤੇ ਵਿਕਸਿਤ ਹੋ ਰਹੇ ਦੇਸ਼ਾਂ ਉਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਉਤੇ ਕੋਈ ਪਾਬੰਦੀ ਨਾ ਲਾਉਣ ਬਾਰੇ ਫ਼ੈਸਲਾ ਲਿਆ ਸੀ। ਇਸ ਤੋਂ ਬਾਅਦ 1997 ਵਿਚ ਇਸ ਸਬੰਧੀ ਦੂਜੀ ਕਾਨਫਰੰਸ ਜਾਪਾਨ ਦੇ ਕਿਊਟੋ ਸ਼ਹਿਰ ਵਿਚ ਹੋਈ, ਜਿਸ ਵਿਚ ਵਿਕਸਿਤ ਦੇਸ਼ਾਂ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਲਈ ਖ਼ਾਸ ਟੀਚੇ ਨਿਰਧਾਰਤ ਕੀਤੇ ਗਏ ਸਨ ਅਤੇ ਬਾਕੀ ਦੇ ਦੇਸ਼ ਇਨ੍ਹਾਂ ਗੈਸਾਂ ਵਿਚ ਆਪਣੀ ਮਰਜ਼ੀ ਨਾਲ ਕਟੌਤੀ ਕਰ ਸਕਦੇ ਸਨ। ਉਨ੍ਹਾਂ ਲਈ ਕੋਈ ਖ਼ਾਸ ਟੀਚੇ ਤੈਅ ਨਹੀਂ ਕੀਤੇ ਗਏ ਸਨ। ਇਨ੍ਹਾਂ ਦੋਹਾਂ ਕਾਨਫਰੰਸਾਂ ਵਿਚ ਭਾਵੇਂ ਵਿਕਸਿਤ ਦੇਸ਼ਾਂ ਨੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਹਾਮੀ ਭਰੀ, ਪਰ ਕਿਸੇ ਵੀ ਵਿਕਸਿਤ ਦੇਸ਼ ਨੇ ਇਨ੍ਹਾਂ ਗੈਸਾਂ ਵਿਚ ਕਟੌਤੀ ਨਹੀਂ ਕੀਤੀ।


ਇਸ ਤੋਂ ਬਾਅਦ ਵੀ ਕਾਨਫਰੰਸਾਂ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ। 2007 ਵਿਚ ਬਾਲੀ ਵਿਚ ਕਾਨਫਰੰਸ ਆਫ਼ ਪਾਰਟੀਜ਼-13 ਵਿਚ ਕਿਊਟੋ ਪਰੋਟੋਕੋਲ ਦੀ ਥਾਂ ਕੌਮਨ ਬਟ ਡੀਫਰੈਂਸ਼ੀਅਲ ਰਿਸਪਾਂਸੀਬਿਲਟੀਜ਼ (ਸੀ.ਬੀ.ਡੀ.ਆਰ.) ਨੁਕਤਾ ਪਾ ਦਿੱਤਾ ਕਿਉਂਕਿ ਵਿਕਸਿਤ ਦੇਸ਼ ਚੀਨ ਦੀ ਗਰੀਨਹਾਊਸ ਗੈਸਾਂ ਦੀ ਵਧ ਰਹੀ ਨਿਕਾਸੀ ਤੋਂ ਪ੍ਰੇਸ਼ਾਨ ਸਨ। ਇਹ ਦੇਸ਼ ਚਾਹੁੰਦੇ ਸਨ ਕਿ ਦੁਨੀਆ ਦੇ ਸਾਰੇ ਦੇਸ਼ ਗਰੀਨਹਾਊਸ ਗੈਸਾਂ ਵਿਚ ਕਟੌਤੀ ਕਰਨ। ਉਨ੍ਹਾਂ ਨੇ ਦਲੀਲ ਦਿੰਦਿਆਂ ਕਿਹਾ ਕਿ ਜੇ ਚੀਨ ਅਤੇ ਭਾਰਤ ਗਰੀਨਹਾਊਸ ਗੈਸਾਂ ਵਿਚ ਕਟੌਤੀ ਨਹੀਂ ਕਰਦੇ ਤਾਂ ਕੋਈ ਵੀ ਮੌਸਮੀ ਸਮਝੌਤਾ ਸਫ਼ਲ ਨਹੀਂ ਹੋ ਸਕਦਾ।

ਇਸੇ ਤਰ੍ਹਾਂ ਇਸ ਸਬੰਧੀ ਅਗਲੀ ਕਾਨਫਰੰਸ 2009 ਵਿਚ ਡੈਨਮਾਰਕ ਦੇ ਸ਼ਹਿਰ ਕੋਪਨਹੈਗਨ ਵਿਚ ਹੋਈ। ਇਹ ਕਾਨਫਰੰਸ ਵੀ ਕਿਸੇ ਸਿੱਟੇ ਉਤੇ ਨਹੀਂ ਪਹੁੰਚੀ। ਆਈ.ਪੀ.ਸੀ.ਸੀ. ਦੀ 2014 ਵਿਚ ਆਈ ਇਕ ਰਿਪੋਰਟ ਨੇ ਤਾਪਮਾਨ ਵਿਚ ਵਾਧਾ ਹੋਣ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਬਾਰੇ ਚਿੰਤਾਜਨਕ ਤੱਥ ਪੇਸ਼ ਕੀਤੇ। ਇਸ ਰਿਪੋਰਟ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਬੇਸ਼ੁਮਾਰ ਵਾਧਾ ਹੋ ਜਾਵੇਗਾ, ਜਿਸ ਤੋਂ ਦੁਨੀਆ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ।

ਇਸ ਰਿਪੋਰਟ ਦੇ ਚਿੰਤਾਜਨਕ ਅਤੇ ਚਿਤਾਵਨੀ ਭਰੇ ਖ਼ੁਲਾਸੇ ਤੋਂ ਬਾਅਦ ਦੁਨੀਆ ਦੇ ਸਾਰੇ ਦੇਸ਼ ਇਕਦਮ ਹਰਕਤ ਵਿਚ ਆਏ ਅਤੇ ਸਾਰੇ ਦੇਸ਼ਾਂ ਨੇ 2015 ਵਿਚ ਗਰੀਨਹਾਊਸ ਗੈਸਾਂ ਵਿਚ ਕਟੌਤੀ ਲਈ 'ਪੈਰਿਸ ਮੌਸਮੀ ਸਮਝੌਤੇ' ਤਹਿਤ ਇਕ ਰੂਪ-ਰੇਖਾ ਤਿਆਰ ਕੀਤੀ। ਇਸ ਸਮਝੌਤੇ ਅਨੁਸਾਰ ਹਰੇਕ ਦੇਸ਼ ਨੂੰ ਆਪਣੇ ਆਰਥਿਕ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਵਿਉਂਤਬੰਦੀ ਸੰਯੁਕਤ ਰਾਸ਼ਟਰ ਨੂੰ ਦੇਣ ਬਾਰੇ ਕਿਹਾ ਗਿਆ ਸੀ, ਪਰ ਬੀਤੇ ਛੇ ਸਾਲਾਂ ਵਿਚ ਯੂਰਪੀਅਨ ਦੇਸ਼ਾਂ ਨੂੰ ਛੱਡ ਕੇ ਦੁਨੀਆ ਦੇ ਕਿਸੇ ਵੀ ਦੇਸ਼ ਨੇ 'ਪੈਰਿਸ ਮੌਸਮੀ ਸਮਝੌਤੇ' ਨੂੰ ਸੰਜੀਦਗੀ ਨਾਲ ਨਹੀਂ ਲਿਆ। ਇਸ ਦੇ ਨਤੀਜੇ ਵਜੋਂ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਨਾਲੋਂ 2020 ਵਿਚ 1.1 ਡਿਗਰੀ ਸੈਲਸੀਅਤ ਵਧ ਗਿਆ।

ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਤਾਪਮਾਨ ਦੇ ਇਸ ਵਾਧੇ ਨਾਲ 1970ਵਿਆਂ ਦੇ ਮੁਕਾਬਲੇ ਹੁਣ ਕੁਦਰਤੀ ਆਫ਼ਤਾਂ ਦੀ ਗਿਣਤੀ ਵਿਚ 4 ਤੋਂ 5 ਗੁਣਾ ਅਤੇ ਆਰਥਿਕ ਨੁਕਸਾਨ ਵਿਚ 7 ਗੁਣਾ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੇ 'ਵਰਲਡ ਮੈਟਰੋਲਾਜੀਕਲ ਸੰਗਠਨ' ਦੀ 2021 ਦੀ ਇਕ ਰਿਪੋਰਟ ਅਨੁਸਾਰ ਪਿਛਲੇ 50 ਸਾਲਾਂ ਵਿਚ 11,000 ਕੁਦਰਤੀ ਆਫ਼ਤਾਂ ਆਈਆਂ ਹਨ। ਬੈਲਜੀਅਮ ਦੇ 'ਸੈਂਟਰ ਫਾਰ ਰਿਸਰਚ ਆਨ ਐਪੀਡੋਮੀਓਲੋਜੀ ਆਫ਼ ਡਿਜ਼ਾਸਟਰਜ਼' ਦੀ ਇਕ ਰਿਪੋਰਟ ਅਨੁਸਾਰ 1970ਵਿਆਂ ਵਿਚ ਦੁਨੀਆ ਵਿਚ ਔਸਤਨ ਹਰ ਸਾਲ 711 ਕੁਦਰਤੀ ਆਫ਼ਤਾਂ ਆਉਂਦੀਆਂ ਸਨ, ਪਰ 2000 ਤੋਂ 2009 ਦੇ ਅਰਸੇ ਦੌਰਾਨ ਇਹ ਵਧ ਕੇ 3536 ਹੋ ਗਈਆਂ। 1970ਵਿਆਂ ਵਿਚ ਕੁਦਰਤੀ ਆਫ਼ਤਾਂ ਨਾਲ ਹਰ ਸਾਲ ਔਸਤਨ 175 ਮਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਸੀ, ਜਿਹੜਾ 2010 ਵਿਚ ਵਧ ਕੇ 138 ਬਿਲੀਅਨ ਡਾਲਰ ਹੋ ਗਿਆ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ 1970 ਤੋਂ ਹੁਣ ਤੱਕ ਕੁਦਰਤੀ ਆਫ਼ਤਾਂ ਨਾਲ 90 ਫ਼ੀਸਦ ਮੌਤਾਂ ਵਿਕਸਿਤ ਹੋ ਰਹੇ ਦੇਸ਼ਾਂ ਵਿਚ ਹੋਈਆਂ ਹਨ।

ਗਲਾਸਗੋ ਵਿਚ ਹੋ ਰਹੀ 'ਸੀ.ਓ.ਪੀ.-26' ਵਿਚ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਦੁਨੀਆ ਦੇ ਸਾਰੇ ਦੇਸ਼ ਗਰੀਨਹਾਊਸ ਦੀ ਵੱਧ ਨਿਕਾਸੀ ਕਰਨ ਵਾਲੇ ਦੇਸ਼ਾਂ ਦੀ ਸ਼ੁੱਧ ਜ਼ੀਰੋ ਕਾਰਬਨ ਨਿਕਾਸੀ ਦੀ ਨਵੀਂ ਪ੍ਰਤੀਬੱਧਤਾ ਦੇ ਟੀਚਿਆਂ ਦੇ ਖ਼ੁਲਾਸੇ ਦੀ ਉਡੀਕ ਵਿਚ ਹਨ। ਅਮਰੀਕਾ ਨੇ ਪੈਰਿਸ ਮੌਸਮੀ ਸਮਝੌਤੇ ਦੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਵਿਚ ਵਾਧਾ ਕਰਨ ਅਤੇ ਨਵਿਆਉਣਯੋਗ ਸਾਧਨਾਂ ਤੋਂ ਊਰਜਾ ਪੈਦਾ ਕਰਨ ਦੀ ਵਿਉਂਤਬੰਦੀ ਪਹਿਲਾਂ ਹੀ ਸੰਯੁਕਤ ਰਾਸ਼ਟਰ ਨੂੰ ਭੇਜ ਦਿੱਤੀ ਹੈ। ਚੀਨ ਨੇ ਇਸ ਸਮਝੌਤੇ ਵਿਚਲੀ ਪ੍ਰਤੀਬੱਧਤਾ ਵਿਚ ਸਿਰਫ਼ ਇੰਨਾ ਕੁ ਵਾਧਾ ਕੀਤਾ ਸੀ ਕਿ ਉਹ ਕੋਲੇ ਨਾਲ ਊਰਜਾ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਵਿਚ 2026 ਤੋਂ ਬਾਅਦ ਵਿਉਂਤਬੰਦੀ ਕਰਨੀ ਸ਼ੁਰੂ ਕਰ ਦੇਵੇਗਾ ਅਤੇ 2060 ਤਕ ਜ਼ੀਰੋ ਕਾਰਬਨ ਨਿਕਾਸੀ ਦਾ ਟੀਚਾ ਹਾਸਲ ਕਰੇਗਾ।




ਗਲਾਸਗੋ ਕਾਨਫਰੰਸ ਦੇ ਹੁਣ ਤਕ ਕੁਝ ਸਕਾਰਾਤਮਕ ਤੱਥਾਂ ਉਤੇ ਚਾਨਣਾ ਪਾਉਣਾ ਵੀ ਜ਼ਰੂਰੀ ਹੈ। ਭਾਰਤ, ਜੋ ਅੱਜ-ਕੱਲ੍ਹ ਦੁਨੀਆ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਤੀਜੇ ਦਰਜੇ ਉਤੇ ਹੈ, ਨੇ ਹਾਲੇ ਤੱਕ, ਜ਼ੀਰੋ-ਕਾਰਬਨ ਨਿਕਾਸੀ ਦਾ ਕੋਈ ਟੀਚਾ ਨਹੀਂ ਮਿੱਥਿਆ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਪਮਾਨ ਦੇ ਵਾਧੇ ਉਤੇ ਕਾਬੂ ਪਾਉਣ ਲਈ ਪੰਜ ਟੀਚਿਆਂ ਦਾ ਵੇਰਵਾ ਇਸ ਕਾਨਫਰੰਸ ਵਿਚ ਦਿੱਤਾ ਹੈ। ਸਭ ਤੋਂ ਪਹਿਲੇ ਟੀਚੇ ਅਨੁਸਾਰ ਭਾਰਤ 2070 ਤੱਕ ਜ਼ੀਰੋ-ਕਾਰਬਨ ਨਿਕਾਸੀ ਦੇ ਟੀਚੇ ਨੂੰ ਹਾਸਲ ਕਰ ਲਵੇਗਾ। ਦੂਜਾ, ਭਾਰਤ 2030 ਤੱਕ 450 ਗੀਗਾਵਾਟ ਦੀ ਥਾਂ ਉਤੇ 500 ਗੀਗਾਵਾਟ ਊਰਜਾ ਨਵਿਆਉਣਯੋਗ ਸਾਧਨਾਂ ਤੋਂ ਪੈਦਾ ਕਰੇਗਾ। ਤੀਜਾ, ਭਾਰਤ 2030 ਤੱਕ ਆਪਣੀ ਊਰਜਾ ਲੋੜਾਂ ਦਾ 50 ਫ਼ੀਸਦ ਨਵਿਆਉਣਯੋਗ ਊਰਜਾ ਤੋਂ ਪੂਰਾ ਕਰੇਗਾ।

ਚੌਥਾ, ਹੁਣ (2021) ਤੋਂ 2030 ਤੱਕ ਭਾਰਤ ਇਕ ਬਿਲੀਅਨ ਟਨ ਕਾਰਬਨ ਨਿਕਾਸੀ ਵਿਚ ਕਟੌਤੀ ਕਰੇਗਾ ਅਤੇ ਪੰਜਵਾਂ ਟੀਚਾ ਕੁੱਲ ਕਾਰਬਨ ਦੀ ਨਿਕਾਸੀ ਵਿਚ 45 ਫ਼ੀਸਦ ਕਟੌਤੀ ਕਰਨਾ ਹੈ। ਭਾਰਤ ਦੀ ਕਾਰਬਨ ਨਿਕਾਸੀ ਵਿਚ ਕਟੌਤੀ ਦੀ ਵਿਉਂਤਬੰਦੀ ਬਹੁਤ ਸ਼ਲਾਘਾਯੋਗ ਅਤੇ ਉੱਚ ਦਰਜੇ ਦੀ ਹੈ। ਜੇ ਭਾਰਤ ਆਪਣੇ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਦਾ ਹੈ ਤਾਂ ਇਹ ਗਲਾਸਗੋ ਕਾਨਫਰੰਸ ਦੀ ਵੱਡੀ ਉਪਲੱਬਧੀ ਜਾਣੀ ਜਾਵੇਗੀ। ਇਨ੍ਹਾਂ ਪੰਜ ਟੀਚਿਆਂ ਦੇ ਨਾਲ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨੇ ਟਾਪੂਆਂ ਉਤੇ ਵਸੇ ਅਤੇ ਗ਼ਰੀਬ ਦੇਸ਼ਾਂ ਦੀ ਮਦਦ ਲਈ ਰਾਸ਼ੀ 100 ਬਿਲੀਅਨ ਡਾਲਰ ਤੋਂ ਵਧਾ ਕੇ ਇਕ ਟ੍ਰਿਲੀਅਨ ਡਾਲਰ ਕਰਨ ਦਾ ਵੀ ਸੁਝਾਅ ਦਿੱਤਾ ਹੈ।

ਗਲਾਸਗੋ ਕਾਨਫਰੰਸ ਦਾ ਦੂਜਾ ਸਕਾਰਤਮਕ ਸਮਝੌਤਾ ਮਿਥੇਨ ਗੈਸ ਵਿਚ 2030 ਤੱਕ 30 ਫ਼ੀਸਦ ਕਟੌਤੀ ਕਰਨ ਦਾ ਹੈ, ਜਿਸ ਉੱਤੇ ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਸਮੇਤ 90 ਦੇਸ਼ਾਂ ਨੇ ਦਸਤਖ਼ਤ ਕੀਤੇ ਹਨ। ਮਿਥੇਨ ਗੈਸ ਦੀ ਤਾਪਮਾਨ ਨੂੰ ਗਰਮ ਕਰਨ ਦੀ ਸਮਰੱਥਾ ਕਾਰਬਨਡਾਇਆਕਸਾਈਡ ਨਾਲੋਂ 20 ਸਾਲਾਂ ਦੇ ਅਰਸੇ ਵਿਚ 80-86 ਗੁਣਾ ਜ਼ਿਆਦਾ ਹੈ। ਜੇ ਮਿਥੇਨ ਗੈਸ ਦੀ ਨਿਕਾਸੀ ਵਿਚ 2030 ਤੱਕ 30 ਫ਼ੀਸਦ ਕਟੌਤੀ ਕੀਤੀ ਜਾਂਦੀ ਹੈ ਤਾਂ ਇਹ 2050 ਤੱਕ ਤਾਪਮਾਨ ਵਿਚ ਵਾਧੇ ਨੂੰ 0.2 ਡਿਗਰੀ ਸੈਲਸੀਅਮ ਤੱਕ ਰੋਕ ਸਕਦੀ ਹੈ। ਇਹ ਕੋਈ ਰਸਮੀ ਸਮਝੌਤਾ ਨਹੀਂ ਹੈ। ਇਹ ਦਸਤਖ਼ਤਕਰਤਾ ਦੇਸ਼ਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਆਪਣੇ ਦੇਸ਼ ਵਿਚ ਮਿਥੇਨ ਦੀ ਕਟੌਤੀ ਕਰਦੇ ਹਨ ਜਾਂ ਨਹੀਂ।

ਇਸੇ ਕਾਨਫਰੰਸ ਵਿਚ 100 ਦੇਸ਼ਾਂ ਨੇ ਜੰਗਲਾਂ ਦੀ ਕਟਾਈ ਨੂੰ ਰੋਕਣ ਅਤੇ ਮੁੜ ਜੰਗਲ ਲਗਾਉਣ ਦੇ ਸਮਝੌਤੇ 'ਤੇ ਵੀ ਦਸਤਖ਼ਤ ਕੀਤੇ ਹਨ, ਪਰ ਇਹ ਸਮਝੌਤਾ ਵੀ ਮਿਥੇਨ ਗੈਸ ਦੀ ਕਟੌਤੀ ਦੇ ਸਮਝੌਤੇ ਵਾਂਗ ਹੀ ਰਸਮੀ ਨਹੀਂ ਹੈ। ਅਜਿਹੇ ਸਮਝੌਤੇ ਮੌਸਮ ਨਾਲ ਸਬੰਧਤ ਕਾਨਫਰੰਸਾਂ ਵਿਚ ਅਕਸਰ ਕੀਤੇ ਜਾਂਦੇ ਹਨ, ਪਰ ਇਹ ਲੰਮਾ ਸਮਾਂ ਨਹੀਂ ਚੱਲਦੇ।

ਇਸ ਕਾਨਫਰੰਸ ਵਿਚ ਟਾਪੂਆਂ 'ਤੇ ਵਸੇ ਦੇਸ਼ਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ ਤਾਂ ਕਿ ਇਹ ਦੇਸ਼ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਆਪਣੇ ਆਪ ਨੂੰ ਬਚਾ ਸਕਣ। ਇਸ ਦੇ ਨਾਲ-ਨਾਲ ਇਕ ਸੂਰਜ, ਇਕ ਦੁਨੀਆ ਅਤੇ ਇਕ ਗਰਿੱਡ ਦੇ ਐਕਸ਼ਨ ਪਲਾਨ ਤਹਿਤ ਅੰਤਰਰਾਸ਼ਟਰੀ ਪੱਧਰ 'ਤੇ ਇਕ ਸਾਂਝੀ ਊਰਜਾ ਗਰਿੱਡ ਬਣਾਏ ਜਾਣ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਜ਼ੀਰੋ ਕਾਰਬਨ ਨਿਕਾਸੀ ਲਈ ਗਲਾਸਗੋ ਵਿਖੇ ਬੈਂਕਾਂ ਅਤੇ ਬੀਮਾ ਕੰਪਨੀਆਂ ਦੇ ਇਕ ਗਰੁੱਪ ਨੇ 130 ਟ੍ਰਿਲੀਅਨ ਡਾਲਰ ਖ਼ਰਚ ਕਰਨ ਦਾ ਵਾਅਦਾ ਵੀ ਕੀਤਾ ਹੈ। ਬਰਤਾਨੀਆ ਸਰਕਾਰ ਨੇ ਅਹਿਦ ਕੀਤਾ ਹੈ ਕਿ ਉਹ ਜ਼ੀਰੋ ਕਾਰਬਨ ਨਿਕਾਸੀ ਲਈ 100 ਮਿਲੀਅਨ ਪਾਊਂਡ ਖ਼ਰਚ ਕਰੇਗਾ।

ਕੈਨੇਡਾ ਨੇ ਵੀ ਇਸ ਕੰਮ ਲਈ ਇਕ ਕਰੋੜ ਡਾਲਰ ਦੇਣ ਦਾ ਐਲਾਨ ਕੀਤਾ ਹੈ। ਇਹ ਫੰਡ 'ਨੈਸ਼ਨਲ ਅਡੈਪਟੇਸ਼ਨ ਪਲਾਨ' ਰਾਹੀਂ ਆਲਮੀ ਨੈੱਟਵਰਕ ਵਿਚ ਵੰਡਿਆ ਜਾਵੇਗਾ। ਹਾਲੇ ਤੱਕ ਇਹ ਸਾਰੇ ਪ੍ਰੋਗਰਾਮ ਗਲਾਸਗੋ ਕਾਨਫਰੰਸ ਦੇ ਸਕਾਰਤਮਕ ਤੱਥਾਂ ਨਾਲ ਸਬੰਧਤ ਹਨ।

ਗਲਾਸਗੋ ਕਾਨਫਰੰਸ ਦੇ ਕੁਝ ਨਕਾਰਾਤਮਕ ਤੱਥ ਵੀ ਹਨ। ਇਸ ਕਾਨਫਰੰਸ ਵਿਚ ਚੀਨ, ਜੋ ਅੱਜ-ਕੱਲ੍ਹ ਵਾਤਾਵਰਨ ਵਿਚ ਸਭ ਤੋਂ ਜ਼ਿਆਦਾ ਗਰੀਨਹਾਊਸ ਗੈਸਾਂ ਛੱਡ ਰਿਹਾ ਹੈ, ਸ਼ਾਮਲ ਹੀ ਨਹੀਂ ਹੋਇਆ। ਉਥੋਂ ਦੇ ਪ੍ਰਤੀਨਿਧੀ ਨੇ ਕਿਹਾ ਕਿ ਚੀਨ ਨੇ ਕਾਰਬਨ ਨਿਕਾਸੀ ਦੀ ਕਟੌਤੀ ਦੀ ਵਿਉਂਤਬੰਦੀ ਪਹਿਲਾਂ ਹੀ ਭੇਜ ਦਿੱਤੀ ਅਤੇ ਉਹ 1.5 ਡਿਗਰੀ ਸੈਲਸੀਅਸ ਤੱਕ ਤਾਪਮਾਨ ਦੇ ਵਾਧੇ ਨੂੰ ਸੀਮਤ ਕਰਨ ਦੇ ਹੱਕ ਵਿਚ ਹੈ। ਰਸ਼ੀਅਨ ਫੈਡਰੇਸ਼ਨ ਅਤੇ ਬਰਾਜ਼ੀਲ ਦੇ ਰਾਸ਼ਟਰਪਤੀ ਵੀ ਕਾਨਫਰੰਸ ਵਿਚ ਸ਼ਾਮਲ ਨਹੀਂ ਹੋਏ। ਚੀਨ, ਰਸ਼ੀਅਨ ਫੈਡਰੇਸ਼ਨ ਅਤੇ ਭਾਰਤ, ਜੋ ਕਾਫ਼ੀ ਮਾਤਰਾ ਵਿਚ ਮਿਥੇਨ ਗੈਸ ਦੀ ਨਿਕਾਸੀ ਕਰਦੇ ਹਨ, ਨੇ ਮਿਥੇਨ ਗੈਸ ਦੀ ਨਿਕਾਸੀ ਦੀ ਕਟੌਤੀ ਵਿਚਲੇ ਸਮਝੌਤੇ ਉਤੇ ਦਸਤਖ਼ਤ ਨਹੀਂ ਕੀਤੇ। ਆਈ.ਪੀ.ਸੀ.ਸੀ. ਦੀ ਮੌਸਮੀ ਤਬਦੀਲੀਆਂ ਦੀ ਇਕ ਰਿਪੋਰਟ ਅਨੁਸਾਰ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਤਕ ਸੀਮਤ ਰੱਖਣ ਲਈ 2030 ਤੱਕ ਮਿਥੇਨ ਗੈਸ ਦੀ ਨਿਕਾਸੀ ਵਿਚ 50 ਫ਼ੀਸਦ ਕਟੌਤੀ ਕਰਨੀ ਚਾਹੀਦੀ ਹੈ।

ਜੇ ਅਮਰੀਕਾ, ਜੋ ਚੀਨ ਤੋਂ ਬਾਅਦ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਦੂਜੇ ਨੰਬਰ 'ਤੇ ਹੈ, ਦੇ ਰਾਸ਼ਟਰਪਤੀ ਜੋ ਬਾਇਡਨ ਦੇ ਐਲਾਨ ਅਨੁਸਾਰ ਗਰੀਨਹਾਊਸ ਗੈਸਾਂ ਦੀ ਜੇ ਮੌਜੂਦਾ ਨਿਕਾਸੀ ਵਿਚ ਅਮਰੀਕਾ 2005 ਦੇ ਪੱਧਰਾਂ ਤੋਂ 50-52 ਫ਼ੀਸਦ ਕਟੌਤੀ 2030 ਤਕ ਕਰਦਾ ਹੈ ਤਾਂ ਵੀ ਇਹ ਦੁਨੀਆ ਦੀ ਪ੍ਰਤੀ ਵਿਅਕਤੀ ਔਸਤ ਨਿਕਾਸੀ ਦਾ 220 ਫ਼ੀਸਦ ਬਣਦਾ ਹੈ। ਭਾਵੇਂ ਬਾਇਡਨ ਨੇ 2035 ਤੱਕ ਆਵਾਜਾਈ ਦੇ ਸਾਧਨਾਂ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਾਲੇ ਬਾਲਣ ਪੂਰੀ ਤਰ੍ਹਾਂ ਖ਼ਤਮ ਕਰਨ ਅਤੇ 2050 ਵਿਚ ਜ਼ੀਰੋ ਕਾਰਬਨ ਨਿਕਾਸੀ ਦੀ ਪ੍ਰਤੀਬੱਧਤਾ ਦਾ ਐਲਾਨ ਕੀਤਾ ਹੈ, ਜੋ ਚੰਗਾ ਉਪਰਾਲਾ ਹੈ, ਪਰ ਉਸ ਦੀ ਆਪਣੀ ਡੈਮੋਕ੍ਰੈਟਿਕ ਪਾਰਟੀ ਇਸ ਸਬੰਧੀ ਵੰਡੀ ਹੋਈ ਹੈ ਅਤੇ ਉਨ੍ਹਾਂ ਉਪਰ ਉਤਸ਼ਾਹਪੂਰਨ ਮੌਸਮੀ ਯਤਨਾਂ ਨੂੰ ਥੱਲੇ ਲਿਆਉਣ ਲਈ ਜ਼ੋਰ ਪਾ ਰਹੀ ਹੈ। ਅਮਰੀਕਾ ਸਰਕਾਰ ਦੇ ਅੰਦਰੂਨੀ ਹਾਲਾਤ ਅਜਿਹੇ ਹਨ ਕਿ ਸ਼ਾਇਦ ਅੱਗੇ ਵਾਂਗ ਇਸ ਵਾਰ ਵੀ ਅਮਰੀਕਾ ਆਪਣੇ ਵਾਅਦੇ ਤੋਂ ਮੁੱਕਰ ਜਾਵੇ।

2009 ਵਿਚ ਵਿਕਸਿਤ ਦੇਸ਼ਾਂ ਨੇ ਮੌਸਮੀ ਆਫ਼ਤਾਂ ਦੀ ਮਾਰ ਝੱਲ ਰਹੇ ਟਾਪੂਆਂ ਉਤੇ ਵਸੇ ਅਤੇ ਗ਼ਰੀਬ ਦੇਸ਼ਾਂ ਨੂੰ ਹਰ ਸਾਲ 100 ਬਿਲੀਅਨ ਡਾਲਰ ਦੀ ਮਦਦ ਦੇਣ ਦਾ ਵਾਅਦਾ ਕੀਤਾ ਸੀ, ਜਦਕਿ ਹਰ ਸਾਲ ਇਸ ਰਾਸ਼ੀ ਤੋਂ ਕਿਤੇ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ 100 ਬਿਲੀਅਨ ਡਾਲਰ ਦੀ ਮਦਦ ਦੇਣ ਲਈ ਇਹ ਦੇਸ਼ ਕਦੇ ਪੂਰੇ ਨਹੀਂ ਉਤਰੇ। 2017 ਵਿਚ ਇਹ ਰਾਸ਼ੀ ਸਿਰਫ਼ 78 ਬਿਲੀਅਨ ਡਾਲਰ ਅਤੇ 2018 ਵਿਚ 80 ਬਿਲੀਅਨ ਡਾਲਰ ਖ਼ਰਚੀ ਗਈ, ਜੋ ਵਾਅਦੇ ਤੋਂ ਭੱਜਣ ਵਾਲੀ ਗੱਲ ਹੈ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਨ੍ਹਾਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਨਾਲ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਉਨ੍ਹਾਂ ਦਾ 80 ਫ਼ੀਸਦ ਹਿੱਸਾ ਜੀ-20 ਦੇਸ਼ਾਂ (ਭਾਵ ਵਿਕਸਿਤ) ਨੇ ਹੀ ਵਾਤਾਵਰਨ ਵਿਚ ਨਿਕਾਸ ਕੀਤਾ ਹੈ, ਜਿਸ ਦੀ ਮਾਰ ਹੁਣ ਟਾਪੂਆਂ ਉਤੇ ਵੱਸੇ ਅਤੇ ਗ਼ਰੀਬ ਦੇਸ਼ ਝੱਲ ਰਹੇ ਹਨ।

ਹੁਣ ਦੁਨੀਆ ਦੇ ਸਾਰੇ ਦੇਸ਼ਾਂ, ਖ਼ਾਸ ਕਰਕੇ ਉਨ੍ਹਾਂ ਦੇਸ਼ਾਂ ਦੇ ਜਿਹੜੇ ਵਾਤਾਵਰਨ ਵਿਚ ਵੱਡੀ ਮਾਤਰਾ ਗਰੀਨਹਾਊਸ ਗੈਸਾਂ ਛੱਡ ਰਹੇ ਹਨ ਜਾਂ ਜਿਨ੍ਹਾਂ ਨੇ ਪਿਛਲੇ ਸਮੇਂ ਵਿਚ ਛੱਡੀਆਂ ਹਨ, ਨੂੰ ਚਾਹੀਦਾ ਹੈ ਕਿ ਗਰੀਨਹਾਊਸ ਗੈਸਾਂ ਵਿਚ ਕਟੌਤੀ ਲਈ ਚੰਗੀ ਵਿਉਂਤਬੰਦੀ ਕਰਨ ਅਤੇ ਦੇਰ ਕੀਤੇ ਬਿਨਾਂ ਸੰਜੀਦਗੀ ਨਾਲ ਅਮਲ ਵਿਚ ਲਿਆਉਣ। ਹੁਣ ਸਾਡੇ ਕੋਲ ਝੂਠੇ ਅਤੇ ਅਧੂਰੇ ਵਾਅਦਿਆਂ, ਭਾਵੁਕ ਅਤੇ ਝੂਠੇ ਭਾਸ਼ਨਾਂ ਲਈ ਸਮਾਂ ਨਹੀਂ ਬਚਿਆ। ਸਾਰੇ ਦੇਸ਼ਾਂ ਨੂੰ ਧਰਤੀ ਅਤੇ ਮਨੁੱਖੀ ਜੀਵਨ ਨੂੰ ਬਚਾਉਣ ਅਤੇ ਵਾਤਾਵਰਨ ਦੇ ਵਿਗਾੜਾਂ ਵਿਚ ਸੁਧਾਰ ਲਿਆਉਣ ਲਈ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਹਰੇਕ ਦੇਸ਼ ਨੂੰ ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਸ ਲਈ ਵਿਕਸਿਤ ਦੇਸ਼ਾਂ ਨੂੰ ਚਾਹੀਦਾ ਹੈ ਕਿ ਜਿਸ ਅਨੁਪਾਤ ਵਿਚ ਉਨ੍ਹਾਂ ਨੇ ਵਾਤਾਵਰਨ ਵਿਚ ਗਰੀਨਹਾਊਸ ਗੈਸਾਂ ਛੱਡੀਆਂ ਹਨ, ਉਸੇ ਅਨੁਪਾਤ ਵਿਚ ਉਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨ ਅਤੇ ਟਾਪੂਆਂ 'ਤੇ ਵਸੇ ਅਤੇ ਗ਼ਰੀਬ ਦੇਸ਼ਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਉਨ੍ਹਾਂ ਦੀ ਲੋੜ ਅਨੁਸਾਰ ਮਦਦ ਕਰਨ, ਬੇਸ਼ੱਕ ਉਹ ਵਿੱਤੀ ਮਦਦ 2009 ਵਿਚ ਡੈਨਮਾਰਕ ਦੇ ਸ਼ਹਿਰ ਕੋਪਨਹੈਗਨ ਵਿਚ ਹੋਈ ਕਾਨਫਰੰਸ ਵਿਚ ਕੀਤੇ ਗਏ ਸਮਝੌਤੇ ਤੋਂ ਜ਼ਿਆਦਾ ਹੋਵੇ। ਇਸ ਤਰ੍ਹਾਂ ਕਰਨ ਨਾਲ ਅਸੀਂ ਧਰਤੀ, ਜੀਵ-ਜੰਤੂਆਂ ਅਤੇ ਮਨੁੱਖਤਾ ਨੂੰ ਆਸਾਨੀ ਨਾਲ ਬਚਾ ਸਕਾਂਗੇ।

***-ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਅਦਾਕਾਰ ਆਮਿਰ ਖਾਨ ਦੀ ਖੁਸ਼ੀ

ਮੁਲਕ ਦੇ ਵੱਖ-ਵੱਖ ਰਾਜਾਂ ਅੰਦਰ ਸਿਨੇਮਾਘਰ ਖੁੱਲ੍ਹ ਰਹੇ ਹਨ। ਯਾਦ ਰਹੇ ਕਿ ਕਰੋਨਾ ਵਾਇਰਸ ਦੀ ਮਾਰ ਕਾਰਨ ਸਭ ਜਨਤਕ ਥਾਵਾਂ 'ਤੇ ਆਵਾਜਾਈ ਬੰਦ ਕਰ ਦਿੱਤੀ ਗਈ ਸੀ। ਇਸ ਨਾਲ ਹੋਰ ਕਾਰੋਬਾਰਾਂ ਦੇ ਨਾਲ-ਨਾਲ ਸਿਨੇਮਾ ਕਾਰੋਬਾਰ ਨੂੰ ਬਹੁਤ ਜ਼ਿਆਦਾ ਨੁਕਸਾਨ ਝੱਲਣਾ ਪਿਆ। ਹੁਣ ਕਿਤੇ ਆ ਕੇ ਫਿਲਮਾਂ ਦੀ ਸ਼ੂਟਿੰਗ ਅਤੇ ਹੋਰ ਸਰਗਰਮੀਆਂ ਸ਼ੁਰੂ ਹੋਈਆਂ ਹਨ ਅਤੇ ਸਿਨੇਮੇ ਖੁੱਲ੍ਹਣੇ ਆਰੰਭ ਹੋਏ ਹਨ। ਕੁਝ ਦਿਨ ਪਹਿਲਾਂ ਮਹਾਰਾਸ਼ਟਰ ਵਿਚ ਵੀ ਸਿਨੇਮਾਘਰ ਮੁੜ ਖੋਲ੍ਹ ਦਿੱਤੇ ਗਏ। ਸਿੱਟੇ ਵਜੋਂ ਹੁਣ ਇੱਕ ਤੋਂ ਬਾਅਦ ਇੱਕ ਫਿਲਮਾਂ ਰਿਲੀਜ਼ ਹੋਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ।

ਸਿਨੇਮਾਘਰਾਂ ਦੇ ਮੁੜ ਸ਼ੁਰੂ ਹੋਣ ਮਗਰੋਂ ਕਈ ਫਿਲਮ ਸਿਤਾਰਿਆਂ ਨੇ ਸਿਨੇਮਾਘਰ ਖੁੱਲ੍ਹਣ ਬਾਰੇ ਆਪਣੀਆਂ ਪ੍ਰਤੀਕਿਰਿਆਵਾਂ ਸਾਂਝੀਆਂ ਕੀਤੀਆਂ ਹਨ। ਅਦਾਕਾਰ ਆਮਿਰ ਖਾਨ ਨੇ ਕਿਹਾ ਹੈ, "ਮਹਾਰਾਸ਼ਟਰ ਵਿਚ ਸਿਨੇਮਾਘਰ ਮੁੜ ਖੁੱਲ੍ਹਣ ਦੀ ਖਬਰ ਬਹੁਤ ਖੁਸ਼ੀ ਵਾਲੀ ਹੈ। ਅਸੀਂ ਸਾਰੇ ਹੀ ਬੇਸਬਰੀ ਨਾਲ ਇਸ ਦੀ ਉਡੀਕ ਕਰ ਰਹੇ ਸੀ। ਇਸ ਵੇਲੇ ਕਈ ਵੱਡੇ ਨਿਰਮਾਤਾਵਾਂ ਦੀਆਂ ਫਿਲਮਾਂ ਰਿਲੀਜ਼ ਹੋਣ ਲਈ ਕਤਾਰ ਵਿਚ ਲੱਗੀਆਂ ਹੋਈਆਂ ਹਨ। ਮੇਰੇ ਵੱਲੋਂ ਉਨ੍ਹਾਂ ਸਾਰਿਆਂ ਨੂੰ ਸ਼ੁਭਕਾਮਨਾਵਾਂ।"

ਯਾਦ ਰਹੇ ਕਿ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਪਹਿਲਾਂ 2020 ਵਿਚ ਕ੍ਰਿਸਮਸ ਮੌਕੇ ਰਿਲੀਜ਼ ਹੋਣੀ ਸੀ ਪਰ ਕਰੋਨਾ ਕਰਕੇ ਰਿਲੀਜ਼ ਨਹੀਂ ਹੋ ਸਕੀ। ਹੁਣ ਇਹ ਫਿਲਮ ਅਗਲੇ ਸਾਲ 11 ਫਰਵਰੀ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਆਮਿਰ ਖਾਨ ਨੇ ਸਰਦਾਰ ਦਾ ਰੋਲ ਨਿਭਾਇਆ ਹੈ। ਇਸੇ ਤਰ੍ਹਾਂ



ਟੀ.ਵੀ. ਅਦਾਕਾਰ ਰਿਤਵਿਕ ਧੰਜਾਨੀ ਨੇ ਕਿਹਾ ਹੈ, "ਕਿੰਨਾ ਪਿਆਰਾ ਅਹਿਸਾਸ ਹੈ, ਮੈਂ ਬਹੁਤ ਹੀ ਖੁਸ਼ ਹਾਂ। ਮੈਨੂੰ ਹਾਲੇ ਵੀ ਇਸ ਗੱਲ 'ਤੇ ਯਕੀਨ ਨਹੀਂ ਹੋ ਰਿਹਾ ਕਿ ਸਾਡੇ ਸਿਨੇਮਾਘਰ ਆਖਿਰਕਾਰ ਖੁੱਲ੍ਹ ਗਏ ਹਨ। ਅਸੀਂ ਆਮ ਜ਼ਿੰਦਗੀ ਵੱਲ ਮੁੜ ਆਏ ਹਾਂ।"

# ਫਿਲਮ 'ਜੈ ਭੀਮ' ਦੀ ਹਕੀਕਤ ਕੀ ਹੈ...

ਐਮਾਜ਼ੌਨ ਪ੍ਰਾਈਮ ਉਪਰ ਜਾਰੀ ਹੋਈ ਤਮਿਲ ਫਿਲਮ 'ਜੈ ਭੀਮ' ਦੀ ਚਰਚਾ ਇਹਨੀਂ ਦਿਨੀਂ ਜ਼ੋਰਾਂ 'ਤੇ ਹੈ। ਕਾਫੀ ਲੋਕ ਇਸ ਫਿਲਮ ਨੂੰ ਗਰੀਬ, ਦਲਿਤ, ਆਦਿਵਾਸੀ ਪੱਖੀ ਵਜੋਂ ਪੇਸ਼ ਕਰਕੇ ਇਸ ਦੇ ਸੋਹਲੇ ਗਾ ਰਹੇ ਹਨ।

ਇਸ ਫਿਲਮ 'ਚ ਤਮਿਲਨਾਡੂ ਦੇ ਕਿਸੇ ਪਿੰਡ ਦਾ ਉਚ ਜਾਤੀ ਧਨਾਢ ਵਿਅਕਤੀ ਇੱਕ ਆਦਿਵਾਸੀ ਰਾਜਾਕੰਨੂ ਅਤੇ ਉਸ ਦੇ ਦੋ ਸਾਥੀਆਂ ਨੂੰ ਚੋਰੀ ਦੇ ਝੂਠੇ ਕੇਸ 'ਚ ਫਸਾ ਦਿੰਦਾ ਹੈ। ਇਸ ਆਦਿਵਾਸੀ, ਉਸ ਦੀ ਪਤਨੀ ਸਿੰਗਨੀ ਅਤੇ ਸਾਥੀਆਂ 'ਤੇ ਪੁਲਿਸ ਬਰਬਰ ਅੱਤਿਆਚਾਰ ਕਰਦੀ ਹੈ। ਫਿਰ ਸਿੰਗਨੀ, ਇਕ ਵਕੀਲ ਤੇ ਸਮਾਜਿਕ ਕਾਰਕੁਨ ਚੰਦਰੂ ਅਤੇ ਇਕ ਪੁਲਿਸ ਅਧਿਕਾਰੀ (ਪ੍ਰਕਾਸ਼ ਰਾਜ) ਦੀ ਮਦਦ ਨਾਲ਼ ਮਦਰਾਸ ਹਾਈਕੋਰਟ ਤੋਂ ਇਨਸਾਫ ਹਾਸਿਲ ਕਰਦੀ ਹੈ। ਇਸ ਫਿਲਮ ਦਾ ਕੇਂਦਰੀ ਸੁਨੇਹਾ ਹੈ ਕਿ ਜੇਕਰ ਅਦਾਲਤ ਅਤੇ ਪੁਲਿਸ ਮਿਲ ਕੇ ਕੰਮ ਕਰਨ ਤਾਂ ਹਰ ਕਿਸੇ ਨੂੰ ਇਨਸਾਫ ਮਿਲ ਸਕਦਾ ਹੈ। ਇਹ ਸੁਨੇਹਾ ਇਸ ਫਿਲਮ ਦੀ ਪੂਰੀ ਕਥਾ 'ਚ ਵੀ ਮੌਜੂਦ ਹੈ ਅਤੇ ਫਿਲਮ ਦੇ ਅੰਤ 'ਚ ਆਏ ਬਿਰਤਾਂਤ ਰਾਹੀਂ ਵੀ ਬੜੇ ਜ਼ੋਰਦਾਰ ਢੰਗ ਨਾਲ ਦਿੱਤਾ ਗਿਆ ਹੈ।

ਇਸ ਤਰ੍ਹਾਂ ਇਹ ਫਿਲਮ ਲੋਕਾਂ ਉਪਰ ਜਬਰ ਦੇ ਸੱਤਾ ਦੇ ਸੰਦਾਂ, ਅਦਾਲਤਾਂ ਅਤੇ ਪੁਲਿਸ ਉਪਰ ਲੋਕਾਂ ਦਾ ਭਰੋਸਾ ਬੰਨ੍ਹਾਉਂਦੀ ਹੈ। ਇਹ ਭਰਮ ਸਿਰਜਦੀ ਹੈ ਕਿ ਮੌਜੂਦਾ ਲੁਟੇਰੇ-ਜਾਬਰ ਪ੍ਰਬੰਧ ਦੀਆਂ ਅਦਾਲਤਾਂ ਤੋਂ ਆਮ ਗਰੀਬਾਂ, ਲੁੱਟੇ ਲਿਤਾੜੇ ਲੋਕਾਂ ਨੂੰ ਇਨਸਾਫ




ਮਿਲ ਸਕਦਾ ਹੈ ਜਦਕਿ ਹਕੀਕੀ ਜੀਵਨ 'ਚ ਅਜਿਹਾ ਕਦੇ ਛੋਟ ਵਜੋਂ ਹੀ ਸੰਭਵ ਹੁੰਦਾ ਹੈ। ਇਹ ਫਿਲਮ ਇਸ ਛੋਟ ਨੂੰ ਸਮੁੱਚ ਬਣਾ ਕੇ ਪੇਸ਼ ਕਰਦੀ ਹੈ। ਇਸ ਮਾਮਲੇ 'ਚ ਇਹ ਫਿਲਮ ਪਿਛਲੇ ਸਮੇਂ ਵਿਚ ਆਈਆਂ ਫਿਲਮਾਂ 'ਪਿੰਕ' ਅਤੇ 'ਆਰਟੀਕਲ-15' ਦੇ ਨਕਸ਼ੇ ਕਦਮ ਉਪਰ ਚੱਲਦੀ ਹੈ।

# ਵੱਖਰੀ ਕਹਾਣੀ ਸੁਣਾਉਣ ਵਾਲਾ ਫਿਲਮਸਾਜ਼ ਰਾਮ ਗੋਪਾਲ ਵਰਮਾ

ਭਾਵੇਂ ਭਾਰਤੀ ਸਿਨੇਮਾ ਤੇ ਇਸ ਦੇ ਦੀਵਾਨੇ ਮਨੋਜ ਬਾਜਪਈ, ਉਰਮਿਲਾ ਮਾਤੋਂਡਕਰ, ਕੇ.ਕੇ. ਮੈਨਨ ਵਰਗੇ ਕਲਾਕਾਰ ਅਤੇ 'ਸ਼ੂਲ', 'ਰੰਗੀਲਾ', 'ਸੱਤਿਆ', 'ਸਰਕਾਰ' ਅਤੇ 'ਰਕਤ ਚਰਿੱਤਰ' ਸਣੇ ਕਈ ਹੋਰ ਫਿਲਮਾਂ ਸਿਨੇ ਜਗਤ ਦੀ ਝੋਲੀ ਪਾਉਣ ਲਈ ਰਾਮ ਗੋਪਾਲ ਵਰਮਾ ਦੇ ਧੰਨਵਾਦੀ ਹਨ ਪਰ ਹੁਣ ਇਹੀ ਦਰਸ਼ਕ ਹੈਰਾਨ ਹਨ ਕਿ ਪਿਛਲੇ ਦੋ ਸਾਲਾਂ ਤੋਂ ਰਾਮ ਗੋਪਾਲ ਵਰਮਾ ਵਿਚ ਪਹਿਲਾਂ ਵਾਲੀ ਗੱਲ ਨਹੀਂ ਰਹੀ ਅਤੇ ਉਸ ਦੀਆਂ ਕਈ ਫਿਲਮਾਂ ਅਸਫਲ ਰਹੀਆਂ ਹਨ। ਕੌਮੀ ਐਵਾਰਡ ਜੇਤੂ ਫਿਲਮ ਨਿਰਮਾਤਾ ਨੇ ਆਪਣੀ ਅਗਲੀ ਰਿਲੀਜ਼ ਹੋਣ ਵਾਲੀ ਫਿਲਮ 'ਖਤਰਾ' ਬਾਰੇ ਗੱਲ ਕਰਦਿਆਂ ਕਿਹਾ, "ਦੇਖੋ, ਮੈਂ ਉਹੀ ਫਿਲਮਸਾਜ਼ ਹਾਂ ਜੋ ਅਜਿਹੀ ਕਹਾਣੀ ਸੁਣਾਉਣ ਦੀ ਇੱਛਾ ਰੱਖਦਾ ਹੈ ਜੋ ਉਸ ਨੂੰ ਇੱਕ ਫਿਲਮ ਬਣਾਉਣ ਲਈ ਉਕਸਾਉਂਦੀ ਹੈ ਪਰ ਦਰਸ਼ਕਾਂ ਦੀ ਪ੍ਰਤੀਕਿਰਿਆ ਮੇਰੇ ਹੱਥ



ਨਹੀਂ ਹੈ ਅਤੇ ਮੈਂ ਪ੍ਰਤੀਕਿਰਿਆ ਦੀ ਬਹੁਤੀ ਪ੍ਰਵਾਹ ਵੀ ਨਹੀਂ ਕਰਦਾ।" ਉਸ ਨੇ ਕਿਹਾ ਕਿ ਉਹ ਆਪਣੀ ਪਿਛਲੀ ਫਿਲਮ ਦੀ ਸਫਲਤਾ ਜਾਂ ਅਸਫਲਤਾ ਤੋਂ ਕੋਈ ਸਬਕ ਨਹੀਂ ਲੈਂਦਾ। ਇਸ ਗੱਲ ਦੀ ਪ੍ਰੋੜਤਾ ਕਰਦਿਆਂ ਰਾਮ ਗੋਪਾਲ ਵਰਮਾ ਨੇ ਕਿਹਾ, "ਮੈਂ ਪਿਛਲੀ ਫਿਲਮ ਦੀ ਸਫਲਤਾ ਜਾਂ ਅਸਫਲਤਾ ਤੋਂ ਕਿਵੇਂ ਸਿੱਖ ਸਕਦਾ ਹਾਂ ਕਿਉਂਕਿ ਹਰ ਕਹਾਣੀ ਵੱਖਰੀ ਹੈ। ਮੈਂ 'ਰੰਗੀਲਾ' ਦੀ ਸਫਲਤਾ ਦੇਖੀ ਪਰ ਮੇਰੀ ਅਗਲੀ ਫਿਲਮ 'ਸੱਤਿਆ' ਸੀ। ਮੈਂ 'ਰੰਗੀਲਾ' ਜਿਹੀ ਫਿਲਮ ਤੋਂ ਕੀ ਸਿੱਖ ਸਕਦਾ ਹਾਂ ਅਤੇ ਇਹੀ ਫਾਰਮੂਲਾ ਮੈਂ 'ਸੱਤਿਆ' ਲਈ ਕਿਵੇਂ ਵਰਤ ਸਕਦਾ ਹਾਂ, ਕਿਉਂਕਿ ਦੋਹਾਂ ਫਿਲਮਾਂ ਦੀ ਕਹਾਣੀ ਬਿਲਕੁਲ ਵੱਖਰੀ ਹੈ।" ਉਸ ਦੀ ਅਗਲੀ ਫਿਲਮ 'ਖਤਰਾ' 19 ਨਵੰਬਰ ਨੂੰ ਰਿਲੀਜ਼ ਹੋਵੇਗੀ ਜਿਸ ਵਿਚ ਨੈਨਾ ਗਾਂਗੁਲੀ ਅਤੇ ਅਪਸਰਾ ਰਾਣੀ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਫਿਲਮ ਦੋ ਕੁੜੀਆਂ ਦੇ ਸਬੰਧਾਂ ਬਾਰੇ ਹੈ।

# ਮਜ਼ਾਹੀਆ ਅਦਾਕਾਰ ਰਮੇਸ਼ ਠਾਕੁਰ

ਰਮੇਸ਼ ਠਾਕੁਰ ਦੀ ਪੈਦਾਇਸ਼ 1913 ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਲਾਹੌਰ ਤੋਂ ਤਾਲੀਮ ਹਾਸਲ ਕਰਨ ਤੋਂ ਬਾਅਦ ਉਸ ਦੀ ਦਿਲਚਸਪੀ ਫਿਲਮਾਂ ਵੱਲ ਹੋ ਗਈ। ਜਦੋਂ ਸੁਭਾਅ ਦੇ ਮਖੌਲੀਆ ਰਮੇਸ਼ ਦਾ ਮਨ ਉਛਲਿਆ ਤਾਂ 1939 ਵਿਚ ਉਹ ਕਮਲਾ ਮੂਵੀਟੋਨ ਵਿਚ ਸ਼ਾਮਲ ਹੋ ਗਏ।

ਜਦੋਂ ਰੂਪ ਕੇ. ਸ਼ੋਰੀ ਨੇ ਆਪਣੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਦੁੱਲਾ ਭੱਟੀ' ਉਰਫ 'ਦੁਖੀ ਜਵਾਨੀ' (1940) ਸ਼ੁਰੂ ਕੀਤੀ ਤਾਂ ਉਸ ਨੂੰ ਨਵੇਂ ਅਦਾਕਾਰ ਵਜੋਂ ਲਿਆ ਗਿਆ। ਉਸ ਨੇ ਇਸ ਫਿਲਮ ਵਿਚ ਸਹਾਇਕ ਭੂਮਿਕਾ ਨਿਭਾਈ ਜਦਕਿ ਮਰਕਜ਼ੀ ਕਿਰਦਾਰ 'ਚ ਲਾਹੌਰ ਦਾ ਰਈਸ ਗੱਭਰੂ ਐਮ.ਡੀ. ਕੰਵਰ (ਦੁੱਲਾ) ਤੇ ਰਾਗਿਨੀ (ਨੂਰਾਂ) ਸਨ। ਇਹ ਫਿਲਮ 26 ਅਪਰੈਲ 1940 ਨੂੰ ਪਰਦਾਪੇਸ਼ ਹੋਈ ਤੇ ਕਾਮਯਾਬ ਹੋਈ। ਉਸ ਨੇ ਪੰਜਾਬੀ ਫਿਲਮ 'ਰਾਵੀ ਪਾਰ' (1942) 'ਚ ਜਮਾਂਦਾਰ ਦਾ ਪਾਰਟ ਅਦਾ ਕੀਤਾ। ਇਹ ਫਿਲਮ 11 ਅਕਤੂਬਰ 1942 ਨੂੰ ਨੁਮਾਇਸ਼ ਹੋਈ। ਹਿਦਾਇਤਕਾਰ ਗੁਲ ਜ਼ਮਾਨ ਨੇ ਪੰਜਾਬੀ ਫਿਲਮ 'ਗੁਲ ਬਲੋਚ' (1945) ਸ਼ੁਰੂ ਕੀਤੀ ਤਾਂ ਇਸ ਵਿਚ ਉਸ ਨੇ ਸ਼ਰਫੂ ਦਾ ਚਰਿੱਤਰ ਕਿਰਦਾਰ ਨਿਭਾਇਆ। ਪੰਜਾਬੀ ਫਿਲਮ 'ਕਮਲੀ' (1946) ਬਣੀ ਤਾਂ ਉਸ ਨੇ ਪਿੰਡ ਕਿਸ਼ਨਪੁਰ ਦੇ ਚੌਧਰੀ ਸਾਖੀ ਦਾ ਪਾਰਟ ਅਦਾ ਕੀਤਾ।

1947 ਵਿਚ ਪੰਜਾਬ ਵੰਡ ਤੋਂ ਬਾਅਦ ਹੋਰਨਾਂ ਫਨਕਾਰਾਂ ਵਾਂਗ ਰਮੇਸ਼ ਠਾਕੁਰ ਲਾਹੌਰ ਛੱਡ ਕੇ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਆ ਗਿਆ। 1947 ਵਿਚ ਜੈਮਿਨੀ ਦੀਵਾਨ ਨੇ ਪੰਜਾਬੀ ਫਿਲਮ 'ਡਾ. ਚਮਨ' ਸ਼ੁਰੂ ਕੀਤੀ ਸੀ ਪਰ ਲਾਹੌਰ ਵਿਚ ਫਿਰਕੂ ਫਸਾਦਾਂ ਕਾਰਨ ਜੈਮਿਨੀ ਦੀਵਾਨ ਇਸ ਦਾ ਪ੍ਰਿੰਟ ਬੰਬੇ ਲੈ ਆਏ। ਇਥੇ ਇਹ ਫਿਲਮ ਰੂਪ ਕੇ. ਸ਼ੋਰੀ ਦੀ ਹਿਦਾਇਤਕਾਰੀ ਵਿਚ 'ਚਮਨ' (1948) ਦੇ ਨਾਮ ਨਾਲ ਮੁਕੰਮਲ ਹੋਈ। ਫਿਲਮ ਦੇ ਮਰਕਜ਼ੀ ਕਿਰਦਾਰ ਵਿਚ ਕਰਨ ਦੀਵਾਨ ਤੇ ਮੀਨਾ ਸ਼ੋਰੀ ਜਦ ਕਿ ਰਮੇਸ਼ ਠਾਕੁਰ ਰਿਟਾਇਰ ਫੌਜੀ ਦੇ ਰੂਪ 'ਚ ਭਾਈਆ ਭਗਵਾਨ ਦਾਸ (ਓਮ ਪ੍ਰਕਾਸ਼) ਦੇ ਘਰ ਦੇ ਚੌਕੀਦਾਰ ਦਾ ਪਾਰਟ ਅਦਾ ਕਰ ਰਿਹਾ ਸੀ। ਪੰਜਾਬੀ ਫਿਲਮ 'ਲੱਛੀ' (1949) ਵਿਚ ਰਮੇਸ਼ ਠਾਕੁਰ ਨੇ ਮਜ਼ਾਹੀਆ ਚਰਿੱਤਰ ਦਾ ਕਿਰਦਾਰ ਨਿਭਾਇਆ।

ਫਿਲਮ 'ਛਈ' (1950) 'ਚ ਮਖੌਲੀਆ ਅਦਾਕਾਰ ਸੁੰਦਰ ਦੇ ਲਾਲਾ (ਪਿਓ) 'ਘਸੀਟਾ ਸ਼ਾਹ' ਦਾ ਮਜ਼ਾਹੀਆ ਚਰਿੱਤਰ ਕਿਰਦਾਰ ਨਿਭਾਇਆ। ਇਹ ਫਿਲਮ 30 ਜੂਨ 1950 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਫਿਲਮ 'ਪੋਸਤੀ' (1951) 'ਚ ਰਮੇਸ਼ ਠਾਕੁਰ ਨੇ ਅਦਾਕਾਰਾ ਸ਼ਿਆਮਾ ਦੇ ਭਾਈਏ (ਪਿਓ) ਗਿਆਨੇ ਸ਼ਾਹ ਹਕੀਮ ਦਾ ਸੋਹਣਾ ਮਜ਼ਾਹੀਆ ਕਿਰਦਾਰ ਨਿਭਾਇਆ ਤੇ ਇਸ ਦਾ ਮਸ਼ਹੂਰ ਸੰਵਾਦ 'ਅਸੀਂ ਜੱਦੀ-ਪੁਸ਼ਤੀ ਹਕੀਮ ਹੁੰਨੇ ਆਂ-ਨਾਨਕਿਓਂ ਵੀ ਦਾਦਕਿਓਂ ਵੀ'। ਇਹ ਸੁਪਰਹਿੱਟ ਫਿਲਮ 8 ਜੂਨ 1951 ਨੂੰ ਨਿਊ ਚਿੱਤਰਾ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ। ਨਿਗਾਰਸਤਾਨ ਫਿਲਮਜ਼ ਦੀ ਹੀ ਰਜਿੰਦਰ ਸ਼ਰਮਾ ਨਿਰਦੇਸ਼ਿਤ ਪੰਜਾਬੀ ਫਿਲਮ 'ਜੁਗਨੀ' (1953) 'ਚ ਰਮੇਸ਼ ਠਾਕੁਰ ਨੇ ਟਾਈਟਲ ਕਿਰਦਾਰ ਨਿਭਾ



ਰਹੀ ਅਦਾਕਾਰਾ ਰੂਪ ਮਾਲਾ (ਜੁਗਨੀ) ਦੇ ਪਿਓ ਬਿੱਲੇ ਸ਼ਾਹ ਦਾ ਚਰਿੱਤਰ ਕਿਰਦਾਰ ਅਦਾ ਕੀਤਾ ਤੇ ਮਸ਼ਹੂਰ ਸੰਵਾਦ ਸੀ 'ਤੇਰਾ ਦੇਣਾ ਦੁੱਧ 'ਚ ਧੋ ਕੇ ਦਿਆਂਗਾ'। ਇਹ ਫਿਲਮ 28 ਜਨਵਰੀ 1955 ਨੂੰ ਸਿਟੀਲਾਈਟ ਥੀਏਟਰ, ਅੰਮ੍ਰਿਤਸਰ ਵਿਖੇ ਪਰਦਾਪੇਸ਼ ਹੋਈ। ਮਜ਼ਾਹੀਆ ਪੰਜਾਬੀ ਫਿਲਮ 'ਕੌਡੇ ਸ਼ਾਹ' (1953) ਜਿਸ ਦਾ ਟਾਈਟਲ ਪਾਰਟ ਮਜਨੂੰ ਅਦਾ ਕਰ ਰਿਹਾ ਸੀ। ਇਸ ਫਿਲਮ ਵਿਚ ਰਮੇਸ਼ ਠਾਕੁਰ ਨੇ ਅਦਾਕਾਰਾ ਮਿਸ ਮੰਜੂ ਦੇ ਭਾਈਏ (ਪਿਓ) ਗੱਟੂ ਭਲਵਾਨ ਦਾ ਮਖੌਲੀਆ ਚਰਿੱਤਰ ਪਾਤਰ ਨਿਭਾਇਆ ਤੇ ਮਸ਼ਹੂਰ ਸੰਵਾਦ ਸੀ 'ਗੱਟੂ ਭਲਵਾਨ ਨਿਰੇ ਬਦਾਮ ਪੀਣਾ ਨਹੀਂ ਜਾਣਦਾ ਲਹੂ ਪੀਣਾ ਵੀ ਜਾਣਦਾ ਹੈ'। ਇਹ ਫਿਲਮ 3 ਜੁਲਾਈ 1953 ਨੂੰ ਹਰੀ ਪੈਲੇਸ, ਜਲੰਧਰ ਵਿਖੇ ਰਿਲੀਜ਼ ਹੋਈ।

ਮਜ਼ਾਹੀਆ ਫਿਲਮ 'ਲਾਰਾ ਲੱਪਾ' (1953) 'ਚ ਉਸ ਨੇ ਅਦਾਕਾਰਾ ਸ਼ਿਆਮਾ ਦੇ ਪਿਓ ਚੌਧਰੀ ਮੇਲਾ ਰਾਮ ਦਾ ਚਰਿੱਤਰ ਪਾਤਰ ਅਦਾ ਕੀਤਾ ਤੇ ਮਸ਼ਹੂਰ ਸੰਵਾਦ 'ਜਿਹੜਾ ਪਿਓ ਆਪਣੀ ਔਲਾਦ ਨੂੰ ਲਾਡ-ਲਡਾ ਸਕਦਾ ਹੈ, ਉਸ ਦਾ ਗਲਾ ਵੀ ਘੁੱਟ ਸਕਦਾ ਹੈ'। ਇਹ ਫਿਲਮ 24 ਜੁਲਾਈ 1953 ਰੀਜੈਂਟ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ। ਪੰਜਾਬੀ ਫਿਲਮ 'ਵਣਜਾਰਾ' (1954) ਜਿਸ ਦੇ ਫਿਲਮਸਾਜ਼ ਸ਼ਮਿੰਦਰ ਚਾਹਲ ਸਨ। ਇਸ ਫਿਲਮ ਵਿਚ ਰਮੇਸ਼ ਨੇ ਅਦਾਕਾਰਾ ਮੰਜੂ ਦੇ ਪਿਓ ਚੌਧਰੀ ਰੱਖਾ ਦਾ ਕਿਰਦਾਰ ਨਿਭਾਇਆ। ਇਹ ਫਿਲਮ 22 ਫਰਵਰੀ 1955 ਨੂੰ ਕਿਰਨ ਥੀਏਟਰ, ਚੰਡੀਗੜ੍ਹ 'ਚ ਰਿਲੀਜ਼ ਹੋਈ। ਫਿਲਮ 'ਮੁਕਲਾਵਾ' (1957) 'ਚ ਚਰਿੱਤਰ ਅਦਾਕਾਰ ਵਜੋਂ ਰਮੇਸ਼ ਠਾਕੁਰ ਦੀ ਆਖਰੀ ਪੰਜਾਬੀ ਫਿਲਮ ਸੀ।

ਪੰਜਾਬ ਵੰਡ ਤੋਂ ਪਹਿਲਾਂ ਮਜ਼ਾਹੀਆ ਚਰਿੱਤਰ ਅਦਾਕਾਰ ਵਜੋਂ ਲਾਹੌਰ 'ਚ ਬਣੀਆਂ ਰਮੇਸ਼ ਠਾਕੁਰ ਦੀਆਂ ਕਾਮਯਾਬ ਹਿੰਦੀ ਫਿਲਮਾਂ ਵਿਚ ਫਿਲਮ 'ਹਿੰਮਤ' (1941) ਸੀ। ਫਿਲਮ 'ਪਗਲੀ' (1943) ਵਿਚ ਉਸ ਨੇ 'ਪੰਡਤ' ਦਾ ਪਾਰਟ ਅਦਾ ਕੀਤਾ। ਮਾਹੇਸ਼ਵਰੀ ਬੈਨਰ ਦੀ ਹੀ ਸ਼ੰਕਰ ਮਹਿਤਾ ਨਿਰਦੇਸ਼ਿਤ ਫਿਲਮ 'ਰਾਗਿਨੀ' (1945) 'ਚ ਉਸ ਨੇ ਚਰਿੱਤਰ ਪਾਰਟ ਨਿਭਾਇਆ। ਫਿਲਮ 'ਆਈ ਬਹਾਰ' (1946), ਮਾਹੇਸ਼ਵਰੀ ਪਿਕਚਰਜ਼, ਲਾਹੌਰ ਦੀ ਨਿਰੰਜਨ ਪਾਲ ਨਿਰਦੇਸ਼ਿਤ ਫਿਲਮ 'ਕਹਾਂ ਗਏ' (1946) ਵਿਚ ਸ਼ਾਨਦਾਰ ਚਰਿੱਤਰ ਕਿਰਦਾਰ ਨਿਭਾਉਣ ਤੋਂ ਬਾਅਦ ਫਿਲਮ 'ਰੇਹਾਨਾ' ਉਰਫ 'ਦਿ ਬੈਗਰ ਗਰਲ' (1946) 'ਚ ਰਮੇਸ਼ ਨੇ 'ਮੁੱਖ ਵਜ਼ੀਰ' ਦਾ ਪਾਰਟ, ਲਾਈਟ ਹਾਊਸ ਪ੍ਰੋਡਕਸ਼ਨਜ਼, ਲਾਹੌਰ ਦੀ ਮੋਤੀ ਬੀ. ਗਿਡਵਾਨੀ ਨਿਰਦੇਸ਼ਿਤ ਫਿਲਮ 'ਨੇਕ ਦਿਲ' (1948) 'ਚ ਵੀ ਅਹਿਮ ਚਰਿੱਤਰ ਪਾਰਟ ਅਦਾ ਕੀਤਾ।

ਵੰਡ ਤੋਂ ਬਾਅਦ ਉਸ ਨੇ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਦੀਆਂ ਅਨੇਕਾਂ ਫਿਲਮਾਂ ਵਿਚ ਯਾਦਗਾਰੀ ਚਰਿੱਤਰ ਕਿਰਦਾਰ ਨਿਭਾਏ। ਇਨ੍ਹਾਂ 'ਚੋਂ ਚੰਦ ਯਾਦਗਾਰੀ ਫਿਲਮਾਂ ਦੇ ਨਾਮ ਕਾਬਿਲ-ਏ-ਜ਼ਿਕਰ ਹਨ- 'ਬਾਲਮਾ' (1949), 'ਰੁਮਾਲ' (1949), 'ਪੁਤਲੀ' (1950), 'ਆਰਾਮ' (1951), 'ਪੂਨਮ' (1952/ਰਾਏ ਸਾਹਿਬ), 'ਪੈਨਸ਼ਨਰ' (1954), 'ਰੂਪ ਬਸੰਤ' (1955), 'ਟਾਂਗਾਵਾਲੀ' (1955), 'ਚੰਗੇਜ਼ ਖਾਨ' (1957), 'ਮੁਜਰਿਮ' (1958/ਮਹਿਮਾਨ ਭੂਮਿਕਾ), 'ਰਾਜ ਸਿੰਹਾਸਨ' (1958)। ਫਿਲਮ 'ਸ਼ਾਨ-ਏ-ਹਿੰਦ' (1960) ਤੋਂ ਬਾਅਦ ਉਹ ਕਿਸੇ ਫਿਲਮ ਵਿਚ ਦਿਖਾਈ ਨਹੀਂ ਦਿੱਤੇ।

*-ਮਨਦੀਪ ਸਿੰਘ ਸਿੱਧੂ*

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

## Pay Every Week

**100% OWNER OPERATOR COMPANY**

Pay Single 48 Cent + Team 58 Cent

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**